ਸੋਮਵਾਰ, 7 ਅਗਸਤ, 2023
23 ਸਾਉਣ { ਨਾਨਕਸ਼ਾਹੀ 555 / ਬਿਕਰਮੀ 2080 }
ਜਿਲਦ/VOL. : 72
ਅੰਕ/NO. : 67

# ਨਵਾਂ ਜ਼ਮਾਨਾ

DAILY NAWAN ZAMANA • MONDAY, 7 AUGUST, 2023 ਜਲੰਧਰ

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160
YouTube nawan zamana TV

# 77.8 ਕਿੱਲੋ ਹੈਰੋਇਨ ਬਰਾਮਦ

**ਚੰਡੀਗੜ੍ਹ/ਫਿਰੋਜ਼ਪੁਰ (ਗੁਰਜੀਤ ਬਿੱਲਾ/ਅਸ਼ੋਕ ਸ਼ਰਮਾ)**
ਇਸ ਸਾਲ ਦੀ ਸਭ ਤੋਂ ਵੱਡੀ ਹੈਰੋਇਨ ਬਰਾਮਦਗੀ ਕਰਦਿਆਂ ਪੰਜਾਬ ਪੁਲਸ ਨੇ 4 ਨਸ਼ਾ ਤਸਕਰਾਂ ਨੂੰ 77.8 ਕਿੱਲੋ ਹੈਰੋਇਨ(41.8 ਕਿਲੋ ਤੇ 36 ਕਿਲੋ) ਅਤੇ ਤਿੰਨ ਪਿਸਤੌਲਾਂ ਸਮੇਤ ਗ੍ਰਿਫਤਾਰ ਕਰਕੇ ਸਰਹੱਦ ਪਾਰੋਂ ਨਸ਼ਾ ਤਸਕਰੀ ਦੇ ਦੋ ਵੱਖ-ਵੱਖ ਰੈਕਟਾਂ ਦਾ ਪਰਦਾ ਫਾਸ਼ ਕੀਤਾ ਹੈ। ਡੀ ਜੀ ਪੀ ਪੰਜਾਬ ਗੌਰਵ ਯਾਦਵ ਨੇ ਐਤਵਾਰ ਇੱਥੇ ਦੱਸਿਆ ਕਿ ਇਹ ਦੋਵੇਂ ਖੁਫੀਆ ਕਾਰਵਾਈਆਂ ਕਾਊਂਟਰ ਇੰਟੈਲੀਜੈਂਸ ਫਿਰੋਜ਼ਪੁਰ ਵੱਲੋਂ ਅੰਜ਼ਾਮ ਦਿੱਤੀਆਂ ਗਈਆਂ। ਪਹਿਲੀ ਕਾਰਵਾਈ ਬਾਬਤ ਡੀ ਜੀ ਪੀ ਨੇ ਦੱਸਿਆ ਕਿ ਭਰੋਸੇਯੋਗ ਸੂਤਰਾਂ ਤੋਂ ਹੈਰੋਇਨ ਦੀ ਵੱਡੀ ਖੇਪ ਬਾਰੇ ਮਿਲੀ ਸੂਹ ਦੇ ਆਧਾਰ 'ਤੇ ਏ ਆਈ ਜੀ ਐੱਸ ਐੱਸ ਓ ਸੀ ਫਿਰੋਜ਼ਪੁਰ ਲਖਬੀਰ ਸਿੰਘ ਦੀ ਅਗਵਾਈ ਵਿੱਚ ਕਾਊਂਟਰ ਇੰਟੈਲੀਜੈਂਸ ਫਿਰੋਜ਼ਪੁਰ ਦੀਆਂ ਪੁਲਸ ਟੀਮਾਂ ਨੇ ਨਾਕਾਬੰਦੀ ਕੀਤੀ ਅਤੇ ਦੋ ਵਿਅਕਤੀਆਂ ਨੂੰ ਕਾਬੂ ਕੀਤਾ, ਜਦੋਂ ਉਹ ਦੋਵੇਂ ਖੇਪ ਪ੍ਰਾਪਤ ਕਰਨ ਉਪਰੰਤ ਆਪਣੇ ਮੋਟਰਸਾਈਕਲ 'ਤੇ ਆ ਰਹੇ ਸਨ। ਗ੍ਰਿਫਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਗੱਗਾ ਗਿੱਲ ਉਰਫ਼ ਗਗਨ ਉਰਫ਼ ਕਾਲੀ ਵਾਸੀ ਪਿੰਡ ਬਾਰੇ ਕੇ, ਫ਼ਿਰੋਜ਼ਪੁਰ ਅਤੇ ਵੀਰ ਸਿੰਘ ਉਰਫ਼ ਵੀਰੂ ਵਾਸੀ ਮੁਹਾਰ ਸੋਨਾ ਜ਼ਿਲ੍ਹਾ ਫ਼ਾਜ਼ਿਲਕਾ ਵਜੋਂ ਹੋਈ ਹੈ। ਪੁਲਸ ਟੀਮਾਂ ਨੇ ਇਨ੍ਹਾਂ ਕੋਲੋਂ 41.8 ਕਿਲੋ ਹੈਰੋਇਨ ਅਤੇ ਤਿੰਨ



ਪਿਸਤੌਲਾਂ-ਦੋ ਪਿਸਤੌਲ 9 ਐੱਮ ਐੱਮ ਸਮੇਤ ਚਾਰ ਮੈਗਜ਼ੀਨ ਅਤੇ 100 ਕਾਰਤੂਸ ਅਤੇ .30 ਬੋਰ ਦਾ 1 ਜ਼ਿਗਾਨਾ ਸਮੇਤ ਦੋ ਮੈਗਜ਼ੀਨ ਅਤੇ 15 ਕਾਰਤੂਸ ਬਰਾਮਦ ਕੀਤੇ ਹਨ। ਇਸ ਸੰਬੰਧੀ ਥਾਣਾ ਐੱਸ ਐੱਸ ਓ ਸੀ ਫਾਜ਼ਿਲਕਾ ਵਿਖੇ ਐੱਨ ਡੀ ਪੀ ਐੱਸ ਐਕਟ ਦੀ ਧਾਰਾ 21 (ਸੀ) ਅਤੇ 29 ਅਤੇ ਅਸਲਾ ਐਕਟ ਦੀ ਧਾਰਾ 25 ਤਹਿਤ ਕੇਸ ਦਰਜ ਕੀਤਾ ਗਿਆ ਹੈ। ਡੀ ਜੀ ਪੀ ਨੇ ਦੱਸਿਆ ਕਿ ਖ਼ੁਫ਼ੀਆ ਜਾਣਕਾਰੀ 'ਤੇ ਆਧਾਰਤ ਇੱਕ ਹੋਰ ਕਾਰਵਾਈ ਦੌਰਾਨ ਕਾਊਂਟਰ ਇੰਟੈਲੀਜੈਂਸ ਫਿਰੋਜ਼ਪੁਰ ਦੀਆਂ ਪੁਲਸ ਟੀਮਾਂ ਨੇ ਜਸਬਿੰਦਰ ਸਿੰਘ ਉਰਫ਼ ਬਿੰਦਾ ਅਤੇ ਜਗਦੀਪ ਸਿੰਘ ਉਰਫ਼ ਭੂੱਚਰ, ਦੋਵੇਂ ਵਾਸੀ ਪਿੰਡ ਦੀਪ ਸਿੰਘ ਵਾਲਾ, ਫ਼ਰੀਦਕੋਟ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਕੋਲੋਂ 36 ਕਿੱਲੋ ਹੈਰੋਇਨ ਬਰਾਮਦ ਕੀਤੀ। ਇਹ ਗ੍ਰਿਫਤਾਰੀ ਉਸ ਸਮੇਂ ਕੀਤੀ ਗਈ, ਜਦੋਂ ਉਕਤ ਵਿਅਕਤੀ ਖੇਪ ਬਰਾਮਦ ਕਰਨ ਤੋਂ ਬਾਅਦ ਆਪਣੇ ਮੋਟਰਸਾਈਕਲ 'ਤੇ ਆ ਰਹੇ ਸਨ। ਇਸ ਸੰਬੰਧੀ ਥਾਣਾ ਐੱਸ ਐੱਸ ਓ ਸੀ ਫਾਜ਼ਿਲਕਾ ਵਿਖੇ ਐੱਨ ਡੀ ਪੀ ਐੱਸ ਐਕਟ ਦੀ ਧਾਰਾ 21 (ਸੀ) ਅਤੇ 29 ਤਹਿਤ ਵੱਖਰਾ ਕੇਸ ਦਰਜ ਕੀਤਾ ਗਿਆ ਹੈ। ਡੀ ਜੀ ਪੀ ਨੇ ਕਿਹਾ ਕਿ ਇਹ ਮਡਿਊਲ ਪੰਜਾਬ ਵਿੱਚ ਵੱਡੇ ਪੱਧਰ 'ਤੇ ਸਰਹੱਦ ਪਾਰੋਂ ਅਤੇ ਅੰਤਰਰਾਜੀ ਨਸ਼ਾ ਤਸਕਰੀ ਵਿੱਚ ਸ਼ਾਮਲ ਸਨ। ਸਪੈਸ਼ਲ ਡੀ ਜੀ ਪੀ (ਅੰਦਰੂਨੀ ਸੁਰੱਖਿਆ) ਆਰ ਐੱਨ ਢੋਕੇ ਨੇ ਦੱਸਿਆ ਕਿ ਪੁਲਸ ਟੀਮਾਂ ਇਸ ਖੇਪ ਨੂੰ ਭੇਜਣ ਵਾਲੇ ਪਾਕਿਸਤਾਨ ਅਧਾਰਤ ਤਸਕਰਾਂ ਸਮਤੇ ਤਸਕਰੀ 'ਚ ਸ਼ਾਮਲ ਹੋਰ ਲੋਕਾਂ ਦੀ ਭੂਮਿਕਾ ਦਾ ਖੁਰਾ ਖੋਜਣ ਲਈ ਦੋਵਾਂ ਮਾਮਲਿਆਂ ਦੀ ਜਾਂਚ ਕਰ ਰਹੀਆਂ ਹਨ। ਉਨ੍ਹਾ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਹੋਰ ਗ੍ਰਿਫ਼ਤਾਰੀਆਂ ਹੋਣ ਦੀ ਸੰਭਾਵਨਾ ਹੈ।

# ਉੱਘੇ ਲੋਕ ਗਾਇਕ ਗ਼ਦਰ ਦਾ ਦੇਹਾਂਤ



**ਹੈਦਰਾਬਾਦ** : ਨਾਮਵਰ ਲੋਕ ਗਾਇਕ ਗੁੰਮਦੀ ਵਿੱਠਲ ਰਾਓ ਉਰਫ ਗ਼ਦਰ (77) ਦਾ ਐਤਵਾਰ ਬਾਅਦ ਦੁਪਹਿਰ ਇੱਥੋਂ ਦੇ ਨਿੱਜੀ ਹਸਪਤਾਲ 'ਚ ਦੇਹਾਂਤ ਹੋ ਗਿਆ। ਉਹ ਪਿੱਛੇ ਪਤਨੀ ਤੇ ਦੋ ਪੁੱਤਰ ਸੂਰੀਆ ਤੇ ਚੰਦਰਾ ਅਤੇ ਧੀ ਵੇਨੇਲਾ ਛੱਡ ਗਏ ਹਨ। ਅਪੋਲੋ ਸਪੈਕਟਰਾ ਹਸਪਤਾਲ ਨੇ ਦੱਸਿਆ ਕਿ ਗ਼ਦਰ ਦਿਲ ਦੀ ਗੰਭੀਰ ਬਿਮਾਰੀ ਨਾਲ ਪੀੜਤ ਸਨ। ਉਨ੍ਹਾ ਨੂੰ 20 ਜੁਲਾਈ ਨੂੰ ਹਸਪਤਾਲ ਵਿਚ ਦਾਖਲ ਕੀਤਾ ਗਿਆ ਸੀ ਤੇ ਤਿੰਨ ਅਗਸਤ ਨੂੰ ਬਾਈਪਾਸ ਸਰਜਰੀ ਤੋਂ ਬਾਅਦ ਉਨ੍ਹਾ ਦੀ ਹਾਲਤ 'ਚ ਸੁਧਾਰ ਹੋ ਰਿਹਾ ਸੀ, ਪਰ ਉਨ੍ਹਾ ਨੂੰ ਫੇਫੜੇ ਤੇ ਪੇਸ਼ਾਬ ਨਾਲੀ ਵਿਚ ਇਨਫੈਕਸ਼ਨ ਦੀਆਂ ਵੀ ਸਮੱਸਿਆਵਾਂ ਸਨ, ਜਿਹੜੀਆਂ ਵੱਡੀ ਉਮਰ ਕਾਰਨ ਵਧਦੀਆਂ ਗਈਆਂ।

1946 ਵਿਚ ਤਿਲੰਗਾਨਾ ਦੇ ਕਮਰਰੈਡੀ ਜ਼ਿਲ੍ਹੇ (ਸਾਬਕਾ ਮੇਢਕ) ਵਿਚ ਪੈਦਾ ਹੋਏ ਗ਼ਦਰ ਨੇ ਇਨਕਲਾਬੀ ਸਿਆਸਤ 'ਚ ਆਉਣ ਤੋਂ ਪਹਿਲਾਂ 1975 ਵਿਚ ਕੁਝ ਸਮਾਂ ਕੈਨਰਾ ਬੈਂਕ 'ਚ ਕੰਮ ਕੀਤਾ। ਉਹ ਨਕਸਲੀਆਂ ਦੇ ਪੀਪਲਜ਼ ਵਾਰ ਗਰੁੱਪ ਦੀ ਜਨ ਨਾਟਯ ਮੰਡਲੀ ਦੇ ਬਾਨੀ ਸਨ। ਬਾਅਦ ਵਿਚ ਪੀਪਲਜ਼ ਵਾਰ ਗਰੁੱਪ ਕਮਿਊਨਿਸਟ ਪਾਰਟੀ ਆਫ ਇੰਡੀਆ (ਮਾਰਕਸਿਸਟ) ਬਣ ਗਿਆ ਸੀ। ਉਨ੍ਹਾ ਦੇ ਗੀਤਾਂ ਨੇ ਅਨੇਕਾਂ ਨੌਜਵਾਨਾਂ ਨੂੰ ਮਾਓਵਾਦ ਵੱਲ ਖਿਚਿਆ। ਉਨ੍ਹਾ 1987 ਵਿਚ ਕਰਮਚੇਡੂ 'ਚ ਦਲਿਤਾਂ ਦੇ ਕਤਲੇਆਮ ਵੱਲ ਦੇਸ਼ ਦਾ ਧਿਆਨ ਖਿੱਚਣ 'ਚ ਵੱਡਾ ਰੋਲ ਨਿਭਾਇਆ। 6 ਅਪ੍ਰੈਲ 1997 ਨੂੰ ਹੈਦਰਾਬਾਦ 'ਚ ਭੂਦੇਵੀ ਨਗਰ 'ਚ ਉਨ੍ਹਾ ਦੇ ਘਰ 'ਚ ਉਨ੍ਹਾ 'ਤੇ ਅਣਪਛਾਤਿਆਂ ਨੇ ਹਮਲਾ ਕਰ ਦਿੱਤਾ ਸੀ। ਉਨ੍ਹਾ ਦੀ ਸਰਜਰੀ ਹੋਈ ਤੇ ਇਕ ਗੋਲੀ ਉਨ੍ਹਾ ਦੀ ਰੀੜ੍ਹ ਦੀ ਹੱਡੀ ਵਿਚ ਮਰਨ ਤੱਕ ਰਹੀ। ਉਨ੍ਹਾ ਹਮਲੇ ਲਈ ਪੁਲਸ ਨੂੰ ਜ਼ਿੰਮੇਵਾਰ ਠਹਿਰਾਇਆ ਸੀ। ਉਨ੍ਹਾ ਵੱਖਰੇ ਤਿਲੰਗਾਨਾ ਰਾਜ ਲਈ ਚੱਲੀ ਲਹਿਰ ਦੀ ਹਮਾਇਤ ਕੀਤੀ ਸੀ। ਉਨ੍ਹਾ 2010 ਵਿਚ ਮਾਓਵਾਦੀ ਪਾਰਟੀ ਨਾਲੋਂ ਤੋੜ-ਵਿਛੋੜਾ ਕਰ ਲਿਆ ਸੀ ਤੇ 2017 'ਚ ਐਲਾਨਿਆ ਸੀ ਕਿ ਉਨ੍ਹਾ ਮਾਓਵਾਦੀਆਂ ਨਾਲੋਂ ਸੰਬੰਧ ਪੂਰੀ ਤਰ੍ਹਾਂ ਖਤਮ ਕਰ ਲਏ ਹਨ। ਹਮੇਸ਼ਾ ਚੋਣ ਸਿਆਸਤ ਦਾ ਵਿਰੋਧ ਕਰਨ ਵਾਲੇ ਗ਼ਦਰ 2018 ਵਿਚ ਵੋਟਰ ਬਣ ਗਏ ਸਨ ਤੇ ਉਸ ਸਾਲ ਤਿਲੰਗਾਨਾ ਅਸੰਬਲੀ ਦੀਆਂ ਚੋਣਾਂ ਵਿਚ ਵੋਟ ਵੀ ਪਾਈ ਸੀ। ਪਿਛਲੇ ਮਹੀਨੇ ਉਨ੍ਹਾ ਗ਼ਦਰ ਪਰਜਾ ਪਾਰਟੀ ਬਣਾਉਣ ਦਾ ਐਲਾਨ ਕੀਤਾ ਸੀ ਤੇ ਕਿਹਾ ਸੀ ਕਿ ਇਹ ਪਾਰਟੀ ਆਉਂਦੀਆਂ ਅਸੰਬਲੀ ਚੋਣਾਂ ਲੜੇਗੀ। ਇਸ ਤੋਂ ਪਹਿਲਾਂ ਉਨ੍ਹਾ ਕਾਂਗਰਸ ਦੀ ਵੀ ਹਮਾਇਤ ਕੀਤੀ ਸੀ। ਉਹ ਰਾਹੁਲ ਗਾਂਧੀ ਨੂੰ ਲੋਕ ਸਭਾ ਦੀ ਮੈਂਬਰੀ ਦੇ ਅਯੋਗ ਕਰਾਰ ਦੇਣ ਤੋਂ ਬਾਅਦ ਉਨ੍ਹਾ ਨੂੰ ਮਿਲੇ ਵੀ ਸਨ। ਉਨ੍ਹਾ ਦੇ ਗੀਤ ਕਈ ਤੇਲਗੂ ਫਿਲਮਾਂ ਵਿਚ ਵਰਤੇ ਗਏ ਅਤੇ ਹਿੱਟ ਹੋਏ। ਉਨ੍ਹਾ ਹਿੰਦੀ ਤੇ ਗੋਂਡ ਭਾਸ਼ਾ ਵਿਚ ਵੀ ਗੀਤ ਲਿਖੇ।

## 13 ਸਾਲਾ ਰੇਸਰ ਸ਼੍ਰੇਅਸ ਦਾ ਮੋਟਰਸਾਈਕਲ ਹਾਦਸਾਗ੍ਰਸਤ, ਮੌਤ



**ਨਵੀਂ ਦਿੱਲੀ** : ਚੇਨਈ ਦੇ ਮਦਰਾਸ ਇੰਟਰਨੈਸ਼ਨਲ ਸਰਕਟ 'ਚ ਨੈਸ਼ਨਲ ਮੋਟਰਸਾਈਕਲ ਰੇਸਿੰਗ ਚੈਂਪੀਅਨਸ਼ਿਪ ਦੇ ਤੀਜੇ ਦਿਨ ਵੱਡਾ ਹਾਦਸਾ ਹੋ ਗਿਆ। ਇਸ ਦੌਰਾਨ ਬੈਂਗਲੁਰੂ ਦੇ 13 ਸਾਲਾ ਕੋਪਾਰਾਮ ਸ਼੍ਰੇਅਸ ਹਰੀਸ਼ ਦਾ ਮੋਟਰਸਾਈਕਲ ਹਾਦਸਾਗ੍ਰਸਤ ਹੋ ਗਿਆ। ਹਾਦਸੇ ਬਾਅਦ ਸ਼੍ਰੇਅਸ ਨੂੰ ਗੰਭੀਰ ਸੱਟਾਂ ਲੱਗੀਆਂ, ਜਿਸ ਕਾਰਨ ਉਸ ਦੀ ਮੌਤ ਹੋ ਗਈ। ਸ਼੍ਰੇਅਸ ਨੇ ਪੈਟ੍ਰੋਨਾਸ ਟੀ ਵੀ ਐੱਸ ਵਨ ਮੇਕ ਚੈਂਪੀਅਨਸ਼ਿਪ ਦੀ ਇੱਕ ਕੈਟਾਗਰੀ 'ਚ ਹਿੱਸਾ ਲੈਂਦੇ ਹੋਏ ਨੈਸ਼ਨਲ ਪੱਧਰ 'ਤੇ ਲਗਾਤਾਰ 4 ਰੇਸਾਂ ਜਿੱਤੀਆਂ ਸਨ। ਦਸ ਦਿਨ ਪਹਿਲਾਂ ਹੀ ਸ਼੍ਰੇਅਸ ਨੇ 13ਵਾਂ ਜਨਮ ਦਿਨ ਮਨਾਇਆ ਸੀ।

# ਪਾਕਿ ਰੇਲ ਹਾਦਸੇ 'ਚ 25 ਮੌਤਾਂ

**ਇਸਲਾਮਾਬਾਦ** : ਰਾਵਲਪਿੰਡੀ ਤੋਂ ਕਰਾਚੀ ਲਈ ਤੁਰੀ ਹਜ਼ਾਰਾ ਐੱਕਸਪ੍ਰੈੱਸ ਐਤਵਾਰ ਬਾਅਦ ਦੁਪਹਿਰ ਕਰੀਬ ਦੋ ਵਜੇ ਲਹਿੰਦੇ ਪੰਜਾਬ ਦੇ ਨਵਾਬਸ਼ਾਹ ਜ਼ਿਲ੍ਹੇ 'ਚ ਲੀਹੋਂ ਲੱਥਣ ਕਰਕੇ 25 ਵਿਅਕਤੀਆਂ ਦੀ ਮੌਤ ਹੋ ਗਈ ਤੇ 163 ਜ਼ਖਮੀ ਹੋ ਗਏ। ਹਾਦਸਾ ਸਹਾਰਾ ਰੇਲਵੇ ਸਟੇਸ਼ਨ ਨੇੜੇ ਹੋਇਆ, ਜੋ ਸ਼ਹਿਜ਼ਾਦਪੁਰ ਤੇ ਨਵਾਬਸ਼ਾਹ ਵਿਚਾਲੇ ਸਥਿਤ ਹੈ।

ਕੁਝ ਬੋਗੀਆਂ ਤਲਾਬ ਵਿਚ ਡਿੱਗੀਆਂ। ਅਧਿਕਾਰੀਆਂ ਮੁਤਾਬਕ ਮੀਂਹ ਕਾਰਨ ਟਰੈਕ ਖਰਾਬ ਹੋਣ ਕਰਕੇ ਹਾਦਸਾ ਵਾਪਰਿਆ। ਹਾਦਸੇ ਵਾਲੀ ਥਾਂ ਤੋਂ ਕਰਾਚੀ 275 ਕਿਲੋਮੀਟਰ ਦੂਰ ਹੈ। 'ਜੀਓ ਨਿਊਜ਼' ਦੀ ਰਿਪੋਰਟ ਮੁਤਾਬਕ ਪਾਕਿਸਤਾਨ ਵਿਚ ਰੇਲ ਪਟੜੀਆਂ ਅੰਗਰੇਜ਼ਾਂ ਦੇ ਜ਼ਮਾਨੇ ਦੀਆਂ ਹਨ, ਇਨ੍ਹਾਂ ਨੂੰ ਨਾ ਕਦੇ ਅਪਗਰੇਡ ਕੀਤਾ ਗਿਆ ਹੈ ਤੇ ਨਾ ਨਵੀਂਆਂ ਲਾਈਨਾਂ ਵਿਛਾਈਆਂ ਗਈਆਂ ਹਨ।



# ਦਿੱਲੀ ਦੰਗਾ ਕੇਸ 'ਚ ਦੋ ਬਰੀ

**ਨਵੀਂ ਦਿੱਲੀ** : ਕੌਮੀ ਰਾਜਧਾਨੀ ਦਿੱਲੀ ਦੀ ਇੱਕ ਅਦਾਲਤ ਨੇ 2020 'ਚ ਹੋਏ ਦੰਗਿਆਂ ਦੌਰਾਨ ਅਗਜ਼ਨੀ, ਹਮਲੇ ਤੇ ਡਕੈਤੀ ਨਾਲ ਸੰਬੰਧਤ ਇੱਕ ਕੇਸ 'ਚ ਦੋ ਜਣਿਆਂ ਨੂੰ ਬਰੀ ਕਰ ਦਿੱਤਾ ਤੇ ਕਿਹਾ ਕਿ ਮੁਲਜ਼ਮਾਂ ਖਿਲਾਫ ਦੋਸ਼ ਬਿਲਕੁਲ ਵੀ ਸਾਬਤ ਨਹੀਂ ਹੋਏ। ਅਦਾਲਤ ਸੋਨੂੰ, ਰਣਜੀਤ ਸਿੰਘ, ਵੀਰੇਂਦਰ ਤੇ ਰੋਹਿਤ ਖਿਲਾਫ ਕੇਸ ਦੀ ਸੁਣਵਾਈ ਕਰ ਰਹੀ ਸੀ, ਜਿਨ੍ਹਾਂ 'ਤੇ ਉਸ ਭੀੜ ਦਾ ਹਿੱਸਾ ਹੋਣ ਦਾ ਦੋਸ਼ ਸੀ ਜਿਸ ਨੇ ਕਰਵਲ ਨਗਰ 'ਚ 24 ਫਰਵਰੀ 2020 ਨੂੰ ਇੱਕ ਆਟੋ ਰਿਕਸ਼ਾ ਸਾੜਨ ਤੋਂ ਇਲਾਵਾ ਦੋ ਆਟੋ ਚਾਲਕਾਂ ਤੋਂ ਲੁੱਟ-ਖੋਹ ਕੀਤੀ ਸੀ। ਕੇਸ ਦੀ ਸੁਣਵਾਈ ਦੌਰਾਨ ਸੋਨੂੰ ਦੀ ਮੌਤ ਹੋ ਗਈ ਸੀ, ਜਦਕਿ ਰਣਜੀਤ ਸਿੰਘ ਖਿਲਾਫ ਕਾਰਵਾਈ ਜਨਵਰੀ 2021 'ਚ ਰੱਦ ਕਰ ਦਿੱਤੀ ਗਈ ਸੀ। ਐਡੀਸ਼ਨਲ ਸੈਸ਼ਨ ਜੱਜ ਪੁਲਸਤਯ ਪ੍ਰਮਾਚਲਾ ਨੇ ਤਿੰਨ ਅਗਸਤ ਦੇ ਇੱਕ ਹੁਕਮ 'ਚ ਕਿਹਾ—ਮੈਨੂੰ ਲਗਦਾ ਹੈ ਕਿ ਮਾਮਲੇ 'ਚ ਲਾਏ ਗਏ ਦੋਸ਼ ਬਿਲਕੁਲ ਵੀ ਸਾਬਤ ਨਹੀਂ ਹੋਏ ਹਨ। ਇਸ ਲਈ ਮੁਲਜ਼ਮ ਵੀਰੇਂਦਰ ਤੇ ਰੋਹਿਤ ਨੂੰ ਉਨ੍ਹਾਂ ਖਿਲਾਫ ਲਾਏ ਗਏ ਸਾਰੇ ਦੋਸ਼ਾਂ ਤੋਂ ਬਰੀ ਕੀਤਾ ਜਾਂਦਾ ਹੈ।

## ਜਾਤ ਅਧਾਰਤ ਸਰਵੇਖਣ ਬਾਰੇ ਸੁਣਵਾਈ ਅੱਜ

**ਨਵੀਂ ਦਿੱਲੀ** : ਸੁਪਰੀਮ ਕੋਰਟ ਬਿਹਾਰ 'ਚ ਜਾਤ ਅਧਾਰਤ ਸਰਵੇਖਣ ਦੀ ਪ੍ਰਮਾਨਿਕਤਾ ਨੂੰ ਬਹਾਲ ਰੱਖਣ ਦੇ ਪਟਨਾ ਹਾਈ ਕੋਰਟ ਦੇ ਫੈਸਲੇ ਨੂੰ ਚੁਣੌਤੀ ਦਿੰਦੀ ਪਟੀਸ਼ਨ 'ਤੇ ਸੋਮਵਾਰ ਨੂੰ ਸੁਣਵਾਈ ਕਰੇਗੀ। ਹਾਈ ਕੋਰਟ ਨੇ 1 ਅਗਸਤ ਨੂੰ ਸੁਣਾਏ ਫੈਸਲੇ 'ਚ ਸਰਵੇਖਣ 'ਤੇ ਰੋਕ ਲਾਉਣ ਦੀ ਮੰਗ ਨੂੰ ਖਾਰਜ ਕਰਦਿਆਂ ਸਰਵੇਖਣ ਦੀ ਪ੍ਰਮਾਨਿਕਤਾ ਨੂੰ ਬਹਾਲ ਰੱਖਿਆ ਸੀ। ਜਸਟਿਸ ਸੰਜੀਵ ਖੰਨਾ ਤੇ ਜਸਟਿਸ ਐੱਸ ਵੀ ਐੱਨ ਭੱਟੀ ਦੀ ਸ਼ਮੂਲੀਅਤ ਵਾਲੀ ਬੈਂਚ ਸੁਣਵਾਈ ਕਰੇਗੀ। ਪਟੀਸ਼ਨਰ ਅਖਿਲੇਸ਼ ਕੁਮਾਰ ਨੇ ਸੂਬਾ ਸਰਕਾਰ ਵੱਲੋਂ ਜਾਰੀ ਨੋਟੀਫਿਕੇਸ਼ਨ ਨੂੰ ਸੰਵਿਧਾਨ ਦੀ ਖਿਲਾਫਵਰਜ਼ੀ ਦੱਸਿਆ ਹੈ।

## 508 ਸਟੇਸ਼ਨਾਂ ਦੇ ਪੁਨਰ-ਵਿਕਾਸ ਦਾ ਨੀਂਹ ਪੱਥਰ

**ਨਵੀਂ ਦਿੱਲੀ** : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਤਵਾਰ ਦੇਸ਼-ਭਰ 'ਚ 508 ਰੇਲਵੇ ਸਟੇਸ਼ਨਾਂ ਦੇ ਪੁਨਰ-ਵਿਕਾਸ ਨਾਲ ਜੁੜੇ ਕਾਰਜਾਂ ਦਾ ਵਰਚੁਅਲੀ ਨੀਂਹ ਪੱਥਰ ਰੱਖਿਆ। ਇਹ 508 ਸਟੇਸ਼ਨ 27 ਰਾਜਾਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ 'ਚ ਫੈਲੇ ਹੋਏ ਹਨ। ਪੁਨਰ-ਵਿਕਾਸ ਦੇ ਕੰਮਾਂ 'ਤੇ 24,470 ਕਰੋੜ ਰੁਪਏ ਦੀ ਲਾਗਤ ਆਏਗੀ ਤੇ ਇਸ ਦਾ ਮੁੱਖ ਮੰਤਵ ਮੁਸਾਫਰਾਂ ਨੂੰ ਅੱਤ-ਆਧੁਨਿਕ ਤੇ ਆਲਮੀ ਪੱਧਰ ਦੀਆਂ ਮਿਆਰੀ ਸਹੂਲਤਾਂ ਮੁਹੱਈਆ ਕਰਵਾਉਣਾ ਹੈ। ਇਸ ਪ੍ਰਾਜੈਕਟ ਤਹਿਤ ਪੰਜਾਬ ਦੇ 22 ਰੇਲਵੇ ਸਟੇਸ਼ਨਾਂ ਨੂੰ 4762 ਕਰੋੜ ਰੁਪਏ ਤੇ ਚੰਡੀਗੜ੍ਹ ਰੇਲਵੇ ਸਟੇਸ਼ਨ ਨੂੰ 436 ਕਰੋੜ ਰੁਪਏ ਮਿਲਣਗੇ। ਪੰਜਾਬ ਵਿੱਚੋਂ ਲੁਧਿਆਣਾ ਜੰਕਸ਼ਨ ਨੂੰ ਸਭ ਤੋਂ ਵੱਧ 460 ਕਰੋੜ ਰੁਪਏ ਅਲਾਟ ਕੀਤੇ ਗਏ ਹਨ।

## ਸੰਵਾਦ ਹੀ ਯੂਕਰੇਨ ਸੰਕਟ ਦਾ ਹੱਲ : ਡੋਵਾਲ

**ਜੇਦਾਹ (ਸਾਊਦੀ ਅਰਬ)**-ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਨੇ ਜੇਦਾਹ 'ਚ ਯੂਕਰੇਨ ਬਾਰੇ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਯੂਕਰੇਨ ਸੰਕਟ ਦੇ ਸ਼ਾਂਤੀਪੂਰਨ ਹੱਲ ਲਈ ਸੰਵਾਦ ਤੇ ਕੂਟਨੀਤੀ ਹੀ ਅੱਗੇ ਵਧਣ ਦਾ ਇਕੋ-ਇਕ ਰਾਹ ਹੈ। ਉਨ੍ਹਾ ਸਾਰੇ ਦੇਸ਼ਾਂ ਵੱਲੋਂ ਪ੍ਰਭੂਸੱਤਾ ਅਤੇ ਖੇਤਰੀ ਅਖੰਡਤਾ ਨੂੰ ਬਰਕਰਾਰ ਰੱਖਣ ਦੀ ਲੋੜ 'ਤੇ ਵੀ ਜ਼ੋਰ ਦਿੱਤਾ। ਦੋ ਦਿਨਾ ਕਾਨਫਰੰਸ ਦੀ ਮੇਜ਼ਬਾਨੀ ਸਾਊਦੀ ਅਰਬ ਦੇ ਸ਼ਹਿਜ਼ਾਦੇ ਮੁਹੰਮਦ ਬਿਨ ਸਲਮਾਨ ਨੇ ਕੀਤੀ। ਇਸ ਵਿਚ ਅਮਰੀਕਾ ਦੇ ਕੌਮੀ ਸੁਰੱਖਿਆ ਸਲਾਹਕਾਰ ਜੇਕ ਸੁਲੀਵਾਨ ਅਤੇ ਯੂਰੇਸ਼ੀਅਨ ਮਾਮਲਿਆਂ ਲਈ ਚੀਨ ਦੇ ਵਿਸ਼ੇਸ਼ ਦੂਤ ਲੀ ਹੂਈ ਸਮੇਤ ਲਗਭਗ 40 ਮੁਲਕਾਂ ਦੇ ਉੱਚ ਸੁਰੱਖਿਆ ਅਧਿਕਾਰੀ ਸ਼ਾਮਲ ਹੋਏ।

## ਮੁੰਡੇ ਨੂੰ ਨਿਰਵਸਤਰ ਘੁਮਾਉਣ 'ਤੇ 7 ਗ੍ਰਿਫ਼ਤਾਰ

**ਸ਼ਿਮਲਾ** : ਜ਼ਿਲ੍ਹਾ ਸ਼ਿਮਲਾ ਦੇ ਰੋਹੜੂ ਕਸਬੇ 'ਚ 15 ਸਾਲਾ ਮੁੰਡੇ ਨੂੰ ਦੁਕਾਨ 'ਚੋਂ ਚਿਪਸ ਚੋਰੀ ਕਰਦਿਆਂ ਫੜ ਕੇ ਕੁੱਟਣ ਤੇ ਮਗਰੋਂ ਨਿਰਵਸਤਰ ਕਰਕੇ ਘੁਮਾਉਣ ਦੇ ਸੰਬੰਧ 'ਚ 7 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਸ਼ਿਮਲਾ ਦੇ ਐੱਸ ਪੀ ਸੰਜੀਵ ਗਾਂਧੀ ਨੇ ਦੱਸਿਆ ਕਿ ਇਹ ਸ਼ਰਮਨਾਕ ਘਟਨਾ 31 ਜੁਲਾਈ ਦੀ ਹੈ। ਮੁੰਡਾ ਗਰੀਬ ਨੇਪਾਲੀ ਪਰਵਾਰ ਨਾਲ ਸੰਬੰਧਤ ਹੈ ਤੇ ਰੋਹੜੂ ਕਸਬੇ 'ਚ ਦੁਕਾਨਦਾਰ ਨੇ ਉਸ ਨੂੰ ਚਿਪਸ ਚੋਰੀ ਕਰਦਿਆਂ ਫੜਿਆ ਸੀ। ਉਸ ਨੂੰ ਨਿਰਵਸਤਰ ਕਰਕੇ ਘੁਮਾਉਣ ਦੀ ਵੀਡੀਓ ਆਨਲਾਈਨ ਸਾਹਮਣੇ ਆਉਣ ਮਗਰੋਂ ਪੀੜਤ ਦੇ ਪਿਤਾ ਦੀ ਸ਼ਿਕਾਇਤ 'ਤੇ 7 ਵਿਅਕਤੀਆਂ ਖਿਲਾਫ ਆਈ ਪੀ ਸੀ ਦੀਆਂ ਵੱਖ-ਵੱਖ ਧਾਰਾਵਾਂ, ਪੋਕਸੋ ਐਕਟ ਦੀ ਧਾਰਾ 14 ਤੇ ਜੁਵੇਨਾਈਲ ਜਸਟਿਸ ਐਕਟ ਦੀ ਧਾਰਾ 75 ਤਹਿਤ ਕੇਸ ਦਰਜ ਕੀਤਾ ਗਿਆ ਹੈ। ਉਧਰ ਵਿਰੋਧੀ ਧਿਰ ਦੇ ਨੇਤਾ ਜੈਰਾਮ ਠਾਕੁਰ ਨੇ ਕਿਹਾ ਕਿ ਅਜਿਹੀ ਘਿਣਾਉਣੀ ਕਾਰਵਾਈ ਨੂੰ ਦੇਵ ਭੂਮੀ ਹਿਮਾਚਲ 'ਚ ਸਵੀਕਾਰ ਨਹੀਂ ਕੀਤਾ ਜਾਵੇਗਾ।

# ਰਾਮ ਮੰਦਰ ਲਈ 4 ਕੁਇੰਟਲ ਦਾ ਤਾਲਾ ਬਣਾਇਆ

**ਅਲੀਗੜ੍ਹ** : ਇੱਥੋਂ ਦੇ ਕਾਰੀਗਰ ਸੱਤਿਆ ਪ੍ਰਕਾਸ਼ ਨੇ ਅਯੁੱਧਿਆ ਦੇ ਰਾਮ ਮੰਦਰ ਲਈ 400 ਕਿਲੋ ਵਜ਼ਨੀ ਤਾਲਾ ਤਿਆਰ ਕੀਤਾ ਹੈ। ਰਾਮ ਮੰਦਰ ਅਗਲੇ ਸਾਲ ਜਨਵਰੀ 'ਚ ਸ਼ਰਧਾਲੂਆਂ ਲਈ ਖੋਲ੍ਹੇ ਜਾਣ ਦੀ ਉਮੀਦ ਹੈ। ਸ਼ਰਮਾ, ਜਿਸ ਦਾ ਪਰਵਾਰ ਸਦੀ ਤੋਂ ਵੀ ਵੱਧ ਸਮੇਂ ਤੋਂ ਤਾਲੇ ਬਣਾਉਂਦਾ ਆ ਰਿਹਾ ਹੈ, ਨੇ ਕਿਹਾ ਕਿ ਵਿਸ਼ਵ ਦਾ ਸਭ ਤੋਂ ਵੱਡਾ ਤਾਲਾ ਹੱਥੀਂ ਤਿਆਰ ਕਰਨ 'ਚ ਉਸ ਨੂੰ ਕਈ ਮਹੀਨੇ ਲੱਗੇ ਤੇ ਉਹ ਮੰਦਰ ਦੇ ਪ੍ਰਬੰਧਕਾਂ ਨੂੰ ਇਹ ਤਾਲਾ ਤੋਹਫੇ ਵਜੋਂ ਦੇਣਾ ਚਾਹੁੰਦਾ ਹੈ। ਸ੍ਰੀ ਰਾਮ ਜਨਮ ਭੂਮੀ ਤੀਰਥ ਕਸ਼ੇਤਰ ਟਰੱਸਟ ਦੇ ਅਧਿਕਾਰੀਆਂ ਨੇ ਕਿਹਾ ਕਿ ਉਨ੍ਹਾਂ ਨੂੰ ਵੱਡੀ ਗਿਣਤੀ ਸ਼ਰਧਾਲੂਆਂ ਤੋਂ ਹੋਰ ਵੀ ਕਈ ਪੇਸ਼ਕਸ਼ਾਂ ਆਈਆਂ ਹਨ ਤੇ ਉਨ੍ਹਾਂ ਨੂੰ ਵੇਖਣਾ ਪਏਗਾ ਕਿ ਇਸ ਤਾਲੇ ਨੂੰ ਕਿੱਥੇ ਵਰਤਿਆ ਜਾ ਸਕਦਾ ਹੈ। ਇਹ ਤਾਲਾ 10 ਫੁੱਟ ਉੱਚਾ, ਸਾਢੇ ਚਾਰ ਫੁੱਟ ਚੌੜਾ ਤੇ ਮੋਟਾਈ 'ਚ ਸਾਢੇ 9 ਇੰਚ ਹੈ। ਤਾਲੇ ਦੀ ਚਾਬੀ ਚਾਰ ਫੁੱਟ ਦੀ ਹੈ। ਸ਼ਰਮਾ ਨੇ ਕਿਹਾ ਕਿ ਤਾਲਾ ਰਾਮ ਮੰਦਰ ਨੂੰ ਦਿਮਾਗ 'ਚ ਰੱਖ ਕੇ ਤਿਆਰ ਕੀਤਾ ਗਿਆ ਹੈ। ਤਾਲੇ ਨੂੰ ਤਿਆਰ ਕਰਨ 'ਚ ਉਸ ਨੇ ਆਪਣੇ ਬਚਾਏ ਸਾਰੇ ਦੋ ਲੱਖ ਰੁਪਏ ਖਰਚ ਕਰ ਦਿੱਤੇ। ਉਸ ਨੇ ਕਿਹਾ—ਪਿਆਰ ਦੀ ਇਸ ਕਿਰਤ ਵਿਚ ਪਤਨੀ ਰੁਕਮਣੀ ਨੇ ਵੀ ਪੂਰਾ ਸਾਥ ਦਿੱਤਾ। ਰੁਕਮਣੀ ਨੇ ਦੱਸਿਆ—ਪਹਿਲਾਂ ਅਸੀਂ ਸਵਾ ਛੇ ਫੁੱਟ ਦਾ ਤਾਲਾ ਬਣਾਇਆ ਸੀ, ਪਰ ਕੁਝ ਲੋਕਾਂ ਨੇ ਹੋਰ ਵੱਡਾ ਬਣਾਉਣ ਦਾ ਸੁਝਾਅ ਦਿੱਤਾ।



# ਐਜੂਸੈੱਟ 'ਤੇ ਲਾਈਵ ਲੈਕਚਰ ਅੱਜ

**ਚੰਡੀਗੜ੍ਹ (ਗੁਰਜੀਤ ਬਿੱਲਾ)**
ਪੰਜਾਬ ਸਕੂਲ ਸਿੱਖਿਆ ਵਿਭਾਗ ਵੱਲੋਂ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਨ ਅਤੇ ਕੈਰੀਅਰ ਕਾਉਂਸਲਿੰਗ ਦੇ ਵਿਸ਼ਿਆਂ 'ਤੇ ਜਾਣਕਾਰੀ ਦੇਣ ਲਈ ਵਿਸ਼ੇਸ਼ ਲੈਕਚਰ ਕਰਵਾਏ ਜਾਣਗੇ। ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਸਕੂਲ ਸਿੱਖਿਆ ਵਿਭਾਗ ਦੇ ਬੁਲਾਰੇ ਨੇ ਦੱਸਿਆ ਕਿ ਵਿਭਾਗ ਵੱਲੋਂ ਪੰਜਾਬ ਦੇ ਸੈਕੰਡਰੀ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਲਈ ਐਜੂਸੈੱਟ 'ਤੇ 35 ਮਿੰਟ ਦਾ ਲਾਈਵ ਲੈਕਚਰ 7 ਅਗਸਤ ਨੂੰ ਸਵੇਰੇ 10.20 ਵਜੇ ਪ੍ਰਸਾਰਤ ਕੀਤਾ ਜਾਵੇਗਾ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਨੈ ਬੁਬਲਾਨੀ ਨੇ ਦੱਸਿਆ ਕਿ ਸੂਬੇ ਦੇ ਸਾਰੇ ਸੈਕੰਡਰੀ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਵੱਖ-ਵੱਖ ਵਿਸ਼ਿਆਂ ਬਾਰੇ ਜਾਣਕਾਰੀ ਦੇਣ ਲਈ ਐਜੂਸੈੱਟ ਜ਼ਰੀਏ ਲਾਈਵ ਪ੍ਰੇਰਣਾਤਮਕ ਲੈਕਚਰ ਟੈਲੀਕਾਸਟ ਕੀਤੇ ਜਾਣਗੇ। ਇਹਨਾਂ ਲੈਕਚਰਾਂ ਦਾ ਉਦੇਸ਼ ਕੈਰੀਅਰ ਸੰਬੰਧੀ ਸਿੱਖਿਆ ਪ੍ਰਦਾਨ ਕਰਨਾ ਅਤੇ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਨਾ ਹੈ। ਖੇਡ ਵਿਭਾਗ ਦੇ ਸਹਿਯੋਗ ਨਾਲ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਸਾਰੇ ਸੀਨੀਅਰ ਸੈਕੰਡਰੀ ਸਕੂਲਾਂ ਦੇ 11ਵੀਂ ਜਮਾਤ ਦੇ ਵਿਦਿਆਰਥੀਆਂ ਲਈ 7 ਅਗਸਤ ਨੂੰ 'ਖੇਡਾਂ ਦੀ ਮਹੱਤਤਾ ਅਤੇ ਨੌਕਰੀਆਂ ਦੇ ਮੌਕੇ' ਵਿਸ਼ੇ 'ਤੇ ਲਾਈਵ ਲੈਕਚਰ ਪ੍ਰਸਾਰਤ ਕੀਤਾ ਜਾਵੇਗਾ। ਇਹਨਾਂ ਲੈਕਚਰਾਂ ਨੂੰ ਰਿਕਾਰਡ ਵੀ ਕੀਤਾ ਜਾਵੇਗਾ, ਜੋ ਕਿ ਬਾਅਦ ਵਿੱਚ ਅਪਲੋਡ ਵੀ ਕੀਤਾ ਜਾਵੇਗਾ, ਤਾਂ ਜੋ ਵਿਦਿਆਰਥੀ ਕਿਸੇ ਵੀ ਸਮੇਂ ਇਹ ਲੈਕਚਰ ਦੁਬਾਰਾ ਦੇਖ ਸਕਣ।

# ਮਨੀਪੁਰ 'ਚ 15 ਘਰਾਂ ਨੂੰ ਅੱਗ



**ਇੰਫਾਲ** : ਮਨੀਪੁਰ ਦੇ ਪੱਛਮੀ ਇੰਫਾਲ ਜ਼ਿਲ੍ਹੇ 'ਚ 15 ਘਰਾਂ ਨੂੰ ਅੱਗ ਲਾ ਦਿੱਤੀ ਗਈ। ਭੀੜ ਨੇ ਲੈਂਗੋਲ ਖੇਡ ਪਿੰਡ 'ਚ ਸਨਿੱਚਰਵਾਰ ਸ਼ਾਮ ਨੂੰ ਹੁੱਲੜਬਾਜ਼ੀ ਕੀਤੀ। ਸੁਰੱਖਿਆ ਅਮਲੇ ਨੇ ਭੀੜ ਨੂੰ ਖਿੰਡਾਉਣ ਲਈ ਅੱਥਰੂ ਗੈਸ ਦੇ ਕਈ ਗੋਲੇ ਦਾਗੇ ਤੇ ਹਾਲਾਤ ਨੂੰ ਕੰਟਰੋਲ ਹੇਠ ਲਿਆਂਦਾ। ਹਿੰਸਾ ਦੌਰਾਨ 45 ਸਾਲਾ ਵਿਅਕਤੀ ਨੂੰ ਗੋਲੀ ਲੱਗੀ। ਅਧਿਕਾਰੀਆਂ ਨੇ ਕਿਹਾ ਕਿ ਐਤਵਾਰ ਸਵੇਰੇ ਹਾਲਾਤ 'ਚ ਪਹਿਲਾਂ ਨਾਲੋਂ ਸੁਧਾਰ ਹੈ, ਪਰ ਪਾਬੰਦੀਆਂ ਪਹਿਲਾਂ ਵਾਂਗ ਲਾਗੂ ਹਨ।

ਇਸੇ ਦੌਰਾਨ ਦੋ ਆਦਿਵਾਸੀ ਮਹਿਲਾਵਾਂ ਨੂੰ ਨਿਰਵਸਤਰ ਕਰਕੇ ਘੁਮਾਉਣ ਨਾਲ ਸੰਬੰਧਤ ਵੀਡੀਓ ਮਾਮਲੇ 'ਚ ਸੰਬੰਧਤ ਥਾਣੇ ਦੇ ਇੰਚਾਰਜ ਸਣੇ ਪੰਜ ਪੁਲਸ ਮੁਲਾਜ਼ਮਾਂ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ। ਇਸ ਦੇ ਨਾਲ ਹੀ 3 ਅਗਸਤ ਨੂੰ ਬਿਸ਼ਨੂਪੁਰ ਜ਼ਿਲ੍ਹੇ 'ਚ ਦੂਜੀ ਭਾਰਤੀ ਰਿਜ਼ਰਵ ਬਟਾਲੀਅਨ ਦੇ ਅਸਲਾਖਾਨੇ ਵਿੱਚੋਂ ਹਥਿਆਰ ਤੇ ਹੋਰ ਗੋਲੀ-ਸਿੱਕਾ ਲੁੱਟਣ ਨਾਲ ਜੁੜੇ ਮਾਮਲੇ ਦੀ ਆਈ ਜੀ ਦੀ ਅਗਵਾਈ ਹੇਠ ਨਿਰਧਾਰਤ ਸਮੇਂ 'ਚ ਜਾਂਚ ਪੂਰੀ ਕਰਨ ਦੇ ਹੁਕਮ ਦਿੱਤੇ ਗਏ ਹਨ।

## ਇਮਰਾਨ ਨੂੰ ਅਡਿਆਲਾ ਜੇਲ੍ਹ 'ਚ ਰੱਖਣ ਦੇ ਹੁਕਮ ਸਨ

**ਇਸਲਾਮਾਬਾਦ** : ਤੋਸ਼ਾਖਾਨਾ ਭ੍ਰਿਸ਼ਟਾਚਾਰ ਕੇਸ 'ਚ ਦੋਸ਼ੀ ਠਹਿਰਾਏ ਜਾਣ ਮਗਰੋਂ ਗ੍ਰਿਫ਼ਤਾਰ ਕੀਤੇ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ ਉੱਚ ਸੁਰੱਖਿਆ ਵਾਲੀ ਅਟਕ ਜੇਲ੍ਹ 'ਚ ਰੱਖਿਆ ਗਿਆ ਹੈ, ਹਾਲਾਂਕਿ ਅਖਬਾਰ 'ਡਾਅਨ' ਦੀ ਇਕ ਰਿਪੋਰਟ ਮੁਤਾਬਕ ਐਡੀਸ਼ਨਲ ਜ਼ਿਲ੍ਹਾ ਤੇ ਸੈਸ਼ਨਜ਼ ਜੱਜ ਨੇ 'ਅਡਿਆਲਾ' ਜੇਲ੍ਹ 'ਚ ਰੱਖਣ ਦੇ ਹੁਕਮ ਦਿੱਤੇ ਸਨ। ਇਹੀ ਨਹੀਂ ਕੋਰਟ ਨੇ ਇਸਲਾਮਾਬਾਦ ਦੇ ਪੁਲਸ ਮੁਖੀ ਨੂੰ ਹੁਕਮ ਦਿੱਤੇ ਸਨ ਕਿ ਉਹ ਪਾਕਿਸਤਾਨ ਤਹਿਰੀਕ-ਏ-ਇਨਸਾਫ ਪਾਰਟੀ ਦੇ ਮੁਖੀ ਨੂੰ ਗ੍ਰਿਫ਼ਤਾਰ ਕਰਨ, ਪਰ ਇਸ ਦੀ ਥਾਂ ਪੰਜਾਬ ਪੁਲਸ ਨੇ ਗ੍ਰਿਫ਼ਤਾਰ ਕੀਤਾ।

## ਚੀਤਿਆਂ ਨੂੰ ਕੂਨੋ ਪਾਰਕ 'ਚੋਂ ਕੱਢਣ ਦੀ ਫਿਲਹਾਲ ਕੋਈ ਯੋਜਨਾ ਨਹੀਂ

**ਗਵਾਲੀਅਰ** : ਕੇਂਦਰੀ ਮੰਤਰੀ ਭੁਪਿੰਦਰ ਯਾਦਵ ਨੇ ਕਿਹਾ ਕਿ ਮੱਧ ਪ੍ਰਦੇਸ਼ ਦੇ ਸ਼ਿਓਪੁਰ ਜ਼ਿਲ੍ਹੇ 'ਚ ਕੂਨੋ ਨੈਸ਼ਨਲ ਪਾਰਕ 'ਚ ਰੱਖੇ ਚੀਤਿਆਂ ਨੂੰ ਕਿਸੇ ਹੋਰ ਥਾਂ ਤਬਦੀਲ ਕਰਨ ਦੀ ਫਿਲਹਾਲ ਕੋਈ ਯੋਜਨਾ ਨਹੀਂ ਹੈ। ਯਾਦਵ ਨੇ ਕਿਹਾ ਕਿ ਸਰਕਾਰ ਚੀਤਿਆਂ ਨਾਲ ਜੁੜੇ ਪ੍ਰਾਜੈਕਟ ਦੀ ਸੰਵੇਦਨਸ਼ੀਲਤਾ ਨੂੰ ਸਵੀਕਾਰ ਕਰਦੀ ਹੈ ਤੇ ਚਾਹੁੰਦੀ ਹੈ ਕਿ ਇਹ ਪ੍ਰਾਜੈਕਟ ਮੁਕੰਮਲ ਰੂਪ 'ਚ ਸਫਲ ਹੋਵੇ। ਚੇਤੇ ਰਹੇ ਕਿ ਇਸ ਸਾਲ ਮਾਰਚ ਤੋਂ ਹੁਣ ਤੱਕ ਕੂਨੋ ਨੈਸ਼ਨਲ ਪਾਰਕ 'ਚ ਨੌਂ ਚੀਤਿਆਂ, ਜਿਨ੍ਹਾਂ ਵਿਚ ਤਿੰਨ ਬੱਚੇ ਸਨ, ਦੀ ਮੌਤ ਹੋ ਚੁੱਕੀ ਹੈ। ਇਹ ਚੀਤੇ ਨਾਮੀਬੀਆ ਤੇ ਦੱਖਣੀ ਅਫਰੀਕਾ ਤੋਂ ਲਿਆਂਦੇ ਗਏ ਸਨ। ਚੀਤਿਆਂ ਨੂੰ ਪਾਰਕ 'ਚੋਂ ਤਬਦੀਲ ਕਰਨ ਬਾਰੇ ਪੁੱਛੇ ਸਵਾਲ ਦੇ ਜਵਾਬ 'ਚ ਯਾਦਵ ਨੇ ਕਿਹਾ—ਇਸ ਲਈ ਕੋਈ ਯੋਜਨਾ ਨਹੀਂ ਚੱਲ ਰਹੀ।



ਕੁਦਰਤੀ ਤੌਰ 'ਤੇ, ਮੌਨਸੂਨ ਕਾਰਨ ਕੀੜੇ-ਮਕੌੜਿਆਂ ਤੋਂ ਹੋਣ ਵਾਲੀ ਲਾਗ ਵੀ ਸਾਡੇ ਧਿਆਨ 'ਚ ਆਈ ਹੈ, ਜਿਸ ਕਾਰਨ ਅਸੀਂ ਦੋ ਚੀਤੇ ਗੁਆ ਚੁੱਕੇ ਹਾਂ। ਅਸੀਂ ਦੱਖਣੀ ਅਫਰੀਕਾ ਤੇ ਨਾਮੀਬੀਆ ਦੇ ਮਾਹਰਾਂ ਨਾਲ ਵੀ ਜਾਣਕਾਰੀ ਸਾਂਝੀ ਕੀਤੀ ਹੈ ਅਤੇ ਅਸੀਂ ਇਸ ਦੇ ਪ੍ਰਬੰਧਨ 'ਤੇ ਅੱਗੇ ਵਧ ਰਹੇ ਹਾਂ। ਸਾਰੇ ਜੰਗਲਾਤ ਅਧਿਕਾਰੀ ਅਤੇ ਪਸ਼ੂ ਚਕਿਤਸਕ ਕੂਨੋ ਨੈਸ਼ਨਲ ਪਾਰਕ 'ਚ ਬਹੁਤ ਮਿਹਨਤ ਕਰ ਰਹੇ ਹਨ।

## ਅੱਜ-ਨਾਮਾ

ਲਉ ਬਈ ਟਰੰਪ ਨੇ ਬਾਤ ਆ ਸਿਰੇ ਲਾਈ,
ਅਦਾਲਤੇ ਕੇਸ ਜੋ ਰਿਹਾ ਈ ਭੁਗਤ ਮੀਆਂ।
ਪਾਵੇ ਝਾਉਲਾ ਉਹ ਜਿੱਦਾਂ ਪ੍ਰਵਾਹ ਕੋਈ ਨਾ,
ਲੋਕੀਂ ਕਹਿਣ ਕਿ ਹੋਊ ਨਹੀਂ ਮੁਕਤ ਮੀਆਂ।
ਕਰ-ਕਰ ਟਿੱਚਰ ਟਰੰਪ ਇਹ ਕਹੀ ਜਾਂਦਾ,
ਟਿਕਣੇ ਕਿਤੇ ਨਾ ਦੋਸ਼ ਇਹ ਉਕਤ ਮੀਆਂ।
ਇਸ ਤੋਂ ਲਾਭ ਵਿੱਚ ਸਿਰਫ ਟਰੰਪ ਰਹਿਣਾ,
ਜਿਹੜਾ ਬਚਣ ਲਈ ਜਾਣਦਾ ਜੁਗਤ ਮੀਆਂ।
ਮੁੜ-ਮੁੜ ਆਖੇ ਟਰੰਪ ਇਹ ਵੇਖ ਲਿਉ ਜੀ,
ਹੁੰਦਾ ਪਿਆ ਚੋਣ ਲਈ ਸਗੋਂ ਪ੍ਰਚਾਰ ਮੀਆਂ।
ਮੀਟਿੰਗ ਜਲਸਿਆਂ ਦੀ ਰਹੀ ਨਾ ਲੋੜ ਬਾਕੀ,
ਕਿਸ਼ਤੀ ਕੇਸ ਇਹੀਓ ਲਾਊਗਾ ਪਾਰ ਮੀਆਂ।

-ਤੀਸ ਮਾਰ ਖਾਂ

# ਨਰੇਗਾ ਕਾਮਿਆਂ ਦੇ ਹੱਕਾਂ ਦੀ ਰਾਖੀ ਲਈ ਮੋਦੀ ਸਰਕਾਰ ਨੂੰ ਚਲਦਾ ਕਰਨਾ ਜ਼ਰੂਰੀ : ਜਗਰੂਪ

**ਮੋਗਾ** : 'ਨਰੇਗਾ ਕਾਮਿਆਂ ਦੇ ਹੱਕਾਂ ਦੀ ਰਾਖੀ ਲਈ ਮੋਦੀ ਸਰਕਾਰ ਨੂੰ ਚਲਦਾ ਕਰਨਾ ਜ਼ਰੂਰੀ ਹੈ, ਇਸ ਲਈ ਕਿਰਤੀ ਲੋਕਾਂ ਦਾ ਏਕਾ ਤੇ ਸੰਘਰਸ਼ ਸਮੇਂ ਦੀ ਮੁੱਖ ਲੋੜ ਹੈ।' ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਪੰਜਾਬ (ਏਟਕ) ਦੇ ਮੁੱਖ ਸਲਾਹਕਾਰ ਕਾਮਰੇਡ ਜਗਰੂਪ ਨੇ ਮੋਗਾ ਦੇ ਸ਼ਹੀਦ ਕਾਮਰੇਡ ਨਛੱਤਰ ਸਿੰਘ ਧਾਲੀਵਾਲ ਭਵਨ ਵਿਖੇ ਲਗਾਈ ਨਰੇਗਾ ਕਾਮਿਆਂ ਦੀ ਵਰਕਸ਼ਾਪ ਨੂੰ ਸੰਬੋਧਨ ਕਰਦਿਆਂ ਕੀਤਾ। ਇਹ ਵਰਕਸ਼ਾਪ ਬੀ ਕੇ ਐੱਮ ਯੂ ਦੇ ਸਾਬਕਾ ਕੌਮੀ ਪ੍ਰਧਾਨ ਅਤੇ ਸ਼ਹੀਦ ਕਾਮਰੇਡ ਨਛੱਤਰ ਸਿੰਘ ਧਾਲੀਵਾਲ ਯਾਦਗਾਰੀ ਟਰੱਸਟ ਦੇ ਪਹਿਲੇ ਪ੍ਰਧਾਨ ਰੁਲਦੂ ਖਾਂ ਦੀ ਯਾਦ ਨੂੰ ਸਮਰਪਿਤ ਕੀਤੀ ਗਈ। ਉਹਨਾ ਕਿਹਾ ਕਿ ਰੁਲਦੂ ਖਾਂ ਦੀ ਸੋਚ ਵਾਲੀਆਂ ਖੱਬੀਆਂ ਪਾਰਟੀਆਂ ਦੀ ਤਾਕਤ ਦੇ ਦਬਾਅ ਹੇਠ 2005 ਵਿੱਚ ਕੌਮੀ ਪੇਂਡੂ ਰੁਜ਼ਗਾਰ ਗਰੰਟੀ ਐਕਟ 2005 (ਨਰੇਗਾ) ਹੋਂਦ ਵਿੱਚ ਆਇਆ ਸੀ, ਜਿਸ ਵਿੱਚ ਨਰੇਗਾ ਕਾਮਿਆਂ ਦੇ ਕੰਮ ਦਾ ਸਮਾਂ 6 ਘੰਟੇ ਸੀ, ਪਰ ਬਾਅਦ ਵਿੱਚ ਕਾਂਗਰਸ ਸਰਕਾਰ ਨੇ ਇਸ ਨੂੰ ਵਧਾ ਕੇ 9 ਕਰ ਦਿੱਤਾ ਅਤੇ ਹੁਣ ਮੋਦੀ ਗੌਰਮਿੰਟ ਇਸ ਨੂੰ 12 ਘੰਟੇ ਕਰਨਾ ਚਾਹੁੰਦੀ ਹੈ, ਜਿਸ ਨੂੰ ਨਰੇਗਾ ਕਾਮੇ ਬਿਲਕੁਲ ਬਰਦਾਸ਼ਤ ਨਹੀਂ ਕਰਨਗੇ। ਉਹਨਾ ਕਿਹਾ ਕਿ ਨਰੇਗਾ ਐਕਟ ਮੁਤਾਬਕ ਨਰੇਗਾ ਕਾਮਿਆਂ ਦੀ ਦਿਹਾੜੀ ਸੂਬਾ ਸਰਕਾਰ ਦੁਆਰਾ ਪਾਸ ਖੇਤੀਬਾੜੀ ਦੇ ਕਾਮਿਆਂ ਨੂੰ ਦਿੱਤੀ ਜਾ ਰਹੀ ਦਿਹਾੜੀ ਦੇ ਬਰਾਬਰ ਹੋਣੀ ਚਾਹੀਦੀ ਹੈ, ਜੋ ਕਿ ਇਸ ਵਕਤ 381 ਰੁਪਏ ਬਣਦੀ ਹੈ, ਪਰ ਪੰਜਾਬ ਦੇ ਨਰੇਗਾ ਮਜ਼ਦੂਰਾਂ ਨੂੰ 303 ਰੁਪਏ ਦੇ ਕੇ 78 ਰੁਪਏ ਪ੍ਰਤੀ ਦਿਹਾੜੀ ਮਾਰੇ ਜਾ ਰਹੇ ਹਨ। ਉਹਨਾ ਇਹਨਾਂ ਸਾਰੀਆਂ ਬੇਇਨਸਾਫੀਆਂ ਵਿਰੁੱਧ ਨਰੇਗਾ ਕਾਮਿਆਂ ਨੂੰ ਜਥੇਬੰਦ ਹੋ ਕੇ ਸੰਘਰਸ਼ ਵਿੱਢਣ ਦਾ ਸੱਦਾ ਦਿੱਤਾ।

ਯੂਨੀਅਨ ਦੇ ਸੂਬਾ ਪ੍ਰਧਾਨ ਕਸ਼ਮੀਰ ਸਿੰਘ ਗਦਾਈਆ ਅਤੇ ਜਨਰਲ ਸਕੱਤਰ ਜਗਸੀਰ ਖੋਸਾ ਨੇ ਕਿਹਾ ਕਿ ਲੋਕਾਂ ਨੂੰ ਵਧੀਆ ਅਤੇ ਭ੍ਰਿਸ਼ਟਾਚਾਰ ਮੁਕਤ ਪ੍ਰਸ਼ਾਸਨ ਦੇਣ ਦਾ ਵਾਅਦਾ ਕਰਕੇ ਸੱਤਾ ਵਿਚ ਆਈ ਆਮ ਆਦਮੀ ਪਾਰਟੀ ਦੀ ਸਰਕਾਰ ਨਰੇਗਾ ਕਾਮਿਆਂ ਨੂੰ ਪਹਿਲੀਆਂ ਅਕਾਲੀ ਅਤੇ ਕਾਂਗਰਸੀ ਸਰਕਾਰਾਂ ਤੋਂ ਵੀ ਵੱਧ ਖੱਜਲ ਕਰਦਿਆਂ ਉਨ੍ਹਾਂ ਦੇ ਹੱਕਾਂ 'ਤੇ ਡਾਕੇ ਮਾਰ ਰਹੀ ਹੈ। ਰਾਜਨੀਤਕ ਦਬਾਅ ਹੇਠ ਕਾਨੂੰਨ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ। ਆਪਣੇ ਚਹੇਤਿਆਂ ਨੂੰ ਧੱਕੇਸ਼ਾਹੀ ਨਾਲ ਨਰੇਗਾ ਮੇਟ ਲਗਾ ਕੇ ਪਿੰਡ-ਪਿੰਡ ਕਲੇਸ਼ ਖੜ੍ਹਾ ਕੀਤਾ ਜਾ ਰਿਹਾ ਹੈ, ਜਦੋਂ ਕਿ ਕਾਨੂੰਨ ਅਨੁਸਾਰ ਨਰੇਗਾ ਮੇਟ ਦੀ ਚੋਣ ਵਿੱਚ ਨਰੇਗਾ ਕਾਮਿਆਂ ਦੀ ਭਾਗੀਦਾਰੀ ਲਾਜ਼ਮੀ ਹੈ।




ਇਸ ਤੋਂ ਬਾਅਦ ਪੰਜਾਬ ਦੇ ਨਰੇਗਾ ਮਜ਼ਦੂਰਾਂ ਨੂੰ ਗੈਰ-ਕਾਨੂੰਨੀ ਤਰੀਕੇ ਨਾਲ 303 ਰੁਪਏ ਦੇ ਕੇ ਸਾਲ ਦੇ 7800 ਰੁਪਏ ਮਾਰਨ ਲਈ ਜ਼ਿੰਮੇਵਾਰ ਕੇਂਦਰ ਸਰਕਾਰ ਵਿਰੁੱਧ ਅਗਸਤ ਮਹੀਨੇ ਸਾਰੇ ਪੰਜਾਬ ਦੇ ਡੀ ਸੀ ਦਫਤਰਾਂ ਅੱਗੇ ਧਰਨੇ ਮਾਰੇ ਜਾਣਗੇ। ਇਸ ਤਹਿਤ 18 ਅਗਸਤ ਨੂੰ ਮੁਕਤਸਰ ਵਿਖੇ ਧਰਨਾ ਦਿੱਤਾ ਜਾਵੇਗਾ ਅਤੇ ਬਾਕੀ ਜ਼ਿਲ੍ਹਿਆਂ ਦੀਆਂ ਤਰੀਕਾਂ ਵੀ ਜਲਦੀ ਤਹਿ ਕੀਤੀਆਂ ਜਾਣਗੀਆਂ।

ਅੰਤ ਵਿੱਚ ਯੂਨੀਅਨ ਦੇ ਜ਼ਿਲ੍ਹਾ ਸਲਾਹਕਾਰ ਕੁਲਦੀਪ ਸਿੰਘ ਭੋਲਾ ਨੇ ਸਾਰਿਆਂ ਦਾ ਧੰਨਵਾਦ ਕੀਤਾ। ਵਰਕਸ਼ਾਪ ਵਿੱਚ ਹੋਰਨਾਂ ਤੋਂ ਇਲਾਵਾ ਬੋਹੜ ਸਿੰਘ ਸੁਖਨਾ ਮੁਕਤਸਰ, ਸ਼ੇਰ ਸਿੰਘ ਦੌਲਤਪੁਰਾ, ਗੋਰਾ ਸਿੰਘ ਪਿਪਲੀ ਫਰੀਦਕੋਟ, ਨੀਲੇ ਖਾਂ ਸੰਗਰੂਰ, ਬਲਜੀਤ ਕੌਰ ਪਟਿਆਲਾ, ਲਖਵਿੰਦਰ ਗੋਪਾਲਪੁਰਾ ਅੰਮ੍ਰਿਤਸਰ, ਸਤਨਾਮ ਸਿੰਘ ਕਿਰਤੀ ਗੁਰਦਾਸਪੁਰ, ਸਰਬਜੀਤ ਕੌਰ ਖੋਸਾ ਤੇ ਬਿੰਦਰ ਕੌਰ ਗਲੋਟੀ ਮੋਗਾ ਨੇ ਵੀ ਸੰਬੋਧਨ ਕੀਤਾ।

# ਦੁਨੀਆ ਭਰ 'ਚ ਪ੍ਰਮਾਣੂ ਜੰਗ ਦਾ ਖਤਰਾ ਮੰਡਰਾ ਰਿਹੈ : ਐਡਵੋਕੇਟ ਬਾਠ




**ਮੋਗਾ (ਅਮਰਜੀਤ ਬੱਬਰੀ)**

ਸੰਸਾਰ ਭਰ ਵਿੱਚ ਪ੍ਰਮਾਣੂ ਹਥਿਆਰਾਂ ਵਿਰੁੱਧ ਹੋਏ ਸਮਾਗਮਾਂ ਦੇ ਸਿਲਸਿਲੇ ਤਹਿਤ ਕੁੱਲ ਹਿੰਦ ਅਮਨ ਤੇ ਇੱਕਮੁੱਠਤਾ ਸੰਗਠਨ ਵੱਲੋਂ ਐਤਵਾਰ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਭਵਨ ਵਿਖੇ ਸੂਬਾ ਪੱਧਰੀ ਅਮਨ ਕਾਨਫਰੰਸ ਕੀਤੀ ਗਈ। ਕਾਨਫਰੰਸ ਦਾ ਉਦਘਾਟਨ ਕਰਦਿਆਂ ਪ੍ਰਸਿੱਧ ਲੇਖਕ ਬਲਦੇਵ ਸਿੰਘ ਸੜਕਨਾਮਾ ਨੇ ਦੱਸਿਆ ਕਿ 6 ਅਤੇ 9 ਅਗਸਤ 1945 ਨੂੰ ਅਮਰੀਕਾ ਨੇ ਜਪਾਨ ਦੇ ਦੋ ਸ਼ਹਿਰਾਂ ਹੀਰੋਸੀਮਾ ਤੇ ਨਾਗਾਸਾਕੀ ਵਿੱਚ ਪ੍ਰਮਾਣੂ ਬੰਬ ਸੁੱਟ ਕੇ ਮਨੁੱਖਤਾ ਦਾ ਘਾਣ ਕੀਤਾ ਸੀ। ਇਹ ਦਿਨ ਇਤਿਹਾਸ ਦੇ ਸਫੇ 'ਤੇ ਕਾਲੇ ਅੱਖਰਾਂ ਵਿੱਚ ਲਿਖਿਆ ਗਿਆ ਹੈ। ਸੰਸਾਰ ਪੱਧਰ 'ਤੇ ਇਸ ਘਿਨਾਉਣੇ ਕਾਰੇ ਵਿਰੁੱਧ ਦੁਨੀਆ ਭਰ ਵਿੱਚ ਅਮਨ ਸਥਾਪਤ ਰੱਖਣ ਲਈ ਇਹ ਦਿਨ ਮਨਾਇਆ ਜਾਂਦਾ ਹੈ।

ਸਮਾਗਮ ਨੂੰ ਸੰਬੋਧਨ ਕਰਨ ਲਈ ਵਿਸ਼ੇਸ਼ ਤੌਰ 'ਤੇ ਪਹੁੰਚੇ ਐਪਸੋ ਦੇ ਜਨਰਲ ਸਕੱਤਰ ਐਡਵੋਕੇਟ ਹਰਚੰਦ ਸਿੰਘ ਬਾਠ ਨੇ ਕਿਹਾ ਕਿ ਅੱਜ ਜਦੋਂ ਦੁਨੀਆ ਭਰ ਵਿੱਚ ਪ੍ਰਮਾਣੂ ਜੰਗ ਦਾ ਖਤਰਾ ਮੰਡਰਾ ਰਿਹਾ ਹੈ ਤਾਂ ਅਮਨਪਸੰਦ ਲੋਕਾਂ ਨੂੰ ਇੱਕਮੁੱਠ ਹੋਣਾ ਚਾਹੀਦਾ ਹੈ ਅਤੇ ਇਸ ਵਿਰੁੱਧ ਅਵਾਜ਼ ਬੁਲੰਦ ਕਰਨ ਦੀ ਅਹਿਮ ਲੋੜ ਹੈ। ਅੱਜ ਫਿਰ ਅਮਰੀਕਾ ਅਤੇ ਨਾਟੋ ਮੁਲਕਾਂ ਦਾ ਗਠਜੋੜ ਆਪਣੀ ਸੰਸਾਰਕ ਧੌਂਸ ਸਥਾਪਤ ਕਰਨ ਲਈ ਦੁਨੀਆ ਦੇ ਬਾਕੀ ਮੁਲਕਾਂ ਨੂੰ ਅੰਨ੍ਹੇਵਾਹ ਹਥਿਆਰਾਂ ਦੀ ਸਪਲਾਈ ਜਬਰੀ ਵਪਾਰ ਤੇ ਨਜਾਇਜ਼ ਜੰਗਾਂ ਮੜ੍ਹ ਰਿਹਾ ਹੈ। ਇਸ ਦੇ ਸਿੱਟੇ ਮਨੁੱਖੀ ਵਸੋਂ ਲਈ ਮਾੜੇ ਸਾਬਿਤ ਹੋ ਰਹੇ ਹਨ ਤੇ ਹੋਰ ਵੀ ਭਿਆਨਕ ਹੋਣਗੇ। ਉਹਨਾ ਕਿਹਾ ਕਿ ਇਤਿਹਾਸ ਗਵਾਹ ਹੈ ਕਿ ਦੂਜੀ ਸੰਸਾਰ ਜੰਗ ਸਮੇਂ ਵੀ ਆਪਣੀ ਧੌਂਸ ਦਾ ਪ੍ਰਗਟਾਵਾ ਕਰਨ ਲਈ ਅਮਰੀਕਾ ਨੇ ਪ੍ਰਮਾਣੂ ਹਥਿਆਰਾਂ ਦਾ ਇਸਤੇਮਾਲ ਐਨ ਉਸ ਸਮੇਂ ਕੀਤਾ, ਜਦੋਂ ਜੰਗ ਲਗਭਗ ਸਮਾਪਤ ਹੋ ਰਹੀ ਸੀ।

ਇੰਡੀਅਨ ਡਾਕਟਰਜ਼ ਫਾਰ ਪੀਸ ਡਿਵੈੱਲਪਮੈਂਟ ਦੇ ਕੌਮੀ ਪ੍ਰਧਾਨ ਡਾਕਟਰ ਅਰੁਣ ਮਿੱਤਰਾ ਨੇ ਕਿਹਾ ਕਿ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਮਨੁੱਖੀ ਸਰੀਰ ਤੇ ਸਮਾਜ ਲਈ ਘਾਤਕ ਅਸਰ ਕਰਦੀ ਹੈ। ਦੁਨੀਆਂ ਦਾ ਪ੍ਰਮਾਣੂ ਭੰਡਾਰ ਕਦੇ ਵੀ ਵਿਸਫੋਟਕ ਸਥਿਤੀ ਪੈਦਾ ਕਰ ਸਕਦਾ ਹੈ। ਉਹਨਾ ਜ਼ੋਰ ਦੇ ਕੇ ਕਿਹਾ ਕਿ ਦੇਸ਼ ਵਿੱਚ ਫੈਲ ਰਹੀ ਫਿਰਕੂ ਬਦਅਮਨੀ, ਗੁਆਂਢੀ ਦੇਸ਼ਾਂ ਨਾਲ ਜੰਗੀ ਤਣਾਅ ਅਤੇ ਸੰਸਾਰ ਵਿਆਪੀ ਪ੍ਰਮਾਣੂ ਖਤਰਿਆਂ ਵਿਰੁੱਧ ਵਿਆਪਕ ਲਾਮਬੰਦੀ ਦੀ ਲੋੜ ਹੈ। ਸਮਾਗਮ ਨੂੰ ਹੋਰਨਾਂ ਤੋਂ ਇਲਾਵਾ ਐਪਸੋ ਪੰਜਾਬ ਦੇ ਪ੍ਰਧਾਨ ਤੇ ਸਕੱਤਰ ਐਡਵੋਕੇਟ ਜਸਪਾਲ ਸਿੰਘ ਦੱਪਰ ਤੇ ਆਰ ਐਲ ਮੋਦਗਿੱਲ, ਪ੍ਰਸਿੱਧ ਕਹਾਣੀਕਾਰ ਗੁਰਮੀਤ ਕੜਿਆਲਵੀ, ਪ੍ਰਿੰਸੀਪਲ ਪੂਰਨ ਸਿੰਘ ਸੰਧੂ, ਏ ਆਈ ਐੱਸ ਐੱਫ ਦੇ ਕੌਮੀ ਜਨਰਲ ਸਕੱਤਰ ਵਿੱਕੀ ਮਹੇਸਰੀ, ਏ ਆਈ ਵਾਈ ਐੱਫ ਦੇ ਕੌਮੀ ਪ੍ਰਧਾਨ ਸੁਖਜਿੰਦਰ ਮਹੇਸਰੀ ਅਤੇ ਮੁਲਾਜ਼ਮ ਆਗੂ ਤਰਸੇਮ ਸਿੰਘ ਨੇ ਸੰਬੋਧਨ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਡਾਕਟਰ ਗਗਨਦੀਪ ਸਿੰਘ, ਚਮਕੌਰ ਸਿੰਘ ਸਰਾਂ, ਹਰਬੰਸ ਸਾਗਰ, ਮੋਗਾ ਐਪਸੋ ਦੇ ਜਨਰਲ ਸਕੱਤਰ ਸਵਰਨ ਸਿੰਘ ਖੋਸਾ, ਮੋਗਾ ਐਪਸੋ ਦੇ ਕੈਸ਼ੀਅਰ ਪੋਹਲਾ ਸਿੰਘ ਬਰਾੜ ਅਤੇ ਮਹਿੰਦਰ ਪਾਲ ਲੂੰਬਾ, ਨੌਜਵਾਨ ਕਮਿਊਨਿਸਟ ਆਗੂ ਕੁਲਦੀਪ ਭੋਲਾ, ਕਿਰਤੀ ਕਿਸਾਨ ਯੂਨੀਅਨ ਦੇ ਆਗੂ ਪ੍ਰਗਟ ਸਿੰਘ, ਮੈਡੀਕਲ ਪ੍ਰੈਕਟੀਸ਼ਨਰਜ਼ ਯੂਨੀਅਨ ਦੇ ਆਗੂ ਗੁਰਮੇਲ ਸਿੰਘ ਮਾਛੀਕੇ, ਸੂਰਤ ਸਿੰਘ ਧਰਮਕੋਟ, ਹੰਸ ਰਾਜ ਗੋਲਡਨ ਅਤੇ ਸੁਖਦੇਵ ਸ਼ਰਮਾ ਵੀ ਮੌਜੂਦ ਸਨ। ਸਟੇਜ ਸਕੱਤਰ ਦੀ ਭੂਮਿਕਾ ਐਪਸੋ ਪੰਜਾਬ ਦੇ ਮੀਤ ਪ੍ਰਧਾਨ ਡਾਕਟਰ ਇੰਦਰਵੀਰ ਗਿੱਲ ਨੇ ਨਿਭਾਈ।

## ਭਾਰਤ ਵਿਕਾਸ ਪ੍ਰੀਸ਼ਦ ਵੱਲੋਂ ਦੰਦਾਂ ਦਾ ਮੁਫਤ ਜਾਂਚ ਕੈਂਪ




**ਮੁਕਤਸਰ (ਸ਼ਮਿੰਦਰਪਾਲ, ਪੂਜਾ)**-ਸ੍ਰੀ ਮੁਕਤਸਰ ਸਾਹਿਬ ਦੀ ਸਮਾਜਸੇਵੀ ਸੰਸਥਾ ਭਾਰਤ ਵਿਕਾਸ ਪ੍ਰੀਸ਼ਦ ਵੱਲੋਂ ਸ਼ਨੀਵਾਰ ਨੂੰ ਬੂੜਾ ਗੁੱਜਰ ਰੋਡ ਡੀ ਏ ਵੀ ਸਕੂਲ ਵਿਖੇ ਦੰਦਾਂ ਦਾ ਮੁਫਤ ਜਾਂਚ ਕੈਂਪ ਲਾਇਆ ਗਿਆ। ਜਿਸ 'ਚ 187 ਵਿਦਿਆਰਥੀਆਂ ਤੇ ਆਮ ਲੋਕਾਂ ਦੇ ਦੰਦਾਂ ਦੀ ਮੁਫਤ ਜਾਂਚ ਕੀਤੀ ਗਈ। ਪ੍ਰੀਸ਼ਦ ਦੇ ਜਨਰਲ ਸਕੱਤਰ ਪ੍ਰੋ. ਬ੍ਰਹਮਵੇਦ ਸ਼ਰਮਾ ਨੇ ਦੱਸਿਆ ਕਿ ਕੈਂਪ 'ਚ ਚੈਕਅਪ ਡਾ. ਜਸਵਿੰਦਰ ਸਿੰਘ ਭੰਡਾਰੀ ਵੱਲੋਂ ਕੀਤਾ ਗਿਆ। ਇਸ ਮੌਕੇ ਪ੍ਰਧਾਨ ਸੰਜੀਵ ਗਾਵਡੀ, ਰਾਕੇਸ਼ ਕਥੂਰੀਆ, ਪੋਪੀ ਬਾਂਸਲ, ਵਿਜੇ ਕਾਲਰਾ, ਅਰੋੜਵੰਸ਼ ਸਭਾ ਦੇ ਵਾਈਸ ਪ੍ਰਧਾਨ ਸੁਨੀਲ ਗੁੰਬਰ, ਉਜੀਵਨ ਬੈਂਕ ਦੇ ਮੈਨੇਜਰ ਸਾਹਿਲ ਅਰੋੜਾ, ਹਰਵਿੰਦਰ ਸਿੰਘ, ਮੈਡਮ ਨੀਸ਼ਾ, ਨੀਤੂ, ਰੇਣੂ, ਮਨਜੀਤ, ਸੰਦੀਪ ਗਰਗ, ਸ਼ਸ਼ੀਕਾਂਤ ਆਹੂਜਾ, ਅਜੀਤ ਸਿੰਘ, ਓਮ ਪ੍ਰਕਾਸ਼, ਜਤਿੰਦਰ ਅਰੋੜਾ ਆਦਿ ਵੀ ਹਾਜ਼ਰ ਸਨ।

## ਸਰਕਾਰੀ ਕਾਲਜ ਦੀ ਗੁਰਜੀਤ ਕੌਰ 'ਵਰਸਿਟੀ ਪੱਧਰ 'ਤੇ ਛਾਈ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਐਲਾਨੇ ਬੀ.ਐੱਸ.ਸੀ. (ਐੱਫ ਡੀ) ਸਮੈਸਟਰ ਦੂਜਾ ਦੇ ਨਤੀਜਿਆਂ ਵਿੱਚ ਸਰਕਾਰੀ ਕਾਲਜ ਮਾਛੀਵਾੜਾ ਦੀਆਂ ਵਿਦਿਆਰਥਣਾਂ ਦੀ ਕਾਰਗੁਜ਼ਾਰੀ ਸ਼ਲਾਘਾਯੋਗ ਰਹੀ। ਮੀਡੀਆ ਇੰਚਾਰਜ ਡਾ. ਕਮਲਜੀਤ ਕੌਰ ਬਾਂਗਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪ੍ਰਿੰਸੀਪਲ ਪ੍ਰੋ. ਦੀਪਕ ਚੋਪੜਾ ਦੀ ਯੋਗ ਅਗਵਾਈ ਵਿੱਚ ਕਾਲਜ ਲਗਾਤਾਰ ਨਵੀਆਂ ਪ੍ਰਾਪਤੀਆਂ ਕਰ ਰਿਹਾ ਹੈ। ਇਨ੍ਹਾਂ ਨਤੀਜਿਆਂ ਵਿੱਚ ਵਿਦਿਆਰਥਣ ਗੁਰਜੀਤ ਕੌਰ ਨੇ 96.17 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਯੂਨੀਵਰਸਿਟੀ 'ਚੋਂ ਦੂਜਾ ਤੇ ਕਾਲਜ 'ਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ, ਜਦਕਿ ਗਗਨਪ੍ਰੀਤ ਕੌਰ ਨੇ 90.95 ਪ੍ਰਤੀਸ਼ਤ ਅੰਕ ਤੇ ਮਹਿਕ ਨੇ 88.86 ਪ੍ਰਤੀਸ਼ਤ ਅੰਕ ਪ੍ਰਾਪਤ ਕਰ ਕਾਲਜ 'ਚੋਂ ਕ੍ਰਮਵਾਰ ਦੂਜਾ ਤੇ ਤੀਜਾ ਸਥਾਨ ਪ੍ਰਾਪਤ ਕੀਤਾ। ਕਾਲਜ ਪ੍ਰਿੰਸੀਪਲ ਨੇ ਵਿਦਿਆਰਥਣਾਂ, ਉਨ੍ਹਾਂ ਦੇ ਮਾਪਿਆਂ, ਵਿਭਾਗ ਮੁਖੀ ਦੀਕਸ਼ਾ ਸਿੰਧਵਾਨੀ ਤੇ ਹੇਮਲਤਾ ਨੂੰ ਵਧਾਈ ਦਿੱਤੀ ਤੇ ਵਿਦਿਆਰਥਣਾਂ ਨੂੰ ਸੁਨਹਿਰੇ ਭਵਿੱਖ ਲਈ ਸ਼ੁਭ-ਕਾਮਨਾਵਾਂ ਦਿੱਤੀਆਂ।

## ਮਯੰਕ ਫਾਊਂਡੇਸ਼ਨ ਵੱਲੋਂ ਸੰਤੋਸ਼ ਸੇਵਾ ਕੁੰਜ 'ਚ ਦੂਜਾ ਸੈਸ਼ਨ ਸ਼ੁਰੂ




**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਲੜਕੀਆਂ ਦੀ ਸਿੱਖਿਆ ਨੂੰ ਪ੍ਰਫੁੱਲਤ ਕਰਨ ਦੇ ਉਦੇਸ਼ ਨਾਲ ਮਯੰਕ ਫਾਊਂਡੇਸ਼ਨ ਨੇ ਸੰਤੋਸ਼ ਸੇਵਾ ਕੁੰਜ ਵਿਖੇ 10ਵੀਂ ਜਮਾਤ ਦੀਆਂ ਵਿਦਿਆਰਥਣਾਂ ਲਈ ਕਲਾਸਾਂ ਦਾ ਦੂਜਾ ਸੈਸ਼ਨ ਸ਼ੁਰੂ ਕੀਤਾ ਹੈ, ਜਿਸ ਵਿੱਚ ਵੱਖ-ਵੱਖ ਸਕੂਲਾਂ ਦੀਆਂ 30 ਵਿਦਿਆਰਥਣਾਂ ਨੂੰ ਅਗਲੇ 6 ਮਹੀਨਿਆਂ ਤੱਕ ਮੁਫ਼ਤ ਸਿੱਖਿਆ ਤੇ ਸਟੇਸ਼ਨਰੀ ਮੁਹੱਈਆ ਕਰਵਾਈ ਜਾਵੇਗੀ। ਸਕੱਤਰ ਰਾਕੇਸ਼ ਕੁਮਾਰ ਨੇ ਦੱਸਿਆ ਕਿ ਪਿਛਲੇ ਸੈਸ਼ਨ ਦੇ ਸ਼ਾਨਦਾਰ ਨਤੀਜਿਆਂ ਤੋਂ ਬਾਅਦ ਇਸ ਸਾਲ ਵੀ ਰਜਿੰਦਰ ਮੋਹਨ ਮੋਂਗਾ ਤੇ ਪਰਿਵਾਰ ਦੇ ਸਹਿਯੋਗ ਨਾਲ ਮੁਫ਼ਤ ਕਲਾਸਾਂ ਸ਼ੁਰੂ ਕੀਤੀਆਂ ਗਈਆਂ ਹਨ, ਜਿਸ ਵਿੱਚ ਬੋਰਡ ਦੀਆਂ ਪ੍ਰੀਖਿਆਵਾਂ ਦੇ ਮੱਦੇਨਜ਼ਰ ਵਿਦਿਆਰਥਣਾਂ ਨੂੰ ਵਧੀਆ ਸਿੱਖਿਆ ਪ੍ਰਦਾਨ ਕੀਤੀ ਜਾਵੇਗੀ। ਇੱਕ ਸੰਖੇਪ ਪ੍ਰੋਗਰਾਮ ਵਿੱਚ ਦੀਪ ਜਗਾ ਕੇ ਨਵੇਂ ਸੈਸ਼ਨ ਦੀ ਸ਼ੁਰੂਆਤ ਕੀਤੀ ਗਈ, ਜਿਸ ਵਿੱਚ ਨਗਰ ਕੌਂਸਲ ਪ੍ਰਧਾਨ ਰੋਹਿਤ ਗਰੋਵਰ, ਪਰਮਿੰਦਰ ਹਾਂਡਾ ਤੇ ਮਯੰਕ ਫਾਊਂਡੇਸ਼ਨ ਤੋਂ ਅਨੁਰਾਗ ਐਰੀ, ਅਮਿਤ ਅਰੋੜਾ, ਹਰਨਾਮ ਸਿੰਘ, ਅਰਨੀਸ਼ ਮੋਂਗਾ, ਮਨੋਜ ਗੁਪਤਾ, ਆਦਰਸ਼ਪਾਲ, ਪ੍ਰਿੰਸੀਪਲ ਸੰਜੀਵ ਟੰਡਨ, ਸੰਦੀਪ ਸਹਿਗਲ, ਦੀਪਕ ਨਰੂਲਾ, ਗੁਰਪ੍ਰੀਤ ਭੁੱਲਰ, ਦੀਪਕ ਮਠਪਾਲ, ਅਸ਼ਵਨੀ ਸ਼ਰਮਾ, ਅਸੀਮ ਅਗਰਵਾਲ, ਕਮਲ ਸ਼ਰਮਾ, ਦੀਪਕ ਸ਼ਰਮਾ ਤੇ ਅਧਿਆਪਕਾ ਸੁਨੀਤਾ, ਗੀਤਿਕਾ, ਨੈਨਸੀ ਤੇ ਚੁਣੀਆਂ ਗਈਆਂ ਵਿਦਿਆਰਥਣਾਂ ਹਾਜ਼ਰ ਸਨ।

## ਸਰਹਿੰਦ ਰੇਲ ਜੰਕਸ਼ਨ ਦਾ 25.12 ਕਰੋੜ ਰੁਪਏ ਨਾਲ ਹੋਵੇਗਾ ਨਵੀਨੀਕਰਨ



**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਰੇਲ ਨੈੱਟਵਰਕ ਦੇ ਬੁਨਿਆਦੀ ਢਾਂਚੇ ਨੂੰ ਹੋਰ ਮਜ਼ਬੂਤ ਕਰਨ ਲਈ ਭਾਰਤ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ 'ਅੰਮ੍ਰਿਤ ਭਾਰਤ ਸਟੇਸ਼ਨ ਯੋਜਨਾ' ਦੇ ਤਹਿਤ ਦੇਸ਼ ਦੇ 1,309 ਰੇਲਵੇ ਸਟੇਸ਼ਨਾਂ ਦਾ ਨਵੀਨੀਕਰਨ ਕੀਤਾ ਜਾ ਰਿਹਾ ਹੈ। ਉਪਰੋਕਤ ਜਾਣਕਾਰੀ ਰੇਲਵੇ ਦੇ ਬੁਲਾਰੇ ਵੱਲੋਂ ਪ੍ਰੈੱਸ ਨੂੰ ਦਿੱਤੀ ਗਈ। ਬੁਲਾਰੇ ਨੇ ਦੱਸਿਆ ਕਿ ਇਸ ਯੋਜਨਾ ਤਹਿਤ ਉੱਤਰੀ ਰੇਲਵੇ ਦੇ 144 ਰੇਲਵੇ ਸਟੇਸ਼ਨਾਂ ਦਾ ਨਵੀਨੀਕਰਨ ਕੀਤਾ ਜਾਣਾ ਹੈ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 6 ਅਗਸਤ ਨੂੰ ਭਾਰਤੀ ਰੇਲਵੇ ਦੇ 508 ਸਟੇਸ਼ਨਾਂ ਅਤੇ ਉੱਤਰੀ ਰੇਲਵੇ ਦੇ 71 ਰੇਲਵੇ ਸਟੇਸ਼ਨਾਂ ਦੇ ਪੁਨਰਵਿਕਾਸ ਦੀ ਅਧਾਰਸ਼ਿਲਾ ਰੱਖਣਗੇ। ਉਨ੍ਹਾ ਦੱਸਿਆ ਕਿ ਇਸ ਯੋਜਨਾ ਤਹਿਤ ਉੱਤਰੀ ਰੇਲਵੇ ਦੀ ਅੰਬਾਲਾ ਡਵੀਜ਼ਨ ਅਧੀਨ ਆਉਂਦੇ 16 ਰੇਲਵੇ ਸਟੇਸ਼ਨਾਂ 'ਤੇ ਕਰੀਬ 899.06 ਕਰੋੜ ਰੁਪਏ ਖਰਚੇ ਜਾ ਰਹੇ ਹਨ, ਜਿਨ੍ਹਾਂ 'ਚੋਂ ਚੰਡੀਗੜ੍ਹ 'ਤੇ 511.19 ਕਰੋੜ, ਸਰਹਿੰਦ ਜੰਕਸ਼ਨ 'ਤੇ 25.12 ਕਰੋੜ, ਸ੍ਰੀ ਆਨੰਦਪੁਰ ਸਾਹਿਬ 'ਤੇ 24.21 ਕਰੋੜ, ਪਟਿਆਲਾ 'ਤੇ 47.51 ਕਰੋੜ, ਧੂਰੀ 'ਤੇ 37.63 ਕਰੋੜ, ਸੰਗਰੂਰ 'ਤੇ 25.51 ਕਰੋੜ, ਰੂਪਨਗਰ 'ਤੇ 23.99 ਕਰੋੜ, ਨੰਗਲ ਡੈਮ 'ਤੇ 23.31 ਕਰੋੜ, ਮੋਹਾਲੀ 'ਤੇ 23.20 ਕਰੋੜ, ਅਬੋਹਰ 'ਤੇ 21.09 ਕਰੋੜ ਅਤੇ ਮਲੇਰਕੋਟਲਾ ਸਟੇਸ਼ਨ ਦੇ ਨਵੀਨੀਕਰਨ 'ਤੇ 22.93 ਕਰੋੜ ਰੁਪਏ ਦੀ ਰਕਮ ਖਰਚੀ ਜਾ ਰਹੀ ਹੈ। ਉਨ੍ਹਾਂ ਵੱਲੋਂ ਇਸ ਮੌਕੇ ਉਪਰੋਕਤ ਸਟੇਸ਼ਨਾਂ ਦੀਆਂ ਮੌਜੂਦਾ ਅਤੇ ਪ੍ਰਪੋਜ਼ਡ ਤਸਵੀਰਾਂ ਵੀ ਜਾਰੀ ਕੀਤੀਆਂ ਗਈਆਂ।

## ਡੀ ਏ ਵੀ ਸਕੂਲ ਕਕਰਾਲਾ 'ਚ ਵੇਦ ਪ੍ਰਚਾਰ ਸਪਤਾਹ ਦਾ ਸਮਾਪਤੀ ਸਮਾਰੋਹ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਆਰੀਆ ਪ੍ਰਦੇਸ਼ਕ ਪ੍ਰਤੀਨਿਧੀ ਸਭਾ ਨਵੀਂ ਦਿੱਲੀ ਤੇ ਆਰੀਆ ਪ੍ਰਦੇਸ਼ਕ ਪ੍ਰਤੀਨਿਧੀ ਸਭਾ ਪੰਜਾਬ ਦੀ ਸਰਪ੍ਰਸਤੀ ਹੇਠ ਡੀ ਏ ਵੀ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਕਕਰਾਲਾ ਵਿਖੇ ਵੇਦ ਪ੍ਰਚਾਰ ਸਪਤਾਹ ਦਾ ਸਮਾਪਨ ਸਮਾਰੋਹ ਸਕੂਲ ਪ੍ਰਿੰਸੀਪਲ ਮਨੋਜ ਕੁਮਾਰ ਸ਼ਰਮਾ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ 5 ਸਤੰਬਰ ਨੂੰ ਪੂਰੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਸਵੇਰ ਦੀ ਸਭਾ 'ਚ ਅਚਾਰੀਆ ਅਨਿਲ ਕੁਮਾਰ ਸ਼ਾਸਤਰੀ ਨੇ ਵੇਦਾਂ ਬਾਰੇ ਆਪਣੇ ਵਿਚਾਰ ਰੱਖੇ। ਵਿਦਿਆਰਥੀਆਂ ਨੇ ਮਿਲ ਕੇ ਵੈਦਿਕ ਭਜਨ ਅਤੇ ਵਿਚਾਰ ਪੇਸ਼ ਕੀਤੇ। ਹਵਨ ਯੱਗ 'ਚ ਅਧਿਆਪਕਾਂ ਅਤੇ ਵਿਦਿਆਰਥੀਆਂ ਨੇ ਸ਼ਰਧਾ ਭਾਵਨਾ ਨਾਲ ਆਹੂਤੀਆਂ ਪਾਈਆਂ। ਸਕੂਲ ਪ੍ਰਿੰ. ਸ਼ਰਮਾ ਨੇ ਸਮੁੱਚੇ ਪ੍ਰੋਗਰਾਮ 'ਚ ਸਹਿਯੋਗ ਦੇਣ ਲਈ ਅਨਿਲ ਕੁਮਾਰ ਸ਼ਾਸਤਰੀ ਅਤੇ ਭਗਤ ਸਿੰਘ ਸਦਨ ਦੇ ਮੁਖੀ ਕਰਮ ਸਿੰਘ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਉਨ੍ਹਾ ਦੱਸਿਆ ਕਿ ਇਸ ਤਹਿਤ ਰੋਜ਼ਾਨਾ ਹਵਨ ਯੱਗ, ਭਜਨ ਸੰਧਿਆ, ਵੇਦ ਉਚਾਰਨ ਮੁਕਾਬਲਾ, ਆਰੀਆ ਸਮਾਜ ਦੇ ਦਸ ਨਿਯਮਾਂ 'ਤੇ ਅਧਾਰਤ ਲਿਖਤੀ ਮੁਕਾਬਲਾ, ਵੈਦਿਕ ਕੁਇਜ਼ ਤੇ ਬੂਟੇ ਲਗਾਉਣ ਆਦਿ ਦੇ ਰੋਜ਼ਾਨਾ ਸਮਾਗਮ ਕਰਵਾਏ ਗਏ। ਉਨ੍ਹਾ ਹਵਨ ਕਰਨ ਉਪਰੰਤ ਸਮੂਹ ਵਿਦਿਆਰਥੀਆਂ ਨੂੰ ਨੈਤਿਕ ਸਿੱਖਿਆ ਨੂੰ ਜੀਵਨ ਦਾ ਅਧਾਰ ਬਣਾਉਣ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਸਾਨੂੰ ਮਹਾਂਪੁਰਖਾਂ ਦੀ ਤਪੱਸਿਆ, ਤਿਆਗ, ਸਾਦਗੀ ਅਤੇ ਵੈਦਿਕ ਸੰਸਕ੍ਰਿਤੀ ਤੋਂ ਸਹੀ ਸੇਧ ਲੈਣੀ ਚਾਹੀਦੀ ਹੈ।

## ਸ਼ੁੱਧ ਵਾਤਾਵਰਣ ਲਈ ਵਣ ਮੰਡਲ ਅਫਸਰ ਨੇ ਲਗਾਇਆ ਬੂਟਾ

**ਜਲਾਲਾਬਾਦ (ਜੀਤ ਕੁਮਾਰ)**-ਪੰਜਾਬ ਸਰਕਾਰ ਵੱਲੋਂ ਵਾਤਾਵਰਣ ਨੂੰ ਹਰਿਆ ਭਰਿਆ ਬਣਾਉਣ ਦੇ ਮੰਤਵ ਤਹਿਤ ਵੱਧ ਤੋਂ ਵੱਧ ਬੂਟੇ ਲਗਾਉਣ ਲਈ ਪ੍ਰੇਰਤ ਕੀਤਾ ਜਾ ਰਿਹਾ ਹੈ। ਆਲਾ ਦੁਆਲਾ ਸਾਫ ਸੁਥਰਾ ਤੇ ਹਰਿਆ ਭਰਿਆ ਹੋਣ ਨਾਲ ਵਾਤਾਵਰਣ ਤਾਂ ਸ਼ੁੱਧ ਹੁੰਦਾ ਹੀ ਹੈ ਸਗੋਂ ਬਿਮਾਰੀਆਂ ਦਾ ਖਾਤਮਾ ਵੀ ਹੁੰਦਾ ਹੈ। ਵਣ ਮੰਡਲ ਅਫਸਰ ਅਮ੍ਰਿਤਪਾਲ ਸਿੰਘ ਬਰਾੜ ਨੇ ਸ਼ੁੱਧ ਵਾਤਾਵਰਣ ਦੀ ਸਿਰਜਣਾ 'ਚ ਯੋਗਦਾਨ ਪਾਉਂਦਿਆਂ ਬੂਟਾ ਲਾਇਆ। ਉਨ੍ਹਾ ਕਿਹਾ ਕਿ ਸਭ ਨੂੰ ਵਾਤਾਵਰਣ ਪ੍ਰੇਮੀ ਬਣਨਾ ਚਾਹੀਦਾ ਹੈ ਤੇ ਹਰ ਇਕ ਨੂੰ ਬੂਟਾ ਲਗਾਉਣਾ ਚਾਹੀਦਾ ਹੈ। ਵਣ ਰੇਂਜ ਅਫਸਰ ਫਾਜ਼ਿਲਕਾ ਸੁਖਦੇਵ ਸਿੰਘ ਨੇ ਕਿਹਾ ਕਿ ਜ਼ਿਮੀਂਦਾਰ ਭਰਾਵਾਂ ਨੂੰ ਟਿਊਬਵੈਲ ਦੇ ਆਲੇ ਦੁਆਲੇ ਘੱਟ ਤੋਂ ਘੱਟ 3 ਬੂਟੇ ਲਗਾਉਣ ਜੋ ਵਣ ਵਿਭਾਗ ਦੀਆਂ ਨਰਸੀਆਂ ਤੋਂ ਬਿਲਕੁਲ ਮੁਫਤ ਮੁਹੱਈਆ ਕਰਵਾਏ ਜਾਣਗੇ। ਉਨ੍ਹਾ ਕਿਹਾ ਕਿ ਵਣ ਵਿਭਾਗ ਫਾਜ਼ਿਲਕਾ ਰੇਂਜ ਦੀ ਫਾਜ਼ਿਲਕਾ ਨਰਸਰੀ, ਚਾਨਣ ਵਾਲਾ ਨਰਸਰੀ ਅਤੇ ਜਲਾਲਾਬਾਦ ਦੇ ਅਧੀਨ ਆਉਂਦੇ ਪਿੰਡ ਰੱਤਾ ਖੇੜਾ, ਚੱਕ ਸੈਦੋ ਕੇ, ਲਾਧੂਕਾ, ਚੱਕ ਪੱਖੀ, ਨੁਕੇਰੀਆ, ਕਾਹਨੇ ਵਾਲਾ ਅਤੇ ਚੱਕ ਸਰਕਾਰ ਮੁਹਾਜੀ ਬੱਘੇ ਕੇ ਨਰਸਰੀਆਂ ਤੋਂ ਇਹ ਬੂਟੇ ਮੁਫਤ ਪ੍ਰਾਪਤ ਕੀਤੇ ਜਾ ਸਕਦੇ ਹਨ। ਵਧੇਰੇ ਜਾਣਕਾਰੀ ਲਈ ਦਫਤਰ ਵਣ ਰੇਂਜ ਅਫਸਰ ਫਾਜ਼ਿਲਕਾ ਮਲੋਟ ਰੋਡ ਵਿਖੇ ਸੰਪਰਕ ਕੀਤਾ ਜਾ ਸਕਦਾ ਹੈ।

## ਐੱਸ ਆਰ ਐੱਸ ਵਿੱਦਿਆਪੀਠ ਅੰਡਰ-19 ਲੜਕੇ, ਲੜਕੀਆਂ ਦੀ ਟੀਮ ਨੂੰ ਉਪ ਜੇਤੂ ਐਲਾਨਿਆ




**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-23 ਜੁਲਾਈ ਨੂੰ ਐੱਸ ਆਰ ਐੱਸ ਵਿੱਦਿਆਪੀਠ ਸਮਾਣਾ ਦੇ ਦਯਾਨੰਦ ਪਬਲਿਕ ਸਕੂਲ, ਨਾਭਾ ਵਿਖੇ ਹੋਈ ਟੇਬਲ ਟੈਨਿਸ ਲੜਕੀਆਂ ਦੀ ਅੰਡਰ-19 ਟੀਮ ਨੇ ਡੀ ਏ ਵੀ ਸਕੂਲ ਪਟਿਆਲਾ ਅਤੇ ਲੜਕਿਆਂ ਦੀ ਅੰਡਰ-19 ਟੀਮ ਨੇ ਸੇਂਟ ਪੀਟਰਜ਼ ਅਕੈਡਮੀ ਪਟਿਆਲਾ ਨੂੰ ਸਖਤ ਮੁਕਾਬਲਾ ਦਿੰਦਿਆਂ ਕ੍ਰਮਵਾਰ ਅੰਡਰ-19 ਲੜਕੇ ਅਤੇ ਲੜਕੀਆਂ ਦੀ ਚੈਂਪੀਅਨਸ਼ਿਪ 'ਚ ਦੂਜਾ ਸਥਾਨ ਪ੍ਰਾਪਤ ਕੀਤਾ। ਐਸ ਆਰ ਐਸ ਵਿੱਦਿਆਪੀਠ ਲੜਕੀਆਂ ਦੀ ਟੀਮ ਇੰਡੋ ਬ੍ਰਿਟਿਸ਼ ਸਕੂਲ ਨਾਭਾ ਤੋਂ ਜੇਤੂ ਰਹੀ, ਫਿਰ ਭੁਪਿੰਦਰਾ ਇੰਟਰਨੈਸ਼ਨਲ ਪਬਲਿਕ ਸਕੂਲ, ਪਟਿਆਲਾ ਨੂੰ ਹਰਾ ਕੇ ਫਾਈਨਲ 'ਚ ਪਹੁੰਚੀ ਅਤੇ ਡੀ ਏ ਵੀ ਪਟਿਆਲਾ ਨੂੰ ਸਖਤ ਟੱਕਰ ਦੇ ਕੇ ਦੂਜਾ ਸਥਾਨ ਹਾਸਲ ਕੀਤਾ। ਟੀਮ 'ਚ ਪ੍ਰਿਆ ਬਾਂਸਲ, ਹਰਜੋਤ ਕੌਰ, ਕਰਨ ਸਿੱਧੂ, ਰਣਦੀਪ ਕੌਰ ਅਤੇ ਪ੍ਰਭਜੋਤ ਕੌਰ ਸ਼ਾਮਲ ਸਨ। ਐਸ ਆਰ ਐਸ ਲੜਕਿਆਂ ਦੀ ਅੰਡਰ-19 ਟੀਮ ਮਨਜੀਤ ਸਿੰਘ, ਸਹਿਬਾਜ ਸਿੰਘ, ਇੰਦਰਪ੍ਰੀਤ ਸਿੰਘ, ਹਰਮਨਦੀਪ ਸਿੰਘ ਅਤੇ ਪ੍ਰਿੰਸ ਚੌਹਾਨ ਨੇ ਭੁਪਿੰਦਰਾ ਇੰਟਰਨੈਸ਼ਨਲ ਪਬਲਿਕ ਸਕੂਲ, ਪਟਿਆਲਾ, ਅਗਰਸੈਨ ਇੰਟਰਨੈਸ਼ਨਲ ਸਕੂਲ ਸਮਾਣਾ ਅਤੇ ਊਸ਼ਾ ਮਾਤਾ ਪਬਲਿਕ ਸਕੂਲ ਨਾਭਾ ਨੂੰ ਹਰਾ ਕੇ ਫਾਈਨਲ 'ਚ ਪ੍ਰਵੇਸ਼ ਕੀਤਾ ਅਤੇ ਫਾਈਨਲ 'ਚ ਸੇਂਟ ਪੀਟਰਜ਼ ਨੂੰ ਸਖ਼ਤ ਮੁਕਾਬਲਾ ਦੇ ਕੇ ਦੂਜਾ ਸਥਾਨ ਹਾਸਲ ਕੀਤਾ। ਸਕੂਲ ਪ੍ਰਿੰਸੀਪਲ ਮਿਲੀ ਬੋਸ ਅਤੇ ਚੇਅਰਮੈਨ ਅਮਿਤ ਸਿੰਗਲਾ ਨੇ ਖਿਡਾਰੀਆਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੀ ਸਫਲਤਾ ਦੀ ਸ਼ਲਾਘਾ ਕੀਤੀ।

## ਸਕੂਲ ਵਿਦਿਆਰਥੀ ਦੇ ਦਿਲ ਅਪ੍ਰੇਸ਼ਨ ਸਫ਼ਲਤਾਪੂਰਵਕ ਹੋਇਆ

**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ/ਕੁਲਦੀਪ ਅੱਤਰੀ)**-ਰਾਸ਼ਟਰੀ ਬਾਲ ਸਵਸਥਾ ਪ੍ਰੋਗਰਾਮ ਤਹਿਤ ਸਿਵਲ ਸਰਜਨ ਡਾ. ਪਰਮਿੰਦਰ ਕੌਰ, ਨੋਡਲ ਅਫ਼ਸਰ ਡਾ. ਅਮਨਜੋਤ ਕੌਰ ਦੀ ਅਗਵਾਈ ਹੇਠ ਆਰ.ਬੀ.ਐਸ.ਕੇ. ਟੀਮ ਲੌਂਗੋਵਾਲ ਵੱਲੋਂ ਪ੍ਰਾਇਮਰੀ ਸਕੂਲ ਲੋਹਾਖੇੜਾ ਦੇ ਚੌਥੀ ਦੇ ਵਿਦਿਆਰਥੀ ਰਾਜਵੀਰ ਸਿੰਘ ਦੇ ਦਿਲ ਦਾ ਅਪ੍ਰੇਸ਼ਨ ਸਫ਼ਲਤਾਪੂਰਵਕ ਪੀ.ਜੀ.ਆਈ. ਤੋਂ ਕਰਾਇਆ ਗਿਆ। ਡਾ. ਗੁਰਪ੍ਰੀਤ ਸਿੰਘ, ਡਾ. ਰਜ਼ਨੀਸ਼ ਅਤੇ ਨੇਹਾ ਸਿੰਗਲਾ ਨੇ ਦੱਸਿਆ ਕਿ ਹੁਣ ਵਿਦਿਆਰਥੀ ਨੂੰ ਕੋਈ ਵੀ ਸਮੱਸਿਆ ਨਹੀਂ ਹੈ ਤੇ ਅਪ੍ਰੇਸ਼ਨ ਦਾ ਸਾਰਾ ਖਰਚਾ ਆਰ.ਬੀ.ਐਸ.ਕੇ. ਤਹਿਤ ਸਰਕਾਰ ਵੱਲੋਂ ਕੀਤਾ ਗਿਆ ਹੈ ਤੇ ਪਰਵਾਰ ਦਾ ਕੋਈ ਖਰਚਾ ਨਹੀਂ ਹੋਇਆ। ਇਸ ਪ੍ਰੋਗਰਾਮ ਤਹਿਤ ਸਰਕਾਰੀ ਸਕੂਲਾਂ ਤੇ ਆਂਗਣਵਾੜੀ ਦੇ ਬੱਚਿਆਂ ਦੀਆਂ ਲਗਭਗ 40 ਬਿਮਾਰੀਆਂ ਦਾ ਇਲਾਜ ਬਿਲਕੁਲ ਮੁਫ਼ਤ ਕਰਾਇਆ ਜਾਂਦਾ ਹੈ। ਇਸ ਮੌਕੇ ਸਕੂਲ ਦੇ ਹੈੱਡ ਟੀਚਰ ਜਸਵਿੰਦਰ ਕੌਰ, ਕਲਾਸ ਇੰਚਾਰਜ ਸ਼ੈਲੀ ਗੁਪਤਾ ਤੇ ਕੁਲਦੀਪ ਕੌਰ ਮੌਜੂਦ ਸਨ।

## ਰਾਮਗੜ੍ਹੀਆ ਵੈੱਲਫੇਅਰ ਕੌਂਸਲ ਨੇ ਰਾਸ਼ਨ ਵੰਡਿਆ



**ਜਗਰਾਉਂ (ਅਮਿਤ ਖੰਨਾ)**-ਰਾਮਗੜ੍ਹੀਆ ਵੈਲਫੇਅਰ ਕੌਂਸਲ ਰਜਿ : 171 ਅਤੇ ਬਿਲਡਿੰਗ ਠੇਕੇਦਾਰ ਐਸੋਸੀਏਸ਼ਨ ਰਜਿ:133 ਜਗਰਾਉਂ ਵੱਲੋਂ ਗੁਰਦੁਆਰਾ ਵਿਸ਼ਵਕਰਮਾ ਮੰਦਰ ਅੱਡਾ ਰਾਏਕੋਟ ਵਿਖੇ ਹਰੇਕ ਮਹੀਨੇ ਦੀ ਤਰ੍ਹਾਂ ਇਸ ਮਹੀਨੇ 17 ਜ਼ਰੂਰਤਮੰਦ ਪਰਵਾਰਾਂ ਨੂੰ ਰਾਸ਼ਨ ਵੰਡਿਆ ਗਿਆ। ਇਸ ਮੌਕੇ ਸਰਪ੍ਰਸਤ ਬਾਬਾ ਮੋਹਣ ਸਿੰਘ ਸੱਗੂ ਅਤੇ ਹਰਜਿੰਦਰ ਸਿੰਘ ਮੁਧੜ, ਜਗਦੇਵ ਸਿੰਘ ਮਠਾੜੂ ਨੇ ਕਿਹਾ ਕਿ ਇਹ ਸੰਸਥਾ ਪਿਛਲੇ 12 ਸਾਲਾਂ ਤੋਂ ਲਗਾਤਾਰ ਰਾਸ਼ਨ ਵੰਡਦੀ ਆ ਰਹੀ ਹੈ। ਸਾਨੂੰ ਜ਼ਰੂਰਤਮੰਦ ਲੋਕਾਂ ਦੀ ਸੇਵਾ ਕਰਨੀ ਚਾਹੀਦੀ ਹੈ ਅਤੇ ਸਮਾਜ ਸੇਵੀ ਕੰਮ ਕਰਨੇ ਚਾਹੀਦੇ ਹਨ। ਇਸ ਮੌਕੇ ਸਰਪ੍ਰਸਤ ਦਰਸ਼ਨ ਸਿੰਘ ਸੱਗੂ, ਸਰਪ੍ਰਸਤ ਬਾਬਾ ਮੋਹਣ ਸਿੰਘ ਸੱਗੂ, ਸਰਪ੍ਰਸਤ ਬਲਵੰਤ ਸਿੰਘ ਪਨੇਸਰ, ਸੁਰਜੀਤ ਸਿੰਘ ਐਸ ਡੀ ਓ, ਖਜ਼ਾਨਚੀ ਦਰਸ਼ਨ ਸਿੰਘ ਕਲਸੀ, ਜਸਵੰਤ ਸਿੰਘ ਸੱਗੂ, ਰਾਜਵੰਤ ਸਿੰਘ ਸੱਗੂ, ਨਛੱਤਰ ਸਿੰਘ ਕਲਸੀ, ਪ੍ਰਿੰਸੀਪਲ ਜਗਮੋਹਨ ਸਿੰਘ, ਮਨਮੋਹਨ ਸਿੰਘ ਕਲਸੀ, ਭੁਪਿੰਦਰ ਸਿੰਘ ਉੱਭੀ, ਤਰਲੋਚਨ ਸਿੰਘ ਪਨੇਸਰ, ਹਰਜਿੰਦਰ ਸਿੰਘ ਮੁਧੜ, ਭਵਨਜੀਤ ਸਿੰਘ ਉੱਭੀ, ਹਰਦਿਆਲ ਸਿੰਘ ਮੁੰਡੇ, ਬਿਲਡਿੰਗ ਠੇਕੇਦਾਰ ਐਸੋਸੀਏਸ਼ਨ ਪ੍ਰਧਾਨ ਰਾਜਿੰਦਰ ਸਿੰਘ ਰਿੰਕੂ, ਸਰਪ੍ਰਸਤ ਜਗਦੇਵ ਸਿੰਘ ਮਠਾੜੂ, ਭਵਨਜੀਤ ਸਿੰਘ ਉਭੀ, ਬਲਵਿੰਦਰ ਸਿੰਘ ਪੱਪਾ, ਗੁਰਸੇਵਕ ਸਿੰਘ ਮੱਲ੍ਹਾ, ਰਾਜਵੰਤ ਸਿੰਘ ਸੱਗੂ, ਜਿੰਦਰ ਸਿੰਘ ਵਿਰਦੀ ਆਦਿ ਹਾਜ਼ਰ ਸਨ।

## ਸ਼ਾਂਤੀ ਵਿੱਦਿਆ ਮੰਦਰ ਸਕੂਲ 'ਚ ਦੰਦਾਂ ਦਾ ਚੈੱਕਅੱਪ ਕੈਂਪ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਜੈਨੇਸਿਸ ਡੈਂਟਲ ਕਾਲਜ ਤੇ ਹਸਪਤਾਲ ਵੱਲੋਂ ਸ਼ਾਂਤੀ ਵਿੱਦਿਆ ਮੰਦਿਰ ਸਕੂਲ ਫ਼ਿਰੋਜ਼ਪੁਰ ਵਿਖੇ ਦੰਦਾਂ ਦਾ ਚੈੱਕਅਪ ਕੈਂਪ ਲਗਾਇਆ ਗਿਆ। ਕੈਂਪ ਵਿੱਚ ਡਾ. ਸੁਕੀਰਤ ਕੌਰ, ਡਾ. ਆਨੰਦ, ਡਾ. ਹਿਮਾਨੀ, ਮੇਘਾ, ਸ਼ਿਵਾਂਗੀ, ਤਨੁਜ, ਹਰਨੂਰ, ਨਿਕਿਤਾ, ਤਨਵੀ, ਵਾਨੀ ਅਦਿਤੀ, ਰਣਜੀਤ ਸਿੰਘ, ਮਨਜੀਤ ਸਿੰਘ ਦੀ ਟੀਮ ਨੇ ਜ਼ਿਲ੍ਹੇ ਦੇ 350 ਤੋਂ ਵੱਧ ਬੱਚਿਆਂ ਦੇ ਦੰਦਾਂ ਦੀ ਜਾਂਚ ਕੀਤੀ।ਚੈੱਕਅੱਪ ਦੌਰਾਨ ਡਾ. ਸੁਕੀਰਤ, ਡਾ. ਆਨੰਦ ਤੇ ਡਾ. ਹਿਮਾਨੀ ਨੇ ਦੰਦਾਂ ਦੀ ਸਹੀ ਜਾਂਚ ਕੀਤੀ ਤੇ ਬੱਚਿਆਂ ਨੂੰ ਬੁਰਸ਼ ਕਰਨ ਦੇ ਸਹੀ ਤਰੀਕੇ ਸਮੇਤ ਦੰਦਾਂ ਸਬੰਧੀ ਹੋਰ ਪ੍ਰਕਾਰ ਦੀ ਜਾਣਕਾਰੀ ਵੀ ਦਿੱਤੀ।ਉਨ੍ਹਾਂ ਦੱਸਿਆ ਕਿ ਦੰਦਾਂ ਦੀ ਸੰਭਾਲ ਕਿਵੇਂ ਕਰਨੀ ਚਾਹੀਦੀ ਹੈ ਤੇ ਖਰਾਬ ਦੰਦ ਕਈ ਬਿਮਾਰੀਆਂ ਦਾ ਕਾਰਨ ਬਣਦੇ ਹਨ।ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਰਜਨੀ ਮਡਾਹਰ ਨੇ ਕਿਹਾ ਕਿ ਬੱਚਿਆਂ ਦੇ ਸਰਵਪੱਖੀ ਵਿਕਾਸ ਲਈ ਸਰੀਰਕ ਵਿਕਾਸ ਬਹੁਤ ਜ਼ਰੂਰੀ ਹੈ।ਅੱਜ-ਕੱਲ੍ਹ ਬੱਚਿਆਂ ਨੂੰ ਜੰਕ ਫੂਡ ਦਾ ਜ਼ਿਆਦਾ ਸੇਵਨ ਕਰਨ ਨਾਲ ਕੈਵਿਟੀਜ਼ ਦਾ ਖਤਰਾ ਬਣਿਆ ਰਹਿੰਦਾ ਹੈ।ਇਸ ਦੇ ਮੱਦੇਨਜ਼ਰ ਅੱਜ ਦੇ ਯੁੱਗ ਵਿੱਚ ਇਸ ਤਰ੍ਹਾਂ ਦੇ ਕੈਂਪ ਦਾ ਆਯੋਜਨ ਜ਼ਰੂਰੀ ਹੋ ਗਿਆ ਹੈ।ਪ੍ਰਿੰਸੀਪਲ ਨੇ ਦੱਸਿਆ ਕਿ ਜਿਸ ਤਰ੍ਹਾਂ ਨਾਲ ਅਸੀਂ ਆਪਣੇ ਸਰੀਰ ਦੇ ਬਾਕੀ ਅੰਗਾਂ ਦੀ ਜਾਂਚ ਕਰਵਾਉਂਦੇ ਹਾਂ।ਇਸੇ ਤਰ੍ਹਾਂ ਸਾਡੇ ਦੰਦਾਂ ਨੂੰ ਵੀ ਦੰਦਾਂ ਦੇ ਡਾਕਟਰ ਦੁਆਰਾ ਸਮੇਂ-ਸਮੇਂ 'ਤੇ ਦੇਖਣਾ ਚਾਹੀਦਾ ਹੈ ਤੇ ਸਾਡੇ ਦੰਦਾਂ ਦੀ ਸਮੇਂ-ਸਮੇਂ 'ਤੇ ਜਾਂਚ ਕਰਨੀ ਚਾਹੀਦੀ ਹੈ।

# ਲਾਹਣ ਤੇ ਸ਼ਰਾਬ ਸਮੇਤ 2 ਕਾਬੂ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**

ਹਰਮਨਬੀਰ ਸਿੰਘ ਗਿੱਲ ਐਸ.ਐਸ.ਪੀ ਵੱਲੋਂ ਜ਼ਿਲ੍ਹੇ ਅੰਦਰ ਨਸ਼ਿਆਂ ਖਿਲਾਫ ਵਿੱਢੀ ਮੁਹਿੰਮ ਤਹਿਤ ਜਿੱਥੇ ਪੁਲਸ ਦੀਆਂ ਅਲੱਗ-ਅਲੱਗ ਟੁਕੜੀਆਂ ਬਣਾ ਕੇ ਜ਼ਿਲ੍ਹਾ ਅੰਦਰ ਸਰਚ ਅਭਿਆਨ ਚਲਾਇਆ ਜਾ ਰਿਹਾ ਹੈ, ਉੱਥੇ ਹੀ ਨਸ਼ੇ ਦੇ ਸੌਦਾਗਰਾਂ ਨੂੰ ਫੜ ਕੇ ਉਨ੍ਹਾਂ ਖਿਲਾਫ਼ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ, ਇਸੇ ਤਹਿਤ ਹੀ ਪੁਲਸ ਵੱਲੋਂ ਵੱਖ-ਵੱਖ ਥਾਣਿਆਂ ਵਿੱਚ 2 ਮੁਕੱਦਮੇ ਦਰਜ ਕਰ 2 ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰ ਉਨ੍ਹਾਂ ਪਾਸੋਂ 1800 ਲੀਟਰ ਲਾਹਣ, 600 ਲੀਟਰ ਸ਼ਰਾਬ ਨਜਾਇਜ਼, 03 ਚਾਲੂ ਭੱਠੀਆਂ ਬਰਾਮਦ ਕੀਤਾ ਗਿਆ ਹੈ। ਐਕਸਾਇਜ਼ ਇੰਸਪੈਕਟਰ ਨਿਰਮਲ ਸਿੰਘ ਤੇ ਏ.ਐਸ.ਆਈ ਬਲਜਿੰਦਰ ਸਿੰਘ ਅਤੇ ਪੁਲਸ ਪਾਰਟੀ ਥਾਣਾ ਕਬਰਵਾਲਾ ਵੱਲੋਂ ਸਾਂਝੇ ਤੌਰ 'ਤੇ ਕਾਰਵਾਈ ਕਰਦੇ ਹੋਏ ਗਸ਼ਤ ਵਾ ਚੈੱਕਿੰਗ ਦੌਰਾਨ ਸ਼ਕੀ ਪੁਰਸ਼ਾਂ ਦੇ ਸਬੰਧ ਵਿੱਚ ਪਿੰਡ ਡੱਬਵਾਲੀ ਢਾਬ ਮੌਜੂਦ ਸੀ ਤਾਂ ਮੁਖਬਰ ਦੀ ਇਤਲਾਹ ਤੇ ਪੁਲਸ ਪਾਰਟੀ ਵੱਲੋਂ ਵਿਸ਼ਾਲਦੀਪ ਸਿੰਘ ਪੁੱਤਰ ਅਮਰੀਕ ਸਿੰਘ ਵਾਸੀ ਪਿੰਡ ਡੱਬਵਾਲੀ ਢਾਬ ਤੋਂ 1600 ਲੀਟਰ ਲਾਹਣ, 600 ਲੀਟਰ ਸ਼ਰਾਬ ਨਜਾਇਜ਼, 03 ਚਾਲੂ ਭੱਠੀਆਂ ਬਰਾਮਦ ਕੀਤੀਆਂ, ਜਿਸ 'ਤੇ ਪੁਲਸ ਵੱਲੋਂ ਮੁਕੱਦਮਾ ਐਕਸਾਇਜ਼ ਐਕਟ ਦਰਜ ਕਰ ਅਗਲੇਰੀ ਕਾਰਵਾਈ ਕੀਤੀ ਸ਼ੁਰੂ ਥਾਣਾ ਸਦਰ ਮਲੋਟ ਵੱਲੋਂ ਗਸ਼ਤ ਵਾ ਚੈੱਕਿੰਗ ਦੌਰਾਨ ਸ਼ਕੀ ਪੁਰਸ਼ਾਂ ਦੇ ਸਬੰਧ ਵਿੱਚ ਮੁਖਬਰ ਦੀ ਇਤਲਾਹ 'ਤੇ ਪੁਲਸ ਪਾਰਟੀ ਵੱਲੋਂ ਕੁਲਦੀਪ ਸਿੰਘ ਪੁੱਤਰ ਜੱਸਾ ਸਿੰਘ ਵਾਸੀ ਪਿੰਡ ਈਨਾ ਖੇੜਾ ਤੋਂ 200 ਲੀਟਰ ਲਾਹਣ ਬਰਾਮਦ ਕੀਤੀ, ਜਿਸ 'ਤੇ ਪੁਲਸ ਵੱਲੋਂ ਮੁਕੱਦਮਾ ਐਕਸਾਇਜ਼ ਐਕਟ ਦਰਜ ਕਰ ਅਗਲੇਰੀ ਕਾਰਵਾਈ ਕੀਤੀ ਸ਼ੁਰੂ ਕੀਤੀ।

## ਪੈਰਾਡਾਈਜ਼ ਇੰਟਰਨੈਸ਼ਨਲ ਸਕੂਲ ਨੇ ਆਰਟ ਫੈਸਟ ਕਰਾਇਆ




**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਪੈਰਾਡਾਈਜ਼ ਇੰਟਰਨੈਸ਼ਨਲ ਸਕੂਲ ਵਿਖੇ ਪਟਿਆਲਾ ਸਹੋਦਿਆ ਸਕੂਲਜ਼ ਕੰਪਲੈਕਸ ਦੀ ਰਹਿਨੁਮਾਈ ਹੇਠ ਆਰਟ ਫੈਸਟ-2023 ਕਰਾਇਆ ਗਿਆ। ਇਸ ਫੈਸਟ ਵਿੱਚ ਜ਼ਿਲ੍ਹਾ ਪਟਿਆਲਾ ਨਾਲ ਸੰਬੰਧਤ 37 ਸੀਬੀਐਸਈ ਸਕੂਲਾਂ ਦੇ 259 ਵਿਦਿਆਰਥੀਆਂ ਨੇ ਭਾਗ ਲਿਆ। ਇਸ ਫੈਸਟ ਤਹਿਤ ਸਕੂਲੀ ਵਿਦਿਆਰਥੀਆਂ ਦੇ ਵੱਖ-ਵੱਖ ਮੁਕਾਬਲੇ ਕਰਾਏ ਗਏ। ਇਨ੍ਹਾਂ ਮੁਕਾਬਲਿਆਂ ਵਿੱਚ ਮੰਡਲਾ ਆਰਟ, ਪੌਟ ਪੇਂਟਿੰਗ, ਓਰੀਗੈਮੀ, ਪੇਂਟਿੰਗ, ਮਹਿੰਦੀ ਲਗਾਉਣਾ, ਕੋਲਾਜ ਬਣਾਉਣਾ, ਲੈਂਡਸਕੇਪ/ਰਚਨਾ ਆਦਿ ਪ੍ਰਮੁੱਖ ਸਨ। ਇਸ ਦੌਰਾਨ ਕਰਾਏ ਸਮਾਗਮ ਵਿੱਚ ਐਸਡੀਐਮ ਨਵਦੀਪ ਕੁਮਾਰ ਨੇ ਮੁੱਖ ਮਹਿਮਾਨ ਵਜੋਂ ਸ਼ਮੂਲੀਅਤ ਕੀਤੀ। ਉਨ੍ਹਾਂ ਵਿਦਿਆਰਥੀਆਂ ਦੀਆਂ ਵੱਖ-ਵੱਖ ਵੰਨਗੀਆਂ ਵਿੱਚ ਪੇਸ਼ਕਾਰੀਆਂ ਨੂੰ ਬਹੁਤ ਹੀ ਗਹਿਰਾਈ ਨਾਲ ਵੇਖਿਆ ਅਤੇ ਉਨ੍ਹਾਂ ਦੀ ਸ਼ਲਾਘਾ ਕੀਤੀ। ਉਪਰੰਤ ਉਨ੍ਹਾਂ ਵਿਦਿਆਰਥੀਆਂ ਨਾਲ ਰੂਬਰੂ ਹੁੰਦਿਆਂ ਪੜ੍ਹਾਈ ਦੇ ਨਾਲ-ਨਾਲ ਹੋਰ ਗਤੀਵਿਧੀਆਂ ਵਿੱਚ ਵੀ ਭਾਗ ਲੈਣ ਲਈ ਪ੍ਰੇਰਿਤ ਕੀਤਾ ਤਾਂ ਜੁ ਵਿਦਿਆਰਥੀਆਂ ਦਾ ਸਰਬਪੱਖੀ ਵਿਕਾਸ ਹੋ ਸਕੇ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਬੜੇ ਹੀ ਸਹਿਜ ਤਰੀਕੇ ਨਾਲ ਪੜ੍ਹਾਈ ਕਰਨ ਤੇ ਕੰਪੀਟੀਸ਼ਨ ਲੜਨ ਦੇ ਨੁਕਤੇ ਦੱਸੇ ਤਾਂ ਜੁ ਉਹ ਪੜ੍ਹਾਈ ਅਤੇ ਕੈਰੀਅਰ ਵਿੱਚ ਉਚਾਈਆਂ ਛੂਹ ਸਕਣ। ਇਸ ਦੌਰਾਨ ਵਿਦਿਆਰਥੀਆਂ ਨੇ ਵੀ ਐਸਡੀਐਮ ਨੂੰ ਉਨ੍ਹਾਂ ਦੇ ਕੈਰੀਅਰ ਦੀ ਚੋਣ ਸੰਬੰਧੀ ਸਵਾਲ ਵੀ ਪੁੱਛੇ। ਇਸ ਫੈਸਟ ਵਿੱਚ ਸ੍ਰੀ ਅਸ਼ਵਨੀ ਭਾਰਦਵਾਜ, ਆਰਟ ਐਗਜ਼ੀਕਿਊਟਿਵ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਸ੍ਰੀ ਸੁਭਾਸ਼ ਚੰਦਰ, ਅਸਿਸਟੈਂਟ ਪ੍ਰੋਫ਼ੈਸਰ, ਗੌਰਮਿੰਟ ਕਾਲਜ ਫਾਰ ਗਰਲਜ਼, ਪਟਿਆਲਾ ਤੇ ਸ਼੍ਰੀਮਤੀ ਜਸਰੀਨ ਮਨਚੰਦਾ ਅਸਿਸਟੈਂਟ ਪ੍ਰੋਫ਼ੈਸਰ, ਗੌਰਮਿੰਟ ਕਾਲਜ ਫਾਰ ਗਰਲਜ਼, ਪਟਿਆਲਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਤੇ ਜੱਜਾਂ ਦੀ ਭੂਮਿਕਾ ਨਿਭਾਈ। ਸਕੂਲ ਦੀ ਪ੍ਰਿੰਸੀਪਲ ਡਾ ਪਰਮਿੰਦਰ ਕੌਰ ਨੇ ਦੱਸਿਆ ਕਿ ਵਿਦਿਆਰਥੀਆਂ ਵਿੱਚ ਆਰਟ ਦੀ ਰੁਚੀ ਪੈਦਾ ਕਰਨ ਲਈ ਅਜਿਹੇ ਫੈਸਟ ਬਹੁਤ ਸਹਾਈ ਹੁੰਦੇ ਹਨ।

ਅਖੀਰ ਵਿੱਚ ਐਸਡੀਐਮ ਨਵਦੀਪ ਕੁਮਾਰ ਨੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਦੇ ਕੇ ਵੀ ਨਿਵਾਜਿਆ। ਉਨ੍ਹਾਂ ਸਕੂਲ ਚੇਅਰਮੈਨ ਡਾ. ਅੰਮ੍ਰਿਤਪਾਲ ਸਿੰਘ ਕਾਲੇਕਾ, ਪ੍ਰਿੰਸੀਪਲ ਡਾ ਪਰਮਿੰਦਰ ਕੌਰ ਦੇ ਇਸ ਉਪਰਾਲੇ ਦੀ ਪ੍ਰਸ਼ੰਸਾ ਕੀਤੀ।

## ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ ਰਾਸ਼ਟਰੀ ਸੁਰੱਖਿਆ ਲਈ ਸਭ ਤੋਂ ਵੱਡਾ ਖਤਰਾ : ਔਲਖ



**ਲੁਧਿਆਣਾ, (ਐੱਮ ਐੱਸ ਭਾਟੀਆ/ਰੈਕਟਰ ਕਥੂਰੀਆ)**

ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ ਨਾ ਕੇਵਲ ਇੱਕ ਤੰਦਰੁਸਤ, ਮਜ਼ਬੂਤ ਅਤੇ ਪਾਰਦਰਸ਼ੀ ਲੋਕਤੰਤਰ ਲਈ ਖਤਰਾ ਹਨ, ਬਲਕਿ ਇਹ ਸਾਡੀ ਰਾਸ਼ਟਰੀ ਸੁਰੱਖਿਆ ਲਈ ਵੀ ਬਹੁਤ ਵੱਡਾ ਖਤਰਾ ਹਨ। ਇਹ ਵਿਚਾਰ ਇੱਕ ਵਿਗਿਆਨਕ ਸੈਮੀਨਾਰ ਨੂੰ ਸੰਬੋਧਨ ਕਰਦਿਆਂ ਮਸ਼ਹੂਰ ਵਿਗਿਆਨਕ ਬੀ ਐੱਸ ਔਲਖ ਨੇ ਪ੍ਰਗਟ ਕੀਤੇ। ਉਹਨਾ ਕਿਹਾ ਕਿ ਅੱਜ ਅਸੀਂ ਆਏ ਦਿਨ ਅਖਬਾਰਾਂ ਵਿੱਚ ਇਲੈਕਟ੍ਰਾਨਿਕ ਸਿਸਟਮ ਦਾ ਸਹਾਰਾ ਲੈ ਕੇ ਕੀਤੇ ਜਾਣ ਵਾਲੇ ਫਰਾਡਾਂ ਬਾਰੇ ਪੜ੍ਹਦੇ ਹਾਂ। ਲੋਕਾਂ ਦੇ ਬੈਂਕ ਖਾਤਿਆਂ ਵਿੱਚੋਂ ਪੈਸੇ ਉਡਾ ਲਏ ਜਾਂਦੇ ਹਨ। ਲੋਕਾਂ ਦਾ ਨਿੱਜੀ ਅਤੇ ਸਰਕਾਰਾਂ ਦਾ ਗੋਪਨੀਯ ਡਾਟਾ ਚੋਰੀ ਕਰ ਲਿਆ ਜਾਂਦਾ ਹੈ। ਪੈਗਾਸਸ ਅਤੇ ਪਰੀਡੇਟਰ ਵਰਗੇ ਸਾਫਟਵੇਅਰ ਬਣ ਚੁੱਕੇ ਹਨ। ਕਿਸੇ ਦੇ ਵੀ ਮੋਬਾਇਲ, ਲੈਪਟਾਪ ਨੂੰ ਬਿਨਾਂ ਟੱਚ ਕੀਤੇ ਹੈਕ ਕਰ ਲਿਆ ਜਾਂਦਾ ਹੈ। ਇਹ ਸਾਰਾ ਕੁਝ ਖਾਸ ਕਿਸਮ ਦੇ ਠੱਗੀ ਮਾਰਨ ਵਾਲੇ ਸਾਫਟਵੇਅਰ ਦੀ ਮਦਦ ਨਾਲ ਕੀਤਾ ਜਾਂਦਾ ਹੈ। ਟੈਸਟ ਰਿਗਿੰਗ ਸਾਫਟਵੇਅਰ ਬਹੁਤ ਹੀ ਸੰਵੇਦਨਸ਼ੀਲ ਸੈਂਸਰ ਟੈਕਨਾਲੋਜੀ ਦਾ ਇਸਤੇਮਾਲ ਕਰਦੇ ਹਨ ਅਤੇ ਇਹ ਆਰਟੀਫਿਸ਼ਲ ਇੰਟੈਲੀਜੈਂਸ ਨੂੰ ਇੱਕ ਬਹੁਤ ਹੀ ਉੱਚ ਪਾਇਦਾਨ 'ਤੇ ਲੈ ਜਾਂਦੇ ਹਨ। ਇਹਨਾਂ ਦੇ ਇਸਤੇਮਾਲ ਤੋਂ ਬਾਅਦ ਇਲੈਕਟ੍ਰੋਨਿਕ ਮਸ਼ੀਨਾਂ ਬਿਲਕੁੱਲ ਇਨਸਾਨਾਂ ਵਾਂਗ ਮਹਿਸੂਸ ਕਰਨ ਲੱਗਦੀਆਂ ਹਨ। ਦੁਨੀਆ ਦਾ ਸੱਭ ਤੋਂ ਪਹਿਲਾ ਟੈਸਟ ਰਿਗਿੰਗ ਸਾਫਟਵੇਅਰ 2004 ਵਿੱਚ ਟੈਕਨੋਲੋਜੀ ਖੇਤਰ ਦੀ ਦਿਗਜ਼ ਕੰਪਨੀ ਬੌਸ ਨੇ ਬਣਾਇਆ ਸੀ। ਬਾਅਦ ਵਿੱਚ ਇਸ ਦਾ ਇਸਤੇਮਾਲ ਕਰਕੇ ਦੁਨੀਆਂ ਦੀ ਬਹੁਤ ਵੱਡੀ ਕਾਰ ਕੰਪਨੀ ਵਾਕਸਵੈਗਨ ਨੇ 34 ਬਿਲੀਅਨ ਅਮਰੀਕੀ ਡਾਲਰ (ਕਰੀਬ 3 ਲੱਖ ਕਰੋੜ ਰੁਪਏ) ਤੋਂ ਵੀ ਵੱਡੇ ਸਕੈਂਡਲ ਨੂੰ ਅੰਜਾਮ ਦਿੱਤਾ। ਇਹ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ ਜਿਹਨਾਂ ਦੇ ਨਾਂਅ ਵਿੱਚ ਹੀ ਸ਼ਬਦ ਇਲੈਕਟ੍ਰਾਨਿਕ ਮੌਜੂਦ ਹੈ, ਕਿਸੇ ਵੀ ਤਰ੍ਹਾਂ ਭਰੋਸੇਯੋਗ ਨਹੀਂ ਹਨ।

ਇਹ ਅੱਜ ਦੀ ਤਰੀਕ ਵਿੱਚ ਸਾਡੀ ਰਾਸ਼ਟਰੀ ਸੁਰੱਖਿਆ ਨੂੰ ਵੀ ਬਹੁਤ ਵੱਡਾ ਖਤਰਾ ਬਣ ਗਈਆਂ ਹਨ। ਅਸੀਂ ਪ੍ਰਧਾਨ ਮੰਤਰੀ ਨੂੰ ਇਹ ਅਪੀਲ ਕਰਦੇ ਹਾਂ ਕਿ ਉਹ ਇਲੈਕਟ੍ਰੋਨਿਕ ਵੋਟਿੰਗ ਮਸੀਨਾਂ ਨੂੰ ਜਲਦੀ ਤੋਂ ਜਲਦੀ ਬੰਦ ਕਰਵਾਉਣ ਅਤੇ ਅਤੇ ਇਹਨਾਂ ਦੀ ਜਗ੍ਹਾ ਬੈਲਟ ਪੇਪਰ ਨਾਲ ਚੋਣਾਂ ਕਰਵਾਉਣ।

## ਕੇਂਦਰੀ ਟਰੇਡ ਯੂਨੀਅਨਾਂ ਵੱਲੋਂ ਸਾਂਝੀ ਰੈਲੀ 9 ਨੂੰ

**ਲੁਧਿਆਣਾ (ਐੱਮ ਐੱਸ ਭਾਟੀਆ)**-ਦੇਸ਼ ਦੇ ਕਿਰਤੀ ਲੋਕਾਂ ਦੇ ਸਾਰੇ ਵਰਗਾਂ ਦੀ ਨੁਮਾਇੰਦਗੀ ਕਰਨ ਵਾਲੀਆਂ ਕੇਂਦਰੀ ਟਰੇਡ ਯੂਨੀਅਨਾਂ ਅਤੇ ਸੁਤੰਤਰ ਖੇਤਰੀ ਰਾਸ਼ਟਰੀ ਫੈਡਰੇਸ਼ਨਾਂ/ਐਸੋਸੀਏਸਨਾਂ ਦੇ ਸਾਂਝੇ ਮੰਚ ਦੇ ਸੱਦੇ 'ਤੇ ਏਟਕ, ਸੀਟੂ, ਇੰਟਕ ਅਤੇ ਸੀ ਟੀ ਯੂ ਵਲੋਂ ਸਾਂਝੀ ਰੈਲੀ ਇਥੇ ਪੰਜਾਬੀ ਭਵਨ ਦੇ ਬਾਹਰ 9 ਅਗਸਤ ਨੂੰ ਭਾਰਤ ਛੱਡੋ ਦੇ ਨਾਅਰੇ ਵਾਲੇ ਦਿਨ ਕੀਤੀ ਜਾਵੇਗੀ।

ਸ਼ਹੀਦ ਕਰਨੈਲ ਸਿੰਘ ਈਸੜੂ ਭਵਨ ਵਿਖੇ ਹੋਈ ਇਕ ਸਾਂਝੀ ਮੀਟਿੰਗ, ਜਿਸ ਦੀ ਪ੍ਰਧਾਨਗੀ ਸੁਖਵਿੰਦਰ ਸਿੰਘ ਲੋਟੇ ਨੇ ਕੀਤੀ, ਵਿੱਚ ਫੈਸਲਾ ਕੀਤਾ ਗਿਆ ਕਿ ਇਹ ਰੈਲੀ ਪੰਜਾਬੀ ਭਵਨ ਵਿਖੇ 9 ਅਗਸਤ ਨੂੰ ਸਵੇਰੇ 10:00 ਵਜੇ ਕੀਤੀ ਜਾਵੇਗੀ ਅਤੇ ਉਸ ਤੋਂ ਬਾਅਦ ਜਲੂਸ ਦੀ ਸ਼ਕਲ ਵਿੱਚ ਡੀ ਸੀ ਦਫਤਰ ਅੱਗੇ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ। ਮੀਟਿੰਗ ਵਿੱਚ ਡੀ ਪੀ ਮੌੜ, ਜਗਦੀਸ਼ ਚੰਦ, ਰਮੇਸ਼ ਰਤਨ, ਅਮਰ ਨਾਥ ਕੂੰਮ ਕਲਾਂ, ਵਿਜੇ ਕੁਮਾਰ, ਐੱਮ ਐੱਸ ਭਾਟੀਆ, ਚਮਕੌਰ ਸਿੰਘ, ਚਰਨ ਸਰਾਭਾ, ਕੇਵਲ ਸਿੰਘ ਬਣਵੈਤ, ਅਵਤਾਰ ਛਿੱਬੜ, ਕਾਮੇਸ਼ਵਰ ਯਾਦਵ, ਵਿਨੋਦ ਕੁਮਾਰ, ਸੁਖਵਿੰਦਰ ਸਿੰਘ ਸੁੱਖੀ ਤੇ ਕਰਮਾਲ ਹਾਜ਼ਰ ਸਨ।

## 'ਮੇਰੀ ਮਾਟੀ, ਮੇਰਾ ਦੇਸ਼' ਮੁਹਿੰਮ ਤਹਿਤ ਜ਼ਿਲ੍ਹਾ ਫ਼ਿਰੋਜ਼ਪੁਰ 'ਚ ਖੇਡੇ ਜਾਣਗੇ ਨੁੱਕੜ ਨਾਟਕ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਇਸ ਸਾਲ 15 ਅਗਸਤ ਨੂੰ ਸੁਤੰਤਰਤਾ ਦਿਵਸ ਧੂਮਧਾਮ ਨਾਲ ਮਨਾ ਰਿਹਾ ਹੈ। ਭਾਰਤ ਸਰਕਾਰ ਵੱਲੋਂ ਇਸ ਮੌਕੇ ਦੇਸ਼ ਲਈ ਕੁਰਬਾਨੀ ਦੇਣ ਵਾਲੇ ਵੀਰਾਂ ਨੂੰ ਸ਼ਰਧਾਂਜਲੀ ਦੇਣ, ਆਪਸੀ ਭਾਈਚਾਰਕ ਸਾਂਝ ਅਤੇ ਏਕਤਾ ਨੂੰ ਕਾਇਮ ਰੱਖਣ, ਆਪਣੀ ਵਿਰਾਸਤ 'ਤੇ ਮਾਣ ਕਰਨ, ਆਪਣੇ ਦੇਸ਼ ਦੀ ਮਿੱਟੀ ਨਾਲ ਦੇਸ਼ ਵਾਸੀਆਂ ਨੂੰ ਜੋੜਨ ਅਤੇ 2047 ਤੱਕ ਭਾਰਤ ਨੂੰ ਇੱਕ ਸੰਪੂਰਨ ਵਿਕਸਤ ਦੇਸ਼ ਬਣਾਉਣ ਦੇ ਉਦੇਸ਼ ਅਧੀਨ 'ਮੇਰੀ ਮਾਟੀ ਮੇਰਾ ਦੇਸ਼' ਮੁਹਿੰਮ ਸ਼ੁਰੂ ਕੀਤੀ ਜਾ ਰਹੀ ਹੈ। ਇਸ ਮੁਹਿੰਮ ਤਹਿਤ ਉੱਤਰੀ ਖੇਤਰ ਸੱਭਿਆਚਾਰਕ ਕੇਂਦਰ ਪਟਿਆਲਾ ਵੱਲੋਂ ਪੂਰੇ ਪੰਜਾਬ ਵਿੱਚ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਜਾ ਰਹੀਆਂ ਹਨ। ਇਨ੍ਹਾਂ ਗਤੀਵਿਧੀਆਂ ਦੇ ਜ਼ਿਲ੍ਹਾ ਫ਼ਿਰੋਜ਼ਪੁਰ ਦੇ ਨੋਡਲ ਕੋਆਰਡੀਨੇਟਰ ਜ਼ਿਲ੍ਹਾ ਭਾਸ਼ਾ ਅਫ਼ਸਰ ਡਾ. ਜਗਦੀਪ ਸੰਧੂ ਨੇ ਦੱਸਿਆ ਕਿ 7 ਅਗਸਤ ਤੋਂ ਫ਼ਿਰੋਜ਼ਪੁਰ ਦੇ ਵੱਖ-ਵੱਖ ਬਲਾਕਾਂ ਵਿੱਚ ਪੰਜਾਬ ਦੀਆਂ ਨਾਮਵਰ ਟੀਮਾਂ ਵੱਲੋਂ ਨੁੱਕੜ ਨਾਟਕ ਕਰਵਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਹਰ ਰੋਜ਼ ਇੱਕ ਬਲਾਕ ਵਿੱਚ ਇੱਕ ਨਾਟਕ ਦੀ ਪੇਸ਼ਕਾਰੀ ਕਰਵਾਈ ਜਾ ਰਹੀ ਹੈ ਅਤੇ ਇਹ ਲਗਾਤਾਰ ਪੂਰਾ ਹਫ਼ਤਾ ਪੇਸ਼ਕਾਰੀਆਂ ਚੱਲਦੀਆਂ ਰਹਿਣਗੀਆਂ। ਉੱਤਰੀ ਖੇਤਰ ਸਭਿਆਚਾਰਕ ਕੇਂਦਰ ਦੇ ਅਧਿਕਾਰੀਆਂ ਰਵਿੰਦਰ ਸ਼ਰਮਾ, ਜਗਜੀਤ ਸਿੰਘ ਭਾਟੀਆ ਅਤੇ ਗੁਰਦਰਸ਼ਨ ਸਿੰਘ ਨੇ ਦੱਸਿਆ ਕਿ ਉਤਰੀ ਖੇਤਰ ਸਭਿਆਚਾਰਕ ਕੇਂਦਰ ਪਟਿਆਲਾ ਲੰਮੇ ਸਮੇਂ ਤੋਂ ਕਲਾਤਮਿਕ ਅਤੇ ਸਭਿਆਚਾਰਕ ਵੰਨਗੀਆਂ ਦੀਆਂ ਪੇਸ਼ਕਾਰੀਆਂ ਕਰਵਾ ਕੇ ਦੇਸ਼ ਦੀ ਅਖੰਡਤਾ, ਆਪਸੀ ਸਭਿਆਚਾਰਕ ਅਤੇ ਭਾਈਚਾਰਕ ਏਕਤਾ ਨੂੰ ਕਾਇਮ ਰੱਖਣ ਦੇ ਉਦੇਸ਼ ਨਾਲ ਸਰਗਰਮ ਭੂਮਿਕਾ ਨਿਭਾ ਰਿਹਾ ਹੈ।

## ਸਿਹਤ ਵਿਭਾਗ ਦੀ ਟੀਮ ਵੱਲੋਂ ਪੁਲਸ ਸਟੇਸ਼ਨ 'ਚ ਲਾਰਵਾ ਚੈਕਿੰਗ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਿਵਲ ਸਰਜਨ ਲੁਧਿਆਣਾ ਡਾ. ਹਤਿੰਦਰ ਕੌਰ ਦੀਆਂ ਹਦਾਇਤਾਂ ਤੇ ਐਸਐਮਓ ਡਾ. ਜਸਦੇਵ ਸਿੰਘ ਦੀ ਅਗਵਾਈ ਵਿੱਚ ਸੀਐੱਚਸੀ ਮਾਛੀਵਾੜਾ ਦੇ ਪੁਲਸ ਸਟੇਸ਼ਨ, ਪੁਲਸ ਲਾਈਨ ਤੇ ਚੌਕੀਆਂ ਵਿਚ ਡੇਂਗੂ ਲਾਰਵੇ ਦਾ ਸਰਵੇ ਕੀਤਾ ਗਿਆ। ਮੱਛਰਾਂ ਦੀ ਬ੍ਰੀਡਿੰਗ ਪੁਆਇੰਟ ਜਿਵੇਂ ਕੂਲਰ, ਫਰਿੱਜ, ਕਬਾੜ ਤੇ ਕੰਨਟੇਨਰ ਇਸ ਤੋਂ ਇਲਾਵਾ ਪੁਰਾਣੀਆਂ ਗੱਡੀਆਂ, ਕੰਟੇਨਰ, ਢੋਲ, ਕੂਲਰ ਤੇ ਕਿਸ਼ਤੀ 'ਚੋਂ ਖੜੇ ਪਾਣੀ ਆਦਿ ਚੈੱਕ ਕੀਤੇ ਅਤੇ ਲਾਰਵਾ ਮਿਲਣ 'ਤੇ ਉਸ ਨੂੰ ਨਸ਼ਟ ਕੀਤਾ ਗਿਆ। ਹੈਲਥ ਇੰਸਪੈਕਟਰ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਡੇਂਗੂ, ਮਲੇਰੀਆ ਆਦਿ ਤੋਂ ਬਚਾਅ ਲਈ ਸਹਿਰ 'ਚ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ, ਜਿਸ ਦੌਰਾਨ ਥਾਣੇ ਵਿੱਚ ਚੈਕਿੰਗ ਕੀਤੀ ਗਈ ਕਿ ਕਿਤੇ ਵੀ ਪਾਣੀ ਖੜ੍ਹਾ ਨਾ ਹੋਵੇ।

ਉਨ੍ਹਾਂ ਦੱਸਿਆ ਕਿ ਇਸ ਵਿਸ਼ੇਸ਼ ਮੁਹਿੰਮ ਦੌਰਾਨ ਥਾਣੇ 'ਚੋਂ ਲਾਰਵਾ ਪਾਇਆ ਗਿਆ, ਜਿਸ ਨੂੰ ਮੌਕੇ 'ਤੇ ਨਸ਼ਟ ਕਰ ਦਿੱਤਾ ਗਿਆ ਅਤੇ ਅਗਲੀ ਕਾਰਵਾਈ ਲਈ ਨਗਰ ਕੌਂਸਲ ਨੂੰ ਸੂਚਿਤ ਕਰ ਦਿੱਤਾ ਹੈ। ਡੇਂਗੂ ਤੋਂ ਬਚਾਅ ਦੇ ਤਰੀਕੇ ਦੱਸਦਿਆਂ ਸਤਵੰਤ ਸਿੰਘ ਨੇ ਕਿਹਾ ਕਿ ਕੂਲਰਾਂ ਤੇ ਗਮਲਿਆਂ ਦੀਆਂ ਟਰੇਆਂ ਵਿਚ ਪਾਣੀ ਖੜ੍ਹਾ ਨਾ ਹੋਣ ਦਿੱਤਾ ਜਾਵੇ। ਕੱਪੜੇ ਅਜਿਹੇ ਪਾਓ, ਜਿਸ ਨਾਲ ਪੂਰਾ ਸਰੀਰ ਢਕਿਆ ਜਾਵੇ ਤਾਂ ਜੁ ਮੱਛਰ ਨਾ ਕੱਟੇ। ਸੌਣ ਵੇਲੇ ਮੱਛਰਦਾਨੀ ਆਦਿ ਦੀ ਵਰਤੋਂ ਕਰੋ। ਬੁਖਾਰ ਹੋਣ 'ਤੇ ਐਸਪਰੀਨ ਜਾਂ ਬਰੂਫਿਨ ਨਾ ਲਵੋ, ਬੁਖਾਰ ਹੋਣ 'ਤੇ ਸਿਰਫ ਪੈਰਾਸੀਟਾਮੋਲ ਡਾਕਟਰ ਦੀ ਸਲਾਹ ਨਾਲ ਹੀ ਲਵੋ।

ਛੱਤਾਂ 'ਤੇ ਟੈਂਕੀਆਂ ਦੇ ਢੱਕਣ ਚੰਗੀ ਤਰ੍ਹਾਂ ਬੰਦ ਰੱਖੋ। ਇਸ ਮੌਕੇ ਹੈਲਥ ਇੰਸਪੈਕਟਰ ਪਰਮਵੀਰ ਸਿੰਘ ਨੇ ਦੱਸਿਆ ਕਿ ਸ਼ਹਿਰ ਵਿੱਚ ਕਰੀਬ ਡੇਢ ਮਹੀਨੇ ਤੋਂ ਡੇਂਗੂ, ਮਲੇਰੀਆ ਆਦਿ ਵਿਰੁੱਧ ਮੁਹਿੰਮ ਚੱਲ ਰਹੀ ਹੈ। ਇਸ ਦੌਰਾਨ ਬੱਸ ਸਟੈਂਡ, ਟਾਇਰਾਂ ਨੂੰ ਪੈਂਚਰ ਲਾਉਣ ਵਾਲੀਆਂ ਦੁਕਾਨਾਂ, ਸਰਕਾਰੀ ਦਫ਼ਤਰਾਂ ਆਦਿ ਵਿਚ ਟੀਮ ਭੇਜ ਕੇ ਮੁਹਿੰਮ ਚਲਾਈ ਗਈ ਅਤੇ ਟੀਮ ਵੱਲੋਂ ਲੋਕਾਂ ਨੂੰ ਮੌਸਮੀ ਬਿਮਾਰੀਆਂ ਤੇ ਡੇਂਗੂ ਤੋਂ ਬਚਾਅ ਲਈ ਜਾਗਰੂਕ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਹਰ ਸ਼ੁੱਕਰਵਾਰ ਨੂੰ ਡਰਾਈ ਡੇਅ ਦੌਰਾਨ ਕੂਲਰਾਂ, ਫਰਿਜਾਂ ਦੀਆਂ ਟਰੇਆਂ ਨੂੰ ਸਾਫ਼ ਕਰਨਾ ਹੁੰਦਾ ਹੈ।

## 20 ਹਜ਼ਾਰ ਰੁਪਏ ਰਿਸ਼ਵਤ ਲੈਂਦਾ ਏ ਐੱਸ ਆਈ ਕਾਬੂ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਪੰਜਾਬ ਵਿਜੀਲੈਂਸ ਬਿਊਰੋ ਨੇ ਫਿਰੋਜ਼ਪੁਰ ਜ਼ਿਲ੍ਹੇ ਦੇ ਥਾਣਾ ਸਦਰ ਜ਼ੀਰਾ ਵਿਖੇ ਤਾਇਨਾਤ ਸਹਾਇਕ ਸਬ-ਇੰਸਪੈਕਟਰ (ਏ ਐੱਸ ਆਈ) ਹਰਜਿੰਦਰ ਸਿੰਘ ਨੂੰ ਹਰਪ੍ਰੀਤ ਸਿੰਘ ਵਾਸੀ ਪਿੰਡ ਮਹੀਆਂਵਾਲਾ ਤੋਂ 20,000 ਰੁਪਏ ਰਿਸ਼ਵਤ ਲੈਂਦਿਆਂ ਕਾਬੂ ਕੀਤਾ ਹੈ। ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਇਸੇ ਪਿੰਡ ਦੀ ਰਹਿਣ ਵਾਲੀ ਗੁਰਮੇਲ ਕੌਰ ਵੱਲੋਂ ਹਰਪ੍ਰੀਤ ਸਿੰਘ ਖ਼ਿਲਾਫ਼ ਦਰਜ ਕਰਵਾਈ ਸ਼ਿਕਾਇਤ ਉਤੇ ਕਾਰਵਾਈ ਨਾ ਕਰਨ ਬਦਲੇ ਮੁਲਜ਼ਮ ਏ ਐੱਸ ਆਈ ਰਿਸ਼ਵਤ ਮੰਗ ਰਿਹਾ ਸੀ। ਸ਼ਿਕਾਇਤਕਰਤਾ ਹਰਪ੍ਰੀਤ ਸਿੰਘ ਨੇ ਇਹ ਵੀ ਦਾਅਵਾ ਕੀਤਾ ਕਿ ਏ ਐੱਸ ਆਈ ਨੇ 4 ਅਗਸਤ ਨੂੰ ਉਸ ਤੋਂ 3000 ਰੁਪਏ ਲਏ ਸਨ ਅਤੇ ਹੁਣ ਉਹ ਰਿਸ਼ਵਤ ਵਜੋਂ 20,000 ਰੁਪਏ ਹੋਰ ਮੰਗ ਰਿਹਾ ਸੀ। ਬਿਊਰੋ ਦੀ ਟੀਮ ਨੇ ਟਰੈਪ ਲਗਾ ਕੇ ਮੁਲਜ਼ਮ ਨੂੰ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 20,000 ਰੁਪਏ ਰਿਸ਼ਵਤ ਲੈਂਦਿਆਂ ਗ੍ਰਿਫ਼ਤਾਰ ਕਰ ਲਿਆ। ਮੁਲਜ਼ਮ ਖ਼ਿਲਾਫ਼ ਥਾਣਾ ਵਿਜੀਲੈਂਸ ਬਿਊਰੋ ਫਿਰੋਜ਼ਪੁਰ ਰੇਂਜ ਵਿਖੇ ਭ੍ਰਿਸ਼ਟਾਚਾਰ ਰੋਕੂ ਐਕਟ ਅਧੀਨ ਕੇਸ ਦਰਜ ਕੀਤਾ ਗਿਆ ਹੈ।

## ਸ਼ਹਿਰ ਦੇ ਅਧੂਰੇ ਪਏ ਕੰਮ ਜਲਦ ਕਰਵਾਏ ਜਾਣਗੇ ਪੂਰੇ : ਕਾਕਾ ਬਰਾੜ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**

ਸਥਾਨਕ ਸੰਧੂ ਕਲੋਨੀ ਗਲੀ ਨੰਬਰ 1 ਨੂੰ ਬਣਾਉਣ ਦੇ ਕੰਮ ਦਾ ਉਦਘਾਟਨ ਆਮ ਆਦਮੀ ਪਾਰਟੀ ਦੇ ਫਾਊਂਡਰ ਮੈਂਬਰ ਅਤੇ ਜਿਲ੍ਹਾ ਦਫ਼ਤਰ ਇੰਚਾਰਜ ਬਾਬੂ ਸਿੰਘ ਧੀਮਾਨ ਤੇ ਕਮਲ ਸਿੰਘ ਵੱਲੋਂ ਸਾਂਝੇ ਤੌਰ 'ਤੇ ਕੀਤਾ ਗਿਆ। ਇਸ ਮੌਕੇ ਆਮ ਆਦਮੀ ਪਾਰਟੀ ਦੇ ਸੂਬਾ ਮੀਤ ਪ੍ਰਧਾਨ ਤੇ ਵਿਧਾਇਕ ਜਗਦੀਪ ਸਿੰਘ 'ਕਾਕਾ ਬਰਾੜ' ਵਿਸ਼ੇਸ਼ ਤੌਰ 'ਤੇ ਪਹੁੰਚੇ।ਇਸ ਮੌਕੇ ਵਿਧਾਇਕ ਜਗਦੀਪ ਸਿੰਘ 'ਕਾਕਾ ਬਰਾੜ' ਨੇ ਆਖਿਆ ਕਿ ਅੱਜ ਦੇ ਕੰਮਾਂ ਦੀ ਸ਼ੁਰੂਆਤ ਉਨ੍ਹਾਂ ਵਿਅਕਤੀਆਂ ਵੱਲੋਂ ਕਰਵਾਈ ਗਈ ਜਿਨ੍ਹਾਂ ਨੇ ਬਿਨ੍ਹਾਂ ਸਵਾਰਥ ਦੇ ਪਾਰਟੀ ਦਾ ਝੰਡਾ ਚੁੱਕ ਕੇ ਘਰ ਘਰ ਜਾ ਕੇ ਪ੍ਰਚਾਰ ਕੀਤਾ। ਉਨ੍ਹਾ ਕਿਹਾ ਕਿ ਸ਼ਹਿਰ ਦੇ ਵਿਕਾਸ ਕਾਰਜਾਂ ਲਈ ਉਹ ਵਚਨਬੱਧ ਹਨ ਅਤੇ ਆਉਣ ਵਾਲੇ ਦਿਨਾਂ 'ਚ ਸ਼ਹਿਰ ਦੀ ਕੋਈ ਵੀ ਗਲੀ ਕੱਚੀ ਨਹੀਂ ਰਹਿਣ ਦਿੱਤੀ ਜਾਵੇਗੀ।

ਇਸ ਮੌਕੇ ਫਾਊਂਡਰ ਮੈਂਬਰ ਬਾਬੂ ਸਿੰਘ ਧੀਮਾਨ, ਕਮਲ ਕੁਮਾਰ, ਕਰਮਜੀਤ ਸਿੰਘ ਕਾਲਾ ਤੇ ਸ਼ਮਿੰਦਰ ਸਿੰਘ ਟਿੱਲੂ ਵੱਲੋਂ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਦਾ ਉਨ੍ਹਾਂ ਦੇ ਮੁਹੱਲਾ ਦਾ ਕੰਮ ਸ਼ੁਰੂ ਕਰਵਾਉਣ 'ਤੇ ਧੰਨਵਾਦ ਕੀਤਾ। ਇਸ ਮੌਕੇ ਨਗਰ ਕੌਂਸਲ ਦੇ ਈ ਓ ਰਜ਼ਨੀਸ਼ ਕੁਮਾਰ, ਜੇ ਈ ਵਿਜੈ ਕੁਮਾਰ ਸ਼ਰਮਾ, ਕੌਂਸਲਰ ਜਗਮੀਤ ਸਿੰਘ ਜੱਗਾ, ਕਮਲ ਕੁਮਾਰ, ਜਸਵੀਰ ਸਿੰਘ, ਜਗਦੀਪ ਸਿੰਘ ਕੋਹਲੀ, ਰਾਕੇਸ਼ ਅਰੋੜਾ, ਗਗਨਦੀਪ ਸਿੰਘ, ਬਲਜਿੰਦਰ ਸਿੰਘ, ਰੂਪ ਟਾਲ ਵਾਲਾ, ਜਾਇੰਟ ਸੈਕਟਰੀ ਸੰਦੀਪ ਸ਼ਰਮਾ ਤੇ ਲਾਡੀ ਜ਼ੈਲਦਾਰ ਆਦਿ ਹਾਜ਼ਰ ਸਨ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**
ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਭਖਦੇ ਮਸਲਿਆਂ ਬਾਬਤ ਕਿਸਾਨ ਜਥੇਬੰਦੀਆਂ ਦੀ ਅਹਿਮ ਮੀਟਿੰਗ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਸੰਯੁਕਤ ਕਿਸਾਨ ਮੋਰਚਾ ਪੰਜਾਬ ਦੇ ਸੱਦੇ ਉੱਪਰ ਅੰਮ੍ਰਿਤਸਰ ਜ਼ਿਲ੍ਹੇ ਅੰਦਰ ਮੋਰਚੇ ਵਿੱਚ ਸ਼ਾਮਲ ਕਿਸਾਨ ਜਥੇਬੰਦੀਆਂ ਦੀ ਮੀਟਿੰਗ ਕਿਸਾਨ ਆਗੂ ਅਮਰ ਸਿੰਘ ਜੰਡਿਆਲਾ ਗੁਰੂ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਮੋਰਚੇ ਵੱਲੋਂ ਤੈਅ ਕੀਤੇ ਗਏ ਪਰੋਗਰਾਮਾਂ ਨੂੰ ਕਾਮਯਾਬ ਕਰਨ ਵਾਸਤੇ ਫੈਸਲੇ ਕੀਤੇ ਗਏ! ਕਿਸਾਨ ਆਗੂ ਲੱਖਬੀਰ ਸਿੰਘ ਨਿਜ਼ਾਮਪੁਰ ਅਤੇ ਰਤਨ ਸਿੰਘ ਰੰਧਾਵਾ ਨੇ ਦੱਸਿਆ ਕਿ 9 ਅਗਸਤ 1942 ਨੂੰ ਅੰਗਰੇਜ਼ਾਂ ਨੂੰ ਭਾਰਤ ਵਿੱਚੋਂ ਕੱਢਣ ਲਈ ਜਿਹੜਾ ਅੰਦੋਲਨ ਸ਼ੁਰੂ ਕੀਤਾ ਸੀ ਉਸ ਦੀ ਯਾਦ ਨੂੰ ਤਾਜ਼ਾ ਕਰਦਿਆਂ ਮੋਰਚੇ ਵੱਲੋਂ ਪੂਰੇ ਦੇਸ ਅੰਦਰ ਇਸ ਦਿਨ 9 ਅਗਸਤ 2023 ਨੂੰ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਦਫਤਰ ਸਾਹਮਣੇ ਵਿਸ਼ਾਲ ਪ੍ਰਦਰਸ਼ਨ ਕਰਕੇ ਰਾਸ਼ਟਰਪਤੀ ਦੇ ਨਾਮ ਮੰਗ ਪੱਤਰ ਦੇ ਕੇ ਮੰਗ ਕੀਤੀ ਜਾਵੇਗੀ ਕਿ ,"ਕਾਰਪੋਰੇਟੋ ਖੇਤੀ ਛੱਡੋ' ਅਤੇ ਮੋਰਚੇ ਦੀਆਂ ਰਹਿੰਦੀਆਂ ਮੰਗਾਂ ਨੂੰ ਪੂਰਾ ਕਰਵਾਉਣ ਲਈ ਡਿਪਟੀ ਕਮਿਸ਼ਨਰ ਨੂੰ ਮੰਗ ਪੱਤਰ ਦਿੱਤਾ ਜਾਵੇਗਾ! ਇਸ ਤੋਂ ਇਲਾਵਾ 15 ਅਗਸਤ ਨੂੰ ਕਿਸਾਨ ਜਥੇਬੰਦੀਆਂ ਵੱਖ-ਵੱਖ ਇਲਾਕਿਆਂ ਅੰਦਰ ਇਕੱਠ ਕਰਕੇ ਰਾਸ਼ਟਰੀ ਝੰਡਾ ਲਹਿਰਾ ਕਿ ਦੇਸ਼ ਦੇ ਸੰਵਿਧਾਨ ਅਤੇ ਜਮਹੂਰੀਅਤ ਨੂੰ ਬਚਾਉਣ ਲਈ ਪ੍ਰਣ ਕਰਨਗੀਆਂ! ਪੰਜਾਬ ਅੰਦਰ ਆਏ ਹੜ੍ਹਾਂ ਨੂੰ ਕੁਦਰਤੀ ਆਫਤ ਦਾ ਐਲਾਨ ਨਾ ਕਰਨ ਅਤੇ ਲੋਕਾਂ ਦੀ ਬਾਂਹ ਨਾ ਫੜਨ ਖਿਲਾਫ 19 ਅਗਸਤ ਨੂੰ ਕਿਸਾਨ ਮਜ਼ਦੂਰ ਜਥੇਬੰਦੀਆਂ ਗੋਲ ਬਾਗ ਵਿਖੇ ਇਕੱਠ ਕਰਕੇ ਬੀਜੇਪੀ ਦੇ ਰਾਸ਼ਟਰੀ ਸਕੱਤਰ ਤਰੁਣ ਚੁੱਘ ਨੂੰ ਬੀਜੇਪੀ ਦਫਤਰ ਖੰਨਾ ਸਮਾਰਕ ਵਿਖੇ ਮੰਗ ਪੱਤਰ ਦੇਣਗੀਆਂ! ਇਸ ਸਮੇਂ ਕਿਸਾਨ ਆਗੂ ਮੰਗਲ ਸਿੰਘ ਧਰਮਕੋਟ, ਲੱਖਬੀਰ ਸਿੰਘ ਤੇੜਾ, ਮਾਸਟਰ ਅਮਰੀਕ ਸਿੰਘ ਸੰਗਤਪੁਰਾ, ਸਤਨਾਮ ਸਿੰਘ ਝੰਡੇਰ, ਬਲਕਾਰ ਸਿੰਘ ਦੁਧਾਲਾ, ਲਾਲੀ ਛੇਹਰਟਾ, ਬਲਦੇਵ ਸਿੰਘ ਸੈਦਪੁਰ, ਗੁਰਮੇਜ ਸਿੰਘ ਤਿੰਮੋਵਾਲ, ਬਲਵਿੰਦਰ ਸਿੰਘ ਦੁਧਾਲਾ, ਮੇਜਰ ਸਿੰਘ ਜੌਹਲ, ਬਲਬੀਰ ਸਿੰਘ ਮੂਧਲ ਆਦਿ ਹਾਜ਼ਰ ਸਨ!

# ਐੱਨਸੀਸੀ ਯੂਨਿਟ ਨੇ 'ਵਾਤਾਵਰਨ ਪ੍ਰਤੀ ਜਾਗਰੂਕਤਾ' ਵਿਸ਼ੇ 'ਤੇ ਕੈਂਪ ਲਗਾਇਆ

**ਤਰਨ ਤਾਰਨ (ਪ੍ਰਿਤਪਾਲ ਸਿੰਘ)**-ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਤਰਨ ਤਾਰਨ ਵਿਖੇ ਐੱਨਸੀਸੀ ਯੂਨਿਟ ਵੱਲੋਂ ਕੈਂਪ ਲਗਾਇਆ ਗਿਆ, ਜਿਸ ਵਿੱਚ ਵਿਦਿਆਰਥੀਆਂ ਨੂੰ ਵਾਤਾਵਰਨ ਪ੍ਰਤੀ ਜਾਗਰੂਕ ਕੀਤਾ ਗਿਆ। ਇਸ ਕੈਂਪ ਵਿੱਚ ਸਭ ਤੋਂ ਪਹਿਲਾਂ ਐਨਸੀਸੀ ਕੈਡਿਟਾਂ ਵੱਲੋਂ ਵਾਤਾਵਰਨ ਪ੍ਰਤੀ ਜਾਗਰੂਕਤਾ ਸਬੰਧੀ ਪੋਸਟਰ ਮੁਕਾਬਲਾ ਕਰਵਾਇਆ ਗਿਆ। ਇਸ ਕੈਂਪ ਵਿੱਚ ਐਨਸੀਸੀ ਦੇ ਏਐਨਓ ਕੁਲਦੀਪ ਕੌਰ ਅਤੇ ਸੀਟੀਓ ਗਗਨਦੀਪ ਸਿੰਘ ਹਾਜ਼ਰ ਸਨ।



ਕੈਡਿਟਾਂ ਨੇ ਵਾਤਾਵਰਨ ਦੀ ਸੰਭਾਲ ਲਈ ਬਹੁਤ ਵਧੀਆ ਨੁੱਕੜ ਨਾਟਕ ਵੀ ਖੇਡਿਆ, ਜਿਸ ਨਾਲ ਵਾਤਾਵਰਨ ਦੀ ਸੰਭਾਲ ਕਰਨ ਦਾ ਬਹੁਤ ਵਧੀਆ ਸੁਨੇਹਾ ਦਿੱਤਾ ਗਿਆ। ਇਸ ਤੋਂ ਬਾਅਦ ਪੋਸਟਰ ਮੁਕਾਬਲੇ ਦੇ ਜੇਤੂਆਂ ਨੂੰ ਸਕੂਲ ਦੇ ਮੈਂਬਰ ਇੰਚਾਰਜ ਸਰਦਾਰ ਹਰਜੀਤ ਸਿੰਘ ਅਤੇ ਸਕੂਲ ਦੇ ਪ੍ਰਿੰਸੀਪਲ ਰਣਜੀਤ ਭਾਟੀਆ ਵੱਲੋਂ ਸਰਟੀਫਿਕੇਟ ਦਿੱਤੇ ਗਏ, ਜਿਸ ਵਿੱਚ ਨੌਂਵੀਂ ਜਮਾਤ ਦੀ ਰਾਜਬੀਰ ਕੌਰ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਜਮਾਤ ਨੌਂਵੀਂ ਬੀ ਦੀ ਏਕਮਜੀਤ ਕੌਰ ਨੇ ਦੂਜਾ ਅਤੇ ਨੌਂਵੀਂ ਏ ਦੀ ਮਹਿਕਪ੍ਰੀਤ ਕੌਰ ਨੇ ਤੀਜਾ ਸਥਾਨ ਹਾਸਲ ਕੀਤਾ। ਚੀਫ ਖਾਲਸਾ ਦੀਵਾਨ ਦੇ ਵਧੀਕ ਆਨਰੇਰੀ ਸਕੱਤਰ, ਲੋਕਲ ਕਮੇਟੀ ਦੇ ਪ੍ਰਧਾਨ ਅਤੇ ਸਕੂਲ ਦੇ ਮੈਂਬਰ ਇੰਚਾਰਜ ਹਰਜੀਤ ਸਿੰਘ ਨੇ ਵਾਤਾਵਰਨ ਸਬੰਧੀ ਸੇਧ ਦਿੰਦਿਆਂ ਕਿਹਾ ਕਿ ਸਾਨੂੰ ਹਮੇਸ਼ਾ ਵਾਤਾਵਰਨ ਦੀ ਸੰਭਾਲ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਵਾਤਾਵਰਨ ਪ੍ਰਦੂਸ਼ਣ ਕਾਰਨ ਗਲੋਬਲ ਵਾਰਮਿੰਗ ਬਹੁਤ ਵਧ ਗਈ ਹੈ, ਜਿਸ ਦਾ ਅਸਰ ਸਾਡੇ ਖੇਤਾਂ, ਜੰਗਲਾਂ ਅਤੇ ਸਾਡੀ ਸਿਹਤ ਤੇ ਵੀ ਪੈਂਦਾ ਹੈ। ਚੀਫ ਖਾਲਸਾ ਦੀਵਾਨ ਲੋਕਲ ਕਮੇਟੀ ਦੇ ਮੀਤ ਪ੍ਰਧਾਨ ਅਤੇ ਮੈਂਬਰ ਇੰਚਾਰਜ ਗੁਰਿੰਦਰ ਸਿੰਘ ਨੇ ਸੰਦੇਸ਼ ਦਿੱਤਾ ਕਿ ਵਾਤਾਵਰਨ ਨੂੰ ਸਾਫ-ਸੁਥਰਾ ਰੱਖਣਾ ਸਾਡੀ ਸਾਰਿਆਂ ਦੀ ਜ਼ਿੰਮੇਵਾਰੀ ਹੈ। ਸਵੱਛ ਵਾਤਾਵਰਣ ਹੀ ਸਾਨੂੰ ਕਈ ਬਿਮਾਰੀਆਂ ਤੋਂ ਬਚਾਉਂਦਾ ਹੈ। ਮੈਂਬਰ ਇੰਚਾਰਜ ਰਣਦੀਪ ਸਿੰਘ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਵਾਤਾਵਰਨ ਦੀ ਸੰਭਾਲ ਲਈ ਸੁਚੇਤ ਹੋਣਾ ਚਾਹੀਦਾ। ਸਕੂਲ ਪ੍ਰਿੰਸੀਪਲ ਰਣਜੀਤ ਭਾਟੀਆ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਵਾਤਾਵਰਨ ਪ੍ਰਤੀ ਜਾਗਰੂਕਤਾ ਦੀ ਬਹੁਤ ਲੋੜ ਹੈ। ਸਾਨੂੰ ਰੁੱਖਾਂ ਦੀ ਕਟਾਈ ਨੂੰ ਰੋਕਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਅਤੇ ਸਾਰਿਆਂ ਨੂੰ ਵੱਧ ਤੋਂ ਵੱਧ ਰੁੱਖ ਲਗਾਉਣ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ। ਉਨ੍ਹਾਂ ਸਮਝਾਇਆ ਕਿ ਵਾਤਾਵਰਣ ਜਾਗਰੂਕਤਾ 19ਵੀਂ ਸਦੀ ਦੇ ਅਖੀਰ ਵਿੱਚ ਯੂਰਪ ਅਤੇ ਸੰਯੁਕਤ ਰਾਜ ਵਿੱਚ ਜੰਗਲਾਂ ਦੀ ਸੁਰੱਖਿਆ ਅਤੇ ਉਦਯੋਗਿਕ ਕ੍ਰਾਂਤੀ ਦੌਰਾਨ ਪ੍ਰਦੂਸ਼ਣ ਦੇ ਸਿਹਤ ਨਤੀਜਿਆਂ ਬਾਰੇ ਚਿੰਤਾਵਾਂ ਤੋਂ ਪੈਦਾ ਹੋਈ ਸੀ। ਅੰਤ ਵਿੱਚ ਰਾਸ਼ਟਰੀ ਗੀਤ ਗਾ ਕੇ ਪ੍ਰੋਗਰਾਮ ਦੀ ਸਮਾਪਤੀ ਹੋਈ।

# ਚੇਅਰਮੈਨ ਸੇਖਵਾਂ ਨੇ ਪਿੰਡ ਵੜੈਚ 'ਚ ਕੀਤਾ ਗਲੀਆਂ-ਨਾਲੀਆਂ ਤੇ ਹੋਰ ਵਿਕਾਸ ਕਾਰਜਾਂ ਦਾ ਉਦਘਾਟਨ



**ਧਾਰੀਵਾਲ/ਕਾਹਨੂੰਵਾਨ, ਕਾਦੀਆਂ, (ਮਨਦੀਪ ਸਿੰਘ ਵਿੱਕੀ/ਯਾਦਵਿੰਦਰ ਸਿੰਘ ਮਲਹੋਤਰਾ)**-ਆਮ ਆਦਮੀ ਪਾਰਟੀ ਦੇ ਸੂਬਾ ਜਨਰਲ ਸਕੱਤਰ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਗੁਰਦਾਸਪੁਰ ਨੇ ਹਲਕਾ ਕਾਦੀਆਂ ਵਿੱਚ ਵਿਕਾਸ ਕਾਰਜਾਂ ਦੀ ਲੜੀ ਤਹਿਤ ਹਲਕੇ ਦੇ ਬਲਾਕ ਕਾਹਨੂੰਵਾਨ ਵਿੱਚ ਪੈਂਦੇ ਪਿੰਡ ਵੜੈਚ ਵਿੱਚ ਗਲੀਆਂ ਨਾਲੀਆਂ ਅਤੇ ਹੋਰ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ। ਇਸ ਮੌਕੇ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਦੇ ਲੋਕ ਪੱਖੀ ਕੰਮਾਂ ਤੋਂ ਪ੍ਰਭਾਵਿਤ ਹੋ ਕੇ ਜਗਰੂਪ ਸਿੰਘ ਸੇਖਵਾਂ ਦੀ ਅਗਵਾਈ ਹੇਠ ਪਿੰਡ ਦੇ 4 ਮੈਂਬਰ ਪੰਚਾਇਤ ਆਪਣੇ ਪਰਿਵਾਰਾਂ ਸਮੇਤ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਏ। ਆਪ ਵਿੱਚ ਸ਼ਾਮਲ ਹੋਏ ਸੁਰਿੰਦਰ ਸਿੰਘ ਮੈਂਬਰ, ਮਹਿੰਦਰ ਸਿੰਘ ਮੈਂਬਰ, ਕੁਲਦੀਪ ਕੌਰ ਮੈਂਬਰ, ਜੋਗਿੰਦਰ ਸਿੰਘ ਸਾਬਕਾ ਮੈਂਬਰ, ਅਮਰੀਕ ਸਿੰਘ, ਹਰਜੀਤ ਸਿੰਘ, ਵਿਕੀ, ਅਮਰਜੀਤ ਸਿੰਘ, ਮਿਲਖਾ ਸਿੰਘ, ਜਰਨੈਲ ਸਿੰਘ, ਜੂਰਾ ਸਿੰਘ, ਪਰਮਜੀਤ ਪ੍ਰਧਾਨ, ਰਛਪਾਲ ਸਿੰਘ, ਹੈਪੀ, ਨਿਰਮਲ ਸਿੰਘ, ਮੱਖਣ ਸਿੰਘ, ਹਰਬੰਸ ਮਸੀਹ, ਡਾ ਦੇਸ ਰਾਜ, ਅਮਾਨਤ ਮਸੀਹ, ਸੁਖਦੇਵ ਸਿੰਘ, ਮੰਗਤਾ ਮਸੀਹ, ਚੌਕੀਦਾਰ ਅਮਰਜੀਤ ਮਸੀਹ, ਮਿਲਖਾ ਮਸੀਹ, ਪਰਮਜੀਤ, ਦਲਬੀਰੋ, ਤਰਸੇਮ ਮਸੀਹ, ਬਾਗਾ ਮਸੀਹ, ਤੁਲਸੀ ਮਸੀਹ, ਤਰਸੇਮ ਮਸੀਹ, ਸੁਰਿੰਦਰ ਮਸੀਹ, ਬਿੰਦਰ ਮਸੀਹ ਆਦਿ ਨੇ ਕਿਹਾ ਉਹ ਹਲਕੇ ਅੰਦਰ ਹਲਕਾ ਇੰਚਾਰਜ ਜਗਰੂਪ ਸਿੰਘ ਸੇਖਵਾਂ ਵਲੋਂ ਕਰਵਾਏ ਜਾ ਰਹੇ ਬਿਨਾ ਪੱਖਪਾਤ ਕੰਮਾਂ ਤੋਂ ਪ੍ਰਭਾਵਿਤ ਹੋ ਕੇ ਆਮ ਆਦਮੀ ਪਾਰਟੀ ਵਿੱਚ ਸਾਮਲ ਹੋਏ ਹਨ। ਇਸ ਮੌਕੇ ਬਲਾਕ ਕਾਹੂਨੂੰਵਾਨ ਦੇ ਬੀਡੀਪੀਓ ਕੁਲਵੰਤ ਸਿੰਘ, ਥਾਣਾ ਕਾਹਨੂੰਵਾਨ ਦੇ ਐਸਐਚਓ ਸੁਖਜੀਤ ਸਿੰਘ, ਸੁਖਜੀਤ ਸਿੰਘ ਵੜੈਚ, ਅਮਰਬੀਰ ਜਿੱਪੀ, ਡਾ. ਜਸਪਾਲ ਸਿੰਘ ਪੰਧੇਰ ਚੇਅਰਮੈਨ, ਸ਼ੇਰਾ ਜੋਗੀ ਚੀਮਾਂ, ਮੋਹਣ ਸਿੰਘ ਚੇਅਰਮੈਨ, ਸੋਹਣ ਸਿੰਘ ਨੈਨੇਕੋਟ, ਮਨਜੀਤ ਸਿੰਘ ਚੱਕ, ਸਿਮਰਨਪਾਲ ਸਿੰਘ, ਸਾਬੀ ਤੁਗਲਵਾਲ, ਸੁਰਿੰਦਰ ਸਿੰਘ, ਸੁਰਜੀਤ ਸਿੰਘ, ਨਵਪ੍ਰੀਤ ਸਿੰਘ, ਦਲਜੀਤ ਸਿੰਘ ਆਦਿ ਹਾਜ਼ਰ ਸਨ।

# ਕਿਸਾਨ ਤੇ ਜਵਾਨ ਭਲਾਈ ਯੂਨੀਅਨ ਪੰਜਾਬ ਵੱਲੋਂ ਪਿੰਡ ਬੱਗੇ ਦੀ ਇਕਾਈ ਦਾ ਗਠਨ



**ਮਜੀਠਾ (ਸੋਇਮ ਆਨੰਦ)** ਕਿਸਾਨ ਦੇ ਜਵਾਨ ਭਲਾਈ ਯੂਨੀਅਨ ਪੰਜਾਬ ਨੇ ਪਿੰਡ ਬੱਗੇ ਵਿੱਚ ਜਿਲਾ ਪ੍ਰਧਾਨ ਨਿਸ਼ਾਨ ਸਿੰਘ ਬਾਬੋਵਾਲ ਦੀ ਪ੍ਰਧਾਨਗੀ ਵਿੱਚ ਇੱਕ ਭਰਵੀਂ ਮੀਟਿੰਗ ਕੀਤੀ ਜਿਸ ਵਿਚ ਸੂਬਾ ਪ੍ਰਧਾਨ ਸੁਖਦੇਵ ਸਿੰਘ ਭੋਜਰਾਜ ਉਚੇਚੇ ਤੌਰ ਤੇ ਸਾਮਿਲ ਹੋਏ। ਇਸ ਮੌਕੇ ਪਿੰਡ ਦੀ ਇਕਾਈ ਦਾ ਗਠਨ ਕਰਦਿਆਂ ਭੁਪਿੰਦਰ ਸਿੰਘ, ਮਨਜੀਤ ਸਿੰਘ, ਨਿਸ਼ਾਨ ਸਿੰਘ, ਜਗਜੀਤ ਸਿੰਘ, ਹਰਦੇਵ ਸਿੰਘ, ਅਹੁਦੇਦਾਰ ਚੁਣੇ ਗਏ। ਇਸ ਮੌਕੇ ਬੋਲਦਿਆਂ ਸੁਖਦੇਵ ਸਿੰਘ ਭੋਜਰਾਜ ਨੇ ਕਿਹਾ ਕਿ ਪੰਜਾਬ ਸਰਕਾਰ ਚਿੱਪ ਵਾਲੇ ਨਵੇਂ ਮੀਟਰ ਲਗਾਉਣ ਦੀ ਜਿੱਦ ਕਰਨ ਪੰਜਾਬ ਦੇ ਹਜਾਰਾਂ ਲੋਕ ਬਿਜਲੀ ਦੀ ਬੁਨਿਆਦੀ ਸਹੂਲਤ ਤੋਂ ਵਾਂਝੇ ਹੋਏ ਹਨ ਚਿੱਪ ਵਾਲੇ ਮੀਟਰ ਲਗਾਉਣ ਦਾ ਫੈਸਲਾ ਅਤੀ ਨਿੰਦਣਯੋਗ ਹੈ। ਕਿਸਾਨ ਤੇ ਜਵਾਨ ਭਲਾਈ ਯੂਨੀਅਨ ਪੰਜਾਬ ਆਪ ਸਾਡੇ ਮੀਟਰ ਖਰੀਦ ਕੇ ਅਜਿਹੇ ਲੋੜਵੰਦ ਲੋਕਾਂ ਦੇ ਘਰਾਂ ਵਿੱਚ ਲਗਾਵੇਗੀ ਤਾਂ ਜੋ ਲੋਕ ਬਿਜਲੀ ਦੀ ਬੁਨਿਆਦੀ ਸਹੂਲਤ ਦਾ ਆਨੰਦ ਮਾਣਦਿਆਂ ਹੋਇਆਂ ਮੁਫਤ ਯੂਨਿਟਾਂ ਦਾ ਲਾਭ ਲੇ ਸਕਣ। ਪ੍ਰਧਾਨ ਭੋਜਰਾਜ ਨੇ ਅੱਗੇ ਕਿਹਾ ਕਿ ਮਨੀਪੁਰ ਵਿੱਚ ਘੱਟ ਗਿਣਤੀ ਉੱਤੇ ਹੋ ਰਹੇ ਅੱਤਿਆਚਾਰ ਕੇਂਦਰ ਸਰਕਾਰ ਦੀ ਸਾਜ਼ਿਸ਼ ਦਾ ਹਿੱਸਾ ਹੈ ਜਿਸ ਦੀ ਅਸੀਂ ਸਖਤ ਨਿੰਦਾ ਕਰਦੇ ਹਾਂ। ਕੇਂਦਰ ਅਤੇ ਸੂਬਾ ਸਰਕਾਰ ਨੂੰ ਘੱਟ ਗਿਣਤੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਅਤੇ ਔਰਤਾਂ ਨਾਲ ਕੀਤੇ ਗਏ ਘਿਨਾਉਣੇ ਅਪਰਾਧ ਲਈ ਸਖਤੀ ਸਜਾ ਦਿੱਤੀ ਜਾਣੀ ਚਾਹੀਦੀ ਹੈ। ਇਸ ਮੋਕੇ ਭੁਪਿੰਦਰ ਸਿੰਘ ਉਦੋਕੇ,ਤੇਜਿੰਦਰ ਸਿੰਘ ਦਬਾਂਵਾਲਾ,ਗੁਰਜਿੰਦਰ ਸਿੰਘ ਸਿੱਧਵਾਂ,ਪ੍ਰਭਦੀਪ ਸਿੰਘ ਜੇਤੀਪੁਰ,ਅਮ੍ਰਿਤਪਾਲ ਸਿੰਘ ਅਬਦਾਲ, ਸਤਨਾਮ ਸਿੰਘ ਸੱਤੂ, ਨਿਸ਼ਾਨ ਸਿੰਘ, ਕੁਲਦੀਪ ਸਿੰਘ, ਬਹਾਦਰ ਸਿੰਘ, ਬਲਰਾਜ ਸਿੰਘ ਰਾਜੂ, ਲਵਪ੍ਰੀਤ ਸਿੰਘ, ਮੇਜਰ ਸਿੰਘ, ਹਰਦੇਵ ਸਿੰਘਸ ਸੇਠ ਗਗਨਦੀਪ ਸਿੰਘ, ਬਲਦੇਵ ਸਿੰਘ, ਸੁਰਜੀਤ ਸਿੰਘ, ਕਰਮ ਸਿੰਘ ਸਾਬਕਾ ਸਰਪੰਚ ਅਕਾਲੀ ਦਲ, ਨਵਜੋਤ ਸਿੰਘ, ਕੁਲਵੰਤ ਸਿੰਘ, ਹਰਭੇਜ ਸਿੰਘ ਭੇਜਾ, ਮਲਕੀਤ ਸਿੰਘ ਗੰਥੀ ਸਿੰਘ, ਪਰਮਜੀਤ ਸਿੰਘ ਨਿਹੰਗ ਸਿੰਘ ਜਗਜੀਤ ਸਿੰਘ ਜੱਗੂ, ਹਰਜੀਤ ਕੌਰ, ਗੁਰਨਾਮ ਸਿੰਘ ਗਾਮਾ, ਰਣਜੀਤ ਕੌਰ, ਪ੍ਰਵੀਨ ਕੌਰ, ਬਲਵਿੰਦਰ ਕੌਰ, ਸਰਬਜੀਤ ਕੌਰ, ਹਰਮੀਤ ਕੋਰ, ਹਰਮਨ ਕੌਰ, ਸਮਰਜੀਤ ਸਿੰਘ ਨਿਹੰਗ ਸਿੰਘ, ਰਾਜਬੀਰ ਕੌਰ, ਅਮਰਜੀਤ ਕੌਰ, ਗੁਰਮੀਤ ਕੌਰ, ਬਲਜੀਤ ਕੌਰ, ਕਿਰਨਜੀਤ ਕੌਰ, ਜਸਬੀਰ ਕੌਰ, ਹਰਮੀਤ ਕੌਰ, ਤਲਵਿੰਦਰ ਕੌਰ ਆਦਿ ਹਾਜ਼ਰ ਸਨ।

# ਬੀ ਐੱਲ ਓ ਵਜੋਂ ਡਿਊਟੀ ਤੇ ਘੱਟ ਦਾਖ਼ਲਿਆਂ ਸੰਬੰਧੀ ਜਾਰੀ ਨੋਟਿਸਾਂ 'ਤੇ ਡੀ ਟੀ ਐੱਫ ਵੱਲੋਂ ਇਤਰਾਜ਼ ਪ੍ਰਗਟ



**ਤਰਨ ਤਾਰਨ (ਪ੍ਰਿਤਪਾਲ ਸਿੰਘ)**-ਮੁੱਖ ਮੰਤਰੀ ਪੰਜਾਬ ਵੱਲੋਂ ਵਿਧਾਨ ਸਭਾ ਅਤੇ ਹੋਰ ਕਈ ਮਹੱਤਵਪੂਰਨ ਮੰਚਾਂ ਤੋਂ ਉਨ੍ਹਾਂ ਦੀ ਸਰਕਾਰ ਵਿੱਚ ਅਧਿਆਪਕਾਂ ਦੀਆਂ ਗੈਰ-ਵਿੱਦਿਅਕ ਡਿਊਟੀਆਂ ਲੱਗਣ 'ਤੇ ਮੁਕੰਮਲ ਪਾਬੰਦੀ ਹੋਣ ਦੀ ਗੱਲ ਆਖੀ ਜਾ ਰਹੀ ਹੈ ਪ੍ਰੰਤੂ ਜ਼ਮੀਨੀ ਹਕੀਕਤ ਇਸ ਤੋਂ ਵੱਖਰੀ ਹੈ ਕਿਉਂਕਿ ਹਾਲੇ ਵੀ ਪੰਜਾਬ ਸਰਕਾਰ ਨੇ 16000 ਤੋਂ ਵਧੇਰੇ ਅਧਿਆਪਕਾਂ ਨੂੰ ਬੂਥ ਲੈਵਲ ਅਫ਼ਸਰ (ਬੀਐੱਲਓ) ਦੀ ਡਿਊਟੀ ਤੇ ਲਗਾਇਆ ਹੋਇਆ ਹੈ ਜਿਸ ਕਾਰਨ ਜਿੱਥੇ ਸਕੂਲਾਂ ਦਾ ਵਿੱਦਿਅਕ ਮਾਹੌਲ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਿਹਾ ਹੈ। ਬੀ.ਐੱਲ.ਓ. ਡਿਊਟੀ ਦੇ ਰਹੇ ਅਧਿਆਪਕ ਵੀ ਕੰਮ ਦੇ ਦੂਹਰੇ ਭਾਰ ਤੋਂ ਪੀੜਤ ਹਨ। ਇਸ ਸੰਬੰਧੀ ਡੀ.ਟੀ.ਐੱਫ. ਤਰਨ ਤਾਰਨ ਦੇ ਜ਼ਿਲ੍ਹਾ ਪ੍ਰਧਾਨ ਪ੍ਰਤਾਪ ਸਿੰਘ ਠੱਠਗੜ੍ਹ ਦੀ ਅਗਵਾਈ ਹੇਠ ਇਤਰਾਜ਼ ਜ਼ਾਹਿਰ ਕਰਦਿਆਂ ਉਪ ਜ਼ਿਲ੍ਹਾ ਸਿੱਖਿਆ ਅਫਸਰ ਸੈਸਿ ਗੁਰਚਰਨ ਸਿੰਘ ਅਤੇ ਉਪ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਸੁਰਿੰਦਰ ਕੁਮਾਰ ਰਾਹੀਂ ਵਿੱਦਿਅਕ ਹਿੱਤਾਂ ਦੇ ਮੱਦੇਨਜ਼ਰ ਅਧਿਆਪਕਾਂ ਦੀਆਂ ਬੀਐੱਲਓ ਡਿਊਟੀਆਂ ਨੂੰ ਪੱਕੇ ਤੌਰ ਤੇ ਰੱਦ ਕਰਨ ਅਤੇ ਸਾਲ ਭਰ ਚੱਲਣ ਵਾਲੀ ਇਸ ਡਿਊਟੀ ਲਈ ਵੱਖਰੀ ਨਵੀਂ ਭਰਤੀ ਕਰਕੇ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਦੇਣ ਦੀ ਮੰਗ ਕਰਦਾ ਹੈ। ਸਿੱਖਿਆ ਵਿਭਾਗ ਵੱਲੋਂ ਗੈਰ-ਵਿਗਿਆਨਿਕ, ਗੈਰ-ਵਾਜਿਬ ਅਤੇ ਮਕੈਨੀਕਲ ਪਹੁੰਚ ਅਪਣਾਉਂਦੇ ਹੋਏ ਸਰਕਾਰੀ ਸਕੂਲਾਂ ਵਿੱਚ ਬੱਚਿਆਂ ਦੇ 10% ਦਾਖਲੇ ਨਾ ਵਧਾਉਣ ਵਾਲੇ ਜ਼ਿਲ੍ਹਾ ਸਿੱਖਿਆ ਅਫਸਰਾਂ ਨੂੰ 'ਕਾਰਨ ਦੱਸੋ' ਨੋਟਿਸ ਜਾਰੀ ਕੀਤੇ ਗਏ ਹਨ ਅਤੇ ਇਸੇ ਤਰਜ਼ 'ਤੇ ਅੱਗੇ ਬੀ.ਪੀ.ਈ.ਓਜ਼. ਤੇ ਸਕੂਲ ਮੁੱਖੀਆਂ ਨੂੰ ਵੀ ਨੋਟਿਸ ਜਾਰੀ ਹੋਏ ਹਨ। ਡੀ.ਟੀ.ਐੱਫ. ਨੇ ਹਮੇਸ਼ਾ ਤੋਂ ਸਰਕਾਰੀ ਸਕੂਲਾਂ ਵਿੱਚ ਦਾਖਲੇ ਉਤਸ਼ਾਹਿਤ ਕਰਨ ਦੀ ਪ੍ਰੋੜਤਾ ਕੀਤੀ ਹੈ, ਪ੍ਰੰਤੂ ਇਸ ਲਈ ਦਬਾਅ ਬਣਾਉਣ ਦੀ ਨੀਤੀ ਕਿਸੇ ਵੀ ਪੱਖੋਂ ਜਾਇਜ਼ ਨਹੀਂ ਹੈ ਕਿਉਂਕਿ ਦਾਖਲੇ ਘਟਣ ਪਿੱਛੇ ਸਭ ਲਈ ਇੱਕ-ਸਮਾਨ, ਮੁੱਫ਼ਤ ਅਤੇ ਮਿਆਰੀ ਸਿੱਖਿਆ ਦੇਣ ਲਈ ਸਥਾਨਕ ਲੋੜਾਂ ਅਨੁਸਾਰ ਪੰਜਾਬ ਦੀ ਆਪਣੀ ਵਿੱਦਿਅਕ ਨੀਤੀ ਦਾ ਮੌਜੂਦ ਨਾ ਹੋਣਾ, ਸਿੱਖਿਆ ਦਾ ਵਧਦਾ ਨਿੱਜੀਕਰਨ, ਵਿਦੇਸ਼ਾਂ ਵੱਲ ਪ੍ਰਵਾਸ, ਲੋੜ ਅਨੁਸਾਰ ਨਵੇਂ ਸਕੂਲ ਖੋਲਣ ਤੇ ਨਵੀਆਂ ਅਸਾਮੀਆਂ ਨਾ ਦੇਣਾ, ਹਜ਼ਾਰਾਂ ਅਸਾਮੀਆਂ ਦਾ ਸਾਲਾਂ ਬੱਧੀ ਖਾਲੀ ਰਹਿਣਾ, ਅਧਿਆਪਕਾਂ ਦੀ ਗੈਰ-ਵਿੱਦਿਅਕ ਡਿਊਟੀ, ਹਰੇਕ ਸਕੂਲ ਵਿੱਚ ਸੇਵਾਦਾਰਾਂ, ਮਾਲੀਆਂ, ਸਫ਼ਾਈ ਸੇਵਕਾਂ, ਚੌਕੀਦਾਰਾਂ, ਨਾਨ-ਟੀਚਿੰਗ ਅਤੇ ਪ੍ਰੀ-ਪ੍ਰਾਇਮਰੀ ਬੱਚਿਆਂ ਲਈ ਕੇਅਰ ਟੇਕਰ ਦੀ ਪੱਕੀ ਭਰਤੀ ਨਾ ਹੋਣਾ, ਬਹੁਤ ਸਾਰੇ ਸਕੂਲਾਂ ਦਾ 'ਅਧਿਆਪਕ ਰਹਿਤ', 'ਸਿੰਗਲ ਟੀਚਰ' ਹੋਣਾ ਸ਼ਾਮਿਲ ਹੈ। ਇਸ ਸੰਬੰਧੀ ਮੰਗ ਕਰਦੇ ਹਾਂ ਕਿ ਬੱਚਿਆਂ ਦੇ ਦਾਖਲੇ ਘੱਟ ਹੋਣ ਦੇ ਸਮੁੱਚੇ ਪੱਖਾਂ ਦੀ ਪੜਤਾਲ ਕਰਕੇ ਲੋੜੀਂਦੇ ਕਦਮ ਉਠਾਏ ਜਾਣ ਨਾ ਕੇ ਬੇਲੋੜਾ ਦਬਾਅ ਪਾ ਕੇ ਅਧਿਕਾਰੀਆਂ, ਸਕੂਲ ਮੁਖੀਆਂ ਅਤੇ ਅਧਿਆਪਕਾਂ ਦਾ ਸਮਾਜ ਵਿੱਚ ਅਕਸ ਧੁੰਦਲਾ ਕੀਤਾ ਜਾਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਡੀਟੀਐੱਫ ਦੇ ਆਗੂ ਕੰਵਰਦੀਪ ਸਿੰਘ ਢਿੱਲੋਂ, ਅਮਰਦੀਪ ਸ਼ਰਮਾ, ਸਰਬਜੀਤ ਸਿੰਘ ਕਾਜੀਕੋਟ, ਬਲਰਾਜ ਸਿੰਘ ਕੱਦਗਿੱਲ, ਪਰਮਜੀਤ ਸਿੰਘ ਬਾਠ, ਪ੍ਰਿੰਸਦੀਪ ਸਿੰਘ ਅਤੇ ਵਰਿੰਦਰ ਸਿੰਘ ਆਦਿ ਹਾਜ਼ਰ ਸਨ।

# ਪੰਚਾਇਤ ਅਤੇ ਨਗਰ ਕੌਂਸਲ ਚੋਣਾਂ ਲਈ ਲੋਜਪਾ ਜਲਦੀ ਲਵੇਗੀ ਫੈਸਲਾ : ਸਤਨਾਮ ਗਿੱਲ




**ਬੁਤਾਲਾ (ਨਿਰਮਲ ਸਿੰਘ ਸੰਘਾ)**-ਲੋਕ ਜਨ ਸ਼ਕਤੀ ਪਾਰਟੀ (ਪਾਸਵਾਨ) ਵੱਲੋਂ ਪੰਚਾਇਤ ਅਤੇ ਨਗਰ ਕੌਂਸਲ ਚੋਣਾਂ ਲੜਨ ਬਾਰੇ ਵਿਚਾਰ-ਵਟਾਂਦਰਾ ਕੀਤਾ ਜਾ ਰਿਹਾ ਹੈ। ਉਪਰੋਕਤ ਪ੍ਰਗਟਾਵਾ ਲੋਜਪਾ (ਪਾਸਵਾਨ) ਪੰਜਾਬ ਦੇ ਸੂਬਾਈ ਆਗੂ ਸਤਨਾਮ ਸਿੰਘ ਗਿੱਲ ਨੇ ਕੀਤਾ ਹੈ। ਦੱਸ ਦੇਈਏ ਕਿ ਬੀਤੇ ਦਿਨ ਲੋਜਪਾ ਦੇ ਉੱਚ ਕੋਟੀ ਦੇ ਲੀਡਰਾਂ ਨਾਲ ਦਿੱਲੀ ਵਿਖੇ ਹੋਈ ਪਾਰਟੀ ਮੀਟਿੰਗ ਵਿੱਚ ਪੰਜਾਬ 'ਚ ਚੋਣਾਂ ਲੜਨ ਦਾ ਪ੍ਰਸਤਾਵ ਪਾਰਟੀ 'ਹਾਈ ਕਮਾਂਡ' ਸਾਹਮਣੇ ਰੱਖਦੇ ਹੋਏ ਸਤਨਾਮ ਸਿੰਘ ਗਿੱਲ ਨੇ ਬੇਨਤੀ ਕੀਤੀ ਸੀ ਕਿ ਪੰਜਾਬ ਵਿਚ ਵਰਕਰ ਚੋਣਾਂ ਲੜਨਾ ਚਾਹੁੰਦੇ ਹਨ । ਚੇਤੇ ਰਹੇ ਕਿ 1 ਨਵੰਬਰ ਤੋਂ 15 ਨਵੰਬਰ 2023 ਤੱਕ ਹੋਣ ਵਾਲੀਆਂ ਨਗਰ ਕੌਂਸਲ ਅਤੇ ਗ੍ਰਾਮ ਪੰਚਾਇਤ ਚੋਣਾਂ ਵਿੱਚ ਇਸ ਵਾਰ ਲੋਜਪਾ ਆਪਣੇ ਉਮੀਦਵਾਰ ਖੜ੍ਹੇ ਕਰਨਾ ਚਾਹੁੰਦੀ ਹੈ। ਗਿੱਲ ਨੇ ਦੱਸਿਆ ਕਿ ਲੋਜਪਾ ਦੇ ਪ੍ਰਧਾਨ ਚਿਰਾਗ ਪਾਸਵਾਨ ਮੈਂਬਰ ਪਾਰਲੀਮੈਂਟ, ਰਾਸ਼ਟਰੀ ਪ੍ਰਧਾਨ ਯੁਵਾ ਲੋਜਪਾ ਪ੍ਰਣਬ ਪਾਸਵਾਨ ਅਤੇ ਪੰਜਾਬ ਯੂਥ ਪ੍ਰਧਾਨ ਸੰਜੇ ਥਾਪਰ ਨੇ ਪੇਸ਼ ਕੀਤੀ ਤਜਵੀਜ਼ ਤੇ ਵਿਚਾਰ ਵਟਾਂਦਰਾ ਕੀਤਾ ਹੈ ਅਤੇ ਪੰਜਾਬ ਦੇ ਲੋਕਾਂ ਦੇ ਹਿੱਤ 'ਚ ਜਲਦ ਫੈਸਲਾ ਦੇਣ ਦਾ ਭਰੋਸਾ ਵੀ ਦਿੱਤਾ। ਇਸ ਮੌਕੇ ਦਿੱਲੀ ਤੋਂ ਪਰਤਣ ਉਪਰੰਤ ਸਤਨਾਮ ਸਿੰਘ ਗਿੱਲ ਨੇ ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਪਾਰਟੀ ਹਾਈਕਮਾਂਡ ਸਾਨੂੰ ਪੰਜਾਬ ਵਿੱਚ ਚੋਣ ਲੜਨ ਦੀ ਇਜਾਜਤ ਦੇਵੇਗੀ। ਇੱਕ ਸਵਾਲ ਦੇ ਜਵਾਬ ਵਿੱਚ ਗਿੱਲ ਨੇ ਕਿਹਾ ਕਿ ਸਾਡੀ ਪਾਰਟੀ ਨਗਰ ਕੌਂਸਲ ਬਟਾਲਾ ਤੋਂ ਚੋਣ ਲੜੇਗੀ ਅਤੇ ਹੋਰ ਜ਼ਿਲਿਆਂ ਵਿੱਚ ਆਪਣੇ ਉਮੀਦਵਾਰ ਵੀ ਖੜ੍ਹੇ ਕਰੇਗੀ। ਉਨ੍ਹਾਂ ਦੱਸਿਆ ਕਿ ਅਵਿਨਾਸ਼ ਕਲਿਆਣ ਨੂੰ ਜਲਦੀ ਹੀ ਹਾਈਕਮਾਂਡ ਵੱਡੀ ਜ਼ਿੰਮੇਵਾਰੀ ਦੇਣ ਬਾਰੇ ਫੈਸਲਾ ਲਵੇਗੀ । ਇਸ ਮੌਕੇ ਸਤਨਾਮ ਸਿੰਘ ਗਿੱਲ ਦੇ ਲੋਕ ਸੰਪਰਕ ਅਧਿਕਾਰੀ ਸੁਖਵਿੰਦਰ ਸਿੰਘ ਖਾਲਸਾ,ਪੰਜਾਬ ਦੇ ਸਿਆਸੀ ਵਿੰਗ ਦੇ ਮੈਂਬਰ ਗੁਰਜੀਤ ਸਿੰਘ ਕਲਿਆਣ ,ਗੋਪਾਲ ਸਿੰਘ ਉਮਰਾਨੰਗਲ ਅਤੇ ਪੀਏ ਗੁਰਪ੍ਰੀਤ ਸਿੰਘ ਖਾਲਸਾ ਆਦਿ ਮੌਜੂਦ ਸਨ।

# 'ਆਪ' ਵਿਧਾਇਕਾਂ ਦੇ ਘਰਾਂ ਅੱਗੇ ਧਰਨੇ ਦੇ ਕੇ 9 ਨੂੰ ਮੰਗ ਪੱਤਰ ਸੌਂਪੇ ਜਾਣ ਦਾ ਐਲਾਨ




**ਗੁਰਦਾਸਪੁਰ, (ਜਨਕ ਮਹਾਜਨ)**-ਸੰਯੁਕਤ ਕਿਸਾਨ ਮੋਰਚਾ ਜ਼ਿਲ੍ਹਾ ਗੁਰਦਾਸਪੁਰ ਦੀ ਇਕ ਮੀਟਿੰਗ ਜਨਤਕ ਜਥੇਬੰਦੀਆਂ ਦੇ ਦਫ਼ਤਰ ਰੁਲੀਆ ਰਾਮ ਕਾਲੋਨੀ ਗੁਰਦਾਸਪੁਰ ਵਿਖੇ ਰਾਜ ਗੁਰਵਿੰਦਰ ਸਿੰਘ ਲਾਡੀ ਘੁੰਮਾਣ ਦੀ ਪ੍ਰਧਾਨਗੀ ਹੇਠ ਹੋਈ। ਇਸ ਵਿਚ ਸਬੰਧਿਤ ਸਾਰੀਆਂ ਜਥੇਬੰਦੀਆਂ ਨੇ ਹਿੱਸਾ ਲਿਆ ਜਿਸ ਵਿਚ ਮੁੱਖ ਆਗੂ ਮੱਖਣ ਸਿੰਘ ਕੁਹਾੜ, ਤਰਲੋਕ ਸਿੰਘ ਬਹਿਰਾਮਪੁਰ, ਸੁਖਦੇਵ ਸਿੰਘ ਭਾਗੋਕਾਵਾਂ, ਲਖਵਿੰਦਰ ਸਿੰਘ ਮਕੜ, ਅਜੀਤ ਸਿੰਘ ਹੁੰਦਲ, ਬਚਨ ਸਿੰਘ ਭੰਬੋਈ, ਦਲਬੀਰ ਸਿੰਘ ਜੀਵਨ ਚੱਕ, ਚੰਨਣ ਸਿੰਘ ਦੋਰਾਂਗਲਾ, ਗੁਰਦੀਪ ਸਿੰਘ ਕਲੀਜਪੁਰ, ਸੁਭਾਸ਼ ਕੈਰੇ, ਕਪੂਰ ਸਿੰਘ ਘੁੰਮਣ, ਅਸ਼ਵਨੀ ਕੁਮਾਰ ਲਖਣਕਲਾਂ, ਰਘਵੀਰ ਸਿੰਘ ਚਾਹਲ, ਮੱਖਣ ਸਿੰਘ ਤਿੱਬੜ ਆਦਿ ਨੇ ਆਪਣੇ ਵਿਚਾਰ ਰੱਖੇ। ਸਰਬਸੰਮਤੀ ਨਾਲ ਕੀਤੇ ਫ਼ੈਸਲਿਆਂ ਵਿਚ ਕੁਲ ਹਿੰਦ ਪੱਧਰ 'ਤੇ ਕੀਤੇ ਜਾਣ ਵਾਲੇ ਪ੍ਰੋਗਰਾਮ ਨੂੰ ਪੂਰੀ ਤਨਦੇਹੀ ਨਾਲ ਲਾਗੂ ਕਰਨ ਦਾ ਫ਼ੈਸਲਾ ਕੀਤਾ ਗਿਆ ਜਿਸ ਅਨੁਸਾਰ 9 ਅਗਸਤ ਨੂੰ ਭਾਰਤ ਛੱਡੋ ਅੰਦੋਲਨ ਦਿਵਸ ਨੂੰ ਕਾਰਪੋਰੇਟ ਲੁਟੇਰਿਓ ਦੇਸ਼ ਛੱਡੋ ਦੇ ਰੂਪ ਵਿਚ ਮਨਾਉਣ ਹਿੱਤ ਸਾਰੀਆਂ ਹੀ ਤਹਿਸੀਲਾਂ ਵਿਚ ਐਸਡੀਐਮ ਰਾਹੀਂ ਰਾਸ਼ਟਰਪਤੀ ਦੇ ਨਾਂਅ ਵੱਡੀ ਗਿਣਤੀ ਵਿਚ ਇਕੱਤਰ ਹੋ ਕੇ ਮੰਗ ਪੱਤਰ ਭੇਜੇ ਜਾਣਗੇ। ਉਨ੍ਹਾਂ ਕਿਹਾ ਕਿ 19 ਅਗਸਤ ਨੂੰ ਬਟਾਲੇ ਦੇ ਵਿਧਾਇਕ ਸ਼ੈਰੀ ਕਲਸੀ, ਸ੍ਰੀ ਹਰਗੋਬਿੰਦਪੁਰ ਦੇ ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਅਤੇ ਨਰੋਟ ਮਹਿਰਾ ਦੇ ਆਪ ਮੰਤਰੀ ਲਾਲ ਚੰਦ ਕਟਾਰੂਚੱਕ ਦੇ ਘਰਾਂ ਅੱਗੇ ਧਰਨੇ ਦੇ ਕੇ ਮੰਗ ਪੱਤਰ ਦਿੱਤੇ ਜਾਣਗੇ। ਇਕ ਮਤੇ ਰਾਹੀਂ ਸੰਸਾਰ ਪ੍ਰਸਿੱਧ ਇਕ ਮਹਾਨ ਪਰਉਪਕਾਰੀ ਸੰਸਥਾ ਖ਼ਾਲਸਾ ਏਡ ਦੇ ਸੰਚਾਲਕਾਂ ਦੇ ਘਰਾਂ ਉਪਰ ਮੋਦੀ ਸਰਕਾਰ ਵਲੋਂ ਈ. ਡੀ. ਦੇ ਛਾਪੇ ਮਾਰ ਕੇ ਤੰਗ ਪ੍ਰੇਸ਼ਾਨ ਕਰਨ ਦੀ ਸਖ਼ਤ ਨਿਖੇਧੀ ਕੀਤੀ ਗਈ ਹੈ। ਇਸੇ ਤਰ੍ਹਾਂ ਹਵਾਈ ਅੱਡੇ 'ਤੇ ਬਰਤਾਨਵੀ ਪਾਰਲੀਮੈਂਟ ਮੈਂਬਰ ਤਨਮਨਜੀਤ ਸਿੰਘ ਢੇਸੀ ਨੂੰ ਪ੍ਰੇਸ਼ਾਨ ਕਰਨ ਦਾ ਵੀ ਸਖ਼ਤ ਨੋਟਿਸ ਲਿਆ ਗਿਆ। ਇਸ ਮੌਕੇ ਮੁਖ਼ਤਾਰ ਸਿੰਘ ਮੱਲ੍ਹੀਆਂ, ਰਾਮ ਸਿੰਘ ਤਿੱਬੜ, ਬਲਬੀਰ ਸਿੰਘ ਉਚਾ ਧਕਾਲਾ, ਪਲਵਿੰਦਰ ਸਿੰਘ ਘਰਾਲਾ, ਲਖਵਿੰਦਰ ਸਿੰਘ ਪ੍ਰਤਾਪਗੜ੍ਹ, ਸੁਰਿੰਦਰਜੀਤ ਕਾਹਲੋਂ, ਦਰਸ਼ਨ ਕੁਮਾਰ ਆਦਿ ਹਾਜ਼ਰ ਸਨ।

# ਮੱਤੇਵਾਲ-ਨਿੱਬਰਵਿੰਡ ਲਿੰਕ ਸੜਕ ਦਾ ਮੰਦਾ ਹਾਲ, ਲੋਕ ਪ੍ਰੇਸ਼ਾਨ



**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**- ਭਾਵੇਂ ਕਿ ਪੰਜਾਬ ਸਰਕਾਰ ਪਿੰਡਾਂ ਦੀਆਂ ਸੜਕਾਂ ਦੀ ਹਾਲਤ ਸੁਧਾਰਨ ਦੇ ਨਿੱਤ ਦਿਨ ਦਾਅਵੇ ਕਰ ਰਹੀ ਹੈ ਪਰ ਕਈ ਸੜਕਾਂ ਅਜੇ ਵੀ ਹਨ ਜੋ ਸਰਕਾਰੀ ਦਾਅਵਿਆਂ ਦੇ ਪੋਲ ਖੋਲ੍ਹਦੀਆਂ ਨਜ਼ਰ ਆ ਰਹੀਆਂ ਹਨ ਜਿਸ ਦੀ ਤਾਜ਼ਾ ਮਿਸਾਲ ਹਲਕਾ ਮਜੀਠਾ ਦੇ ਪਿੰਡ ਮੱਤੇਵਾਲ ਤੋਂ ਨਿੱਬਰਵਿੰਡ ਵਾਲੀ ਸੜਕ ਤੋਂ ਮਿਲਦੀ ਹੈ ਜੋ ਮੱਤੇਵਾਲ ਤੇ ਨਿਬਰਵਿੰਡ ਵਿਚ ਬੁਰੀ ਤਰ੍ਹਾਂ ਟੁੱਟੀ ਹੋਈ ਹੈ ਜਿਸ ਕਾਰਣ ਲੋਕਾਂ ਨੂੰ ਪੱਕੀ ਸੜਕ ਛੱਡ ਕੇ ਪਿੰਡ ਵਿਚ ਦੀ ਲੰਘਣ ਲਈ ਮਜਬੂਰ ਹੋਣਾ ਪੈਂਦਾ ਹੈ। ਵਿਧਾਨ ਸਭਾ ਹਲਕਾ ਮਜੀਠਾ ਅਤੇ ਮਾਰਕੀਟ ਕਮੇਟੀ ਮਹਿਤਾ ਅਧੀਨ ਪੈਂਦੇ ਇਹ ਦੋਵੇਂ ਪਿੰਡ ਮੱਤੇਵਾਲ ਤੇ ਨਿਬਰਵਿੰਡ ਜਿਥੋਂ ਦੇ ਬਹੁਤ ਵੱਡੇ ਵੱਡੇ ਸਿਆਸਤਦਾਨ ਹੋਏ ਹਨ ਅਤੇ ਇਸ ਸਰਕਾਰ ਵਿੱਚ ਵੀ ਉੱਥੋਂ ਦੇ ਆਗੂ ਆਪਣਾ ਚੰਗਾ ਅਸਰ ਰਸੂਖ ਰੱਖਦੇ ਹਨ ਪਰ ਸ਼ਾਇਦ ਉਨ੍ਹਾਂ ਦੀ ਇਸ ਸੜਕ ਤੇ ਨਜ਼ਰ ਨਹੀਂ ਪੈਂਦੀ। ਇਹ ਸੜਕ ਜੋ ਮੱਤੇਵਾਲ ਤੋਂ ਨਿਕਲਦੀ ਹੈ ਅਤੇ ਇਹ ਸੜਕ ਨਿੱਬਰਵਿੰਡ, ਪਿੰਡ ਸਾਧਪੁਰ ਰਾਹੀਂ ਪਿੰਡ ਤਰਫਾਨ ਤੋਂ ਅੰਮ੍ਰਿਤਸਰ ਮਹਿਤਾ ਰੋਡ ਨਾਲ ਜੁੜਦੀ ਹੈ। ਨਿੱਬਰਵਿੰਡ ਤੋਂ ਮੋਹਨ ਸਿੰਘ ਮਹਿਤਾ ਮਾਰਕਿਟ ਕਮੇਟੀ ਦੇ ਚੇਅਰਮੈਨ ਵੀ ਰਹੇ ਹਨ ਜਿਨ੍ਹਾਂ ਦੀ ਕੋਸ਼ਿਸ਼ ਦੇ ਬਾਵਜੂਦ ਇਹ ਸੜਕ ਮੱਤੇਵਾਲ ਤੇ ਨਿੱਬਰਵਿੰਡ ਵਿੱਚੋਂ ਨਹੀਂ ਬਣ ਸਕੀ ਜਿਸ ਕਾਰਣ ਲੋਕਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਬਿਕਰਮ ਸਿੰਘ ਮਜੀਠੀਆ ਦੇ ਟਾਈਮ ਤੇ ਹਲਕੇ ਦੀਆਂ ਬਹੁਤ ਸੜਕਾਂ ਜੋ ਕਾਫੀ ਸਮੇਂ ਤੋਂ ਨਹੀਂ ਬਣੀਆਂ ਸਨ ਉਹ ਵੀ ਬਣ ਗਈਆਂ ਸਨ ਜੇ ਕਹਿ ਲਿਆ ਜਾਵੇ ਤਾਂ ਉਨ੍ਹਾਂ ਦੇ ਸਮੇਂ ਹਲਕੇ ਵਿੱਚ ਸੜਕਾਂ ਦਾ ਜਾਲ ਵਿਛ ਗਿਆ ਸੀ। 2017 ਵਿੱਚ ਕਾਂਗਰਸ ਪਾਰਟੀ ਦੀ ਸਰਕਾਰ ਬਣੀ ਜਿਨ੍ਹਾਂ ਵੱਲੋਂ ਵੀ ਕੋਈ ਸੜਕਾਂ ਦੀ ਹਾਲਤ ਸੁਧਾਰਨ ਲਈ ਪਹਿਲਕਦਮੀ ਨਹੀਂ ਕੀਤੀ ਅਤੇ ਹੁਣ ਜਦੋਂ ਪੰਜਾਬ ਵਿੱਚ ਆਮ ਆਦਮੀ ਪਾਰਟੀ ਭਗਵੰਤ ਸਿੰਘ ਮਾਨ ਜੋ ਪੰਜਾਬ ਦੇ ਲੋਕਾਂ ਦੀਆਂ ਮੁਸ਼ਕਲਾਂ ਨੂੰ ਸਮਝਦੇ ਹਨ, ਵੱਲੋਂ ਵੀ ਇਸ ਸੜਕ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ। ਇਲਾਕੇ ਦੇ ਲੋਕਾਂ ਨੇ ਹਲਕਾ ਇੰਚਾਰਜ ਸੁਖਵਿੰਦਰ ਰਾਜ ਸਿੰਘ ਲਾਲੀ ਮਜੀਠੀਆ ਤੋਂ ਮੰਗ ਕੀਤੀ ਹੈ ਕਿ ਇਹ ਸੜਕ ਪਿੰਡ ਮੱਤੇਵਾਲ ਅਤੇ ਨਿੱਬੜਵਿੰਡ ਵਿਚ ਬੁਰੀ ਤਰ੍ਹਾਂ ਟੁੱਟੀ ਹੋਈ ਸੜਕ ਦਾ ਟੋਟਾ ਜਲਦੀ ਬਣਾਇਆ ਜਾਵੇ ਤਾਂ ਜੋ ਇਲਾਕੇ ਦੇ ਲੋਕਾਂ ਨੂੰ ਕਿਸੇ ਮੁਸਕਲ ਦਾ ਸਾਹਮਣਾ ਨਾ ਕਰਨਾ ਪਵੇ।

# ਸਰਕਾਰੀਆ ਦੀ ਅਗਵਾਈ 'ਚ ਕਾਂਗਰਸ ਨਗਰ ਪੰਚਾਇਤ ਰਾਜਾਸਾਂਸੀ ਦੀ ਚੋਣ ਸ਼ਾਨ ਨਾਲ ਜਿੱਤੇਗੀ : ਕੱਕੜ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਵਿਧਾਨ ਸਭਾ ਹਲਕਾ ਰਾਜਾਸਾਂਸੀ ਦੀ ਰਾਜਾਸਾਂਸੀ ਦੀ ਨਗਰ ਪੰਚਾਇਤ ਦੀ ਹੋ ਰਹੀ ਚੋਣ ਵਿੱਚ ਕਾਂਗਰਸ ਪਾਰਟੀ ਹਲਕਾ ਰਾਜਾਸਾਂਸੀ ਦੇ ਵਿਧਾਇਕ ਅਤੇ ਸਾਬਕਾ ਕੈਬਨਿਟ ਮੰਤਰੀ ਸੁਖਬਿੰਦਰ ਸਿੰਘ ਸਰਕਾਰੀਆ ਦੀ ਅਗਵਾਈ ਹੇਠ ਸ਼ਾਨਦਾਰ ਜਿੱਤ ਹਾਸਲ ਕਰੇਗੀ ਅਤੇ ਹਲਕੇ ਵਿੱਚ ਆਪਣੀ ਪਕੜ ਬਣਾਈ ਰੱਖੇਗੀ। ਉਕਤ ਵਿਚਾਰਾਂ ਦਾ ਪ੍ਰਗਟਾਵਾ ਅਮਨਦੀਪ ਸਿੰਘ ਕੱਕੜ ਮੀਡੀਆ ਸਲਾਹਕਾਰ ਸਾਬਕਾ ਕੈਬਨਿਟ ਮੰਤਰੀ ਅਤੇ ਵਿਧਾਇਕ ਸੁਖਬਿੰਦਰ ਸਿੰਘ ਸਰਕਾਰੀਆ ਅਤੇ ਬੁਲਾਰਾ ਜ਼ਿਲ੍ਹਾ ਕਾਂਗਰਸ ਕਮੇਟੀ ਅੰਮ੍ਰਿਤਸਰ ਦਿਹਾਤੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਨੂੰ ਡੇਢ ਸਾਲ ਹੋ ਗਿਆ ਹੈ, ਪਰ ਸਰਕਾਰ ਨੇ ਹਲਕੇ ਵਿੱਚ ਅਜੇ ਤੱਕ ਕੋਈ ਵਿਕਾਸ ਦਾ ਕੰਮ ਨਹੀਂ ਕੀਤਾ, ਉਲਟਾ ਸਰਕਾਰੀਆ ਸਾਹਬ ਵੱਲੋਂ ਸ਼ੁਰੂ ਕੀਤੇ ਗਏ ਵਿਕਾਸ ਨੂੰ ਰੋਕਣ ਦਾ ਯਤਨ ਜ਼ਰੂਰ ਕੀਤਾ ਹੈ। ਉਨ੍ਹਾਂ ਕਿਹਾ ਕਿ ਚੋਗਾਵਾਂ ਤੋਂ ਅਜਨਾਲਾ ਜਾਂਦੀ ਸੜਕ ਦਾ ਡੇਢ ਸਾਲ ਬੀਤ ਜਾਣ ਤੇ ਵੀ ਬੁਰਾ ਹਾਲ ਹੈ। ਕੱਕੜ ਨੇ ਕਿਹਾ ਕਿ ਸਰਕਾਰੀਆ ਸਾਹਬ ਨੇ ਜਿਹੜੇ ਪਹੇ ਪੱਕੇ ਕਰਨ ਲਈ ਇੱਟ ਸੀਮੈਂਟ ਵਗੈਰਾ ਭੇਜਿਆ ਸੀ ਸਰਕਾਰ ਬਦਲਣ ਤੇ ਉਹ ਕੰਮ ਰੁੱਕ ਗਿਆ। ਆਪ ਸਰਕਾਰ ਨੇ ਪੱਧਰੀ ਪਿੰਡ ਉਹ ਪਹੇ ਪੱਕੇ ਕਰਨ ਦੀ ਥਾਂ ਓਥੇ ਪਿਆ ਸਮਾਨ ਵੀ ਚੁੱਕ ਲਿਆ । ਉਨ੍ਹਾਂ ਕਿਹਾ ਕਿ ਸੁਖਬਿੰਦਰ ਸਿੰਘ ਸਰਕਾਰੀਆ ਹਲਕਾ ਰਾਜਾਸਾਂਸੀ ਦੀ ਜਨਤਾ ਨੂੰ ਆਪਣਾ ਪਰਿਵਾਰ ਹੀ ਸਮਝਦੇ ਹਨ। ਇਸ ਲਈ ਉਨ੍ਹਾਂ ਜਦੋਂ ਵੀ ਉਨ੍ਹਾਂ ਨੂੰ ਤਾਕਤ ਮਿਲੀ ਉਨ੍ਹਾ ਹਲਕਾ ਰਾਜਾਸਾਂਸੀ ਦਾ ਵਿਕਾਸ ਬਿਨਾਂ ਕਿਸੇ ਵਿਤਕਰੇ ਦੇ ਵੱਡੀ ਪੱਧਰ ਤੇ ਕਰਵਾਇਆ। ਦਿਲਰਾਜ ਸਿੰਘ ਸਰਕਾਰੀਆ ਚੇਅਰਮੈਨ ਜਿਲ੍ਹਾ ਪ੍ਰੀਸ਼ਦ ਨੇ ਕਰੂਨਾ ਸਮੇਂ ਆਪਣੀ ਸਿਹਤ ਦੀ ਪ੍ਰਵਾਹ ਕੀਤੇ ਬਿਨਾਂ ਹਰ ਘਰ ਵਿੱਚ ਰਾਸ਼ਨ ਪਹੁੰਚਾਇਆ। ਕੱਕੜ ਨੇ ਕਿਹਾ ਕਿ ਆਪ ਸਰਕਾਰ ਨੇ ਵਿਕਾਸ ਕਰਵਾਉਣ ਦੀ ਥਾਂ ਕਾਂਗਰਸ ਪੱਖੀ ਪੰਚਾਇਤਾਂ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਕਿਹਾ ਕਿ ਸਰਕਾਰੀਆ ਸਾਹਬ ਨੇ ਆਪਣੇ ਕਾਰਜਕਾਲ ਦੌਰਾਨ ਕਿਸੇ ਨਾਲ ਕੋਈ ਵਧੀਕੀ ਨਹੀਂ ਕੀਤੀ, ਨਾ ਹੀ ਕਿਸੇ ਨਾਲ ਕੋਈ ਵਿਤਕਰਾ ਕੀਤਾ।

# ਸਰਕਾਰੀ ਕਾਲਜ ਸਿੱਧਪੁਰ 'ਚ ਵਿੱਦਿਅਕ ਸੈਸ਼ਨ ਆਰੰਭ



**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**-ਸਰਕਾਰੀ ਕਾਲਜ ਸਿੱਧਪੁਰ ਵਿਖੇ ਸੈਸ਼ਨ 2023-24 ਦਾ ਸ਼ੁੱਭ ਆਰੰਭ ਕਾਲਜ ਪ੍ਰਿੰਸੀਪਲ ਡਾ. ਸੁਰਜੀਤ ਸਿੰਘ ਦੀ ਪ੍ਰਧਾਨਗੀ ਹੇਠ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰਵਾ ਕੇ ਕੀਤਾ ਗਿਆ। ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਕਾਲਜ ਪ੍ਰਿੰਸੀਪਲ, ਸਮੂਹ ਸਟਾਫ ਅਤੇ ਵਿਦਿਆਰਥੀਆਂ ਨੇ ਮੁੱਖ ਮਹਿਮਾਨ ਸ਼ਮਸ਼ੇਰ ਸਿੰਘ ਦਾ ਭਰਵਾਂ ਸਵਾਗਤ ਕੀਤਾ। ਇਸ ਮੌਕੇ ਪ੍ਰਿੰਸੀਪਲ ਡਾ. ਸੁਰਜੀਤ ਸਿੰਘ ਨੇ ਕਾਲਜ ਦੇ ਵਿਦਿਆਰਥੀਆਂ ਲਈ ਬੱਸ ਸੇਵਾ ਸ਼ੁਰੂ ਕਰਵਾਉਣ ਅਤੇ ਦਿਹਾੜੀਦਾਰ ਕਰਮਚਾਰੀਆਂ ਲਈ ਸਰਕਾਰੀ ਖਜਾਨੇ ਵਿੱਚੋਂ ਵੇਤਨ ਦੇਣ ਲਈ ਮੰਗ ਕੀਤੀ। ਇਸ ਮੌਕੇ ਸੰਬੋਧਨ ਕਰਦਿਆਂ ਹਲਕਾ ਇੰਚਾਰ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਵਚਨਬੱਧ ਹੈ। ਉਨ੍ਹਾਂ ਕਰਮਚਾਰੀਆਂ ਦੀਆਂ ਸਮੱਸਿਆਵਾਂ ਪੰਜਾਬ ਸਰਕਾਰ ਦੇ ਧਿਆਨ ਵਿੱਚ ਲਿਆਉਣ ਅਤੇ ਤੁਰੰਤ ਹੱਲ ਕਰਵਾਉਣ ਲਈ ਭਰੋਸਾ ਵੀ ਦਿੱਤਾ।

ਇਸ ਮੌਕੇ ਰੰਜਨਾ ਗੁਪਤਾ, ਰਾਹੁਲ ਰਾਣਾ, ਸਮੂਹ ਸਟਾਫ, ਵਿਨੋਦ ਕੁਮਾਰ ਹੈਪੀ, ਬੀਬੀ ਮਮਤਾ ਰਾਣੀ, ਪ੍ਰਧਾਨ ਮਹਾਤਮਾ ਜੋਤੀ ਰਾਓ ਫੂਲੇ ਸੇਵਾ ਸੋਸਾਇਟੀ ਪਠਾਨਕੋਟ ਤੋਂ ਇਲਾਵਾ ਇਲਾਕੇ ਦੇ ਪਤਵੰਤੇ ਸੱਜਣ ਹਾਜ਼ਰ ਸਨ।

# ਆਮ ਆਦਮੀ ਪਾਰਟੀ ਦਾ ਕੁਨਬਾ ਦਿਨੋਂ-ਦਿਨ ਵੱਧਦਾ ਜਾ ਰਿਹਾ : ਈ.ਟੀ.ਓ.

## ਪਿੰਡ ਸੈਦੋਂ ਲਹਿਲ ਦੀ ਸਮੂਹ ਪੰਚਾਇਤ ਕਾਂਗਰਸ ਛੱਡ ਕੇ 'ਆਪ' 'ਚ ਸ਼ਾਮਲ

**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**-ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਸਰਕਾਰ ਦੇ ਕੰਮਾਂ ਅਤੇ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਵੱਡੀ ਗਿਣਤੀ ਵਿੱਚ ਲੋਕ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ ਅਤੇ ਆਮ ਆਦਮੀ ਪਾਰਟੀ ਵਿਕਾਸ ਦੀ ਰਾਜਨੀਤੀ ਕਰ ਰਹੀ ਹੈ ਅਤੇ ਬਿਨਾਂ ਕਿਸੇ ਪੱਖਪਾਤ ਦੇ ਸੂਬੇ ਦਾ ਵਿਕਾਸ ਕੀਤਾ ਜਾ ਰਿਹਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਨੇ ਅੱਜ ਹਲਕਾ ਜੰਡਿਆਲਾ ਗੁਰੂ ਦੇ ਪਿੰਡ ਸੈਦੋਂ ਲਹਿਲ ਦੀ ਸਮੂਹ ਪੰਚਾਇਤ ਨੂੰ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਕਰਦੇ ਸਮੇਂ ਕੀਤਾ। ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਦੀਆਂ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਵੱਡੀ ਗਿਣਤੀ ਵਿੱਚ ਲੋਕ ਸਾਡੀ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ। ਉਨ੍ਹਾਂ ਦੱਸਿਆ ਕਿ ਪਿੰਡ ਸੈਦੋਂ ਲਹਿਲ ਦੀ ਸਮੂਹ ਪੰਚਾਇਤ ਜਿਸ ਵਿੱਚ ਸਰਪੰਚ ਧਰਮਿੰਦਰ ਸਿੰਘ, ਮੈਂਬਰ ਪੰਚਾਇਤ ਗੁਰਦਿਆਲ ਸਿੰਘ, ਪ੍ਰੇਮ ਸਿੰਘ, ਹਰਚਰਨ ਸਿੰਘ, ਹਜ਼ੂਰ ਸਿੰਘ, ਦਿਲਬਾਗ ਸਿੰਘ, ਸੰਤੋਖ ਸਿੰਘ, ਹਰਜੀਤ ਸਿੰਘ ਅਤੇ ਸਤਨਾਮ ਸਿੰਘ ਕਾਂਗਰਸ ਨੂੰ ਛੱਡ ਕੇ ਆਪਣੇ ਪਰਿਵਾਰਾਂ ਸਮੇਤ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ ਹਨ। ਸ: ਈ.ਟੀ.ਓ. ਨੇ ਸ਼ਾਮਲ ਹੋਣ ਵਾਲੀ ਪੰਚਾਇਤ ਨੂੰ ਵਿਸ਼ਵਾਸ ਦਿਵਾਇਆ ਕਿ ਆਮ ਆਦਮੀ ਪਾਰਟੀ ਵਿੱਚ ਤੁਹਾਡਾ ਪੂਰਾ ਬਣਦਾ ਮਾਨ ਸਤਿਕਾਰ ਕੀਤਾ ਜਾਵੇਗਾ ਅਤੇ ਉਨ੍ਹਾਂ ਕਿਹਾ ਕਿ ਪਿੰਡ ਸੈਦੋਂ ਲਹਿਲ ਦੇ ਵਿਕਾਸ ਕਾਰਜ ਪਹਿਲ ਦੇ ਆਧਾਰ ਤੇ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਆਮ ਆਦਮੀ ਪਾਰਟੀ ਦੇ ਆਗੂ ਮੇਜਰ ਸਿੰਘ ਦੀ ਅਗਵਾਈ ਹੇਠ ਇਹ ਸਮੂਹ ਪੰਚਾਇਤ ਸਾਡੀ ਪਾਰਟੀ ਵਿੱਚ ਸ਼ਾਮਲ ਹੋਈ ਹੈ। ਇਸ ਮੌਕੇ ਸੂਬੇਦਾਰ ਸਨਾਖ ਸਿੰਘ, ਸਤਿੰਦਰ ਸਿੰਘ, ਸੁਖਵਿੰਦਰ ਸਿੰਘ, ਗੁਰਜਿੰਦਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਵਰਕਰ ਹਾਜ਼ਰ ਸਨ।



# ਭਾਈ ਸੁਖਪਾਲ ਸਿੰਘ ਨੂੰ ਗਹਿਰਾ ਸਦਮਾ, ਮਾਤਾ ਦਾ ਦਿਹਾਂਤ



**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)**-ਸਤਿਕਾਰ ਕਮੇਟੀ ਸਰਕਲ ਭਿੱਖੀਵਿੰਡ ਦੇ ਆਗੂ ਭਾਈ ਸੁਖਪਾਲ ਸਿੰਘ ਨੂੰ ਉਸ ਵੇਲੇ ਗਹਿਰਾ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਸਤਿਕਾਰਯੋਗ ਮਾਤਾ ਹਰਜੀਤ ਕੌਰ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ। ਮਾਤਾ ਹਰਜੀਤ ਕੌਰ (85) ਦਾ ਅੰਤਿਮ ਸੰਸਕਾਰ ਉਨ੍ਹਾਂ ਦੇ ਜੱਦੀ ਪਿੰਡ ਅਲਗੋਂ ਕੋਠੀ ਵਿਖੇ ਕਰ ਦਿੱਤਾ ਗਿਆ ਹੈ। ਉਨ੍ਹਾਂ ਦੀ ਮ੍ਰਿਤਕ ਦੇਹ ਨੂੰ ਅਗਨ ਭੇਟ ਕਰਨ ਸਮੇਂ ਹਰ ਅੱਖ ਨਮ ਨਜ਼ਰ ਆਈ। ਇਸ ਮੌਕੇ ਸਤਿਕਾਰ ਕਮੇਟੀ ਪੰਜਾਬ ਦੇ ਆਗੂ ਭਾਈ ਰਣਜੀਤ ਸਿੰਘ ਉਧੋਕੇ, ਭਾਈ ਰਮਨੀਕ ਸਿੰਘ, ਭਾਈ ਹਰਮਨਪ੍ਰੀਤ ਸਿੰਘ, ਸੁਖਬੀਰ ਸਿੰਘ ਬੱਬਲ, ਪ੍ਰਿੰਤਪਾਲ ਸਿੰਘ ਅਤੇ ਭਾਈ ਜੁਗਰਾਜ ਸਿੰਘ ਵਾਂ ਤੋਂ ਇਲਾਵਾਂ ਅਨੇਕਾ ਸਿੱਖ ਜਥੇਬੰਦੀਆਂ ਦੇ ਆਗੂਆਂ ਵੱਲੋਂ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਗਿਆ।

# ਅਜਨਾਲਾ ਸ਼ਹਿਰ ਦੀ ਕਾਇਆ ਕਲਪ ਕੀਤੀ ਜਾਵੇਗੀ : ਧਾਲੀਵਾਲ



**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**-ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਅਜਨਾਲਾ ਸ਼ਹਿਰ ਦੀਆਂ ਬੁਨਿਆਦੀ ਲੋੜਾਂ, ਜੋ ਕਿ ਆਜ਼ਾਦੀ ਦੇ 75 ਸਾਲ ਬਾਅਦ ਵੀ ਪੂਰੀਆਂ ਨਹੀਂ ਹੋ ਸਕੀਆਂ, ਨੂੰ ਆਉਂਦੇ ਚੰਦ ਮਹੀਨਿਆਂ ਵਿਚ ਪੂਰੇ ਕਰਨ ਦਾ ਐਲਾਨ ਕਰਦੇ ਕਿਹਾ ਕਿ ਅਜਨਾਲਾ ਸ਼ਹਿਰ ਦੀ ਕਾਇਆ ਕਲਪ ਕਰਨ ਵਿਚ ਕੋਈ ਕਸਰ ਨਹੀਂ ਛੱਡੀ ਜਾਵੇਗੀ। ਉਨ੍ਹਾਂ ਅਜਨਾਲਾ ਸ਼ਹਿਰ ਵਿਚ ਲੋਕਾਂ ਨੂੰ ਸਾਫ ਤੇ ਠੰਡਾ ਪਾਣੀ ਮੁਹੱਈਆ ਕਰਵਾਉਣ ਲਈ 6 ਵਾਟਰ ਕੂਲਰ ਲਗਾਉਣ ਦੀ ਸ਼ੁਰੂਆਤ ਸ਼ਹੀਦਾਂ ਵਾਲੇ ਗੁਰਦੁਆਰੇ ਤੋਂ ਕਰਨ ਮਗਰੋਂ ਇਸ ਗੁਰੂ ਘਰ ਲਈ ਇਕ ਲੱਖ ਰੁਪਏ ਦੇਣ ਦਾ ਐਲਾਨ ਵੀ ਕੀਤਾ। ਉਨ੍ਹਾਂ ਕਿਹਾ ਕਿ ਛੇਤੀ ਹੀ ਇਥੇ ਸਿਹਤ ਸਹੂਲਤਾਂ ਦੀ ਲੋੜ ਪੂਰੀ ਕਰਨ ਲਈ ਡਿਸਪੈਂਸਰੀ ਵੀ ਸ਼ੁਰੂ ਕਰ ਦਿੱਤੀ ਜਾਵੇਗੀ। ਸ. ਧਾਲੀਵਾਲ ਨੇ ਕਿਹਾ ਕਿ ਅਜਨਾਲਾ ਸ਼ਹਿਰ ਦੀ ਸੁਰੱਖਿਆ ਲਈ ਸੜਕਾਂ ਦੇ ਨਾਲ-ਨਾਲ ਕੈਮਰੇ, ਲਾਇਟਾਂ ਲਗਾਉਣ ਦਾ ਕੰਮ ਵੀ ਪੂਰਾ ਕੀਤਾ ਜਾਵੇਗਾ। ਉਨ੍ਹਾਂ ਇਸ ਮੌਕੇ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਨੂੰ ਸਿੱਖ ਕਤਲੇਆਮ ਕੇਸ ਵਿਚ ਅਦਾਲਤ ਵੱਲੋਂ ਦਿੱਤੀ ਜ਼ਮਾਨਤ ਉਤੇ ਪ੍ਰਤੀਕਰਮ ਦਿੰਦੇ ਕਿਹਾ ਕਿ ਬੜੀ ਮਾੜੀ ਗੱਲ ਹੈ ਕਿ 40 ਸਾਲ ਹੋ ਚੱਲੇ ਹਨ, ਪਰ ਅਜੇ ਤੱਕ ਸਾਨੂੰ ਇਸ ਕੇਸ ਵਿਚ ਇਨਸਾਫ ਨਹੀਂ ਮਿਲਿਆ। ਉਨ੍ਹਾਂ ਕਿਹਾ ਕਿ ਪੰਜਾਬ ਕਾਂਗਰਸ ਦੇ ਕਿਸੇ ਆਗੂ ਨੇ ਕਦੇ ਵੀ ਇਸ ਮੁੱਦੇ ਉਤੇ ਸਿੱਖਾਂ ਦੀ ਆਵਾਜ਼ ਨਹੀਂ ਚੁੱਕੀ।

# ਬਾਬਾ ਆਇਆ ਸਿੰਘ ਰਿਆੜਕੀ ਸਕੂਲ ਤੁਗਲਵਾਲਾ ਵਿਖੇ ਭਗਤ ਪੂਰਨ ਸਿੰਘ ਦਿਵਸ ਮਨਾਇਆ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਰਿਆੜਕੀ ਇਲਾਕੇ ਦੀ ਮਾਣਮੱਤੀ ਸੰਸਥਾ ਬਾਬਾ ਆਇਆ ਸਿੰਘ ਰਿਆੜਕੀ ਪਬਲਿਕ ਸਕੂਲ ਤੁਗਲਵਾਲਾ ਜੋ ਕਿ ਅਕਾਦਮਿਕ ਸਿੱਖਿਆ ਦੇ ਨਾਲ ਨਾਲ ਵਿਦਿਆਰਥੀਆਂ ਨੂੰ ਆਪਣੇ ਅਣਮੁੱਲੇ ਵਿਰਸੇ ਨਾਲ ਜੋੜਨ ਦਾ ਲਗਾਤਾਰ ਯਤਨ ਕਰ ਰਹੀ ਹੈ, ਵਿਖੇ ਲੂਲਿਆਂ ਲੰਗੜਿਆਂ ਦੀ ਸੇਵਾ ਕਰਨ ਵਾਲੇ, ਪੁਸਤਕ ਪ੍ਰੇਮੀ, ਕੁਦਰਤ ਨਾਲ ਮੋਹ ਰੱਖਣ ਵਾਲੇ, ਮਨੁੱਖਤਾ ਦੇ ਨਿਸ਼ਕਾਮ ਸੇਵਕ ਭਗਤ ਪੂਰਨ ਸਿੰਘ ਜੀ ਦੀ ਯਾਦ ਵਿੱਚ ਭਗਤ ਪੂਰਨ ਸਿੰਘ ਦਿਵਸ ਮਨਾਉਂਦਿਆਂ ਹੋਇਆਂ ਸੰਸਥਾ ਵਿੱਚ ਉਨ੍ਹਾਂ ਦੀ ਵਿਚਾਰਧਾਰਾ ਅਤੇ ਜੀਵਨੀ ਦੀ ਪੇਸ਼ਕਾਰੀ ਕਰਦੇ ਹੋਏ, ਲੈਕਚਰ ਮੁਕਾਬਲੇ, ਬੋਰਡ ਲਿਖਾਈ ਮੁਕਾਬਲੇ, ਮੈਗਜ਼ੀਨ ਮੁਕਾਬਲੇ, ਪੇਂਟਿੰਗ ਮੁਕਾਬਲੇ ਕਰਵਾਏ ਗਏ। ਲੈਕਚਰ ਮੁਕਾਬਲਿਆਂ ਵਿੱਚ ਦੱਸਵੀਂ ਜਮਾਤ ਦੀ ਵਿਦਿਆਰਥਣ ਜਸ਼ਨਪ੍ਰੀਤ ਕੌਰ ਨੇ ਆਪਣੇ ਲੈਕਚਰ ਰਾਹੀਂ ਭਗਤ ਜੀ ਦੇ ਸਾਦੇ ਜੀਵਨ ਅਤੇ ਸਾਦੀ ਰਹਿਣੀ ਬਹਿਣੀ ਉਪਰ ਚਾਨਣਾ ਪਾਇਆ। ਮਹਿਕਪ੍ਰੀਤ ਕੌਰ ਕਲਾਸ ਗਿਆਰ੍ਹਵੀਂ ਨੇ ਭਗਤ ਪੂਰਨ ਸਿੰਘ ਜੀ ਦੀ ਅਣਥੱਕ ਮਿਹਨਤ ਅਤੇ ਮਨੁੱਖਤਾ ਦੀ ਨਿਸ਼ਕਾਮ ਸੇਵਾ ਵਿੱਚ ਯੋਗਦਾਨ ਬਾਰੇ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ। ਇਸ ਤੋਂ ਇਲਾਵਾ ਕਵਿਤਾ ਮੁਕਾਬਲੇ ਵਿੱਚ ਨਵਨੀਤ ਕੌਰ, ਗੁਰਪ੍ਰੀਤ ਕੌਰ ਅਤੇ ਅਮਰੋਜ ਕੌਰ ਨੇ ਕਵਿਤਾਵਾਂ ਰਾਹੀਂ ਵਿਦਿਆਰਥੀਆਂ ਨੂੰ ਭਗਤ ਪੂਰਨ ਸਿੰਘ ਜੀ ਦੇ ਉਪਦੇਸ਼ਾਂ ਤੋਂ ਜਾਣੂ ਕਰਵਾਇਆ। ਵਿਦਿਆਰਥੀਆਂ ਨੂੰ ਦੱਸਿਆ ਗਿਆ ਕਿ ਭਗਤ ਪੂਰਨ ਸਿੰਘ ਦਾਨ ਲੈਣ ਦੇ ਬਿਲਕੁਲ ਉਲਟ ਗਰੀਬ ਦਾ ਮੂੰਹ ਗੁਰੂ ਦੀ ਗੋਲਕ ਦੇ ਵਾਕ ਅਨੁਸਾਰ ਲੋਕਾਂ ਦੀਆਂ ਜੇਬਾਂ ਪਵਿੱਤਰ ਕਰਨ ਵਿੱਚ ਯਕੀਨ ਰੱਖਦੇ ਸਨ। ਉਹ ਲੂਲੇ ਲੰਗੜੇ, ਬੇਸਹਾਰਿਆਂ ਅਤੇ ਨਿਥਾਵਿਆਂ ਲਈ ਇੱਕ ਫ਼ਰਿਸ਼ਤੇ ਦੀ ਤਰ੍ਹਾਂ ਸਨ, ਜਿਨ੍ਹਾਂ ਨੇ ਅੰਮ੍ਰਿਤਸਰ ਵਿਖੇ ਇੱਕ ਪਿੰਗਲਵਾੜਾ ਬਣਾਇਆ ਜੋ ਕਿ ਅੱਜ ਵੀ ਬੇਸਹਾਰਿਆਂ ਦੀ ਸੇਵਾ ਕਰ ਰਿਹਾ ਹੈ। ਸੰਸਥਾ ਵਿੱਚ ਵਿਦਿਆਰਥੀਆ ਨੂੰ ਭਗਤ ਜੀ ਦੇ ਜੀਵਨ ਸਬੰਧੀ ਕੁੱਝ ਘਟਨਾਵਾਂ ਦੀ ਪੇਸ਼ਕਾਰੀ ਕਰਦੀਆਂ ਡਾਕੂਮੈਂਟਰੀ ਵੀ ਵਿਖਾਈਆਂ ਗਈਆਂ। ਨਾ ਦਿਉ ਸ਼ਰਧਾਂਜਲੀਆਂ, ਸ਼ਰਧਾਂਜਲੀਆਂ 'ਚ ਕੀ ਪਿਆ, ਉਸ ਵਰਗੇ ਬਣ ਜਾਓ ਮਰਨ ਵਾਲਾ ਜੀਅ ਪਿਆ, ਅਨੁਸਾਰ ਸੰਸਥਾ ਦੇ ਵਿਦਿਆਰਥੀਆਂ ਨੇ ਭਗਤ ਪੂਰਨ ਸਿੰਘ ਦਿਵਸ ਨੂੰ ਹੋਰ ਵਿਸ਼ੇਸ਼ ਬਣਾਉਣ ਲਈ ਪਿਛਲੇ ਦਿਨਾਂ ਵਿੱਚ ਪੰਜਾਬ ਵਿੱਚ ਕੁਦਰਤੀ ਮਾਰ ਹੇਠ ਆਏ ਹੜ੍ਹ ਪੀੜਤਾਂ ਦੀ ਮਦਦ ਕਰਨ ਦਾ ਪ੍ਰਣ ਲਿਆ ਅਤੇ ਕਿਹਾ ਕਿ ਉਹ ਆਪਣੇ ਜੇਬ ਖਰਚ ਵਿੱਚੋਂ ਕਲਾਸ ਵਾਇਜ ਪੈਸੇ ਇਕੱਠੇ ਕਰਕੇ ਹੜ੍ਹ ਪੀੜਤ ਇਲਾਕਿਆਂ ਵਿੱਚ ਲੋਕਾਂ ਦੀ ਮਦਦ ਕਰਕੇ ਭਗਤ ਪੂਰਨ ਜੀ ਦੇ ਆਸੇ ਅਨੁਸਾਰ ਆਪਣੀਆਂ ਜੇਬਾਂ ਪਵਿੱਤਰ ਕਰਨਗੇ। ਇਸ ਮੌਕੇ ਸੰਸਥਾ ਦੇ ਮੁੱਖ ਪ੍ਰਬੰਧਕ ਗਗਨਦੀਪ ਸਿੰਘ ਵਿਰਕ ਨੇ ਵਿਦਿਆਰਥੀਆਂ ਨੂੰ ਭਗਤ ਪੂਰਨ ਸਿੰਘ ਜੀ ਨਾਲ ਉਨ੍ਹਾਂ ਦੀ ਮਿਲਣੀ, ਭਗਤ ਜੀ ਦੇ ਸਾਦੇ ਜੀਵਨ ਤੇ ਉਨ੍ਹਾਂ ਦੁਆਰਾ ਛਪਵਾਏ ਗਏ ਕਿਤਾਬਚਿਆਂ ਬਾਰੇ ਗੱਲਬਾਤ ਕੀਤੀ। ਉਨ੍ਹਾਂ ਨੇ ਇਸ ਵਿਸ਼ੇਸ਼ ਮੌਕੇ ਤੇ ਵਿਦਿਆਰਥੀਆਂ ਦੀ ਦੁਖਿਆਰਿਆਂ ਦੇ ਦੁੱਖ ਵਿੱਚ ਸਰੀਕ ਹੋਣ ਦੀ ਪ੍ਰਵਿਰਤੀ ਅਤੇ ਭਗਤ ਪੂਰਨ ਸਿੰਘ ਦੇ ਉਪਦੇਸ਼ ਨੂੰ ਮੰਨਣ ਦੇ ਪ੍ਰਣ ਦੀ ਪ੍ਰਸੰਸਾ ਵੀ ਕੀਤੀ। ਸਮਾਗਮ ਦੇ ਅੰਤ ਵਿੱਚ ਮੁਕਾਬਲਿਆਂ ਵਿੱਚ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਨੂੰ ਸਨਮਾਨ ਚਿੰਨ੍ਹਾਂ ਨਾਲ ਸਨਮਾਨਿਤ ਕੀਤਾ ਗਿਆ।

# ਵਿਦਿਆਰਥੀਆਂ ਨੂੰ ਡੇਂਗੂ ਤੇ ਅੱਖਾਂ ਦੇ ਫਲੂ ਬਾਰੇ ਜਾਣੂ ਕਰਵਾਇਆ



**ਮਜੀਠਾ (ਸੋਇਮ ਆਨੰਦ)**-ਕਮਿਊਨਿਟੀ ਹੈਲਥ ਸੈਂਟਰ ਮਜੀਠਾ ਵਲੋਂ ਸਿਵਲ ਸਰਜਨ ਅੰਮ੍ਰਿਤਸਰ ਡਾ: ਵਿਜੇ ਕੁਮਾਰ, ਐੱਸਐੱਮਓ ਸਤਨਾਮ ਸਿੰਘ ਗਿੱਲ ਮਜੀਠਾ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਜੀਠਾ ਤੇ ਨਾਗ ਕਲਾਂ ਵਿਖੇ ਡੇਂਗੂ ਅਤੇ ਅੱਖਾਂ ਦੇ ਫਲੂ ਸਬੰਧੀ ਕੈਂਪ ਲਗਾ ਕੇ ਵਿਦਿਆਰਥੀਆਂ ਨੂੰ ਇਨ੍ਹਾਂ ਬੀਮਾਰੀਆਂ ਬਾਰੇ ਜਾਗਰੂਕ ਕੀਤਾ ਗਿਆ। ਸੈਨੇਟਰੀ ਇੰਸਪੈਕਟਰ ਰਾਧੇਸ਼ਾਮ ਅਤੇ ਸਕੂਲ ਹੈਲਥ ਪ੍ਰੋਗਰਾਮ ਇੰਚਾਰਜ ਡਾ: ਜੋਗੀਤਾ ਨੇ ਬੱਚਿਆਂ ਨੂੰ ਡੇਂਗੂ ਅਤੇ ਅੱਖਾਂ ਦੇ ਫਲੂ ਬਾਰੇ ਵਿਸਥਾਰਪੂਰਵਕ ਜਾਣਕਾਰੀ ਤੇ ਇਨ੍ਹਾਂ ਤੋਂ ਬਚਾਉ ਕਿਦਾਂ ਕਰਨਾ ਹੈ, ਇਸ ਬਾਰੇ ਸੰਖੇਪ ਵਿੱਚ ਦੱਸਿਆ ਗਿਆ। ਉਨ੍ਹਾਂ ਕਿਹਾ ਕਿ ਡੇਂਗੂ ਦਾ ਮੱਛਰ ਸਾਫ ਖੜ੍ਹੇ ਪਾਣੀ ਦੇ ਸੋਮਿਆਂ ਤੋਂ ਪੈਦਾ ਹੁੰਦਾ ਹੈ। ਇਹ ਮਾਦਾ ਮੱਛਰ ਏਡੀਜ ਇਜਿਪਟੀ ਦੇ ਕੱਟਣ ਨਾਲ ਹੁੰਦਾ ਹੈ। ਇਸ ਦੇ ਮੁੱਖ ਲੱਛਣ ਤੇਜ ਬੁਖਾਰ, ਸਿਰ ਦਰਦ, ਚਮੜੀ ਤੇ ਧੱਫੜ ਹੁੰਦੇ ਹਨ ਇਸ ਤੋਂ ਬਚਾਅ ਲਈ ਪਾਣੀ ਦੇ ਡੱਬੇ, ਬਰਤਨ, ਕੂਲਰ ਅਤੇ ਫਰਿੱਜ ਦੀਆਂ ਟਰੇਆਂ ਨੂੰ ਜਿੰਨਾ ਹੋ ਸਕੇ ਸਾਫ ਰੱਖਿਆ ਜਾਵੇ ਤਾਂ ਜੋ ਮੱਛਰ ਪੈਦਾ ਹੋਣ ਤੋਂ ਪਹਿਲਾਂ ਹੀ ਉਨ੍ਹਾਂ ਨੂੰ ਖਤਮ ਕੀਤਾ ਜਾ ਸਕੇ। ਉਨ੍ਹਾਂ ਦੱਸਿਆ ਕਿ ਡੇਂਗੂ ਬੁਖਾਰ ਦਾ ਟੈਸਟ ਅਤੇ ਇਲਾਜ ਹਰ ਸਰਕਾਰੀ ਹਸਪਤਾਲ ਵਿੱਚ ਮੁਫਤ ਕੀਤਾ ਜਾਂਦਾ ਹੈ। ਬੱਚਿਆਂ ਨੂੰ ਜਾਣਕਾਰੀ ਦਿੰਦੇ ਹੋਏ ਸੈਨੇਟਰੀ ਇੰਸਪੈਕਟਰ ਰਾਧੇਸ਼ਾਮ ਨੇ ਦੱਸਿਆ ਕਿ ਸਾਧਾਰਨ ਡੇਂਗੂ ਬੁਖਾਰ ਕਰੀਬ 5 ਤੋਂ 7 ਦਿਨ ਰਹਿੰਦਾ ਹੈ, ਜਿਸ ਤੋਂ ਬਾਅਦ ਮਰੀਜ਼ ਠੀਕ ਹੋ ਜਾਂਦਾ ਹੈ। ਇਸ ਦੌਰਾਨ ਡਾ. ਯੋਗਿਤਾ, ਡਾ: (ਹੋਮੀਓਪੈਥੀ) ਅਰਮਾਨਪ੍ਰੀਤ ਕੌਰ, ਡਾ: ਪ੍ਰੇਰਨਾ ਸ਼ਰਮਾ, ਸੈਨੇਟਰੀ ਇੰਸਪੈਕਟਰ ਰਾਧੇਸ਼ਾਮ, ਏਐਨਐਮ ਸਤਿੰਦਰ ਕੌਰ, ਆਸ਼ਾ ਵਰਕਰ ਸੋਫੀਆ ਅਤੇ ਰਘੂਵੀਰ ਤੋਂ ਇਲਾਵਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਮਜੀਠਾ ਦੇ ਪ੍ਰਿੰਸੀਪਲ ਮੋਨਾ ਕੌਰ, ਅਧਿਆਪਕ ਰੰਜਿੰਦਰ ਕੁਮਾਰ, ਰਾਜੀਵ ਕੁਮਾਰ, ਗੁਰਦੀਪ ਕੌਰ ਤੇ ਨਾਗ ਕਲਾਂ ਸਕੂਲ ਦੇ ਪ੍ਰਿੰਸੀਪਲ ਵਰੁਣ ਕੁਮਾਰ, ਅਧਿਆਪਕ ਵਿਕਰਮ ਕੁਮਾਰ, ਜਗਜੀਤਪ੍ਰੀਤ ਸਿੰਘ ਆਦਿ ਹਾਜ਼ਰ ਸਨ।

7-Aug-PAGE-4.qxd 8/6/2023 10:02 PM Page 1



# ਮੇਵਾਤ ਦੰਗੇ ਭਾਜਪਾ ਨੂੰ ਮਹਿੰਗੇ ਪੈਣਗੇ

ਬੀਤੇ ਸੋਮਵਾਰ ਹਰਿਆਣਾ ਦੇ ਮੇਵਾਤ ਇਲਾਕੇ ਵਿੱਚ ਭੜਕੀ ਹਿੰਸਾ ਪੂਰੀ ਤਰ੍ਹਾਂ ਯੋਜਨਾਬੱਧ ਸੀ। ਦੱਖਣੀ ਹਰਿਆਣਾ ਦੇ ਇਸ ਇਲਾਕੇ ਵਿੱਚ ਮੇਵ ਮੁਸਲਮਾਨਾਂ ਦੀ ਕਾਫ਼ੀ ਵੱਡੀ ਗਿਣਤੀ ਰਹਿੰਦੀ ਹੈ। ਦੇਸ਼ ਦੀ ਵੰਡ ਸਮੇਂ ਮਹਾਤਮਾ ਗਾਂਧੀ ਦੇ ਕਹਿਣ ਉੱਤੇ ਇਨ੍ਹਾਂ ਲੋਕਾਂ ਨੇ ਹਿੰਦੋਸਤਾਨ ਵਿੱਚ ਹੀ ਰਹਿਣ ਦਾ ਫ਼ੈਸਲਾ ਕਰ ਲਿਆ ਸੀ। ਮੇਵ ਅਸਲ ਵਿੱਚ ਇੱਕ ਧਰਮ ਨਾ ਹੋ ਕੇ ਇੱਕ ਸੰਸਕ੍ਰਿਤੀ ਹੈ। ਮੁਸਲਮਾਨਾਂ ਵਿੱਚ ਕੋਈ ਗੋਤ ਨਹੀਂ ਹੁੰਦਾ, ਪਰ ਮੇਵ ਮੁਸਲਮਾਨਾਂ ਦੇ ਜਾਟ ਜਾਂ ਜੱਟਾਂ ਵਾਂਗ 52 ਗੋਤ ਹਨ। ਇਨ੍ਹਾਂ ਵਿੱਚੋਂ 5 ਗੋਤਾਂ ਵਾਲੇ ਤਾਂ ਆਪਣੇ ਆਪ ਨੂੰ ਯਾਦੂਵੰਸ਼ੀ ਭਾਵ ਕ੍ਰਿਸ਼ਨ ਦਾ ਅੰਸ਼ ਮੰਨਦੇ ਹਨ। ਇਹ ਠੇਠ ਹਰਿਆਣਵੀ ਬੋਲਦੇ ਹਨ। ਇਨ੍ਹਾਂ ਦੇ ਲੋਕ ਗੀਤ, ਤੀਜ-ਤਿਉਹਾਰ ਵੀ ਜਾਟਾਂ ਵਰਗੇ ਹਨ।

ਇਹ ਇਲਾਕਾ ਰਾਜਸਥਾਨ, ਪੱਛਮੀ ਉੱਤਰ ਪ੍ਰਦੇਸ਼ ਤੇ ਦਿੱਲੀ ਦੇ ਘੇਰੇ ਵਿੱਚ ਆਉਂਦਾ ਹੈ। ਹਿੰਦੂਤਵੀਆਂ ਨੇ ਫਸਾਦ ਭੜਕਾਉਣ ਲਈ ਇਸ ਇਲਾਕੇ ਨੂੰ ਇਸ ਲਈ ਚੁਣਿਆ, ਕਿਉਂਕਿ ਇੱਥੇ ਭੜਕੀ ਫਿਰਕੂ ਅੱਗ ਹਰਿਆਣਾ ਦੇ ਨਾਲ-ਨਾਲ ਦਿੱਲੀ, ਰਾਜਸਥਾਨ ਤੇ ਯੂ ਪੀ ਨੂੰ ਵੀ ਆਪਣੀ ਲਪੇਟ ਵਿੱਚ ਲੈ ਸਕਦੀ ਸੀ। ਆਮ ਤੌਰ ਉੱਤੇ ਦੇਖਿਆ ਗਿਆ ਹੈ ਕਿ ਫਿਰਕੂ ਫਸਾਦਾਂ ਦੀ ਸ਼ੁਰੂਆਤ ਭਾੜੇ ਦੇ ਗੁੰਡਿਆਂ ਰਾਹੀਂ ਕਰਵਾਈ ਜਾਂਦੀ ਹੈ ਤੇ ਫਿਰ ਇਸ ਨੂੰ ਹਿੰਦੂ-ਮੁਸਲਿਮ ਦਾ ਸਵਾਲ ਬਣਾ ਦਿੱਤਾ ਜਾਂਦਾ ਹੈ।

ਹੁਣ ਸਿਲਸਿਲੇਵਾਰ ਦੇਖੀਏ; ਸ਼ੋਭਾ ਯਾਤਰਾ ਦੇ ਐਲਾਨ ਤੋਂ ਬਾਅਦ ਤਣਾਅ ਪੈਦਾ ਹੁੰਦਾ ਹੈ ਤਾਂ ਨੂਹ ਦਾ ਪੁਲਸ ਮੁਖੀ ਛੁੱਟੀ ਉੱਤੇ ਚਲਾ ਜਾਂਦਾ ਹੈ। ਦੰਗੇ ਸ਼ੁਰੂ ਹੋ ਜਾਂਦੇ ਹਨ ਤਾਂ ਰਾਜ ਦਾ ਗ੍ਰਹਿ ਮੰਤਰੀ ਇਹ ਬਿਆਨ ਦਾਗ ਦਿੰਦਾ ਹੈ ਕਿ ਨਲਹਰ ਦੇ ਸ਼ਿਵ ਮੰਦਰ ਵਿੱਚ 3-4 ਹਜ਼ਾਰ ਹਿੰਦੂਆਂ ਨੂੰ ਬੰਧਕ ਬਣਾ ਲਿਆ ਗਿਆ ਹੈ ਤੇ ਪੁਲਸ ਉਨ੍ਹਾਂ ਨੂੰ ਛੁਡਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਦੋ ਅਗਸਤ ਨੂੰ ਹਿਸਾਰ ਜ਼ਿਲ੍ਹੇ ਦੇ ਹਾਂਸੀ ਵਿੱਚ ਹਿੰਦੂਤਵੀਆਂ ਵੱਲੋਂ ਰੈਲੀ ਕੱਢੀ ਗਈ। ਇਸ ਰੈਲੀ ਵਿੱਚ ਭਾਸ਼ਣਾਂ ਰਾਹੀਂ ਮੁਸਲਮਾਨਾਂ ਨੂੰ ਦੋ ਦਿਨਾਂ ਵਿੱਚ ਸ਼ਹਿਰ ਛੱਡਣ ਜਾਂ ਸਿੱਟੇ ਭੁਗਤਣ ਲਈ ਤਿਆਰ ਰਹਿਣ ਦਾ ਅਲਟੀਮੇਟਮ ਦਿੱਤਾ ਗਿਆ। ਇਸ ਭਾਸ਼ਣ ਦੀ ਵੀਡੀਓ ਬਣਾ ਕੇ ਵਾਇਰਲ ਕੀਤੀ ਗਈ। ਇਸ ਦੌਰਾਨ ਹੀ ਮੁਸਲਮਾਨਾਂ ਦੀਆਂ 45 ਦੁਕਾਨਾਂ ਉੱਤੇ ਨਲਹਰ ਵਿੱਚ ਬੁਲਡੋਜ਼ਰ ਚਲਾ ਦਿੱਤਾ ਗਿਆ।

ਗੱਲ ਇੱਥੇ ਹੀ ਰੁਕੀ ਨਹੀਂ, ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦੇ ਦੰਗਿਆਂ ਪਿੱਛੇ ਕਿਸੇ ਸਾਜ਼ਿਸ਼ ਦੇ ਬਿਆਨ ਤੋਂ ਬਾਅਦ ਭਾਜਪਾ ਦੀ ਸੋਸ਼ਲ ਮੀਡੀਆ ਆਰਮੀ ਨੇ ਇਸ ਪਿੱਛੇ ਪਾਕਿਸਤਾਨ ਦਾ ਹੱਥ ਹੋਣ ਦੀਆਂ ਪੋਸਟਾਂ ਪਾਉਣੀਆਂ ਸ਼ੁਰੂ ਕਰ ਦਿੱਤੀਆਂ। ਗ੍ਰਹਿ ਮੰਤਰੀ ਅਨਿਲ ਵਿੱਜ ਦੇ ਮੰਦਰ ਵਿੱਚ ਬੰਧਕਾਂ ਵਾਲੇ ਬਿਆਨ ਦਾ ਪੁਜਾਰੀ ਵੱਲੋਂ ਖੰਡਨ ਕੀਤੇ ਜਾਣ ਦੇ ਬਾਵਜੂਦ ਹਿੰਦੂਤਵੀ ਫਸਾਦੀਆਂ ਨੇ ਸੋਸ਼ਲ ਮੀਡੀਆ ਉੱਤੇ ਇਹ ਪੋਸਟ ਪਾ ਦਿੱਤੀ ਕਿ ਮੰਦਰ ਵਿੱਚ ਬੰਧਕ ਬਣਾਈਆਂ ਗਈਆਂ ਔਰਤਾਂ ਨਾਲ ਬਲਾਤਕਾਰ ਕੀਤਾ ਗਿਆ ਸੀ।

ਹੁਣੇ ਏ ਡੀ ਜੀ ਪੀ ਮਮਤਾ ਸਿੰਘ ਦਾ ਬਿਆਨ ਆਇਆ ਹੈ, "ਮੈਂ ਪੂਰਾ ਸਮਾਂ ਮੰਦਰ ਵਿੱਚ ਰਹੀ ਹਾਂ, ਬਲਾਤਕਾਰ ਦੀ ਗੱਲ ਨਿਰਾ ਝੂਠ ਤੇ ਅਫ਼ਵਾਹ ਹੈ।" ਇਸ ਦੇ ਨਾਲ ਹੀ ਹਰਿਆਣਾ ਦੇ ਡੀ ਜੀ ਪੀ ਨੇ ਸਪੱਸ਼ਟ ਕੀਤਾ ਹੈ ਕਿ ਇਨ੍ਹਾਂ ਦੰਗਿਆਂ ਨਾਲ ਪਾਕਿਸਤਾਨ ਦਾ ਕੋਈ ਸੰਬੰਧ ਨਹੀਂ ਹੈ।

ਏਨਾ ਕੁਝ ਕੀਤੇ ਜਾਣ ਦੇ ਬਾਵਜੂਦ ਹਿੰਦੂਤਵੀਆਂ ਨੇ ਕੁਝ ਮਸਜਿਦਾਂ ਤੇ ਦੁਕਾਨਾਂ ਨੂੰ ਤਾਂ ਭਾਵੇਂ ਸਾੜ ਦਿੱਤਾ, ਪਰ ਉਹ ਲੋਕ ਮਨਾਂ ਵਿੱਚ ਨਫ਼ਰਤ ਦੀ ਅੱਗ ਭੜਕਾਉਣ ਵਿੱਚ ਕਾਮਯਾਬ ਨਹੀਂ ਹੋ ਸਕੇ। ਉਨ੍ਹਾਂ ਵੱਲੋਂ ਵਾਰ-ਵਾਰ ਦਿੱਤੇ ਜਾ ਰਹੇ ਸੱਦਿਆਂ ਦੇ ਬਾਵਜੂਦ ਹਰਿਆਣਾ, ਯੂ ਪੀ, ਦਿੱਲੀ ਤੇ ਰਾਜਸਥਾਨ ਵਿੱਚ ਲੋਕਾਂ ਨੇ ਉਨ੍ਹਾਂ ਨੂੰ ਮੂੰਹ ਨਹੀਂ ਲਾਇਆ। ਹਿੰਦੂਤਵੀ ਤਾਕਤਾਂ ਨੂੰ ਦੰਗਿਆਂ ਦੀ ਇਹ ਰਾਜਨੀਤੀ ਮਹਿੰਗੀ ਪਵੇਗੀ, ਕਿਉਂਕਿ ਕਿਸਾਨ ਅੰਦੋਲਨ ਦੌਰਾਨ ਪੈਦਾ ਹੋਏ ਭਾਈਚਾਰੇ ਨੂੰ ਵੰਡ-ਪਾਊ ਤਾਕਤਾਂ ਤੋੜ ਨਹੀਂ ਸਕਣਗੀਆਂ।

ਸ਼ਨੀਵਾਰ ਨੂੰ ਹਰਿਆਣਾ ਦੇ ਜੀਂਦ ਦੇ ਉਚਾਨਾ ਕਲਾਂ ਵਿੱਚ ਕਿਸਾਨ ਜਥੇਬੰਦੀਆਂ ਤੇ ਖਾਪ ਪੰਚਾਇਤਾਂ ਨੇ ਮਿਲ ਕੇ ਭਾਜਪਾ ਦੇ ਫਿਰਕੂ ਧਰੁਵੀਕਰਨ ਦਾ ਮੁਕਾਬਲਾ ਕਰਨ ਦਾ ਅਹਿਦ ਲਿਆ ਹੈ। ਇਸ ਸਾਂਝੀ ਮੀਟਿੰਗ ਵਿੱਚ ਕੰਡੋਲਾ ਖਾਪ, ਮਾਜਰਾ ਖਾਪ, ਮੋਰ ਖਾਪ, ਦਹਾੜਨ ਖਾਪ, ਚਹਿਲ ਖਾਪ, ਬਿਨੈਨ ਖਾਪ, ਬੁਵਾ ਖਾਪ, ਤਪਾ ਖਾਪ, ਉਝਾਨਾ ਖਾਪ ਤੇ ਕਿਸਾਨ ਜਥੇਬੰਦੀਆਂ ਦੇ ਆਗੂ ਸ਼ਾਮਲ ਹੋਏ ਸਨ।

ਮੀਟਿੰਗ ਵਿੱਚ ਭਾਜਪਾ, ਆਰ ਐੱਸ ਐੱਸ, ਬਜਰੰਗ ਦਲ ਤੇ ਵਿਸ਼ਵ ਹਿੰਦੂ ਪ੍ਰੀਸ਼ਦ ਵਿਰੁੱਧ ਨਿੰਦਾ ਮਤਾ ਪਾਸ ਕਰਕੇ ਬਜਰੰਗ ਦਲ ਤੇ ਆਰ ਐੱਸ ਐੱਸ ਉੱਤੇ ਪਾਬੰਦੀ ਲਾਉਣ ਦੀ ਮੰਗ ਕੀਤੀ ਗਈ। ਆਗੂਆਂ ਨੇ ਸਦਭਾਵਨਾ ਕਾਇਮ ਕਰਨ ਲਈ ਨੂਹ ਦਾ ਦੌਰਾ ਕਰਨ ਦਾ ਵੀ ਫੈਸਲਾ ਕੀਤਾ।

ਮੀਟਿੰਗ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਭਾਜਪਾ ਵੋਟਾਂ ਦੇ ਧਰੁਵੀਕਰਨ ਲਈ ਲੋਕ ਸਭਾ ਚੋਣਾਂ ਤੋਂ ਪਹਿਲਾਂ ਦੇਸ਼ ਵਿੱਚ ਅਸ਼ਾਂਤੀ ਪੈਦਾ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਜੇਕਰ ਕਿਸੇ ਨੇ ਵੀ ਹਰਿਆਣਾ ਦੇ ਤਾਣੇ-ਬਾਣੇ ਨੂੰ ਤੋੜਨ ਦੀ ਕੋਸ਼ਿਸ਼ ਕੀਤੀ ਤਾਂ ਉਸ ਨੂੰ ਕਰਾਰਾ ਜਵਾਬ ਦਿੱਤਾ ਜਾਵੇਗਾ।

ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਹਰਿਆਣੇ ਦੀਆਂ ਸਾਰੀਆਂ ਖਾਪ ਪੰਚਾਇਤਾਂ ਤੇ ਸਮਾਜਕ ਜਥੇਬੰਦੀਆਂ 9 ਅਗਸਤ ਨੂੰ ਹਿਸਾਰ ਦੇ ਬਾਸ ਪਿੰਡ ਦੀ ਅਨਾਜ ਮੰਡੀ ਵਿੱਚ ਸਰਬ ਧਰਮ ਸੰਮੇਲਨ ਕਰਨਗੀਆਂ। ਮੀਟਿੰਗ ਨੇ ਕੇਂਦਰ ਤੇ ਹਰਿਆਣਾ ਸਰਕਾਰ ਦੀ 'ਫੁੱਟ ਪਾਓ ਤੇ ਰਾਜ ਕਰੋ' ਦੀ ਨੀਤੀ ਦਾ ਵਿਰੋਧ ਕਰਦਿਆਂ ਕਿਹਾ ਕਿ ਜੇਕਰ ਸਰਕਾਰ ਇਨ੍ਹਾਂ ਨੀਤੀਆਂ ਤੋਂ ਬਾਜ਼ ਨਾ ਆਈ ਤਾਂ 2024 ਵਿੱਚ ਵੋਟ ਦੀ ਚੋਟ ਨਾਲ ਜਵਾਬ ਦਿੱਤਾ ਜਾਵੇਗਾ। ਇਸ ਦੇ ਨਾਲ ਹੀ ਮੀਟਿੰਗ ਨੇ ਮੀਡੀਆ ਨੂੰ ਅਪੀਲ ਕੀਤੀ ਕਿ ਉਹ ਜ਼ਹਿਰ ਉਗਲਣ ਤੇ ਸਮਾਜ ਨੂੰ ਤੋੜਨ ਦੀ ਥਾਂ ਸਮਾਜ ਵਿੱਚ ਅਮਨ-ਚੈਨ ਦੀ ਬਹਾਲੀ ਲਈ ਸਹਿਯੋਗ ਕਰੇ।

-ਚੰਦ ਫਤਿਹਪੁਰੀ

# ਦੇਸ਼ ਨੂੰ ਫਿਰਕੂ ਕਤਾਰਬੰਦੀ ਵੱਲ ਧੱਕਣ ਦੀਆਂ ਸਾਜ਼ਿਸ਼ਾਂ

**ਨਰਭਿੰਦਰ**

ਕੀ ਭਾਜਪਾ ਤੇ ਆਰ ਐੱਸ ਐੱਸ ਦੇਸ਼ ਨੂੰ ਖਾਨਾਜੰਗੀ ਵੱਲ ਧੱਕ ਚੁੱਕੇ ਹਨ? ਲੜੀਵਾਰ ਵਾਪਰ ਰਹੀਆਂ ਘਟਨਾਵਾਂ ਕੁਝ ਅਜਿਹਾ ਹੀ ਸੰਕੇਤ ਦੇ ਰਹੀਆਂ ਹਨ। ਪਹਿਲੀ ਮੇਵਾਤ ਦੇ ਇਲਾਕੇ ਵਿੱਚ ਪਿਉਂਦੀ ਗਈ ਹਿੰਸਾ, ਜਿਸ 'ਚ ਪੰਜ ਜਾਨਾਂ ਗਈਆਂ, ਦੂਸਰੀ ਰੇਲ ਦੇ ਡੱਬੇ ਵਿੱਚ ਫਾਇਰਿੰਗ ਕਰਕੇ ਤਿੰਨ ਘੱਟ-ਗਿਣਤੀ ਦੇ ਲੋਕਾਂ ਤੇ ਇੱਕ ਰੇਲਵੇ ਪੁਲਸ ਦੇ ਮੁਲਾਜ਼ਮ ਦਾ ਕਤਲ, ਤੀਸਰੀ ਬਰੇਲੀ 'ਚ ਜਿੱਥੇ ਕਾਂਵੜ ਯਾਤਰਾ ਦੇ ਬਹਾਨੇ ਦੰਗਾ ਕਰਾਉਣ ਦੀ ਸਾਜ਼ਿਸ਼ ਅਤੇ ਮੌਕੇ ਉੱਤੇ ਕਾਰਵਾਈ ਕਰਕੇ ਰੋਕਣ ਵਾਲੇ ਐੱਸ ਐੱਸ ਪੀ ਪ੍ਰਭਾਕਰ ਚੌਧਰੀ ਦਾ ਮਹਿਜ਼ ਚਾਰ ਘੰਟੇ ਵਿੱਚ ਤਬਾਦਲਾ ਹਰ ਕਿਤੇ ਸੰਘੀ ਵੱਲੋਂ ਇਸ ਦੇਸ਼ ਮੇਂ ਰਹਿਨਾ ਹੋਗਾ-ਮੋਦੀ ਯੋਗੀ ਕਹਿਨਾ ਹੋਗਾ-ਦੇ ਜ਼ਹਿਰੀ ਨਾਅਰੇ।

ਮੇਵਾਤ ਦੇ ਇਲਾਕੇ ਦੇ ਕਸਬੇ ਨੂਹ ਵਿੱਚ ਜਿਹੜੀਆਂ ਹਿੰਸਕ ਝਪਟਾਂ ਹੋਈਆਂ, ਨੇ ਸਾਫ਼ ਕਰ ਦਿੱਤਾ ਕਿ ਇਹ ਅਚਨਚੇਤੀ ਦੋ ਫਿਰਕਿਆਂ 'ਚ ਤਣਾਅ ਨਹੀਂ ਸੀ, ਸਗੋਂ ਕੁਝ ਦਿਨ ਪਹਿਲਾਂ ਤੋਂ ਪੂਰੀ ਐਲਾਨੀ ਯੋਜਨਾ ਦਾ ਹਿੱਸਾ ਸੀ, ਜਿਹਨੂੰ ਸੋਸ਼ਲ ਮੀਡੀਆ ਰਾਹੀਂ ਪ੍ਰਚਾਰਿਆ-ਪ੍ਰਸਾਰਿਆ ਵੀ ਗਿਆ ਤੇ ਇਸ ਦੇ ਬਾਵਜੂਦ ਹਰਿਆਣਾ ਹਕੂਮਤ ਤੇ ਪ੍ਰਸ਼ਾਸਨ ਖਾਮੋਸ਼ ਰਿਹਾ। ਜੋ ਵੀਡੀਓ ਸਾਹਮਣੇ ਆਈਆਂ ਹਨ, ਉਨ੍ਹਾਂ ਵਿੱਚ ਬਿੱਟੂ ਬਜਰੰਗੀ ਦੀ ਉਹ ਸ਼ਬਦਾਵਲੀ ਤੇ ਮੋਨੂੰ ਮਾਨੇਸਰ ਵੱਲੋਂ ਪੂਰੇ ਹਰਿਆਣੇ 'ਚੋਂ ਕੱਟੜਵਾਦੀ ਹਿੰਦੂਆਂ ਨੂੰ ਸ਼ੋਭਾ ਯਾਤਰਾ ਵਿੱਚ ਪਹੁੰਚਣ ਦਾ ਭੜਕਾਊ ਸੱਦਾ ਦੇਣਾ ਇਸ ਸਾਜ਼ਿਸ਼ ਨੂੰ ਬੇਨਕਾਬ ਕਰਨ ਲਈ ਬਹੁਤ ਹੈ। ਦੋਹਾਂ ਦਾ ਸੰਬੰਧ ਬਜਰੰਗ ਦਲ ਤੇ ਵਿਸ਼ਵ ਹਿੰਦੂ ਪ੍ਰੀਸ਼ਦ ਨਾਲ ਹੈ।

31 ਜੁਲਾਈ ਨੂੰ ਨੂਹ ਵਿੱਚ ਕੱਢੀ ਗਈ ਜਲ ਅਭਿਸ਼ੇਕ ਯਾਤਰਾ ਕੋਈ ਪਰੰਪਰਾਗਤ ਪੁਰਾਣੀ ਧਾਰਮਿਕ ਯਾਤਰਾ ਨਹੀਂ। ਇਹ ਪਿਛਲੇਰੇ ਦੋ-ਤਿੰਨ ਸਾਲਾਂ ਤੋਂ ਹੀ ਆਯੋਜਤ ਕੀਤੀ ਜਾਣ ਲੱਗੀ ਹੈ। ਦਰਅਸਲ ਪੂਰਾ ਮੇਵਾਤ ਜਿਸ ਦਾ ਅੱਧਾ ਹਿੱਸਾ ਹਰਿਆਣੇ ਰਾਜ ਤੇ ਅੱਧਾ ਰਾਜਸਥਾਨ ਰਾਜ ਵਿੱਚ ਅਤੇ ਕੁਝ ਹਿੱਸਾ ਯੂ ਪੀ ਦੇ ਖੇਤਰ ਵਿੱਚ ਹੈ, ਮੁਸਲਮ ਬਹੁ-ਗਿਣਤੀ ਵਾਲਾ ਖੇਤਰ ਹੈ। 80 ਫ਼ੀਸਦੀ ਮੁਸਲਿਮ ਆਬਾਦੀ ਹੈ। ਮੇਵਾਤ ਦੇ 500 ਪਿੰਡਾਂ ਵਿੱਚੋਂ 400 ਪਿੰਡ ਮੁਸਲਿਮ ਬਹੁ-ਗਿਣਤੀ ਅਤੇ ਬਾਕੀ 103 ਪਿੰਡਾਂ ਵਿੱਚ ਵੀ ਮੁਸਲਮ ਹਿੰਦੂ ਆਬਾਦੀ ਦੇ ਬਰਾਬਰ ਹੀ ਹਨ। ਇਹ ਉਹ ਖੇਤਰ ਹੈ, ਜਿਥੇ ਅੱਜ ਤੱਕ ਵੀ ਦੋਵੇਂ ਭਾਈਚਾਰਿਆਂ ਦੇ ਲੋਕ ਆਪਸੀ ਭਰਾਵਾਂ ਵਾਂਗੂੰ ਸਾਂਝੇ ਭਾਈਚਾਰੇ ਦੇ ਤੌਰ 'ਤੇ ਰਹਿੰਦੇ ਆ ਰਹੇ ਸਨ ਅਤੇ ਹਨ। ਇਸ ਦੀ ਮਿਸਾਲ ਮੇਵਾਤ ਦੇ ਉਸ ਇਮਾਮ ਦੀ ਉਹ ਵੀਡੀਓ ਵੀ ਦਿੰਦੀ ਹੈ, ਜਿਹਨੂੰ ਬਜਰੰਗੀ ਭੀੜ ਨੇ ਕਤਲ ਕਰ ਦਿੱਤਾ ਹੈ, ਜਿਸ 'ਚ ਉਹ ਇੱਕ ਗੀਤ ਗਾਉਂਦਾ ਕਹਿ ਰਿਹਾ ਹੈ 'ਅੱਲਾ ਅਜਿਹਾ ਸਮਾਂ ਬਣਾ ਕਿ ਹਿੰਦੂ-ਮੁਸਲਿਮ ਇੱਕ ਥਾਲੀ ਵਿੱਚ ਬੈਠ ਕੇ ਖਾਣਾ ਖਾਣ।' ਮ੍ਰਿਤਕ ਨੌਜਵਾਨ ਮੁਸਲਮ ਧਾਰਮਿਕ ਆਗੂ ਦੇ ਵਿਚਾਰਾਂ ਦੀ ਇਹ ਵੀਡੀਓ ਅਗਾਂਹਵਧੂ ਮੁਸਲਮ ਭਾਈਚਾਰੇ ਦੇ ਵਿਚਾਰਾਂ ਦੇ ਦਰਸ਼ਨ ਕਰਵਾਉਂਦੀ ਹੈ ਅਤੇ ਹਿੰਸਕ ਘਟਨਾਵਾਂ ਪਿੱਛੋਂ ਇਸੇ ਪੇਂਡੂ ਖੇਤਰ ਦੇ ਹਿੰਦੂ ਲੋਕਾਂ ਦੀਆਂ ਸ਼ੋਸ਼ਲ ਮੀਡੀਆ ਉੱਤੇ ਆਈਆਂ ਵੀਡੀਓ ਵਿੱਚ ਹਿੰਦੂ ਆਦਮੀ, ਔਰਤਾਂ, ਬੱਚੇ ਵੀ ਇਹ ਕਹਿੰਦੇ ਨਜ਼ਰ ਆਉਂਦੇ ਹਨ ਕਿ ਅਸੀਂ ਇਸ ਖੇਤਰ ਵਿੱਚ ਇਕੱਠੇ ਰਹਿੰਦੇ ਹਾਂ, ਸਾਨੂੰ ਕਦੀ ਕੋਈ ਅਜਿਹੀ ਦਿੱਕਤ ਨਹੀਂ ਆਈ, ਇਹ ਹਿੰਸਕ ਲੋਕ ਬਾਹਰੋਂ ਆਏ ਹਨ।

ਪਰ ਦਿੱਕਤ ਸੀ ਤੇ ਹੈ ਉਹ ਹੈ ਰਾਜਸੀ ਗਿਣਤੀਆਂ-ਮਿਣਤੀਆਂ 'ਚ ਰੁੱਝੇ ਰਾਜਨੀਤੀ ਤੇ ਧਰਮ ਦੇ ਸੌਦਾਗਰਾਂ ਨੂੰ। ਉਨ੍ਹਾਂ ਨੂੰ ਵਸਦਾ-ਰਸਦਾ ਸਮਾਜ ਨਹੀਂ ਚਾਹੀਦਾ। ਉਹ ਭਰਾਮਾਰ ਲੜਾਈਆਂ 'ਚ ਉਲਝਿਆ ਸਮਾਜ ਵੇਖਣ ਦੇ ਆਦੀ ਹਨ। ਧਰਤੀ ਜਿੰਨੀ ਖ਼ੂਨ ਨਾਲ ਲੱਥ-ਪੱਥ ਹੋਵੇਗੀ, ਕੁਰਸੀ ਓਨੀ ਹੀ ਮਜ਼ਬੂਤ ਹੋਵੇਗੀ। ਸੋ ਹਿੰਦੂ ਵਿਸ਼ਵ ਪ੍ਰੀਸ਼ਦ ਤੇ ਬਜਰੰਗ ਦਲ ਦੀ ਇਸ ਖਿੱਤੇ ਦੀ ਸ਼ਾਂਤੀ ਉੱਤੇ ਅੱਖ ਸੀ। ਪਿਛਲੇਰੇ ਕਈ ਸਾਲਾਂ ਤੋਂ ਕੁਝ ਘਟਨਾਵਾਂ ਨੂੰ ਵਾਚਣਾ ਜ਼ਰੂਰੀ ਹੈ। ਪਹਿਲਾ ਕੇਸ ਪਹਿਲੂ ਖਾਨ ਵਾਲਾ ਹੈ, ਜਿਸ 'ਚ ਇੱਕ ਪਸ਼ੂਆਂ ਦੇ ਵਪਾਰੀ ਨੂੰ ਗਾਂ ਤਸਕਰ ਕਹਿ ਕੇ ਗਊ ਰੱਖਿਅਕਾਂ ਦੇ ਹਜ਼ੂਮ ਨੇ ਮਾਰ ਦਿੱਤਾ ਸੀ। ਹਾਲਾਂਕਿ ਇਸ ਖੇਤਰ ਦੀ ਸਮੁੱਚੀ ਆਬਾਦੀ ਚੰਗੀ ਤਰ੍ਹਾਂ ਜਾਣਦੀ ਹੈ ਕਿ ਮੁਸਲਿਮ ਜੋ ਪਸ਼ੂ ਪਾਲਕ ਤੇ ਪਸ਼ੂ ਵਪਾਰੀ ਵੀ ਹਨ, ਪਸ਼ੂਆਂ ਨਾਲ ਪ੍ਰੇਮ ਗਊ ਰੱਖਿਅਕਾਂ ਨਾਲੋਂ ਸੌ ਗੁਣਾ ਵੱਧ ਕਰਦੇ ਹਨ। ਅਜਿਹੀਆਂ ਕਈ ਹੋਰ ਘਟਨਾਵਾਂ ਵੀ ਵਾਪਰੀਆਂ ਅਤੇ ਪਿਛਲੇਰੀ ਫ਼ਰਵਰੀ ਵਿੱਚ ਹੀ ਦੋ ਮੁਸਲਮਾਨਾਂ ਜਨੈਬ ਤੇ ਨਾਸਿਰ ਨੂੰ ਅਗਵਾ ਕਰਕੇ ਕਤਲ ਕਰਕੇ ਸਾੜ ਦੇਣ ਦੀ ਹਿਰਦੇਵੇਦਕ ਘਟਨਾ ਵੀ ਮੇਵਾਤ ਵਿੱਚ ਹੀ ਵਾਪਰੀ। ਜਿਹਦੇ ਬਾਰੇ ਸਾਫ਼ ਹੈ ਕਿ ਇਨ੍ਹਾਂ ਕਤਲਾਂ ਨੂੰ ਅੰਜਾਮ ਦੇਣ ਵਾਲਾ ਮੋਨੂੰ ਮਾਨੇਸਰ ਹੈ। ਮੋਨੂੰ ਮਾਨੇਸਰ 'ਤੇ ਕਈ ਮੁਕੱਦਮੇ ਦਰਜ ਹਨ ਅਤੇ ਜਨੈਬ ਤੇ ਨਾਸਿਰ ਦੇ ਕਤਲਾਂ ਵਾਲੇ ਮੁਕੱਦਮੇ ਵਿੱਚ ਉਹ ਭਗੌੜਾ ਵੀ ਹੈ। ਮੋਨੂੰ ਮਾਨੇਸਰ ਰਾਜਸਥਾਨ ਤੇ ਹਰਿਆਣੇ ਦੋਹਾਂ ਖੇਤਰਾਂ ਵਿੱਚ ਸਰਗਰਮ ਹੈ ਅਤੇ ਹਿੰਸਕ ਪ੍ਰਵਿਰਤੀ ਦਾ ਮਾਲਕ ਕੱਟੜਵਾਦੀ ਹਿੰਦੂਤਵੀ ਮੁਸਲਮਾਨਾਂ ਪ੍ਰਤੀ ਹਮੇਸ਼ਾ ਅੱਗ ਉਗਲਦਾ ਰਹਿੰਦਾ ਹੈ। ਕੇਂਦਰ ਦੀ ਭਾਜਪਾ ਤੇ ਹਰਿਆਣਾ ਦੀ ਖੱਟੜ ਸਰਕਾਰ ਉਸ ਦੀ ਪਿੱਠ ਪਿੱਛੇ ਹੈ।

25 ਜੁਲਾਈ ਨੂੰ ਇੱਕ ਵੀਡੀਓ ਵਿੱਚ ਉਹ ਉਸ ਪਲੈਨਿੰਗ ਨੂੰ ਐਲਾਨ ਵੀ ਰਿਹਾ ਹੈ ਕਿ ਸ਼ੋਭਾ ਯਾਤਰਾ ਕਿਥੋਂ ਦੀ ਲੰਘੇਗੀ ਤੇ ਕਿਹੜੀ ਮਸਜਿਦ ਨੂੰ ਅੱਗ ਦੀ ਭੇਂਟ ਚਾੜਨਾ ਹੈ। ਉਧਰ ਬਿੱਟੂ ਬਜਰੰਗੀ ਵੀ ਆਪਣੇ ਵੀਡੀਉ ਵਿੱਚ ਇਹ ਕਹਿੰਦਾ ਸੁਣਾਈ ਦੇ ਰਿਹਾ ਹੈ ਕਿ "ਮੁਸਲਮਾਨੋ ਤੁਹਾਡੇ ਜਵਾਈ 31 ਜੁਲਾਈ ਨੂੰ ਆ ਰਹੇ, ਫੁੱਲਮਾਲਾ ਤਿਆਰ ਰੱਖਣਾ, ਦੋਵਾਂ ਦੀ ਉਤੇਜਿਤ ਕਰਨ ਤੇ ਉਕਸਾਉਣ ਵਾਲੀ ਸ਼ਬਦਾਵਲੀ ਮੇਵਾਤ ਦੇ ਖੇਤਰ ਦੇ ਲੋਕਾਂ ਦੇ ਧਿਆਨ 'ਚ ਸੀ ਅਤੇ ਪੁਲਸ ਪ੍ਰਸ਼ਾਸਨ ਦੇ ਵੀ ਨੋਟਿਸ ਵਿੱਚ ਸੀ। ਇਸ ਦੇ ਬਾਵਜੂਦ ਇਹ ਯਾਤਰਾ ਜਿਹਨੂੰ ਗੁਰੂ ਗ੍ਰਾਮ ਤੋਂ ਭਾਜਪਾ ਪ੍ਰਧਾਨ ਨੇ ਸਿਵਲ ਲਾਈਨਜ਼ ਤੋਂ ਜਦੋਂ ਸ਼ੁਰੂ ਕੀਤਾ ਤਾਂ ਆਲ੍ਹਾ ਪੁਲਸ ਅਧਿਕਾਰੀ ਵੀ ਹਾਜ਼ਰ ਸਨ। ਨਲੱਹੜ ਸ਼ਿਵ ਮੰਦਰ ਤੋਂ ਫਿਰੋਜ਼ਪੁਰ ਝਿਰਕਾ ਤੱਕ ਜਾਣ ਵਾਲੀ ਇਸ ਜਲ ਅਭਿਸ਼ੇਕ ਯਾਤਰਾ ਦੀ ਭੜਕਾਊ ਦਿੱਖ ਪਹਿਲਾਂ ਹੀ ਸਾਹਮਣੇ ਆ ਗਈ ਸੀ। ਇਹੀ ਕਾਰਨ ਕਿ ਇਸ ਖੇਤਰ ਦੇ ਹੰਢੇ ਹੋਏ ਰਾਜਸੀ ਆਗੂ ਤੇ ਕੇਂਦਰੀ ਮੰਤਰੀ ਰਾਓ ਬਰੇਂਦਰ ਸਿੰਘ ਕਹਿੰਦੇ ਹਨ ਕਿ "ਧਾਰਮਿਕ ਜਲੂਸਾਂ ਵਿੱਚ ਹਥਿਆਰ ਲੈ ਕੇ ਜਾਣਾ ਕਿੱਥੋਂ ਤੱਕ ਸਹੀ ਹੈ।" ਯਾਤਰਾ 'ਚ ਸ਼ਾਮਲ ਤੇ ਹਾਜ਼ਰ ਚਸ਼ਮਦੀਦਾਂ ਨੇ ਵੀ ਇਹ ਪੁਸ਼ਟੀ ਕੀਤੀ ਹੈ ਕਿ ਇਸ ਧਾਰਮਿਕ ਯਾਤਰੀਆਂ ਕੋਲ ਤ੍ਰਿਸ਼ੂਲ, ਨੰਗੀਆਂ ਕ੍ਰਿਪਾਨਾਂ, ਲਾਠੀਆਂ ਕਿਰਚਾਂ, ਚਾਕੂ ਆਦਿ ਸਨ। ਇੱਕ ਵੀਡੀਓ ਵਿੱਚ ਕੁਝ ਗੱਡੀਆਂ ਵਿੱਚ ਪੱਥਰ, ਇੱਟਾਂ-ਰੋੜੇ ਭਰੇ ਜਾ ਰਹੇ ਦਿਖਾਈ ਦਿੰਦੇ ਹਨ ਅਤੇ ਅਨਾਉਂਸਮੈਂਟ ਵੀ ਆ ਰਹੀ ਹੈ ਕਿ ਗੱਡੀਆਂ 'ਚ ਪੱਥਰ ਰੱਖ ਲਵੋ। ਸੁਭਾਵਕ ਹੈ ਅਜਿਹਾ ਉਤੇਜਿਤ ਮਹੌਲ ਵਿਰੋਧੀ ਧਿਰ ਨੂੰ ਵੀ ਹਿੰਸਾ ਲਈ ਉਕਸਾਉਂਦਾ ਹੈ।

ਇਨ੍ਹਾਂ ਹਿੰਸਕ ਘਟਨਾਵਾਂ ਦੇ ਨਾਲ-ਨਾਲ ਸੋਸ਼ਲ ਮੀਡੀਆ ਉਤੇ ਫ਼ਰਜ਼ੀ ਖ਼ਬਰਾਂ, ਐਲਾਨਾਂ ਦੀ ਵੀ ਭਰਮਾਰ ਰਹੀ, ਜਿਸ ਨੇ ਮਹੌਲ ਨੂੰ ਹੋਰ ਪੇਚੀਦਾ ਕਰਨ ਵਿੱਚ ਭੂਮਿਕਾ ਨਿਭਾਈ। ਇੱਕ ਵੀਡੀਓ ਵਿੱਚ ਇਹ ਦਰਸਾਇਆ ਗਿਆ ਕਿ ਇੱਕ ਮੰਦਰ ਵਿੱਚ 3500 ਹਿੰਦੂ ਘੇਰ ਲਏ ਗਏ ਹਨ। ਹਾਲਾਂਕਿ ਪਿੱਛੋਂ ਮੰਦਰ ਦੇ ਪੁਜਾਰੀ ਨੇ ਇਸ ਨੂੰ ਗਲਤ ਦੱਸਿਆ। ਉਹਨੇ ਕਿਹਾ ਕਿ ਮੰਦਰ 'ਚ ਲੋਕਾਂ ਸ਼ਰਨ ਜ਼ਰੂਰ ਲਈ ਸੀ, ਪਰ ਮੰਦਰ ਕਿਸੇ ਵਿਰੋਧੀ ਸਮੁਦਾਏ ਨੇ ਘੇਰਿਆ ਨਹੀਂ ਸੀ। ਮੁਸਲਮਾਨਾਂ ਪ੍ਰਤੀ ਵਰਤੀ ਭੱਦੀ ਸ਼ਬਦਾਵਲੀ ਵਾਲੇ ਵੀਡੀਓ ਅਜੇ ਵੀ ਚੱਲ ਰਹੇ ਹਨ। ਹਕੂਮਤ ਨੇ ਮੇਵਾਤ ਇਲਾਕੇ 'ਚ ਬੇਸ਼ੱਕ ਇੰਟਰਨੈੱਟ ਬੰਦ ਕੀਤੇ, ਪਰ ਬਹੁਤ ਪਿੱਛੋਂ ਪੂਰੇ ਹਰਿਆਣੇ 'ਚ ਨਫ਼ਰਤ ਦਾ ਪ੍ਰਚਾਰ ਅਜੇ ਵੀ ਜਾਰੀ ਹੈ। ਰਾਜ ਦਾ ਮੁੱਖ ਮੰਤਰੀ ਕਹਿ ਰਿਹਾ ਹੈ, "ਸਰਕਾਰ ਹਰ ਨਾਗਰਿਕ ਦੀ ਸੁਰੱਖਿਆ ਦੀ ਗਾਰੰਟੀ ਨਹੀਂ ਲੈ ਸਕੀ।" ਬਹੁਤ ਹੀ ਗੈਰ-ਜ਼ਿੰਮੇਦਾਰਾਨਾ ਬਿਆਨ ਤਾਂ ਹੈ ਹੀ, ਇਹ ਵੀ ਜ਼ਾਹਿਰ ਕਰਦਾ ਹੈ ਕਿ ਰਾਜ ਹੁਣ ਨਾਗਰਿਕ ਨੂੰ ਸੁਰੱਖਿਆ ਦੇਣ ਤੋਂ ਅਸਮਰੱਥ ਹੋ ਚੁੱਕਾ ਹੈ।" ਗ੍ਰਹਿ ਮੰਤਰੀ ਕਹਿੰਦਾ ਹੈ ਕਿ, "ਇਹ ਹਿੰਸਕ ਵਾਰਦਾਤ ਇੱਕ ਦਿਨ ਦਾ ਮਾਮਲਾ ਨਹੀਂ।" "ਸਾਜ਼ਿਸ਼ ਹੈ", ਕੀ ਹਰਿਆਣਾ ਦੀਆਂ ਖੁਫ਼ੀਆ ਏਜੰਸੀਆਂ ਤੇ ਪ੍ਰਸ਼ਾਸਨ ਸੁੱਤਾ ਪਿਆ ਸੀ, ਉਨ੍ਹਾਂ ਦੇ ਧਿਆਨ 'ਚ ਨਹੀਂ ਸੀ ਕਿ ਇਹ ਕੁਝ ਵਾਪਰ ਸਕਦਾ ਹੈ?

ਮੇਵਾਤ ਦੇ ਇਸ ਸ਼ਾਂਤ ਇਲਾਕੇ ਵਿੱਚ ਨੂਹ ਤੋਂ ਗੁਰੂਗ੍ਰਾਮ ਤੱਕ ਜੋ ਤਾਂਡਵ ਵਾਪਰਿਆ, ਇਹ ਅਤਿ ਭਿਆਨਕ ਹੈ। ਸੈਂਕੜੇ ਵਹੀਕਲ ਅੱਗ ਦੀ ਭੇਟ ਚਾੜ੍ਹ ਦਿੱਤੇ, ਕਈ ਮਸਜਿਦਾਂ ਨੂੰ ਨੁਕਸਾਨ ਪਹੁੰਚਾਇਆ। ਮੁਸਲਿਮ ਦੁਕਾਨਦਾਰਾਂ ਦੀਆਂ ਦੁਕਾਨਾਂ ਸਾੜ ਦਿੱਤੀਆਂ ਗਈਆਂ ਤੇ ਲੁੱਟੀਆਂ ਗਈਆਂ। ਇੱਕ ਸੜਕ ਉੱਤੇ ਫੜ੍ਹੀ ਲਾ ਕੇ 70-75 ਸਾਲ ਦੀ ਉਮਰ ਦੇ ਬਜ਼ੁਰਗ ਮੁਸਲਮਾਨ ਦੇ ਕੰਬਲਾਂ ਦੇ ਸਟਾਕ ਨੂੰ ਅੱਗ ਲਾ ਦਿੱਤੀ। ਸੈਂਕੜੇ ਘਰਾਂ 'ਤੇ ਹਮਲੇ ਹੋਏ ਤੇ ਇਹ ਅੱਗ ਪੂਰੇ ਹਰਿਆਣੇ 'ਚ ਫੈਲ ਚੁੱਕੀ ਹੈ। ਕੇਂਦਰੀ ਮੰਤਰੀ ਰਾਓ ਬਰਿੰਦਰ ਸਿੰਘ ਕਹਿੰਦੇ ਹਨ "ਇਹ ਕਿਸੇ ਇੱਕ ਵਰਗ ਵੱਲੋਂ ਨਹੀਂ ਉਕਸਾਇਆ ਗਿਆ, ਦੋਹਾਂ ਧਿਰਾਂ ਵੱਲੋਂ ਹੈ।" ਨਾਲ ਹੀ ਉਨ੍ਹਾ ਦਾ ਇਹ ਕਹਿਣਾ ਕਿ ਧਾਰਮਿਕ ਯਾਤਰਾ 'ਚ ਹਥਿਆਰ ਲੈ ਕੇ ਜਾਣਾ ਕਿੱਥੋਂ ਤੱਕ ਸਹੀ ਹੈ? ਬਹੁਤ ਮਹੱਤਵਪੂਰਨ ਹੈ।

ਬਜਰੰਗ ਦਲ ਤੇ ਵਿਸ਼ਵ ਹਿੰਦੂ ਪ੍ਰੀਸ਼ਦ ਨੇ ਧਾਰਮਿਕ ਜਲੂਸਾਂ/ਯਾਤਰਾਵਾਂ, ਤਿਉਹਾਰਾਂ ਨੂੰ ਹਿੰਸਕ ਸ਼ਕਲ ਦੇ ਦਿੱਤੀ ਹੈ। ਇਹ ਹਰਿਆਣਾ ਹੀ ਨਹੀਂ, ਦੇਸ਼ ਦੇ ਹਰ ਹਿੱਸੇ ਵਿੱਚ ਵੇਖਿਆ ਜਾ ਸਕਦਾ ਹੈ। ਇਹ ਸੰਗਠਨ ਜਦੋਂ ਵੀ ਧਾਰਮਿਕ ਯਾਤਰਾ ਕੱਢਦੇ ਹਨ ਤਾਂ ਉਹ ਮੁਸਲਿਮ ਇਲਾਕੇ ਵਿੱਚੋਂ ਦੀ ਜ਼ਰੂਰ ਲੰਘਣਾ ਹੁੰਦਾ ਹੈ। ਬਰੇਲੀ ਵਾਲੀ ਘਟਨਾ ਵੀ ਇਵੇਂ ਹੀ ਹੈ। ਕਾਂਵੜ ਯਾਤਰਾ ਬਰੇਲੀ ਦੇ ਉਸ ਇਲਾਕੇ 'ਚੋਂ ਗੁਜ਼ਰੀ, ਜਿੱਥੇ ਮੁਸਲਿਮ ਬਹੁਗਿਣਤੀ ਸੀ ਤੇ ਰਾਹ ਵਿੱਚ ਮਸਜਿਦ ਵੀ ਆਉਣੀ ਸੀ। ਉਥੇ ਵੀ ਤਣਾਅ ਪੈਦਾ ਕਰਨ ਵਿੱਚ ਬਜਰੰਗ ਦਲ ਤੇ ਵਿਸ਼ਵ ਹਿੰਦੂ ਪ੍ਰੀਸ਼ਦ ਦੀ ਭੂਮਿਕਾ ਸੀ ਕਿ ਤੇਜ਼ ਪੱਖਿਆਂ ਦੀਆਂ ਹਵਾਵਾਂ ਰੰਗੀਨ ਧੂੜ ਆਲੇ-ਦੁਆਲੇ ਇਲਾਕਿਆਂ 'ਚ ਖਿੰਡਾਈ ਜਾ ਰਹੀ ਸੀ ਤੇ ਜਦੋਂ ਅਜਿਹਾ ਮਸਜਿਦ ਦੇ ਨੇੜੇ ਵਾਪਰਿਆ ਤਾਂ ਇਹ ਯਾਤਰਾ ਰੋਕ ਦਿੱਤੀ ਗਈ। ਕਾਂਵੜੀ ਜਦੋਂ ਹੋ-ਹੱਲਾ ਕਰਨ ਲੱਗੇ ਤਾਂ ਸਥਾਨਕ ਐੱਸ ਐੱਸ ਪੀ ਨੇ ਚੌਕਸੀ ਨਾਲ ਨਾ ਸਿਰਫ਼ ਇਨ੍ਹਾਂ ਹਿੰਸਕ ਨੌਜਵਾਨਾਂ ਉੱਤੇ ਕਾਬੂ ਪਾਇਆ, ਸਗੋਂ ਸਥਿਤੀ ਕੰਟਰੋਲ ਕਰਨ ਲਈ ਹਲਕਾ ਲਾਠੀਚਾਰਜ ਵੀ ਕੀਤਾ। ਬਰੇਲੀ 'ਚ ਦੰਗਾ ਤਾਂ ਨਹੀਂ ਭੜਕਿਆ, ਪਰ ਐੱਸ ਐੱਸ ਪੀ ਬਲੀ ਦਾ ਬੱਕਰਾ ਬਣ ਗਿਆ ਤੇ 5-6 ਘੰਟੇ ਵਿੱਚ ਹੀ ਉਹਦੀ ਬਦਲੀ ਕਰਕੇ ਲਾਈਨ ਹਾਜ਼ਰ ਕਰ ਦਿੱਤਾ ਗਿਆ। ਦੇਸ਼ ਦੇ ਹਰ ਖੇਤਰ ਵਿੱਚ ਉਹ ਮਨੀਪੁਰ ਹੋਵੇ ਜਾਂ ਮੁੰਬਈ, ਉੱਤਰੀ ਭਾਰਤ ਹੋਵੇ ਜਾਂ ਦੱਖਣੀ ਹਿੰਦੂ ਵਿਸ਼ਵ ਪ੍ਰੀਸ਼ਦ 'ਤੇ ਬਜਰੰਗ ਦਲ ਅਜਿਹੇ ਧਾਰਮਿਕ ਜਲੂਸਾਂ ਨੂੰ ਹਿੰਸਕ ਤੇ ਉਕਸਾਊ ਦਿੱਖ ਦੇਣ ਵਿੱਚ ਕਸਰ ਨਹੀਂ ਛੱਡ ਰਹੇ। ਭਾਜਪਾ ਦੀ ਕੇਂਦਰ ਤੇ ਸਥਾਨਕ ਸਰਕਾਰਾਂ ਇਸ ਦੀ ਖੁੱਲ੍ਹੀ ਖੁੱਲ੍ਹ ਦੇ ਰਹੀਆਂ ਹਨ।

ਮੇਵਾਤ ਵਿੱਚ ਇੱਕ ਨੌਜਵਾਨ ਛੁਰੀ ਲੈ ਕੇ ਨਮਾਜ਼ ਵਿਰੋਧੀ ਅਪ ਸ਼ਬਦ ਬੋਲਦਾ-ਹਰ ਹਰ ਮਹਾਂਦੇਵ ਉਚਰ ਰਿਹਾ ਹੈ। ਗੁਰੂਗ੍ਰਾਮ ਦੀ ਇੱਕ ਮਸਜਿਦ ਦਾ ਇਮਾਮ ਚਾਕੂਆਂ-ਛੁਰੀਆਂ ਨਾਲ ਕਤਲ ਕਰ ਦਿੱਤਾ ਜਾਂਦਾ ਹੈ, ਜਿਹੜਾ ਹਿੰਦੂ-ਮੁਸਲਿਮ ਭਾਈਚਾਰੇ ਨੂੰ ਇੱਕ ਹੀ ਥਾਲੀ ਵਿੱਚ ਖਾਣਾ ਖਾਣ ਦੀ ਉੱਚ ਮਾਨਵੀ ਲੋਚਾ ਰੱਖਦਾ ਹੈ।

ਸਵਾਲ ਇਹ ਵੀ ਹੈ ਕਿ ਇਸ ਸ਼ੋਭਾ ਯਾਤਰਾ ਦੀ ਮਨਜ਼ੂਰੀ ਕੀਹਨੇ ਤੇ ਕਦੋਂ ਦਿੱਤੀ? ਜਦੋਂ 150 ਗੱਡੀਆਂ ਦਾ ਹਥਿਆਰਬੰਦ ਹਜ਼ੂਮ ਚੱਲ ਰਿਹਾ ਹੋਵੇ ਤਾਂ ਪ੍ਰਸ਼ਾਸਨ ਮੂਕ ਕਿਉਂ? 27 ਜੁਲਾਈ ਨੂੰ ਸ਼ਾਂਤੀ ਕਮੇਟੀ ਦੀ ਮੀਟਿੰਗ ਵਿੱਚ ਵੀ ਇਹ ਮੁੱਦਾ ਉੱਠਿਆ ਸੀ ਅਤੇ ਜਿੰਨੀ ਕੁ ਜਾਣਕਾਰੀ ਬਾਹਰ ਆਈ ਹੈ, ਹਰਿਆਣਾ ਖੁਫ਼ੀਆ ਏਜੰਸੀ ਨੇ ਵੀ ਆਪਣੀ ਰਿਪੋਰਟ 'ਚ ਖ਼ਦਸ਼ਾ ਪ੍ਰਗਟ ਕੀਤਾ ਸੀ। ਮੌਕੇ ਉਤੇ ਜਦੋਂ ਹਿੰਸਕ ਹਜ਼ੂਮ ਗੱਡੀਆਂ ਦੀ ਭੰਨ-ਤੋੜ ਤੇ ਸਾੜ-ਫੂਕ ਕਰ ਰਿਹਾ ਹੈ ਤਾਂ ਲੋਕਾਂ ਨੂੰ ਸੁਰੱਖਿਆ ਦੇਣ ਵਾਲੀ ਪੁਲਸ ਗਾਇਬ ਸੀ। ਪਿੰਡ ਨਾਗੀਨਾ 'ਚ ਤਹਿਸੀਲਦਾਰ ਨੂੰ ਸੁਰੱਖਿਆ ਦੇਣ ਵਾਲੇ ਕੌਣ ਸਨ? ਕੀ ਮੁਸਲਮ ਭਾਈਚਾਰਾ ਨਹੀਂ ਸੀ?

ਹਰਿਆਣਾ ਸਰਕਾਰ ਹੁਣ ਕਹਿ ਰਹੀ ਹੈ ਕਿ ਉਨ੍ਹਾਂ 45 ਐੱਫ਼ ਆਈ ਆਰ ਦਰਜ ਕਰ ਲਈਆਂ ਹਨ। 150 ਤੋਂ ਉਪਰ ਗ੍ਰਿਫ਼ਤਾਰੀਆਂ ਕਰ ਲਈਆਂ ਹਨ, ਪਰ ਮੋਨੂੰ ਮਾਨੇਸਰ ਬਾਰੇ ਚੁੱਪ ਹਨ? ਹਰਿਆਣਾ ਪੁਲਸ ਕਹਿੰਦੀ ਹੈ ਕਿ, "ਰਾਜਸਥਾਨ ਪੁਲਸ ਸਹਿਯੋਗ ਨਹੀਂ ਦੇ ਰਹੀ, ਜਦੋਂ ਕਿ ਰਾਜਸਥਾਨ ਪੁਲਸ ਕਹਿੰਦੀ ਹੈ, ਉਹ ਹਰਿਆਣੇ ਵਿੱਚ ਗੱਡੀਆਂ 'ਚ ਖੁੱਲ੍ਹਾ ਘੁੰਮ ਰਿਹਾ ਹੈ। 'ਆਜ ਤੱਕ' ਚੈਨਲ ਦੇ ਕੈਮਰੇ ਨੇ ਜਦੋਂ ਬਜਰੰਗ ਦਲ ਤੇ ਹਿੰਦੂ ਪ੍ਰੀਸ਼ਦ ਦੇ ਮੈਂਬਰਾਂ ਨੂੰ ਇੱਟਾਂ-ਪੱਥਰ ਚਲਾਉਂਦਿਆਂ ਤੇ ਫਾਇਰਿੰਗ ਕਰਦਿਆਂ ਦੀ ਫੋਟੋ ਲਈ ਤਾਂ ਵਿੱਚੋਂ ਰੋਕ ਦਿੱਤਾ ਗਿਆ। ਸਾਫ਼ ਹੈ ਕਿ ਇਹ ਸਾਜ਼ਿਸ਼ ਯੋਜਨਾਬੱਧ ਹੈ ਤੇ ਸੀ। ਇਸ ਵਿੱਚ ਕੱਟੜਵਾਦੀ ਹਿੰਦੂ ਸੰਗਠਨ ਹੀ ਨਹੀਂ, ਭਾਜਪਾ ਤੇ ਹਰਿਆਣਾ ਸਰਕਾਰ ਵੀ ਸ਼ਾਮਲ ਹੈ।

ਅਗਲੇ ਸਾਲ ਚੋਣਾਂ ਹਨ-ਵਿਧਾਨ ਸਭਾਵਾਂ ਦੀਆਂ ਵੀ ਤੇ ਲੋਕ ਸਭਾ ਦੀਆਂ ਵੀ। ਮੇਵਾਤ ਦੇ ਖੇਤਰ ਵਿੱਚੋਂ ਕਾਂਗਰਸ ਮੁਸਲਮਾਨ ਭਾਈਚਾਰੇ ਦੇ 86 ਫ਼ੀਸਦੀ ਵੋਟ ਹਾਸਲ ਕਰਦੀ ਹੈ ਅਤੇ ਭਾਜਪਾ ਮਹਿਜ਼ 14 ਫੀਸਦੀ। ਇਨ੍ਹਾਂ ਘਟਨਾਵਾਂ ਪਿੱਛੋਂ ਭਾਜਪਾ ਸਮੀਕਰਨ ਬਦਲਣ ਦਾ ਅਨੁਮਾਨ ਲਾ ਰਹੀ ਹੈ। ਮੁਸਲਮਾਨ ਆਬਾਦੀ ਨੂੰ ਦਹਿਸ਼ਤਜ਼ਦਾ ਕਰਕੇ ਉਹ 2024 ਦੀਆਂ ਚੋਣਾਂ 'ਚ ਵੋਟ ਫੀਸਦੀ ਵਧਾਉਣਾ ਚਾਹੁੰਦੀ ਹੈ। ਇਨ੍ਹਾਂ ਘਟਨਾਵਾਂ ਨੇ ਹਰਿਆਣਾ ਦੇ ਹੋਰ ਖੇਤਰਾਂ ਵਿੱਚ ਹਿੰਦੂ ਵੋਟ ਨੂੰ ਭਾਜਪਾ ਪਿੱਛੇ ਲਾਮਬੰਦ ਕਰਨ ਦੀ ਭੂਮਿਕਾ ਵੀ ਨਿਭਾਉਣੀ ਹੈ।

ਇਨ੍ਹਾਂ ਹਿੰਸਕ ਘਟਨਾਵਾਂ ਪਿੱਛੋਂ ਇੱਕ ਚੰਗੇਰਾ ਪੱਖ ਵੀ ਸਾਹਮਣੇ ਆਇਆ ਹੈ, ਹਰਿਆਣੇ ਦੇ ਜਾਟਾਂ ਦੀਆਂ ਪੰਚਾਇਤਾਂ ਨੇ ਬਜਰੰਗ ਦਲ ਤੇ ਵਿਸ਼ਵ ਹਿੰਦੂ ਪ੍ਰੀਸ਼ਦ ਤੋਂ ਜਾਟ ਨੌਜਵਾਨਾਂ ਨੂੰ ਦੂਰ ਰਹਿਣ ਦਾ ਸੱਦਾ ਦਿੱਤਾ ਹੈ ਅਤੇ ਭਾਈਚਾਰਾ ਮਜ਼ਬੂਤ ਕਰਨ ਲਈ ਆਵਾਜ਼ ਉਠਾਈ ਹੈ। ਅਜਿਹੇ ਹੋਰ ਸਮੂਹ ਵੀ ਖੁੱਲ੍ਹ ਕੇ ਸਾਹਮਣੇ ਆਏ ਹਨ, ਜੋ ਭਾਜਪਾ ਉੱਤੇ ਉਂਗਲ ਰੱਖਦੇ ਹਨ। ਦਰਜ ਕੀਤੀਆਂ 45 ਐੱਫ਼ ਆਈ ਆਰ ਵਿੱਚ ਕਿਸੇ ਬਜਰੰਗ ਦਲੀਏ ਜਾਂ ਵਿਸ਼ਵ ਹਿੰਦੂ ਪ੍ਰੀਸ਼ਦ ਨਾਲ ਸੰਬੰਧਤ ਲੋਕਾਂ ਦੇ ਨਾਂਅ ਨਹੀਂ ਹਨ, ਹਾਲਾਂਕਿ ਨੂਹ ਦੇ ਸ਼ਿਵ ਮੰਦਰ ਵਿੱਚ ਇੱਕ ਬਜਰੰਗ ਦਲੀਆ ਨੌਜਵਾਨ ਫਾਇਰਿੰਗ ਕਰਦਾ ਨਜ਼ਰ ਆ ਰਿਹਾ ਹੈ। ਇਸੇ ਕੰਪਲੈਕਸ ਵਿੱਚ ਪਿੱਛੇ ਹਰਿਆਣਾ ਪੁਲਸ ਦੀ ਵਰਦੀ ਵਿੱਚ ਵੀ ਇੱਕ ਸ਼ਖ਼ਸ ਦਿਖਾਈ ਦੇ ਰਿਹਾ ਹੈ। ਸਾਫ਼ ਹੈ ਹਿੰਸਕ ਮਹੌਲ ਨੂੰ ਉਤੇਜਿਤ ਕਰਨ ਵਾਲਿਆਂ ਵਿਰੁੱਧ ਸਖ਼ਤੀ ਨਹੀਂ ਵਰਤੀ ਜਾ ਰਹੀ, ਸਗੋਂ ਮੁਸਲਮਾਨ ਵਰਗ ਦੇ ਲੋਕਾਂ ਨੂੰ ਹੀ ਬਲੀ ਦੇ ਬੱਕਰੇ ਬਣਾਇਆ ਜਾ ਰਿਹਾ ਹੈ। ਮੀਡੀਆ ਵਿੱਚ ਚਰਚਾ ਤਾਂ ਇਹ ਵੀ ਆਉਣੀ ਸ਼ੁਰੂ ਹੋ ਗਈ ਹੈ ਕਿ 2024 ਦੀਆਂ ਚੋਣਾਂ ਜਿੱਤਣ ਲਈ ਭਾਜਪਾ ਤੇ ਆਰ ਐੱਸ ਐੱਸ ਨੇ ਲੱਗਭੱਗ 3000 ਕਰੋੜ ਦੀ ਰਾਸ਼ੀ ਦੰਗਾ ਭੜਕਾਉਣ ਵਾਲਿਆਂ ਨੂੰ ਸੁਪਾਰੀ ਦੇਣ ਲਈ ਹੀ ਰੱਖੀ ਹੈ। ਜੇ ਇਹ ਸੱਚ ਹੈ ਤਾਂ ਸਾਫ਼ ਹੈ ਭਾਰਤੀ ਸਮਾਜ ਨੂੰ ਇੱਕ ਨਵੀਂ ਖਾਨਾਜੰਗੀ ਵੱਲ ਧੱਕਿਆ ਜਾ ਰਿਹਾ ਹੈ।

*# ਸੰਪਰਕ : 93544-30211*

# ਬਾਲ ਮਨਾਂ 'ਤੇ ਮੋਬਾਇਲ ਦੇ ਪੈ ਰਹੇ ਮਾੜੇ ਪ੍ਰਭਾਵ

**ਗਗਨਦੀਪ ਕੌਰ**

ਆਧੁਨਿਕ ਕਹਾਉਂਦੇ ਇਸ ਜੁਗ ਵਿੱਚ ਇੱਕ ਅਜਿਹੀ ਮਾਨਸਿਕਤਾ ਦਾ ਵੀ ਜਨਮ ਹੋਇਆ ਹੈ, ਜਿਸ ਵਿੱਚ ਮਾਪੇ ਆਪਣੇ ਨਿੱਕੇ ਨਿੱਕੇ ਬੱਚਿਆਂ ਨੂੰ ਮੋਬਾਇਲ 'ਤੇ ਖੇਡਦਾ ਦੇਖ ਬਹੁਤ ਖੁਸ਼ ਹੁੰਦੇ ਹਨ। ਅੱਜਕੱਲ੍ਹ ਬੱਚਾ ਤੁਰਨ ਬਾਅਦ ਵਿੱਚ ਲਗਦਾ ਹੈ ਪਰ ਉਸ ਦੇ ਹੱਥ ਵਿੱਚ ਮੋਬਾਇਲ ਪਹਿਲਾਂ ਹੁੰਦਾ ਹੈ। ਬੱਚੇ ਨੂੰ ਮੋਬਾਈਲ ਦੇਣ ਤੇ ਉਸ ਨੂੰ ਚਲਾਉਂਦੇ ਦੇਖਣਾ, ਕੋਈ ਐਪ ਚਲਾਉਣ ਨੂੰ ਤਾਂ ਕਈ ਮਾਂ-ਬਾਪ ਆਧੁਨਿਕਤਾ ਦੇ ਹਾਣੀ ਹੋਣ ਨਾਲ ਜੋੜਦੇ ਹਨ। ਅੱਜਕੱਲ੍ਹ ਨਿੱਕੇ-ਨਿੱਕੇ ਬੱਚਿਆਂ ਦੇ ਹੱਥਾਂ ਵਿੱਚ ਖੇਡਾਂ ਹੋਣ ਦੀ ਥਾਂ ਮੋਬਾਇਲ ਹਨ ਪਰ ਸੱਭਿਅਕ ਸਮਾਜ ਦੇ ਸੱਭਿਅਕ ਮਾਤਾ-ਪਿਤਾ ਨੂੰ ਇਸ ਗੱਲ ਨਾਲ ਕੋਈ ਬਹੁਤਾ ਫਰਕ ਨਹੀਂ ਪੈਂਦਾ ਕਿ ਮੋਬਾਇਲ ਬੱਚੇ ਦੀ ਸਿਹਤ ਉੱਤੇ ਕੀ ਫਰਕ ਪਵੇਗਾ। ਕੁਝ ਮਾਵਾਂ ਤਾਂ ਜੇ ਬੱਚਾ ਰੋਂਦਾ ਹੈ ਤਾਂ ਹੱਥ 'ਚ ਮੋਬਾਇਲ ਫੜਾ ਕੇ ਚੁੱਪ ਕਰਾਉਂਦੀਆਂ ਹਨ। ਸੋਚਣ ਵਾਲੀ ਗੱਲ ਇਹ ਹੈ ਕਿ ਸਮਾਜ ਕਿੱਧਰ ਨੂੰ ਜਾ ਰਿਹਾ ਹੈ। ਇਸ ਦੇ ਲਈ ਜ਼ਿੰਮੇਵਾਰ ਇਕੱਲੇ ਮਾਪੇ ਹਨ ਜਾਂ ਹੋਰ ਵੀ ਕਾਰਨ ਹਨ। ਆਓ ਇਸ ਬਾਰੇ ਚਰਚਾ ਕਰੀਏ।

ਸੰਨ 2000 ਤੋਂ ਬਾਅਦ ਸੰਚਾਰ ਰੂਪੀ ਸਾਧਨਾਂ ਵਿੱਚ ਬਹੁਤ ਵੱਡੀ ਕ੍ਰਾਂਤੀ ਆਈ ਹੈ ਜੋ ਟੀ ਵੀ 80 ਦੇ ਦਹਾਕੇ ਵਿੱਚ ਕਿਸੇ ਕਿਸੇ ਘਰ ਵਿਚ ਸੀ, ਉਹ 2000 ਤੋਂ ਬਾਅਦ ਹੌਲੀ ਹੌਲੀ ਮੋਬਾਇਲ ਦੇ ਰੂਪ ਵਿੱਚ ਘਰ ਘਰ ਪਹੁੰਚਣ ਲੱਗਾ। ਲੈਂਡਲਾਈਨ ਫੋਨ ਕਦੋਂ ਮੋਬਾਈਲ ਫੋਨ ਵਿੱਚ ਬਦਲ ਗਏ ਪਤਾ ਹੀ ਨਹੀਂ ਲੱਗਾ। ਹਰ ਇੱਕ ਨੂੰ ਸੁਵਿਧਾ ਇਹ ਮਿਲੀ ਕਿ ਇਹ ਕਿਤੇ ਵੀ ਲਿਜਾਇਆ ਜਾ ਸਕਦਾ ਸੀ। ਰਹਿੰਦੀ ਕਸਰ ਮੋਬਾਈਲ ਪੈਕ ਦੇਣ ਵਾਲੀਆਂ ਕੰਪਨੀਆਂ ਨੇ ਕੱਢ ਦਿੱਤੀ।

ਹੌਲੀ-ਹੌਲੀ ਇੰਟਰਨੈੱਟ ਹਰ ਇੱਕ ਦੇ ਹੱਥਾਂ ਵਿੱਚ ਆ ਗਿਆ। ਕੁਝ ਦੇਸ਼ਾਂ ਦੀਆਂ ਸਰਕਾਰਾਂ ਨੇ ਕੁਝ ਐਪਸ ਬੱਚਿਆਂ ਲਈ ਬੈਨ ਕੀਤੀਆਂ ਹੋਈਆਂ ਹਨ। ਪਰ ਇੱਥੇ ਬਿਨਾਂ ਰੋਕ-ਟੋਕ ਜੋ ਵੱਡੇ ਦੇਖਦੇ ਹਨ, ਉਹੀ ਬੱਚੇ ਦੇਖਦੇ ਹਨ। ਬੱਚਿਆਂ ਦੀਆਂ ਖੇਡਾਂ ਖੇਡ ਮੈਦਾਨ ਦੀ ਬਜਾਏ ਮੋਬਾਈਲ 'ਚ ਤਬਦੀਲ ਹੋ ਗਈਆਂ ਹਨ। ਗੋਲੀਆਂ ਚਲਾਉਣਾ, ਬਰੂਦ, ਕਿਸੇ ਨੂੰ ਮਾਰਨਾ ਅਤੇ ਕਿਸੇ ਉੱਪਰ ਗੱਡੀ ਚੜ੍ਹਾ ਦੇਣਾ ਆਦਿ ਗੇਮਾਂ ਫੋਨ ਵਿੱਚ ਮਿਲ ਜਾਂਦੀਆਂ ਹਨ, ਜਿਸ ਕਾਰਨ ਭੋਲੇ-ਭਾਲੇ ਬੱਚੇ ਹਿੰਸਕ ਬਣ ਜਾਂਦੇ ਹਨ। ਗੇਮ ਨਾ ਖੇਡਣ ਦੀ ਸੂਰਤ ਵਿੱਚ ਉਹ ਬੱਚੇ ਹਿੰਸਾ 'ਤੇ ਉੱਪਰ ਆਉਂਦੇ ਹਨ। ਜਿਸ ਦੇ ਪ੍ਰਮਾਣ ਵਜੋਂ ਵਾਪਰਦੀਆਂ ਘਟਨਾਵਾਂ ਆਮ ਦੇਖਣ ਨੂੰ ਮਿਲਦੀਆਂ ਹਨ।

ਸਭ ਤੋਂ ਵੱਡਾ ਯੋਗਦਾਨ ਬੱਚਿਆਂ ਦੀ ਜ਼ਿੰਦਗੀ ਵਿੱਚ ਮਾਪਿਆਂ ਦਾ ਹੁੰਦਾ ਹੈ, ਇਸ ਲਈ ਮਾਪਿਆਂ ਨੂੰ ਬੱਚਿਆਂ ਨਾਲ ਵੱਧ ਤੋਂ ਵੱਧ ਸਮਾਂ ਬਿਤਾਉਣਾ ਚਾਹੀਦਾ ਹੈ। ਉਨ੍ਹਾਂ ਦੇ ਦੋਸਤ ਬਣ ਉਨ੍ਹਾਂ ਨਾਲ ਸਭ ਕੁਝ ਸਾਂਝਾ ਕਰਨਾ ਚਾਹੀਦਾ।

ਸਰਕਾਰਾਂ ਨੂੰ ਆਪਣੇ ਦੇਸ਼ ਦਾ ਭਵਿੱਖ ਬਚਾਉਣ ਲਈ ਬੱਚਿਆਂ 'ਤੇ ਮਾੜਾ ਪ੍ਰਭਾਵ ਪਾਉਂਦੀਆਂ ਐਪਾਂ ਬੰਦ ਕਰਨੀਆਂ ਚਾਹੀਦੀਆਂ ਹਨ, ਜਿਨ੍ਹਾਂ ਕਾਰਨ ਬੱਚੇ ਹਿੰਸਕ ਬਣਦੇ ਹਨ। ਦਿਮਾਗੀ ਕਸਰਤ ਵਰਗੀਆਂ ਖੇਡਾਂ ਨੂੰ ਮਨੋਰੰਜਕ ਬਣਾ ਕੇ ਬੱਚਿਆਂ ਦੇ ਮੋਬਾਇਲ ਵਿੱਚ ਪਹੁੰਚਾਉਣੀਆਂ ਚਾਹੀਦੀਆਂ ਹਨ। ਹਾਂ, ਅੱਜ ਦਾ ਸਮਾਂ ਅਜਿਹਾ ਹੈ, ਜਿਸ ਵਿੱਚ ਅਸੀਂ ਬੱਚਿਆਂ ਨੂੰ ਜ਼ਿਆਦਾ ਰੋਕ-ਟੋਕ 'ਚ ਨਹੀਂ ਸਕਦੇ ਪਰ ਉਨ੍ਹਾਂ ਦੇ ਸਾਥੀ ਬਣ ਉਨ੍ਹਾਂ ਨੂੰ ਸਹੀ ਦਿਸ਼ਾ ਤਾਂ ਦੇ ਸਕਦੇ ਹੀ ਹਾਂ।

**#ਪਿੰਡ ਜਹਾਂਗੀਰ, ਤਹਿ: ਧੂਰੀ, ਜਿਲ੍ਹਾ ਸੰਗਰੂਰ**

# ਮੁੜ ਨਾ ਆਵੇ ਨਾਗਾਸਾਕੀ ਤੇ ਹੀਰੋਸ਼ੀਮਾ ਵਾਲੀ ਕਲਯੁਗੀ ਸਵੇਰ

**ਪ੍ਰਿਥੀਪਾਲ ਸਿੰਘ ਮਾੜੀਮੇਘਾ**

ਹੀਰੋਸ਼ੀਮਾ ਤੇ ਨਾਗਾਸਾਕੀ ਵਾਲੀ ਕਲਯੁਗੀ ਸਵੇਰ 6 ਤੇ 9 ਅਗਸਤ 1945 ਵਾਲੀ ਮੁੜ ਨਾ ਆਵੇ। ਇਸ ਸਵੇਰ ਅਮਰੀਕਾ ਨੇ ਦੂਜੀ ਸੰਸਾਰ ਜੰਗ ਵਿੱਚ ਬੰਬ ਸੁੱਟੇ ਸਨ। ਇਨ੍ਹਾਂ ਬੰਬਾਂ ਦੀ ਮਾਰ ਨਾਲ 140000 ਦੇ ਕਰੀਬ ਲੋਕ ਮਾਰੇ ਗਏ ਤੇ ਇਸ ਤੋਂ ਕਿਤੇ ਵਧੇਰੇ ਲੰਗੜੇ ਲੂਲੇ ਹੋ ਗਏ ਸਨ। ਉਂਝ ਦੂਜੀ ਸੰਸਾਰ ਜੰਗ ਨੇ 5 ਕਰੋੜ ਮਨੁੱਖੀ ਜਾਨਾਂ ਲਈਆਂ, ਜਿਨ੍ਹਾਂ ਵਿੱਚ 2 ਕਰੋੜ ਤੋਂ ਵਧੇਰੇ ਸੋਵੀਅਤ ਯੂਨੀਅਨ (ਰੂਸ) ਤੋਂ ਸਨ। ਇਸ ਸੰਸਾਰ ਵਿਆਪੀ ਮਨੁੱਖੀ ਇਤਿਹਾਸ ਦੀ ਸਭ ਤੋਂ ਤਬਾਹਕੁੰਨ ਜੰਗ ਵਿੱਚ ਜੋ 1939 ਤੋਂ 1945 ਤੱਕ ਚੱਲੀ, ਹਿਟਲਰ ਪੱਖੀਆਂ ਨੇ ਲੋਕਾਈ 'ਤੇ ਅਣਮਨੁੱਖੀ , ਵਹਿਸ਼ੀਆਨਾ ਜੁਰਮ ਤੇ ਅੱਤਿਆਚਾਰ ਕੀਤੇ। ਇਸ ਜੰਗ ਨੇ ਮਨੁੱਖ ਜਾਤੀ ਦੀ ਜਮੀਰ ਦਾ ਘੋਰ ਅਪਮਾਨ ਕੀਤਾ। ਰੂਸੀ ਲੇਖਕ ਵਸੇਵੋਲੋਦੋਚਿੰਸਕੀ ਅਨੁਸਾਰ, "ਜੰਗ ਵਿੱਚ ਫਾਸ਼ਿਜ਼ਮ ਅਤੇ ਸੈਨਾਵਾਦ ਦੀਆਂ ਕਾਲੀਆਂ ਤਾਕਤਾਂ ਉੱਪਰ ਅਜ਼ਾਦੀ ਪਸੰਦ ਰਾਸ਼ਟਰਾਂ ਦੀ ਮਹਾਨ ਫਤਹਿ ਦਾ ਸਿੱਟਾ ਨਿਕਲਿਆ ਅਤੇ ਫਾਸ਼ਿਜ਼ਮ ਦੀ ਹਾਰ ਹੋਈ। ਜਿਹੜਾ ਜਮਹੂਰੀਅਤ ਤੇ ਉੱਨਤੀ ਦਾ ਕੱਟੜ ਦੁਸ਼ਮਣ ਸੀ। ਹਿਟਲਰ ਨੇ ਹਥਿਆਏ ਹੋਏ ਦੇਸ਼ਾਂ ਵਿੱਚ ਸਭਨਾਂ ਮਨੁੱਖੀ ਅਧਿਕਾਰਾਂ ਨੂੰ ਪੈਰਾਂ ਹੇਠ ਮਿੱਧ ਧਰਿਆ ਸੀ। ਇਸ ਕਾਤਲਾਨਾ ਜੰਗ ਨੂੰ ਨਕਾਰਦਿਆਂ ਮਹਾਂਕਵੀ ਤੇ ਵਿਚਾਰਵਾਨ ਰਬਿੰਦਰ ਨਾਥ ਟੈਗੋਰ ਨੇ ਕਿਹਾ ਸੀ,"ਸੱਚੀ ਫਤਿਹ ਉਹ ਹੁੰਦੀ ਹੈ ਜਿਸ ਵਿੱਚ ਸਭੇ ਜੇਤੂ ਹੋਣ। ਪਰ ਹਿਟਲਰ ਤਾਂ ਇਕੱਲਾ ਹੀ ਤਾਨਾਸ਼ਾਹ ਬਣਿਆ ਹੋਇਆ ਸੀ।" ਇਸ ਜ਼ਾਲਮਾਨਾ ਜੰਗ ਬਾਰੇ ਗੋਰਬਾਚੋਵ ਲਿਖਦੇ ਹਨ, "ਜੇ ਸੋਵੀਅਤ ਯੂਨੀਅਨ ਨੇ ਹਿਟਲਰ ਦੀ ਜੰਗੀ ਮਸ਼ੀਨ ਦਾ ਰਾਹ ਬੰਦ ਨਾ ਕੀਤਾ ਹੁੰਦਾ ਤਾਂ ਸੰਸਾਰ ਦਾ ਨਕਸ਼ਾ ਕੁਝ ਹੋਰ ਹੀ ਹੋਣਾ ਸੀ।"

ਰੂਸੀ ਲੇਖਕਾਂ ਨੇ ਧਰਤੀ 'ਤੇ ਹੋਈਆਂ ਕੁੱਲ ਜੰਗਾਂ ਦਾ ਲੇਖਾ ਜੋਖਾ ਲਾਇਆ ਕਿ ਸਾਡੀ ਸੱਭਿਅਤਾ ਦੇ ਪਹੁ ਫੁਟਾਲੇ ਤੋਂ ਇਸ ਸਦੀ (19ਵੀਂ) ਦੇ ਮੱਧ ਤੱਕ ਕੁੱਲ 14500 ਵੱਡੀਆਂ ਛੋਟੀਆਂ ਜੰਗਾਂ ਅਤੇ ਹਥਿਆਰਬੰਦ ਟੱਕਰਾਂ ਹੋਈਆਂ ਹਨ। ਜਿਨ੍ਹਾਂ ਵਿੱਚ ਤਿੰਨ ਅਰਬ ਪੈਂਹਠ ਕਰੋੜ ਲੋਕ ਮਾਰੇ ਗਏ। ਅਰਥਾਤ ਦੁਨੀਆ ਦੀ ਵਸੋਂ ਦਾ ਤਿੰਨ ਚੌਥਾਈ ਹਿੱਸਾ ਇਨ੍ਹਾਂ ਜੰਗਾਂ ਯੁੱਧਾਂ ਨੇ ਨਿਗਲ ਲਿਆ। ਇਸ ਲੰਬੇ ਦੌਰ ਵਿੱਚ ਕੇਵਲ 292 ਵਰ੍ਹੇ ਹੀ ਅਜਿਹੇ ਹਨ ਜਿਨ੍ਹਾਂ ਵਿੱਚ ਕੋਈ ਜੰਗ ਨਹੀਂ ਹੋਈ। ਦੂਜੀ ਸੰਸਾਰ ਜੰਗ ਵਿੱਚ ਮਰਨ ਵਾਲਿਆਂ ਦੀ ਗਿਣਤੀ ਪ੍ਰਤੀ ਸਾਲ ਔਸਤਨ 80 ਲੱਖ ਦੇ ਕਰੀਬ ਸੀ।

ਹਿਟਲਰ ਨੇ ਇਹ ਜੰਗ ਸਿਰਫ ਸੋਵੀਅਤ ਯੂਨੀਅਨ ਨੂੰ ਖਤਮ ਕਰਨ ਲਈ ਨਹੀਂ ਸੀ ਲੜੀ, ਉਹ ਤਾਂ ਅਮਰੀਕਾ ਨੂੰ ਪਛਾੜ ਕੇ ਆਪ ਦੁਨੀਆ ਦਾ ਮਾਲਕ ਬਣਨਾ ਚਾਹੁੰਦਾ ਸੀ। ਪਰ ਅਮਰੀਕਾ ਇੱਕ ਤੀਰ ਨਾਲ ਦੋ ਪੰਛੀ ਮਾਰਨ ਦੀ ਚਾਲ ਚੱਲ ਰਿਹਾ ਸੀ। ਕਿਉਂਕਿ ਭਾਰਤ ਉੱਤੇ ਅਮਰੀਕਾ ਵੀ ਬਾਜ ਅੱਖ ਰੱਖ ਰਿਹਾ ਸੀ ਤੇ ਜਰਮਨ ਏਸ਼ੀਆ ਦਾ ਦੇਸ਼ ਹੋਣ ਕਰਕੇ ਭਾਰਤ ਨੂੰ ਹੜੱਪਣਾ ਚਾਹੁੰਦਾ ਸੀ। ਹਿਟਲਰ ਇਸ ਲਈ ਖੌਰ ਖਾਂਦਾ ਸੀ ਕਿ ਪਹਿਲਾਂ ਇੰਗਲੈਂਡ ਏਸ਼ੀਆ ਵਿੱਚ ਪੈਰ ਜਮਾ ਕੇ ਬੈਠਾ ਹੈ ਤੇ ਜੇ ਅਮਰੀਕਾ ਵੀ ਆ ਗਿਆ ਤੇ ਇਹ ਦੋਵੇਂ ਜਰਮਨੀ ਸਮੇਤ ਏਸ਼ੀਆ 'ਤੇ ਕਾਬਜ਼ ਹੋ ਜਾਣਗੇ। ਇਸ ਹਾਲਤ ਵਿੱਚ ਹਿਟਲਰ ਨੇ ਅਮਰੀਕਾ ਨੂੰ ਏਸ਼ੀਆ ਵਿੱਚ ਆਉਣ ਤੋਂ ਰੋਕਣ ਤੇ ਇੰਗਲੈਂਡ ਨੂੰ ਬਾਹਰ ਕੱਢਣ ਲਈ ਜੰਗ ਵਿੱਢ ਦਿੱਤੀ। ਹਿਟਲਰ ਨੂੰ ਆਪਣੀ ਨੌਜਵਾਨ ਫੌਜ 'ਤੇ ਬੜਾ ਫਖਰ ਸੀ, ਜਿਸ ਨੇ ਉਨ੍ਹਾਂ ਨੂੰ ਇਸ ਵਾਅਦੇ ਨਾਲ ਨੌਕਰੀ ਦਿੱਤੀ ਸੀ ਕਿ ਤੁਸੀਂ ਮੇਰਾ ਸਾਥ ਦਿਓ ਮੈਂ ਤੁਹਾਨੂੰ ਸਾਰਾ ਸੰਸਾਰ ਜਿੱਤ ਕੇ ਦਿਆਂਗਾ। ਪਰ ਹਿਟਲਰ ਸਾਹਮਣੇ ਦੋ ਸਾਮਰਾਜ ਤਾਕਤਾਂ ਰਲ ਗਈਆਂ ਤੇ ਰੂਸ ਵੀ ਆਪਣਾ ਇਨਕਲਾਬ ਬਚਾਉਣ ਲਈ ਇਸ ਮੋਰਚੇ ਵਿੱਚ ਜਾ ਰਲਿਆ। ਜੰਗ ਰੂਸ ਦੀ ਧਰਤੀ 'ਤੇ ਲੜੀ ਗਈ ਸੀ, ਜਿਸ ਵਿੱਚ ਰੂਸ ਦੇ ਦੋ ਕਰੋੜ ਲੋਕਾਂ ਨੇ ਕੁਰਬਾਨੀਆਂ ਦਿੱਤੀਆਂ।

ਦੂਜੀ ਸੰਸਾਰ ਜੰਗ ਵਿੱਚ 10 ਕਰੋੜ ਫੌਜਾਂ ਨੇ ਹਿੱਸਾ ਲਿਆ ਸੀ। ਅਮਰੀਕਾ ਇਸ ਜੰਗ ਵਿੱਚ ਆਪਣੀ ਧੌਂਸ ਜਮਾਉਣ ਲਈ ਇਥੋਂ ਤੱਕ ਪਹੁੰਚ ਗਿਆ ਕਿ ਜੰਗ ਦੇ ਖਾਤਮੇ ਦੇ ਕੰਢੇ ਹੀਰੋਸ਼ੀਮਾ ਤੇ ਨਾਗਾਸਾਕੀ 'ਤੇ ਐਟਮ ਬੰਬ ਸੁੱਟ ਦਿੱਤੇ। ਇਹ ਬੰਬ ਏਨੇ ਘਾਤਕ ਸਨ ਕਿ ਜਿਧਰ ਨੂੰ ਵੀ ਹਵਾ ਜਾਂਦੀ ਉਧਰ ਹੀ ਮਨੁੱਖ ਜਾਤੀ ਤੇ ਬਨਸਪਤੀ ਦਾ ਮਲੀਆਮੇਟ ਹੁੰਦਾ ਜਾਂਦਾ।

ਪ੍ਰਸਿੱਧ ਲੇਖਕ ਵਿਆਚੇਸਲਣਕਤਾਮਿਦਜੇ ਲਿਖਦਾ ਹੈ ਕਿ 1983 ਤੱਕ ਦੁਨੀਆ ਭਰ ਵਿੱਚ 7 ਕਰੋੜ ਤੋਂ ਵਧੇਰੇ ਲੋਕ ਵੰਨਸੁਵੰਨੀ ਫੌਜੀ ਗਤੀਵਿਧੀ ਵਿੱਚ ਜੁਟੇ ਹੋਏ ਸਨ। ਜੇ ਇਹੋ ਲੋਕ ਇੱਕ ਦੂਜੇ ਨੂੰ ਦੰਡ ਦੇਣ ਦੀ ਬਜਾਏ ਸੱਚੇ ਗਿਆਨ ਨੂੰ ਲੋਕਾਂ ਵਿੱਚ ਵੰਡਣ ਦਾ ਪਰਉਪਕਾਰੀ ਕਾਰਜ ਕਰਨ ਤਾਂ ਇਸ ਨਾਲ ਦੁਨੀਆ ਜਾਤ, ਧਰਮ, ਨਸਲ, ਫਿਰਕਾ ਤੇ ਇਲਾਕਾਵਾਦ ਦੇ ਝਗੜਿਆਂ ਚੋਂ ਨਿਕਲ ਕੇ ਸੁਰਖ਼ਰੂ ਹੋ ਜਾਵੇਗੀ।

1989 ਵਿੱਚ ਹਾਲਾਤ ਇਹ ਸਨ ਕਿ ਅਮਰੀਕਾ ਵਿੱਚ ਲੜਾਕੂ ਮਿਜ਼ਾਈਲਾਂ ਰੱਖਣ ਲਈ 200 ਏਕੜ ਜ਼ਮੀਨ ਮੱਲੀ ਹੋਈ ਸੀ। ਮਿਜ਼ਾਈਲਾਂ ਦੇ ਟਿਕਾਣਿਆਂ ਨੂੰ ਪੱਕਾ ਕਰਨ ਲਈ 600000 ਟਨ ਸੀਮੈਂਟ ਤੇ 800000 ਟਨ ਲੋਹਾ ਤੇ ਹੋਰ ਇਸਪਾਤ ਵਰਤੇ ਸਨ। ਜਦੋਂ ਕਿ ਇਨ੍ਹਾਂ ਵਰਤੇ ਪਦਾਰਥਾਂ ਦੀ ਕੀਮਤ ਨਾਲ ਕਈ ਲੱਖ ਲੋਕਾਂ ਦੀ ਵਸੋਂ ਵਾਲਾ ਸ਼ਹਿਰ ਵਸਾਇਆ ਜਾ ਸਕਦਾ ਸੀ। ਹੁਣ ਹਥਿਆਰਾਂ ਦੇ ਜਮ੍ਹਾਂ ਕਰਨ ਦੇ ਕੀ ਹਾਲਾਤ ਹੋਣਗੇ ਇਸ ਬਾਰੇ ਮੈਨੂੰ ਕੋਈ ਖਾਸ ਜਾਣਕਾਰੀ ਨਹੀਂ। ਇੱਕ ਆਧੁਨਿਕ ਟੈਂਕ 1989 ਵਿੱਚ ਜਿੰਨੀ ਕੀਮਤ ਨਾਲ ਬਣਦਾ ਸੀ ਉਸ ਨਾਲ 30000 ਬੱਚਿਆਂ ਦੀ ਪੜ੍ਹਾਈ ਲਈ ਸਕੂਲ ਬਣ ਸਕਦੇ ਸਨ।

ਹੁਣ ਸਵਾਲ ਇਹ ਹੈ ਕਿ ਉਸ ਵਕਤ ਸੋਵੀਅਤ ਯੂਨੀਅਨ ਨੇ ਪਰਮਾਣੂ ਬੰਬ ਜਾਂ ਆਧੁਨਿਕ ਹਥਿਆਰਾਂ ਦੇ ਖਾਤਮੇ ਲਈ ਜਿਹੜੀ ਮੁਹਿੰਮ ਚਲਾਈ ਸੀ ਉਹ ਇਕੱਲੇ ਹਥਿਆਰਾਂ ਦੇ ਖਾਤਮੇ ਤੱਕ ਅਤੇ ਸੁਰੱਖਿਆ ਤੇ ਅਮਨ ਤੱਕ ਹੀ ਸੀਮਤ ਨਹੀਂ ਸੀ, ਉਹ ਤਾਂ ਨਵੇਂ ਕੰਮ ਭਾਵ ਰੁਜ਼ਗਾਰ ਸਿਰਜਣ ਦਾ ਰਾਹ ਸੀ, ਜਿਸ ਨੂੰ ਸਾਮਰਾਜ ਤਾਕਤਾਂ ਨੇ ਨੇਪਰੇ ਚੜ੍ਹਨ ਨਹੀਂ ਦਿੱਤਾ। ਪੂੰਜੀਵਾਦੀ ਪ੍ਰਬੰਧ ਦਾ ਰਾਹ ਬੇਰੁਜ਼ਗਾਰੀ ਰੱਖਣ ਦਾ ਰਾਹ ਹੈ।

ਅੱਜ ਫਿਰ ਸੰਸਾਰ ਜੰਗ ਦੇ ਕੰਢੇ 'ਤੇ ਬੈਠਾ ਹੋਇਆ ਹੈ। ਇੱਕ ਪ੍ਰਸਿੱਧ ਲਿਖਤ ਅਨੁਸਾਰ,"ਅਜ਼ਾਦੀ ਤੋਂ ਪਹਿਲਾਂ 1989 ਤੱਕ ਏਨੇ ਹਥਿਆਰ ਬਣ ਚੁੱਕੇ ਸਨ ਕੇ ਉਨ੍ਹਾਂ ਹਥਿਆਰਾਂ ਨਾਲ ਧਰਤੀ 15 ਵਾਰ ਲੂਹੀ ਜਾ ਸਕਦੀ ਸੀ।" ਅਜੋਕਾ ਦੌਰ ਤਾਂ ਬੜਾ ਅੱਗੇ ਲੰਘ ਚੁੱਕਾ ਹੈ।

**# ਜਨਰਲ ਸਕੱਤਰ, ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ, 98760-78731**

CMYK

# ਸੀ ਪੀ ਆਈ ਦੇ ਵਫ਼ਦ ਦੀ ਹਿੰਸਾ ਪ੍ਰਭਾਵਤ ਹਰਿਆਣਾ ਦੀ ਫੇਰੀ ਨੇ ਜ਼ਮੀਨੀ ਹਕੀਕਤ ਦਾ ਖੁਲਾਸਾ ਕੀਤਾ



**ਲੁਧਿਆਣਾ (ਐਮ.ਐਸ.ਭਾਟੀਆ)**

ਭਾਰਤੀ ਕਮਿਊਨਿਸਟ ਪਾਰਟੀ ਦੇ ਵਫ਼ਦ ਨੇ ਹਰਿਆਣਾ ਦੇ ਹਿੰਸਾ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕਰਕੇ ਖਿੱਤੇ ਵਿੱਚ ਧਰੁਵੀਕਰਨ ਅਤੇ ਨਫ਼ਰਤ ਦੇ ਚਿੰਤਾਜਨਕ ਪੱਧਰ ਦਾ ਖੁਲਾਸਾ ਕੀਤਾ ਹੈ। ਜਾਣ ਬੁੱਝ ਕੇ ਖੇਤਰ ਵਿੱਚ ਝਗੜੇ ਨੂੰ ਹਵਾ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇੱਕ ਹੈਰਾਨ ਕਰਨ ਵਾਲੀ ਚਿੱਠੀ ਵਫ਼ਦ ਨੂੰ ਪ੍ਰਾਪਤ ਹੋਈ ਹੈ, ਜਿਸ ਨੇ ਦਹਿਣਾ ਬਲਾਕ, ਜ਼ਿਲ੍ਹਾ ਰੇਵਾੜੀ, ਹਰਿਆਣਾ ਦੇ ਜੈਨਾਬਾਦ ਪੰਚਾਇਤ ਦੇ ਸਰਪੰਚ ਦੇ ਲੈਟਰਹੈੱਡ 'ਤੇ ਕੌੜੀ ਹਕੀਕਤ ਦਾ ਪਰਦਾਫ਼ਾਸ਼ ਕੀਤਾ ਹੈ, ਜਿਸ ਤੋਂ ਪਤਾ ਲੱਗਾ ਹੈ ਕਿ ਭਾਜਪਾ ਦੇ ਸਾਸ਼ਨ ਵਿੱਚ ਯੋਜਨਾਬੱਧ ਢੰਗ ਨਾਲ ਘੱਟ ਗਿਣਤੀਆਂ ਨਾਲ ਵਿਤਕਰਾ ਕੀਤਾ ਜਾ ਰਿਹਾ ਹੈ।

ਸੀ.ਪੀ.ਆਈ. ਦੇ ਵਫ਼ਦ ਵੱਲੋਂ ਹਰਿਆਣਾ ਦੇ ਹਿੰਸਾ ਪ੍ਰਭਾਵਤ ਇਲਾਕਿਆਂ ਦੇ ਦੌਰੇ ਦੌਰਾਨ ਈਕੋ ਸਿਸਟਮ ਸਾਹਮਣੇ ਆਇਆ। ਪੂਰੇ ਖਿੱਤੇ ਵਿੱਚ ਨਫ਼ਰਤ ਤੇ ਵੰਡੀਆਂ ਦਾ ਵਾਧਾ ਯੋਜਨਾਬੱਧ ਹੈ।

ਦੋਵਾਂ ਭਾਈਚਾਰਿਆਂ ਵਿੱਚ ਝਗੜੇ ਦੇ ਨਕਲੀ ਬੀਜ ਬੀਜੇ ਜਾ ਰਹੇ ਹਨ। ਸੀਪੀਆਈ ਦਾ ਵਫਦ ਸਮਾਜ ਦੇ ਸਾਰੇ ਵਰਗਾਂ ਨੂੰ ਮਿਲੇ, ਉਦੋਂ ਤੱਕ ਉਨ੍ਹਾਂ ਨੂੰ ਪੁਲਸ ਨੇ ਨੂਹ ਬਾਰਡਰ 'ਤੇ ਰੋਕ ਲਿਆ। ਪੁਲਸ ਵੱਲੋਂ ਨੂਹ ਵਿੱਚ ਦਾਖਲ ਹੋਣ ਤੋਂ ਰੋਕਣ 'ਤੇ ਸੀ.ਪੀ.ਆਈ. ਦੇ ਸੰਸਦ ਮੈਂਬਰ ਬਿਨੋਏ ਵਿਸਵਾਮ ਨੇ ਕਿਹਾ, 'ਸੀ.ਪੀ.ਆਈ ਵਫ਼ਦ ਨੂੰ ਪੁਲੀਸ ਫੋਰਸ ਨੇ ਨੂਹ, ਹਰਿਆਣਾ ਵਿੱਚ ਦਾਖਲ ਹੋਣ ਤੋਂ ਰੋਕ ਦਿੱਤਾ ਹੈ। ਸਾਡਾ ਮਕਸਦ ਹਿੰਸਾ ਦੇ ਪੀੜਤਾਂ ਨੂੰ ਮਿਲਣਾ ਸੀ ਤੇ ਸ਼ਾਂਤੀ ਦੀ ਅਪੀਲ ਕਰਨੀ ਸੀ। ਡਬਲ ਇੰਜਣ ਸਰਕਾਰ ਲੋਕਾਂ ਦੀ ਖੁੱਲ੍ਹੀ ਆਵਾਜਾਈ ਤੋਂ ਵੀ ਡਰਦਾ ਹੈ। ਉਨ੍ਹਾਂ ਦੀ ਯੋਜਨਾ ਚੋਣਾਂ ਨੂੰ ਮੁੱਖ ਰੱਖ ਕੇ ਲੋਕਾਂ ਨੂੰ ਨਿਸ਼ਾਨਾ ਬਣਾ ਕੇ ਵੰਡਣ ਦੀ ਹੈ। ਸੀਪੀਆਈ ਦੇ ਵਫ਼ਦ ਵਿੱਚ ਸੀਪੀਆਈ ਦੇ ਸੰਸਦ ਮੈਂਬਰ ਬਿਨੋਏ ਵਿਸਵਾਮ, ਏ.ਆਈ.ਟੀ.ਯੂ.ਸੀ ਦੇ ਜਨਰਲ ਸਕੱਤਰ ਅਮਰਜੀਤ ਕੌਰ, ਸੀ.ਪੀ.ਆਈ. ਦੇ ਸੰਸਦ ਮੈਂਬਰ ਪੀ.ਸੰਦੋਸ਼ ਕੁਮਾਰ ਤੇ ਸੀ.ਪੀ.ਆਈ. ਹਰਿਆਣਾ ਦੇ ਸਕੱਤਰ ਦਰੀਆਉ ਸਿੰਘ ਕਸ਼ਯਪ ਸ਼ਾਮਲ ਸਨ।

# ਰੇਲਵੇ ਸਟੇਸ਼ਨ 'ਤੇ ਬੱਚਿਆਂ ਦੇ ਖੇਡਣ ਲਈ ਪਾਰਕ ਬਣੇ ਖੰਡਰ

**ਮਖੂ (ਰਛਪਾਲ ਸਿੰਘ ਸੰਧੂ)**

ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਰੇਲਵੇ ਸਟੇਸਨਾਂ ਨੂੰ ਸਮਾਰਟ ਬਣਾਉਣ ਲਈ 'ਅੰਮ੍ਰਿਤ ਭਾਰਤ ਰੇਲਵੇ ਸਟੇਸ਼ਨ ਯੋਜਨਾ' ਦੇ ਤਹਿਤ ਨਵੀਨੀਕਰਨ ਕਰਨ ਜਾ ਰਹੇ ਹਨ, ਜੋ ਦੇਸ ਭਰ ਦੇ ਹਜ਼ਾਰਾਂ ਕਸਬਿਆਂ ਅਤੇ ਸ਼ਹਿਰਾਂ ਨੂੰ ਜੋੜਨ ਵਾਲੇ ਦੁਨੀਆ ਦੇ ਸਭ ਤੋਂ ਵੱਡੇ ਰੇਲ ਨੈੱਟਵਰਕ (ਭਾਰਤ ਰੇਲਵੇ) ਦੇ ਬੁਨਿਆਦੀ ਢਾਂਚੇ ਨੂੰ ਹੋਰ ਮਜਬੂਤ ਕਰਨ ਲਈ ਬਹੁਤ ਵਧੀਆ ਉਪਰਾਲਾ ਹੈ। ਇਸ ਨਾਲ ਸਾਡੇ ਦੇਸ 'ਚ ਆ ਰਹੇ ਪਰਵਾਸੀ ਲੋਕਾਂ ਵਿਚ ਵੀ ਵਾਧਾ ਹੋਵੇਗਾ ਤੇ ਸਾਡੇ ਦੇਸ ਦੀ ਸ਼ਾਨ ਹੋਰ ਵਧੇਗੀ, ਪਰ ਬਹੁਤ ਹੀ ਅਫ਼ਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਕਸਬਿਆਂ ਦੇ ਰੇਲਵੇ ਸਟੇਸ਼ਨ ਦੀ ਦੇਖਭਾਲ ਕਰਨਾ ਸ਼ਾਇਦ ਸਰਕਾਰ ਨੇ ਬੰਦ ਕਰ ਦਿੱਤੀ ਹੈ, ਜਿਸ ਦੀ ਤਾਜ਼ਾ ਮਿਸਾਲ ਰੇਲਵੇ ਸਟੇਸ਼ਨ ਮਖੂ ਤੋਂ ਮਿਲਦੀ ਹੈ। ਕਸਬਾ ਮੱਖੂ ਦਾ ਰੇਲਵੇ ਸਟੇਸ਼ਨ ਤੋਂ ਰੋਜ਼ਾਨਾ ਇਲਾਕਾ ਮੱਖੂ ਦੇ 200 ਦੇ ਕਰੀਬ ਪਿੰਡਾਂ ਵਾਲੇ ਰੇਲਵੇ ਦਾ ਸਫ਼ਰ ਕਰਨ ਲਈ ਰੇਲਵੇ ਸਟੇਸ਼ਨ ਵਿਖੇ ਆਉਂਦੇ ਹਨ। ਰੇਲਵੇ ਸਟੇਸ਼ਨ ਵਿੱਚ ਬੱਚਿਆਂ ਦੇ ਖੇਡਣ ਲਈ ਦੋ ਪਾਰਕ ਬਣੇ ਹਨ, ਜਿਸ ਵਿੱਚ ਬੱਚੇ ਅਕਸਰ ਖੇਡਿਆ ਕਰਦੇ ਸਨ, ਪਾਰਕ ਵਿੱਚ ਲੱਗੇ ਰੰਗ ਬਿਰੰਗੇ ਝੂਲੇ ਰੇਲਵੇ ਸਟੇਸ਼ਨ ਦੀ ਦਿੱਖ ਨੂੰ ਹੋਰ ਸੁੰਦਰ ਬਣਾਉਂਦੇ ਸਨ। ਇਨ੍ਹਾਂ ਪਾਰਕਾਂ ਦੀ ਸਫ਼ਾਈ ਨਾ ਹੋਣ ਕਾਰਨ ਇਹ ਪਾਰਕ ਲੰਮੇ ਸਮੇਂ ਤੋਂ ਖੰਡਰ ਵਿੱਚ ਤਬਦੀਲ ਹੋ ਚੁੱਕੇ ਹਨ। ਇਨ੍ਹਾਂ ਪਾਰਕਾਂ ਵਿੱਚ ਜੰਗਲੀ ਘਾਹ ਹੋਣ ਕਾਰਨ ਤੇ ਬੱਚਿਆਂ ਦੇ ਖੇਡਣ ਵਾਲਾ ਸਮਾਨ ਟੁੱਟਿਆ ਹੋਇਆ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਕਿਸੇ ਵੀ ਰੇਲਵੇ ਅਧਿਕਾਰੀ ਵੱਲੋਂ ਇਨ੍ਹਾਂ ਪਾਰਕਾਂ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ। ਸ਼ਹਿਰ ਵਾਸੀਆਂ ਨੇ ਕੇਂਦਰ ਸਰਕਾਰ ਤੋਂ ਮੰਗ ਕਰਦਿਆਂ ਕਿਹਾ ਕਿ ਕਿ ਰੇਲਵੇ ਸਟੇਸ਼ਨ ਦੇ ਪਾਰਕਾਂ ਵੱਲ ਰੇਲਵੇ ਦੇ ਅਧਿਕਾਰੀਆਂ ਦਾ ਧਿਆਨ ਦਿਵਾ ਕੇ ਪਾਰਕਾਂ ਦੀ ਸਫ਼ਾਈ ਕਰਾ ਕੇ ਬੱਚਿਆਂ ਦੇ ਖੇਡਣ ਦਾ ਸਮਾਨ ਪਾਰਕ ਵਿੱਚ ਲਵਾਇਆ ਜਾਵੇ ਤਾਂ ਜੁ ਬੱਚੇ ਇਨ੍ਹਾਂ ਪਾਰਕਾਂ ਵਿਚ ਖੇਡ ਕੇ ਜੀਵਨ ਨੂੰ ਤੰਦਰੁਸਤ ਬਣਾ ਸਕਣ ਅਤੇ ਰੇਲਵੇ ਸਟੇਸ਼ਨ ਦੀ ਰੌਣਕ ਫਿਰ ਪਹਿਲਾਂ ਦੀ ਤਰ੍ਹਾਂ ਵਧ ਸਕੇ।




# ਹੜ੍ਹ ਪ੍ਰਭਾਵਤ ਕਿਸਾਨਾਂ ਨੂੰ ਝੋਨੇ ਦੀ ਪਨੀਰੀ ਦੀ ਸਹਾਇਤਾ ਸ਼ੁਰੂ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਕਿਰਤੀ ਕਿਸਾਨ ਯੂਨੀਅਨ ਵੱਲੋਂ ਸ਼ਹਿਰ ਦੇ ਪੁਰਾਣੇ ਬੱਸ ਸਟੈਂਡ ਵਿਖੇ 13 ਜੁਲਾਈ ਤੋਂ ਜਾਰੀ ਹੜ੍ਹ ਰਾਹਤ ਕੈਂਪ ਦੀ ਸਮਾਪਤੀ 10 ਅਗਸਤ ਨੂੰ ਕੀਤੀ ਜਾਵੇਗੀ। ਕੈਂਪ ਰਾਹੀਂ ਜਥੇਬੰਦੀ ਦੇ ਵਲੰਟੀਅਰਾਂ ਵੱਲੋਂ ਹੜ੍ਹ ਪ੍ਰਭਾਵਤ ਇਲਾਕਿਆਂ ਦੇ ਲੋਕਾਂ ਨੂੰ ਸੁੱਕਾ ਰਾਸ਼ਨ, ਪੀਣ ਵਾਲਾ ਪਾਣੀ, ਤਰਪਾਲਾਂ, ਦਵਾਈਆਂ ਤੇ ਪਸ਼ੂਆਂ ਲਈ ਚਾਰੇ ਤੋਂ ਇਲਾਵਾ ਕਿਸਾਨਾਂ ਲਈ ਝੋਨੇ ਦੀ ਪਨੀਰੀ ਤਿਆਰ ਕਰਕੇ ਦੇਣ ਦਾ ਕਾਰਜ ਕਰਦਿਆਂ ਪ੍ਰਭਾਵਿਤ ਲੋਕਾਂ ਲਈ ਮਾਨਵੀ ਅਧਾਰ ਤੇ ਮਦਦ ਮੁਹੱਈਆ ਕਰਾਈ ਗਈ ਹੈ।

ਜਥੇਬੰਦੀ ਨੇ ਐਲਾਨ ਕੀਤਾ ਹੈ ਕਿ ਮਾਨਵੀ ਫ਼ਰਜ਼ ਪੂਰਾ ਕਰਨ ਮਗਰੋਂ ਹੁਣ ਪੰਜਾਬ ਤੇ ਕੇਂਦਰ ਸਰਕਾਰ ਨੂੰ ਹੜ੍ਹਾਂ ਦੀ ਮਾਰ ਸਹਿ ਰਹੇ ਲੋਕਾਂ ਨੂੰ ਯੋਗ ਮੁਆਵਜ਼ਾ ਦਿਵਾਉਣ ਲਈ ਸੰਘਰਸ਼ ਕੀਤਾ ਜਾਵੇਗਾ, ਜਿਸ ਤਹਿਤ 19 ਅਗਸਤ ਨੂੰ ਭਾਜਪਾ ਅਤੇ ਆਪ ਦੇ ਐਮਐਲਏ ਤੇ ਸੰਸਦ ਮੈਂਬਰਾਂ ਦੇ ਘਰਾਂ ਦੇ ਘਿਰਾਓ ਕਰਨ ਦੇ ਸੰਯੁਕਤ ਕਿਸਾਨ ਮੋਰਚਾ ਦੇ ਸੱਦੇ ਨੂੰ ਲਾਗੂ ਕਰਨ ਲਈ ਲੋਕਾਂ ਨੂੰ ਲਾਮਬੰਦ ਕੀਤਾ ਜਾਵੇਗਾ।

ਕਿਰਤੀ ਕਿਸਾਨ ਯੂਨੀਅਨ ਨੇ ਮੰਗ ਕੀਤੀ ਹੈ ਕਿ ਕੇਂਦਰ ਦੀ ਭਾਜਪਾ ਸਰਕਾਰ ਉੱਤਰੀ ਭਾਰਤ ਵਿੱਚ ਆਏ ਹੜ੍ਹਾਂ ਨੂੰ ਕੌਮੀ ਆਫ਼ਤ ਐਲਾਨ ਕਰਕੇ ਪੰਜਾਬ ਸਮੇਤ ਬਾਕੀ ਪ੍ਰਭਾਵਤ ਰਾਜਾਂ ਨੂੰ ਫੌਰੀ ਰਾਹਤ ਪੈਕੇਜ ਦੇਵੇ। ਪੰਜਾਬ ਸਰਕਾਰ ਵਿਸ਼ੇਸ਼ ਗਿਰਦਾਵਰੀ ਕਰਾ ਕੇ ਹੋਏ ਨੁਕਸਾਨ ਦੀਆਂ ਪਰਤ ਦਰ ਅਨੁਮਾਨ ਬਣਾ ਕੇ ਮੁਆਵਜ਼ਾ ਦੇਵੇ। ਸਾਰੀ ਫ਼ਸਲ ਦੇ ਖਰਾਬੇ ਦਾ 70000/ਰੁਪਏ ਪ੍ਰਤੀ ਏਕੜ, ਘੱਟ ਨੁਕਸਾਨ ਦਾ 30000/ ਰੁਪਏ ਪ੍ਰਤੀ ਏਕੜ, ਮਾਰੇ ਗਏ ਜੀਅ ਦਾ 10 ਲੱਖ ਰੁਪਏ ਅਤੇ ਪਸ਼ੂ ਦਾ ਇੱਕ ਲੱਖ ਰੁਪਏ, ਢਹਿ ਗਏ ਘਰਾਂ ਦਾ ਪੰਜ ਲੱਖ ਰੁਪਏ ਮੁਆਵਜ਼ਾ ਦੇਣ ਦੀ ਮੰਗ ਕਰਦਿਆਂ ਕਿਰਤੀ ਕਿਸਾਨ ਯੂਨੀਅਨ ਨੇ ਜਿਨ੍ਹਾਂ ਕਿਸਾਨਾਂ ਦੇ ਬੋਰ ਖੜ ਗਏ ਹਨ, ਉਨ੍ਹਾਂ ਨੂੰ ਠੀਕ ਕਰਨ ਅਤੇ ਮਿੱਟੀ ਨਾਲ ਭਰੇ ਖੇਤਾਂ ਨੂੰ ਖੇਤੀ ਯੋਗ ਬਣਾਉਣ ਲਈ ਵੀ ਕਿਸਾਨਾਂ ਲਈ ਢੁੱਕਵੇਂ ਰਾਹਤ ਮੁਆਵਜ਼ੇ ਦਾ ਪ੍ਰਬੰਧ ਕਰੇ। ਯੂਨੀਅਨ ਨੇ ਘੱਗਰ ਕਾਰਨ ਹੁੰਦੀ ਇਲਾਕੇ ਦੀ ਤਬਾਹੀ ਦੀ ਰੋਕਥਾਮ ਲਈ ਢੁੱਕਵੀਂ ਯੋਜਨਾਬੰਦੀ ਕਰਨ ਦੀ ਮੰਗ ਕਰਦੇ ਹੋਏ ਭਾਰਤ ਵਰਣਮਾਲਾ ਪ੍ਰੋਜੈਕਟ ਤਹਿਤ ਬਣ ਰਹੇ ਦਿੱਲੀ ਕੱਟੜਤਾ ਹਾਈਵੇ ਸਮੇਤ ਹਰੇਕ ਸੜਕ ਦੇ ਹੇਠੋਂ ਪਾਣੀ ਦੇ ਨਿਕਾਸ ਲਈ ਠੋਸ ਕਦਮ ਚੁੱਕਣ ਦੀ ਮੰਗ ਵੀ ਕੀਤੀ ਹੈ। ਜਥੇਬੰਦੀ ਦੇ ਜ਼ਿਲ੍ਹਾ ਪ੍ਰੈਸ ਸਕੱਤਰ ਤੇ ਹੜ੍ਹ ਰਾਹਤ ਕੈਂਪ ਇੰਚਾਰਜ ਗੁਰਵਿੰਦਰ ਸਿੰਘ ਦੇਧਨਾਂ ਅਤੇ ਜ਼ਿਲ੍ਹਾ ਆਗੂ ਕਰਮਜੀਤ ਸਿੰਘ ਨੇ ਦੱਸਿਆ ਕਿ ਜਥੇਬੰਦੀ ਦੀਆਂ ਪਿੰਡ ਇਕਾਈਆਂ ਤੋਂ ਇਲਾਵਾ ਪੰਜਾਬ ਦੇ ਹਰੇਕ ਕੋਨੇ ਵਿੱਚੋਂ ਲੋਕਾਂ ਨੇ ਯੂਨੀਅਨ ਨੂੰ ਇਸ ਮਾਨਵੀ ਕਾਰਜ ਵਿਚ ਸਹਾਇਤਾ ਕੀਤੀ, ਜਿਸ ਦਾ ਕਿਰਤੀ ਕਿਸਾਨ ਯੂਨੀਅਨ ਤਹਿ ਦਿਲੋਂ ਧੰਨਵਾਦ ਕਰਦੀ ਹੈ।

## ਕਾਤਰਾਂ

### ਛੌੜੀਆਂ ਬੇਟ ਸਕੂਲ 'ਚ ਤੀਆਂ ਦਾ ਤਿਉਹਾਰ ਮਨਾਇਆ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**

ਨੇੜਲੇ ਪਿੰਡ ਛੌੜੀਆਂ ਬੇਟ ਦੇ ਸਰਕਾਰੀ ਮਿਡਲ ਸਕੂਲ ਵਿੱਚ ਤੀਆਂ ਦਾ ਤਿਉਹਾਰ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਬੱਚਿਆਂ ਵੱਲੋਂ ਗਿੱਧਾ ਤੇ ਬੋਲੀਆਂ ਪਾਈਆਂ ਗਈਆਂ। ਸਮਾਗਮ ਦੌਰਾਨ 'ਆਪ' ਦੇ ਸਰਕਲ ਇੰਚਾਰਜ ਰਣਜੀਤ ਸਿੰਘ ਛੌੜੀਆ ਪੁੱਜੇ। ਉਨ੍ਹਾਂ ਕਿਹਾ ਕਿ ਆਪਣੇ ਪੁਰਾਣੇ ਵਿਰਸੇ ਨੂੰ ਸਾਂਭਣ ਦੇ ਲਈ ਇਹ ਤਿਉਹਾਰ ਮਨਾਉਣਾ ਜ਼ਰੂਰੀ ਹੈ ਤਾਂ ਜੁ ਆਉਣ ਵਾਲੀ ਪੀੜ੍ਹੀ ਸੱਭਿਆਚਾਰ ਨਾਲ ਜੁੜੀ ਰਹੇ। ਇਸ ਮੌਕੇ ਸੋਨਾਲੀ ਡੋਡਾ ਇੰਚਾਰਜ, ਰਾਮਪਾਲ ਕੌਰ, ਹਰਿੰਦਰਪਾਲ ਸਿੰਘ ਆਦਿ ਹਾਜ਼ਰ ਰਹੇ।

### ਰਾਜੀਵ ਲੋਹਟਬੱਦੀ ਨਾਲ ਹੱਥੋਪਾਈ ਦਾ ਤਰਕਸ਼ੀਲ ਸੁਸਾਇਟੀ ਵੱਲੋਂ ਵਿਰੋਧ



**ਪਟਿਆਲਾ (ਭੁਪਿੰਦਰਜੀਤ ਮੌਲਵੀਵਾਲਾ)**-ਤਰਕਸ਼ੀਲ ਸੁਸਾਇਟੀ ਪੰਜਾਬ ਰਜਿ. ਇਕਾਈ ਅਰਬਨ ਅਸਟੇਟ ਪਟਿਆਲਾ ਦੀ ਹੰਗਾਮੀ ਮੀਟਿੰਗ ਪੁੱਡਾ ਪਾਰਕ ਅਰਬਨ ਅਸਟੇਟ ਫੇਜ਼-2 ਵਿਖੇ ਹੋਈ, ਜਿਸ ਵਿੱਚ ਪਿਛਲੇ ਦਿਨੀਂ ਪਟਿਆਲਾ ਕੋਰਟ ਕੰਪਲੈਕਸ ਵਿੱਚ ਰੋਬਿਨ ਪੁਰੀ ਤੇ ਪਵਨ ਪੁਰੀ ਦੋਵੇਂ ਪਿਉ ਪੁੱਤ ਵਕੀਲਾਂ ਨੇ ਲੋਕਪੱਖੀ ਵਕੀਲ ਰਾਜੀਵ ਲੋਹਟਬੱਦੀ ਨੂੰ ਬਹੁਤ ਹੀ ਮਾੜੀ ਸ਼ਬਦਾਵਲੀ ਦੀ ਵਰਤੋਂ ਕਰਦੇ ਹੋਏ ਹਮਲਾ ਕਰਕੇ ਸਰੀਰਕ ਨੁਕਸਾਨ ਪੁਚਾਇਆ ਗਿਆ। ਸੁਸਾਇਟੀ ਵੱਲੋਂ ਇਸ ਘਟਨਾ ਦੀ ਜ਼ੋਰਦਾਰ ਨਿੰਦਾ ਕਰਦਿਆਂ ਇਕਾਈ ਦੇ ਜਥੇਬੰਦਕ ਮੁਖੀ ਸੁਰਿੰਦਰਪਾਲ ਨੇ ਕਿਹਾ ਕਿ ਸਮਾਜ ਨੂੰ ਸਹੀ ਸੇਧ ਦੇਣ ਵਾਲੇ ਤੇ ਕਾਨੂੰਨ ਦੇ ਰਖਵਾਲੇ ਬੁੱਧੀਜੀਵੀਆਂ ਅਤੇ ਵਕੀਲਾਂ ਉੱਤੇ ਹਮਲੇ ਹੋਣਾ ਅਜਿਹੀਆਂ ਮਾੜੀਆਂ ਘਟਨਾਵਾਂ ਨਿੰਦਣਯੋਗ ਹਨ। ਸੁਸਾਇਟੀ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਅਜਿਹੀਆਂ ਘਟਨਾਵਾਂ ਵਾਪਰਨ ਤੋਂ ਰੋਕਣ ਲਈ ਯੋਗ ਪ੍ਰਬੰਧ ਕੀਤੇ ਜਾਣ ਤਾਂ ਜੁ ਸਮਾਜ ਨੂੰ ਬਦਲਣ ਇਨ੍ਹਾਂ ਬੁੱਧੀਜੀਵੀਆਂ ਅਤੇ ਵਕੀਲਾਂ ਦਾ ਬਣਦਾ ਯੋਗਦਾਨ ਮਿਲ ਸਕੇ।

### ਯੂਥ ਕਾਂਗਰਸ ਵੱਲੋਂ ਸੰਸਦ ਭਵਨ ਦਾ ਘਿਰਾਓ ਭਲਕੇ

**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ/ਕੁਲਦੀਪ ਅੱਤਰੀ)**

ਯੂਥ ਕਾਂਗਰਸ ਜ਼ਿਲ੍ਹਾ ਸੰਗਰੂਰ ਦੇ ਪ੍ਰਧਾਨ ਐਡਵੋਕੇਟ ਗੁਰਤੇਗ ਸਿੰਘ ਲੌਂਗੋਵਾਲ ਨੇ ਕਿਹਾ ਕਿ ਪਿਛਲੇ ਦਿਨੀਂ ਮਣੀਪੁਰ ਵਿਖੇ ਹਿੰਸਾ ਦੌਰਾਨ ਔਰਤਾਂ 'ਤੇ ਹੋਏ ਅੱਤਿਆਚਾਰ ਤੇ ਮੋਦੀ ਸਰਕਾਰ ਦੀਆਂ ਗਲਤ ਨੀਤੀਆਂ ਖਿਲਾਫ਼ ਯੂਥ ਕਾਂਗਸ ਵੱਲੋਂ 8 ਅਗਸਤ ਨੂੰ ਸੰਸਦ ਭਵਨ ਦਾ ਘਿਰਾਓ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਨੇ ਹਮੇਸ਼ਾ ਹੀ ਨਫ਼ਰਤ ਦੀ ਰਾਜਨੀਤੀ ਕੀਤੀ ਹੈ ਤੇ ਜੋ ਮਨੁੱਖੀ ਅਧਿਕਾਰਾਂ ਦਾ ਸਭ ਤੋਂ ਵੱਧ ਘਾਣ ਕੀਤਾ ਹੈ, ਉਹ ਮੋਦੀ ਸਰਕਾਰ ਦੀ ਨਫ਼ਰਤ ਭਰੀ ਰਾਜਨੀਤੀ ਨੂੰ ਕਰਾਰਾ ਜਵਾਬ ਦੇਣ ਲਈ ਯੂਥ ਕਾਂਗਰਸ ਦੇ ਵਰਕਰਾਂ ਵੱਲੋਂ 8 ਅਗਸਤ ਨੂੰ ਸੰਸਦ ਭਵਨ ਦਿੱਲੀ ਦਾ ਘਿਰਾਓ ਕੀਤਾ ਜਾਵੇਗਾ। ਇਸ ਸਬੰਧ ਵਿੱਚ ਜ਼ਿਲ੍ਹਾ ਸੰਗਰੂਰ ਤੋਂ ਵੱਡੀ ਗਿਣਤੀ ਵਿੱਚ ਨੌਜਵਾਨ ਵਰਕਰ ਬੱਸਾਂ ਰਾਹੀਂ ਰਵਾਨਾ ਹੋਣਗੇ ਤੇ ਘਿਰਾਓ ਸਬੰਧੀ ਯੂਥ ਕਾਂਗਰਸ ਦੀਆਂ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ।

# ਪੰਚਾਇਤਾਂ ਵੱਲੋਂ ਨਸ਼ਿਆਂ ਖਿਲਾਫ਼ ਮਤੇ ਪਾਏ ਜਾਣ : ਪਰਮਜੀਤ ਸਿੰਘ ਢਿੱਲੋਂ

**ਸਮਰਾਲਾ (ਸੁਰਜੀਤ ਸਿੰਘ)**-ਪਿੰਡਾਂ ਤੇ ਸ਼ਹਿਰਾਂ ਦੇ ਨੌਜਵਾਨਾਂ ਵਿੱਚ ਨਸ਼ਿਆਂ ਦੇ ਵਧਦੇ ਰੁਝਾਨ ਨੂੰ ਰੋਕਣ ਲਈ ਪੰਜਾਬ ਵਿੱਚ ਪਿੰਡਾਂ ਦੀਆਂ ਪੰਚਾਇਤਾਂ ਨੂੰ ਚੌਕਸ ਹੋਣ ਦੀ ਸਖਤ ਜ਼ਰੂਰਤ ਹੈ। ਇਹ ਵਿਚਾਰ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਪਰਮਜੀਤ ਸਿੰਘ ਢਿੱਲੋਂ ਨੇ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਇਸ ਰੁਝਾਨ ਨੂੰ ਠੱਲ੍ਹ ਪਾਉਣ ਲਈ ਪਿੰਡਾਂ ਦੀਆਂ ਪੰਚਾਇਤਾਂ ਨੂੰ ਨਸ਼ਿਆਂ ਦੇ ਖਿਲਾਫ ਮਤੇ ਪਾਉਣੇ ਚਾਹੀਦੇ ਹਨ ਕਿ ਉਹ ਪਿੰਡਾਂ ਵਿੱਚ ਨਸ਼ੇ ਸਪਲਾਈ ਕਰਨ ਵਾਲਿਆਂ ਦਾ ਵਿਰੋਧ ਕਰਨਗੇ ਅਤੇ ਜਿਹੜੇ ਨੌਜਵਾਨ ਗ਼ਲਤ ਸੰਗਤ ਵਿਚ ਪੈ ਕੇ ਨਸ਼ਿਆਂ ਦੇ ਜਾਲ ਵਿਚ ਫਸ ਗਏ ਹਨ, ਉਨ੍ਹਾਂ ਦੀ ਪਛਾਣ ਨੂੰ ਗੁਪਤ ਰੱਖਦੇ ਹੋਏ ਉਨ੍ਹਾਂ ਦਾ ਹਸਪਤਾਲਾਂ ਵਿਚ ਇਲਾਜ ਕਰਾ ਕੇ ਉਨ੍ਹਾਂ ਨੂੰ ਨਵੀਂ ਜ਼ਿੰਦਗੀ ਦੇਣ ਵਿੱਚ ਮਦਦ ਕਰਨਗੇ। ਉਨ੍ਹਾਂ ਲਾਗਲੇ ਪਿੰਡ ਭਗਵਾਨਪੁਰਾ ਦੀ ਪੰਚਾਇਤ ਵਲੋਂ ਇਸ ਤਰ੍ਹਾਂ ਦੇ ਪਾਏ ਮਤੇ ਦਾ ਸਵਾਗਤ ਕਰਦਿਆਂ ਕਿਹਾ ਕਿ ਸੱਭਿਅਕ ਸਮਾਜ ਵਿੱਚ ਨਸ਼ਿਆਂ ਲਈ ਕੋਈ ਥਾਂ ਨਹੀਂ ਹੋਣੀ ਚਾਹੀਦੀ। ਨਸ਼ਿਆਂ ਦਾ ਇਹ ਚਲਨ ਸਾਡੇ ਸਮਾਜ ਨੂੰ ਕਲੰਕਿਤ ਕਰਦਾ ਹੈ। ਉਨ੍ਹਾਂ ਪਿੰਡ ਭਗਵਾਨਪੁਰਾ ਦੀ ਪੰਚਾਇਤ ਦੇ ਮਤੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਜਿਸ ਤਰ੍ਹਾਂ ਦੇ ਚੰਗੇ ਕੰਮ ਦੀ ਪਹਿਲ ਇਸ ਪਿੰਡ ਨੇ ਕੀਤੀ ਹੈ, ਪੰਜਾਬ ਭਰ ਦੇ ਬਾਕੀ ਪਿੰਡਾਂ ਨੂੰ ਵੀ ਅਜਿਹੀ ਪਿਰਤ ਪਾਉਣੀ ਚਾਹੀਦੀ ਹੈ ਤਾਂ ਜੁ ਸਾਡੀ ਜਵਾਨੀ ਨੂੰ ਬਚਾਇਆ ਜਾ ਸਕੇ। ਉਨ੍ਹਾਂ ਕਿਹਾ ਸਰਕਾਰ ਨੂੰ ਚਾਹੀਦਾ ਕਿ ਅਜਿਹੀਆਂ ਪੰਚਾਇਤਾਂ ਨੂੰ ਇਸ ਪਵਿੱਤਰ ਕੰਮ ਲਈ ਹੱਲਾਸ਼ੇਰੀ ਦੇਵੇ। ਉਨ੍ਹਾਂ ਸਰਕਾਰ 'ਤੇ ਵਰ੍ਹਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਸੱਤਾ ਵਿੱਚ ਆਉਣ ਤੋਂ ਪਹਿਲਾਂ ਵੱਡੇ ਦਾਅਵੇ ਕਰਦੀ ਸੀ ਕਿ ਉਹ ਰਿਕਾਰਡ ਸਮੇਂ ਵਿੱਚ ਪੰਜਾਬ ਵਿੱਚੋਂ ਨਸ਼ੇ ਖਤਮ ਕਰ ਦੇਵੇਗੀ, ਪਰ ਹੁਣ ਪ੍ਰਸ਼ਾਸਨ ਦੀ ਨੱਕ ਥੱਲੇ ਹੀ ਇਹ ਸਾਰਾ ਕੰਮ ਹੋ ਰਿਹਾ ਹੈ ਅਤੇ ਪੁਲਸ ਅਤੇ ਸਿਵਲ ਪ੍ਰਸਾਸਨ ਬੇਵੱਸ ਹੋ ਕੇ ਇਹ ਸਾਰਾ ਤਮਾਸ਼ਾ ਦੇਖ ਰਿਹਾ ਹੈ। ਉਨ੍ਹਾਂ ਇੱਥੋਂ ਲਾਗਲੇ ਕਸਬੇ ਮਾਛੀਵਾੜਾ ਦੀ ਮਿਸਾਲ ਦਿੰਦਿਆਂ ਕਿਹਾ ਕਿ ਇਸ ਇਲਾਕੇ ਵਿੱਚ ਲਗਾਤਾਰ ਨਸ਼ਿਆਂ ਦੀ ਸਪਲਾਈ ਬੇਰੋਕ ਟੋਕ ਹੋ ਰਹੀ ਹੈ ਤੇ ਨੌਜਵਾਨੀ ਦਾ ਘਾਣ ਹੋ ਰਿਹਾ ਹੈ।

# ਨਸ਼ਾ ਵਿਰੋਧੀ ਸਾਂਝੀ ਐਕਸ਼ਨ ਕਮੇਟੀ ਪਰਮਿੰਦਰ ਝੋਟੇ 'ਤੇ ਸਾਰੇ ਪਰਚੇ ਰੱਦ ਹੋਣ ਤੱਕ ਤਿੱਖਾ ਸੰਘਰਸ਼ ਕਰੇਗੀ

## 14 ਨੂੰ ਨਸ਼ੇ ਵਿਰੋਧੀ ਮਹਾਂ ਰੈਲੀ ਦਾ ਐਲਾਨ



**ਮਾਨਸਾ (ਆਤਮਾ ਸਿੰਘ ਪਮਾਰ)**

ਮੈਡੀਕਲ ਤੇ ਸਿੰਥੈਟਿਕ ਨਸ਼ਾ ਬੰਦੀ ਅਤੇ ਪਰਮਿੰਦਰ ਸਿੰਘ ਝੋਟੇ ਸਮੇਤ ਬੇਕਸੂਰ ਨੌਜਵਾਨਾਂ 'ਤੇ ਦਰਜ ਸਾਰੇ ਪਰਚੇ ਰੱਦ ਕਰਕੇ ਦੋਸ਼ੀਆਂ ਖਿਲਾਫ਼ ਸਖਤ ਕਾਰਵਾਈ ਦੇ ਮੁੱਦੇ ਨੂੰ ਲੈ ਕੇ ਧਰਨੇ 'ਤੇ ਬੈਠੀ ਸਾਂਝੀ ਐਕਸ਼ਨ ਕਮੇਟੀ ਨੇ ਸੱਠ ਦੇ ਕਰੀਬ ਜਥੇਬੰਦੀਆਂ ਦੀ ਸਾਂਝੀ ਮੀਟਿੰਗ ਵਿੱਚ ਐਲਾਨ ਕੀਤਾ ਹੈ ਕਿ ਉਹ ਪਰਮਿੰਦਰ ਸਿੰਘ ਝੋਟੇ ਸਮੇਤ ਨੌਜਵਾਨਾਂ ਖਿਲਾਫ਼ ਸਾਰੇ ਪਰਚੇ ਰੱਦ ਹੋਣ ਤੱਕ ਸੰਘਰਸ਼ ਨੂੰ ਬਿਲਕੁਲ ਵੀ ਮੱਠਾ ਨਹੀਂ ਪੈਣ ਦੇਵੇਗੀ।

ਐਕਸ਼ਨ ਕਮੇਟੀ ਦੇ ਕਨਵੀਨਰ ਰਾਜਵਿੰਦਰ ਸਿੰਘ ਰਾਣਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਸਮੂਹ ਬੁਲਾਰਿਆਂ ਨੇ ਕਿਹਾ ਕਿ ਪ੍ਰਸ਼ਾਸਨ ਆਪਣੀ ਗ਼ਲਤੀ ਸਵੀਕਾਰਕੇ ਪਰਮਿੰਦਰ ਸਿੰਘ ਖਿਲਾਫ਼ ਸਾਰੇ ਪਰਚੇ ਰੱਦ ਕਰਕੇ ਉਸਦੀ ਬਿਨਾਂ ਸ਼ਰਤ ਰਿਹਾਈ ਕਰੇ। ਆਗੂਆਂ ਨੇ ਅੱਗੇ ਕਿਹਾ ਕਿ ਪਰਮਿੰਦਰ ਦੇ ਸਾਥੀਆਂ ਖਿਲਾਫ਼ ਵੀ ਪਰਚੇ ਤੁਰੰਤ ਰੱਦ ਹੋਣ 'ਤੇ ਅਸਲ ਦੋਸ਼ੀਆਂ ਖਿਲਾਫ਼ ਸਖਤ ਕਾਰਵਾਈ ਕੀਤੀ ਜਾਵੇ। ਪ੍ਰਸ਼ਾਸਨ ਵੱਲੋਂ ਕੀਤੀ ਅਪੀਲ ਕਿ 14 ਅਗਸਤ ਦੇ ਵੱਡੇ ਇਕੱਠ ਨੂੰ ਮੁਲਤਵੀ ਕਰਿਆ ਜਾਵੇ ਜਾਂ ਅੱਗੇ ਪਾਇਆ ਜਾਵੇ, 'ਤੇ ਚਰਚਾ ਕਰਦਿਆਂ ਵੱਖ-ਵੱਖ ਬੁਲਾਰਿਆਂ ਨੇ ਕਿਹਾ ਕਿ ਇਹ ਕਿਸੇ ਇੱਕ ਜਥੇਬੰਦੀ ਦਾ ਸੰਘਰਸ਼ ਨਹੀਂ, ਇਹ ਪੰਜਾਬ ਦੇ ਬੱਚੇ-ਬੱਚੇ ਦੀ ਅਵਾਜ਼ ਵਿੱਚੋਂ ਸ਼ੁਰੂ ਹੋਇਆ ਸੰਘਰਸ਼ ਹੈ, ਇਸ ਲਈ ਇਸ ਵਿੱਚ ਕੋਈ ਤਬਦੀਲੀ ਸੰਭਵ ਨਹੀਂ।

ਆਗੂਆਂ ਨੇ ਕਿਹਾ ਜੇਕਰ ਪ੍ਰਸ਼ਾਸਨ ਨੂੰ ਸੱਚਮੁੱਚ ਹੀ ਲੋਕਾਂ ਦਾ ਫ਼ਿਕਰ ਹੈ ਫਿਰ ਉਹ ਮੁੱਠੀ ਭਰ ਸਮਗਲਰਾਂ ਦੀ ਪੁਸਤ ਪਨਾਹੀ ਕਰਨਾ ਛੱਡ ਕੇ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਕਰੇ। ਕਿਸਾਨ ਯੂਨੀਅਨਾਂ ਦੇ ਆਗੂਆਂ, ਵਪਾਰ ਮੰਡਲ, ਕਰਿਆਨਾ ਸਟੋਰ ਯੂਨੀਅਨ, ਕੈਮਿਸਟ ਯੂਨੀਅਨ, ਸਾਬਕਾ ਸੈਨਿਕ ਯੂਨੀਅਨ, ਦੋਧੀ ਯੂਨੀਅਨ, ਅਧਿਆਪਕ ਜਥੇਬੰਦੀਆਂ ਸਮੇਤ ਮੀਟਿੰਗ ਵਿੱਚ ਹਾਜ਼ਰ ਸਮੂਹ ਬੁਲਾਰਿਆਂ ਨੇ ਇਕਸੁਰ ਹੁੰਦਿਆਂ ਕੇਮਟੀ ਦੇ ਹਰ ਫ਼ੈਸਲੇ ਨਾਲ ਸਹਿਮਤੀ ਪ੍ਰਗਟਾਈ ਅਤੇ 14 ਅਗਸਤ ਨੂੰ ਵੱਡੇ ਕਾਫ਼ਲਿਆਂ ਦੇ ਰੂਪ ਵਿੱਚ ਰੋਸ ਧਰਨੇ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ।

ਮੀਟਿੰਗ ਦੌਰਾਨ ਫ਼ਰੀਦਕੋਟ 'ਚ ਨਸ਼ਾ ਰੋਕੂ ਕਮੇਟੀ ਦੇ ਮੈਂਬਰ 'ਤੇ ਸਮਗਲਰਾਂ ਵੱਲੋਂ ਚਲਾਈ ਗੋਲੀ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ। ਕਮੇਟੀ ਵੱਲੋਂ ਸਾਂਝੇ ਰੂਪ ਵਿੱਚ ਮੰਗ ਕੀਤੀ ਗਈ ਕਿ ਦੋਸ਼ੀਆਂ ਖਿਲਾਫ਼ ਸਖਤ ਕਰਾਈ ਹੋਵੇ ਅਤੇ ਪੀੜਤ ਨੌਜਵਾਨ ਦੇ ਪਰਵਾਰ ਨੂੰ ਸਰਕਾਰੀ ਮੱਦਦ ਦਿੱਤੀ ਜਾਵੇ।

## ਮਾਮਲਾ ਕੰਬਾਇਨਾਂ ਦੀ ਰਜਿਸਟ੍ਰੇਸ਼ਨ ਨਾ ਹੋਣ ਦਾ

# ਐੱਸ ਡੀ ਐੱਮ ਨੂੰ ਦਿੱਤਾ ਮੰਗ ਪੱਤਰ



**ਨਾਭਾ (ਵਰਿੰਦਰ ਵਰਮਾ)**-ਦਾ ਕੰਬਾਈਨ ਐਂਡ ਐਗਰੀਕਲਚਰ ਇੰਪਲੀਮੈਂਟਸ ਮੈਨੂਫੈਕਚਰਜ ਵੈਲਫੇਅਰ ਐਸੋਸੀਏਸ਼ਨ ਵੱਲੋਂ ਪ੍ਰਧਾਨ ਅਵਤਾਰ ਸਿੰਘ ਨੰਨੜੇ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੂੰ ਕੰਬਾਈਨ ਇੰਡਸਟਰੀ ਨੂੰ ਆ ਰਹੀਆਂ ਸਮੱਸਿਆਵਾਂ ਸਬੰਧੀ ਐਸ.ਡੀ.ਐਮ ਤਰਸੇਮ ਚੰਦ ਰਾਹੀਂ ਮੰਗ ਪੱਤਰ ਦਿੱਤਾ ਗਿਆ, ਜਿਸ ਵਿੱਚ ਸਰਕਾਰ ਤੋਂ ਮੰਗ ਕੀਤੀ ਗਈ ਕਿ ਇੰਜਨ ਟਰੈਮ ਥਰੀ ਦੀ ਆਖਰੀ ਮਿਤੀ 30/4/2023 ਤੱਕ ਤਕਰੀਬਨ 400 ਕਾਪੀਆਂ ਦੀ ਫੀਸ ਭਰੀ ਗਈ ਸੀ। ਜਿਸ ਤੋਂ ਬਾਅਦ ਕੁੱਝ ਨੰਬਰ ਇਸ਼ੂ ਕਰ ਦਿੱਤੇ ਗਏ ਹਨ, ਪ੍ਰੰਤੂ ਸਾਇਟ ਬੰਦ ਹੋਣ ਦਾ ਕਾਰਨ ਦੱਸ ਕੇ ਕਾਪੀਆਂ ਅਪਲੋਡ ਨਹੀਂ ਕੀਤੀਆਂ ਗਈਆਂ ਹਨ, ਜਿਸ ਕਰਕੇ ਕੰਬਾਈਨ ਮਾਲਕਾਂ ਨੂੰ ਫ਼ਸਲ ਦੀ ਕਟਾਈ ਲਈ ਕੰਬਾਈਨ ਚਲਾਉਣ ਤੇ ਸੜਕ ਰਾਹੀਂ ਦੂਰ ਦੁਰਾਡੇ ਜਾਣ ਵਿੱਚ ਮੁਸ਼ਕਲ ਪੇਸ਼ ਆਉਂਦੀ ਹੈ ਤੇ ਲੱਖਾਂ ਰੁਪਏ ਦੇ ਕਰਾਏ ਗਏ ਲੋਨਾਂ ਦੀ ਕਿਸ਼ਤਾਂ ਭਰਨੀਆਂ ਔਖੀਆਂ ਹੋ ਰਹੀਆਂ ਹਨ ਤੇ ਵਾਧੂ ਵਿਆਜ ਪੈ ਰਿਹਾ ਹੈ, ਕੰਬਾਈਨ ਦੀ ਖਰੀਦੋ ਫਰੋਖਤ ਕਰਨ ਚ ਵੀ ਮੁਸ਼ਕਲ ਆਉਂਦੀ ਹੈ। ਨਾਭਾ ਏਰੀਏ ਵਿੱਚ ਤਕਰੀਬਨ 80 ਪ੍ਰਤੀਸ਼ਤ ਕੰਬਾਈਨ ਬਣਦੀ ਹੈ। ਇਸ ਲਈ ਸਰਕਾਰ ਜਲਦੀ ਇਸ ਮਸਲੇ ਦਾ ਹੱਲ ਕਰਕੇ ਇਨ੍ਹਾਂ ਕਾਪੀਆਂ ਨੂੰ ਅਪਲੋਡ ਕਰਕੇ ਰਜਿਸਟ੍ਰੇਸ਼ਨ ਕੀਤੀ ਜਾਵੇ। ਇਸ ਮੌਕੇ ਮੰਗ ਪੱਤਰ ਲੈਂਦਿਆਂ ਐਸ ਡੀ ਐਮ ਤਰਸੇਮ ਚੰਦ ਨੇ ਐਸੋਸੀਏਸ਼ਨ ਦੇ ਪ੍ਰਧਾਨ ਅਤੇ ਮੈਂਬਰਾਂ ਨੂੰ ਵਿਸ਼ਵਾਸ ਦਿਵਾਇਆ ਕਿ ਉਨ੍ਹਾਂ ਦੀਆਂ ਮੰਗਾਂ ਸਰਕਾਰ ਤੱਕ ਪੁਚਾਈਆਂ ਜਾਣਗੀਆਂ। ਇਸ ਮੌਕੇ ਹਰਪ੍ਰੀਤ ਸਿੰਘ ਐਮ.ਐਸ ਕੰਬਾਈਨ, ਪਾਖਰ ਸਿੰਘ ਨਿਊ ਹਰਦੇਵ ਕੰਬਾਈਨ, ਲਖਵਿੰਦਰ ਸਿੰਘ ਲੱਖੀ ਕੈਸ਼ੀਅਰ, ਜਗਦੀਸ ਸਿੰਘ ਡੀ ਸੀ, ਕਰਮਵੀਰ ਸਿੰਘ ਗਲਵੱਟੀ, ਸਰਬਜੀਤ ਸਿੰਘ, ਗੁਰਦੀਪ ਸਿੰਘ, ਹਰਪਾਲ ਸਿੰਘ, ਅਮਰੀਕ ਸਿੰਘ, ਸੁਪਿੰਦਰ ਸਿੰਘ, ਹਰਪ੍ਰੀਤ ਸਿੰਘ ਆਦਿ ਹਾਜ਼ਰ ਸਨ।

# ਬੀ ਐੱਲ ਓ ਵਜੋਂ ਲੱਗੀਆਂ ਅਧਿਆਪਕਾਂ ਦੀਆਂ ਡਿਊਟੀਆਂ ਦੇ ਹੁਕਮ ਤੁਰੰਤ ਰੱਦ ਕੀਤੇ ਜਾਣ : ਡੀ ਟੀ ਐੱਫ਼



**ਮਾਨਸਾ (ਆਤਮਾ ਸਿੰਘ ਪਮਾਰ)**

ਮੁੱਖ ਮੰਤਰੀ ਪੰਜਾਬ ਵੱਲੋਂ ਵਿਧਾਨ ਸਭਾ ਤੇ ਹੋਰ ਕਈ ਮਹੱਤਵਪੂਰਨ ਮੰਚਾਂ ਤੋਂ ਉਨ੍ਹਾਂ ਦੀ ਸਰਕਾਰ ਵਿੱਚ ਅਧਿਆਪਕਾਂ ਦੀਆਂ ਗੈਰ-ਵਿਦਿਅਕ ਡਿਊਟੀਆਂ ਲੱਗਣ 'ਤੇ ਮੁਕੰਮਲ ਪਾਬੰਦੀ ਹੋਣ ਦੀ ਗੱਲ ਆਖੀ ਜਾ ਰਹੀ ਹੈ। ਪ੍ਰੰਤੂ ਜ਼ਮੀਨੀ ਹਕੀਕਤ ਇਸ ਤੋਂ ਵੱਖਰੀ ਹੈ, ਕਿਉਂਕਿ ਹਾਲੇ ਵੀ ਪੰਜਾਬ ਸਰਕਾਰ ਨੇ 16000 ਤੋਂ ਵਧੇਰੇ ਅਧਿਆਪਕਾਂ ਨੂੰ ਬੂਥ ਲੈਵਲ ਅਫ਼ਸਰ (ਬੀ.ਐੱਲ.ਓ) ਦੀ ਡਿਊਟੀ 'ਤੇ ਲਾਇਆ ਹੋਇਆ ਹੈ, ਜਿਸ ਕਾਰਨ ਜਿੱਥੇ ਸਕੂਲਾਂ ਦਾ ਵਿੱਦਿਅਕ ਮਾਹੌਲ ਬੁਰੀ ਤਰ੍ਹਾਂ ਪ੍ਰਭਾਵਤ ਹੋ ਰਿਹਾ ਹੈ, ਉੱਥੇ ਬੀ.ਐੱਲ.ਓ. ਡਿਊਟੀ ਦੇ ਰਹੇ ਅਧਿਆਪਕ ਵੀ ਕੰਮ ਦੇ ਦੋਹਰੇ ਭਾਰ ਤੋਂ ਪੀੜਤ ਹਨ। ਅਧਿਆਪਕ ਜਥੇਬੰਦੀ ਡੀ.ਟੀ.ਐੱਫ ਵੱਲੋਂ ਵਿੱਦਿਅਕ/ ਵਿਦਿਆਰਥੀ ਹਿੱਤਾਂ ਦੇ ਮੱਦੇਨਜ਼ਰ ਅਧਿਆਪਕਾਂ ਦੀਆਂ ਬੀ.ਐੱਲ.ਓ. ਡਿਊਟੀਆਂ ਨੂੰ ਪੱਕੇ ਤੌਰ 'ਤੇ ਰੱਦ ਕਰਨ ਤੇ ਸਾਲ ਭਰ ਚੱਲਣ ਵਾਲੀ ਇਸ ਡਿਊਟੀ ਲਈ ਵੱਖਰੇ ਤੌਰ 'ਤੇ ਨਵੀਂ ਭਰਤੀ ਕਰਕੇ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਦੇਣ ਦੀ ਮੰਗ ਕੀਤੀ। ਜਥੇਬੰਦੀ ਦੇ ਜਿਲ੍ਹਾ ਪ੍ਰਧਾਨ ਪਰਮਿੰਦਰ ਸਿੰਘ ਮਾਨਸਾ ਤੇ ਸਕੱਤਰ ਅਮੋਲਕ ਡੇਲੂਆਣਾ ਨੇ ਦੱਸਿਆ ਕਿ ਜਥੇਬੰਦੀ ਵੱਲੋਂ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸਿੱਖਿਆ ਤੇ ਸੈਕੰਡਰੀ ਸਿੱਖਿਆ ਰਾਹੀ ਸਿੱਖਿਆ ਮੰਤਰੀ ਨੂੰ ਇਤਰਾਜ਼ ਪੱਤਰ ਭੇਜ ਕੇ ਅਧਿਆਪਕਾਂ ਦੀਆਂ ਗ਼ੈਰ ਵਿੱਦਿਅਕ ਕੰਮਾਂ 'ਚ ਲਾਈਆਂ ਡਿਊਟੀਆਂ ਰੱਦ ਕੀਤੇ ਜਾਣ ਦੀ ਮੰਗ ਕੀਤੀ ਸੀ, ਪ੍ਰੰਤੂ ਪਰਨਾਲਾ ਉਥੇ ਦਾ ਉਥੇ ਹੀ ਹੈ। ਆਗੂਆਂ ਨੇ ਅੱਗੇ ਦੱਸਿਆ ਕਿ ਮਿਡਲ ਸਕੂਲ ਸਹਾਰਨਾ ਦੇ ਪੰਜ ਅਧਿਆਪਕਾਂ 'ਚੋਂ ਤਿੰਨ ਅਧਿਆਪਕ ਬੀ ਐੱਲ ਓ ਡਿਊਟੀ 'ਤੇ ਹੋਣ ਕਾਰਨ ਬੱਚਿਆਂ ਦੀ ਪੜ੍ਹਾਈ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਹੀ ਹੈ। ਇਸੇ ਤਰ੍ਹਾਂ ਹੋਰ ਵੀ ਬਹੁਤ ਸਾਰੇ ਸਕੂਲਾਂ ਚੋਂ ਇੱਕ ਤੋਂ ਵੱਧ ਅਧਿਆਪਕਾਂ ਦੀਆਂ ਬੀ ਐੱਲ ਓ ਡਿਊਟੀਆਂ ਲਾਈਆਂ ਗਈਆਂ ਹਨ। ਮੀਤ ਪ੍ਰਧਾਨ ਜਸਵੀਰ ਭੰਮੇ, ਪਰਮਜੀਤ ਬੱਪੀਆਣਾ, ਹੰਸਾ ਸਿੰਘ ਡੇਲੂਆਣਾ, ਅਮਰਿੰਦਰ ਸਿੰਘ ਨੇ ਦੱਸਿਆ ਕਿ ਸਿੱਖਿਆ ਵਿਭਾਗ ਅੰਦਰ ਵੱਡੇ ਸੁਧਾਰਾਂ ਦੇ ਦਮਗਜੇ ਮਾਰਨ ਵਾਲੀ ਸਰਕਾਰ ਸਿੱਖਿਆ ਪ੍ਰਤੀ ਸੁਹਿਰਦ ਨਹੀਂ ਜਾਪਦੀ। ਇਸ ਲਈ ਸਿੱਖਿਆ ਦਾ ਵਿਕਾਸ ਅਜੇ ਅਖਬਾਰੀ ਇਸਤਿਹਾਰਬਾਜ਼ੀ ਤੋਂ ਵੱਧ ਕੁੱਝ ਵੀ ਨਹੀਂ। ਆਗੂਆਂ ਨੇ ਮੰਗ ਕੀਤੀ ਕਿ ਅਧਿਆਪਕਾਂ ਦੀਆਂ ਬੀ ਐੱਲ ਓ ਡਿਊਟੀਆਂ ਰੱਦ ਕਰਕੇ ਉਨ੍ਹਾਂ ਨੂੰ ਤੁਰੰਤ ਸਕੂਲਾਂ ਚ ਭੇਜਿਆਂ ਜਾਵੇ।

# ਭਾਕਿਯੂ (ਏਕਤਾ) ਡਕੌਂਦਾ ਨੇ ਨਸ਼ਾ ਵਿਰੋਧੀ ਰੋਸ ਮਾਰਚ ਕੱਢਿਆ

**ਮਾਨਸਾ (ਆਤਮਾ ਸਿੰਘ ਪਮਾਰ)**

ਪੰਜਾਬ ਵਿੱਚ ਚੱਲ ਰਹੀ ਨਸ਼ਾ ਵਿਰੋਧੀ ਲਹਿਰ ਨੂੰ ਅੱਗੇ ਵਧਾਉਂਦਿਆਂ ਭਾਰਤੀ ਕਿਸਾਨ ਯੂਨੀਅਨ (ਏਕਤਾ) ਡਕੌਂਦਾ ਵੱਲੋਂ ਪਿੰਡ ਖਿਆਲਾ ਕਲਾਂ ਵਿੱਚ ਮੀਟਿੰਗ ਕੀਤੀ ਗਈ, ਜਿਸ ਵਿੱਚ ਵੱਡੀ ਗਿਣਤੀ 'ਚ ਨੌਜਵਾਨਾਂ, ਕਿਰਤੀ ਲੋਕਾਂ ਨੇ ਸ਼ਮੂਲੀਅਤ ਕੀਤੀ।

ਪਿੰਡ ਵਿੱਚ ਰੈਲੀ ਉਪਰੰਤ ਨੌਜਵਾਨਾਂ ਵੱਲੋਂ ਰੋਸ ਮਾਰਚ ਕੀਤਾ ਗਿਆ ਤੇ ਮਾਨਸਾ ਕੈਂਚੀਆਂ ਚੌਕ ਵਿੱਚ ਪੰਜਾਬ ਸਰਕਾਰ ਤੇ ਪੁਲਸ ਪ੍ਰਸ਼ਾਸਨ ਖ਼ਿਲਾਫ਼ ਰੋਹ ਭਰਪੂਰ ਨਾਅਰੇਬਾਜ਼ੀ ਕੀਤੀ ਗਈ। ਇਕੱਠ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਪ੍ਰਧਾਨ ਲਖਵੀਰ ਸਿੰਘ ਅਕਲੀਆ ਨੇ ਕਿਹਾ 14 ਅਗਸਤ ਨੂੰ ਨਸ਼ੇ ਖ਼ਿਲਾਫ਼ ਮਾਨਸਾ ਵਿੱਚ ਵੱਡਾ ਇਕੱਠ ਕੀਤਾ ਜਾ ਰਿਹਾ ਹੈ, ਕਿਉਂਕਿ ਨਸ਼ੇ ਵਰਗੀ ਸਮਾਜਿਕ ਬੁਰਾਈ ਨੂੰ ਰੋਕਣ ਲਈ ਸਮਾਜ ਦੇ ਹਰ ਵਰਗ ਨੂੰ ਆਪਣਾ ਬਣਦਾ ਯੋਗਦਾਨ ਪਾਉਣਾ ਚਾਹੀਦਾ ਹੈ ਤਾਂ ਜੁ ਅਸੀਂ ਆਉਣ ਵਾਲੇ ਸਮੇਂ ਵਿੱਚ ਇੱਕ ਨਰੋਏ ਸਮਾਜ ਦੀ ਸਿਰਜਣਾ ਕਰ ਸਕੀਏ।

ਉਨ੍ਹਾਂ ਪ੍ਰਸ਼ਾਸਨ 'ਤੇ ਤਨਜ਼ ਕੱਸਦਿਆਂ ਅਕਲੀਆ ਨੇ ਕਿਹਾ ਕਿ ਜੇ ਸਮਾਂ ਰਹਿੰਦੇ ਨਸ਼ੇ ਦੇ ਵਪਾਰੀਆਂ ਨੂੰ ਨੱਥ ਨਾ ਪਾਈ ਗਈ ਤਾਂ ਲੋਕ ਸ਼ਕਤੀ ਦਾ ਗੁੱਸਾ ਸਰਕਾਰ ਉੱਤੇ ਨਿਕਲਣਾ ਤੈਅ ਹੈ।



# ਹੜ੍ਹ ਪ੍ਰਭਾਵਤ ਲੋਕਾਂ ਦੀ ਮਦਦ ਲਈ ਅੱਗੇ ਆਏ 'ਆਪ' ਆਗੂ ਹਰਜੀਤ ਸਾਹਰੀ

**ਫ਼ਾਜ਼ਿਲਕਾ (ਕ੍ਰਿਸ਼ਨ ਸਿੰਘ)**-ਸਰਹੱਦੀ ਪਿੰਡਾਂ ਵਿੱਚ ਹੜ੍ਹ ਕਾਰਨ ਲੋਕਾਂ ਦੀਆਂ ਫ਼ਸਲਾਂ ਦੇ ਨਾਲ-ਨਾਲ ਪਸ਼ੂਆਂ ਦਾ ਚਾਰਾ ਵੀ ਬਰਬਾਦ ਹੋ ਗਿਆ ਹੈ, ਜਿਸ ਕਾਰਨ ਉਹ ਹੁਣ ਕੁਝ ਸਮਾਜ ਸੇਵੀਆਂ ਵੱਲੋਂ ਦਿੱਤੇ ਪਸ਼ੂਆਂ ਦੇ ਚਾਰੇ 'ਤੇ ਹੀ ਨਿਰਭਰ ਹਨ। ਇਨ੍ਹਾਂ ਹੜ੍ਹ ਪ੍ਰਭਾਵਤ ਪਿੰਡਾਂ ਦੇ ਲੋਕਾਂ ਦੀ ਮਦਦ ਲਈ ਕਈ ਲੋਕ ਵੀ ਅੱਗੇ ਆਏ ਹਨ। ਕੁਝ ਲੋਕ ਅਜਿਹੇ ਵੀ ਹਨ, ਜਿਨ੍ਹਾਂ ਦੀਆਂ ਆਪਣੀਆਂ ਫ਼ਸਲਾਂ ਵੀ ਤਬਾਹ ਹੋ ਗਈਆਂ ਹਨ, ਫਿਰ ਵੀ ਉਹ ਇਨ੍ਹਾਂ ਹੜ੍ਹ ਪ੍ਰਭਾਵਤ ਲੋਕਾਂ ਦੀ ਮਦਦ ਲਈ ਅੱਗੇ ਆ ਰਹੇ ਹਨ। ਇਸੇ ਤਰ੍ਹਾਂ ਆਮ ਆਦਮੀ ਪਾਰਟੀ ਦੇ ਐਸ.ਸੀ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਹਰਜੀਤ ਸਿੰਘ ਸਾਹਰੀ ਵੀ ਆਪਣੇ ਸਾਥੀਆਂ ਦੀ ਮਦਦ ਨਾਲ ਇਨ੍ਹਾਂ ਹੜ੍ਹ ਪ੍ਰਭਾਵਤ ਲੋਕਾਂ ਦੀ ਮਦਦ ਕਰਨ ਵਿੱਚ ਲੱਗੇ ਹੋਏ ਹਨ। ਉਨ੍ਹਾਂ ਦੀ ਆਪਣੀ 15 ਏਕੜ ਫਸਲ ਵੀ ਤਬਾਹ ਹੋ ਚੁੱਕੀ ਹੈ, ਫਿਰ ਵੀ ਉਹ ਇਨ੍ਹਾਂ ਲੋਕਾਂ ਦੀ ਮਦਦ ਕਰਨ ਤੋਂ ਪਿੱਛੇ ਨਹੀਂ ਹਟ ਰਿਹਾ।



ਇਸੇ ਤਰ੍ਹਾਂ ਪਿੰਡ ਝਿੰਗੜ ਭੈਣੀ ਵਿੱਚ ਵੀ ਉਨ੍ਹਾਂ ਵੱਲੋਂ ਨੰਬਰਦਾਰ ਯੂਨੀਅਨ ਦੇ ਸਹਿਯੋਗ ਨਾਲ ਲਿਆਂਦਾ ਗਿਆ ਪਸ਼ੂਆਂ ਲਈ ਚਾਰਾ ਵੰਡਿਆ ਗਿਆ। ਇਸ ਮੌਕੇ ਡਾ: ਹਰਜੀਤ ਸਿੰਘ ਸਹਿਰੀ ਨੇ ਕਿਹਾ ਕਿ ਉਹ ਹੜ੍ਹ ਪ੍ਰਭਾਵਤ ਪਿੰਡਾਂ ਦੇ ਲੋਕਾਂ ਦੀ ਹਰ ਸੰਭਵ ਮਦਦ ਕਰਨ ਲਈ ਯਤਨਸ਼ੀਲ ਹਨ। ਉਨ੍ਹਾਂ ਵੱਲੋਂ ਹਾਲ ਹੀ ਵਿੱਚ ਪਿੰਡ ਗੀਤੇ ਵਾਲੀ ਭੈਣੀ, ਵਾਲੇ ਸਾਹ ਹਿਠਾੜ, ਢਾਣੀ ਸੱਦਾ ਸਿੰਘ, ਤੇਜਾ ਰੁਹੇਲਾ ਸਮੇਤ ਹੋਰ ਹੜ੍ਹ ਪ੍ਰਭਾਵਤ ਪਿੰਡਾਂ ਵਿੱਚ ਲੋਕਾਂ ਨੂੰ ਰਾਹਤ ਸਮੱਗਰੀ ਪੁਚਾਈ ਗਈ ਹੈ। ਇਸ ਦੌਰਾਨ ਪਸ਼ੂਆਂ ਨੂੰ ਰਾਸ਼ਨ ਦੇ ਨਾਲ-ਨਾਲ ਚਾਰਾ ਵੀ ਵੰਡਿਆ ਗਿਆ। ਇਸੇ ਤਰ੍ਹਾਂ ਹੁਣ ਪਿੰਡ ਝਿੰਗੜ ਭੈਣੀ ਵਿੱਚ ਵੀ ਉਨ੍ਹਾਂ ਵੱਲੋਂ ਚਾਰਾ ਵੰਡਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਕਰੀਬ 15 ਏਕੜ ਫਸਲ ਵੀ ਹੜ੍ਹ ਦੀ ਮਾਰ ਹੇਠ ਆ ਗਈ ਹੈ। ਇਸ ਦੇ ਬਾਵਜੂਦ ਉਹ ਆਪਣੀ ਤਰਫੋਂ ਇਨ੍ਹਾਂ ਹੜ੍ਹ ਪ੍ਰਭਾਵਤ ਲੋਕਾਂ ਦੀ ਮਦਦ ਲਈ ਕੋਈ ਕਸਰ ਬਾਕੀ ਨਹੀਂ ਛੱਡ ਰਹੇ ਹਨ। ਉਨ੍ਹਾਂ ਆਪਣੀ ਪਾਰਟੀ ਦੀ ਸਰਕਾਰ ਵੱਲੋਂ ਇਨ੍ਹਾਂ ਹੜ੍ਹ ਪ੍ਰਭਾਵਤ ਲੋਕਾਂ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕਰਦਿਆਂ ਜਲਦੀ ਤੋਂ ਜਲਦੀ ਉੱਚ ਮੁਆਵਜ਼ੇ ਦੀ ਮੰਗ ਵੀ ਕੀਤੀ। ਇਸ ਦੇ ਨਾਲ ਹੀ ਇੱਥੇ ਕੱਚੀਆਂ ਜ਼ਮੀਨਾਂ 'ਤੇ ਖੇਤੀ ਕਰਨ ਵਾਲੇ ਲੋਕਾਂ ਨੂੰ ਉਨ੍ਹਾਂ ਦੇ ਪੱਕੇ ਮਾਲਕ ਬਣਾਉਣ ਦੇ ਨਾਲ-ਨਾਲ ਮੁਆਵਜ਼ੇ ਦੀ ਵੀ ਮੰਗ ਕੀਤੀ ਹੈ। ਇਸ ਦੇ ਨਾਲ ਹੀ ਉਨ੍ਹਾਂ ਇੱਥੋਂ ਦੇ ਕਿਸਾਨਾਂ-ਮਜ਼ਦੂਰਾਂ ਦੇ ਸਾਰੇ ਕਰਜ਼ੇ ਮੁਆਫ਼ ਕਰਨ ਦੀ ਵੀ ਮੰਗ ਕੀਤੀ ਹੈ।

# ਸ਼੍ਰੋਮਣੀ ਅਕਾਲੀ ਦਲ ਹੀ ਲੋਕਾਂ ਦੀ ਸੱਚੀ ਹਮਦਰਦ ਪਾਰਟੀ : ਡਿੰਪੀ ਢਿੱਲੋਂ



**ਗਿੱਦੜਬਹਾ (ਜਸਵੰਤ ਗਿੱਲ ਛੱਤਿਆਣਾ)**

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਹਲਕਾ ਗਿੱਦੜਬਾਹਾ ਦੇ ਮੁੱਖ ਸੇਵਾਦਾਰ ਹਰਦੀਪ ਸਿੰਘ ਡਿੰਪੀ ਢਿੱਲੋਂ ਦੀ ਦੇਖ-ਰੇਖ ਵਿੱਚ ਯੂਥ ਅਕਾਲੀ ਦਲ ਦੇ ਕੌਮੀ ਜਨਰਲ ਸਕੱਤਰ ਯੂਥ ਆਗੂ ਅਭੈ ਸਿੰਘ ਢਿੱਲੋਂ ਦੀ ਅਗਵਾਈ ਵਿੱਚ ਪੰਜਾਬ ਯੂਥ ਵਰਕਰ ਮਿਲਣੀ ਪ੍ਰੋਗਰਾਮ ਵਿਸ਼ਾਲ ਰੈਲੀ ਕਰਾਈ ਗਈ। ਇਸ ਮੌਕੇ ਯੂਥ ਅਕਾਲੀ ਦਲ ਦੇ ਕੌਮੀ ਪ੍ਰਧਾਨ ਸਰਬਜੀਤ ਸਿੰਘ ਝਿੰਜਰ ਨੇ ਵਿਸ਼ੇਸ ਤੌਰ 'ਤੇ ਸ਼ਿਰਕਤ ਕੀਤੀ। ਇਸ ਮੌਕੇ ਉਨ੍ਹਾਂ ਨਾਲ ਹਰਦੀਪ ਸਿੰਘ ਡਿੰਪੀ ਢਿੱਲੋਂ, ਸੰਨੀ ਢਿੱਲੋਂ, ਪੈਵੀ ਢਿੱਲੋਂ, ਅਕਾਸ਼ਦੀਪ ਸਿੰਘ ਮਿੱਡੂਖੇੜਾ ਜ਼ਿਲ੍ਹਾ ਪ੍ਰਧਾਨ ਤੇ ਲੱਪੀ ਈਨਾ ਖੇੜਾ ਆਦਿ ਵੀ ਹਾਜ਼ਰ ਸਨ। ਯੂਥ ਮਿਲਣੀ ਦੌਰਾਨ ਆਪਣੇ ਸੰਬੋਧਨ ਵਿੱਚ ਹਰਦੀਪ ਸਿੰਘ ਡਿੰਪੀ ਢਿੱਲੋਂ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਹੀ ਲੋਕਾਂ ਦੀ ਸੱਚੀ ਹਮਦਰਦ ਪਾਰਟੀ ਹੈ ਅਤੇ ਪੰਜਾਬ ਦਾ ਸਮੁੱਚਾ ਵਿਕਾਸ ਸ਼੍ਰੋਮਣੀ ਅਕਾਲੀ ਦਲ ਦੇ ਰਾਜਕਾਲ ਸਮੇਂ ਹੋਇਆ, ਜਦੋਂਕਿ ਕਾਂਗਰਸ ਸਮੇਤ ਹੋਰਨਾਂ ਪਾਰਟੀਆਂ ਨੇ ਪੰਜਾਬ ਨੂੰ ਕੇਵਲ ਲੁੱਟਿਆ ਹੀ ਹੈ।

ਇਸ ਮੌਕੇ ਸਰਬਜੀਤ ਸਿੰਘ ਝਿੰਜਰ ਨੇ ਨੌਜਵਾਨਾਂ ਨੂੰ ਸ਼੍ਰੋਮਣੀ ਅਕਾਲੀ ਦਲ ਦੇ 100 ਸਾਲਾਂ ਤੋਂ ਵੱਧ ਲੰਮੇ ਮਾਣਮੱਤੇ ਇਤਿਹਾਸ ਤੋਂ ਜਾਣੂ ਕਰਾਉਂਦਿਆਂ ਪੰਜਾਬ, ਪੰਜਾਬੀਅਤ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਚੜ੍ਹਦੀ ਕਲ੍ਹਾ ਲਈ ਨੌਜਵਾਨਾਂ ਨੂੰ ਅੱਗੇ ਆ ਕੇ ਪਾਰਟੀ ਲਈ ਕੰਮ ਕਰਨ ਅਤੇ ਕੇਸਰੀ ਦਸਤਾਰਾਂ ਸਜਾਉਣ ਲਈ ਪ੍ਰੇਰਤ ਕੀਤਾ। ਉਨ੍ਹਾਂ ਕਿਹਾ ਕਿ ਮੌਜੂਦਾ ਆਪ ਸਰਕਾਰ ਨੇ ਬਦਲਾਅ ਦੇ ਨਾਂਅ 'ਤੇ ਪੰਜਾਬੀਆ ਨਾਲ ਕੇਵਲ ਠੱਗੀ ਹੀ ਮਾਰੀ ਗਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਨਸ਼ੇ ਤੇ ਜੁਰਮ ਦਾ ਗ੍ਰਾਫ਼ ਦਿਨ ਪ੍ਰਤੀ ਦਿਨ ਵਧ ਰਿਹਾ ਹੈ ਅਤੇ ਚਿੱਟੇ ਦੇ ਨਸ਼ੇ ਨਾਲ ਆਏ ਦਿਨ ਪੰਜਾਬ ਵਿੱਚ ਮੌਤਾਂ ਹੋ ਰਹੀਆਂ ਹਨ। ਇਸ ਮੌਕੇ ਬਲਾਕ ਪ੍ਰਧਾਨ ਸ਼ਮਿੰਦਰ ਕੋਟਲੀ, ਬਚਿੱਤਰ ਸਿੰਘ ਕਰਾਈਵਾਲਾ, ਹਰਵਿੰਦਰ ਸਿੰਘ ਕਾਕਾ ਤੋਂ ਇਲਾਵਾ ਮਾਧੋਦਾਸ ਸਿੰਘ ਖਾਲਸਾ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਅਭੈ ਸਿੰਘ ਢਿੱਲੋਂ ਨੇ ਨੌਜਵਾਨਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਨੌਜਵਾਨ ਸ਼੍ਰੋਮਣੀ ਅਕਾਲੀ ਦਲ ਦੀ ਰੀੜ੍ਹ ਦੀ ਹੱਡੀ ਹਨ।

# ਭਜਨ ਸਿੰਘ ਗਿੱਲ ਬਣੇ ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਪੰਜਾਬ ਦੇ ਸੂਬਾ ਪ੍ਰਧਾਨ

## ਸੂਬਾ ਪ੍ਰਧਾਨ ਦੀ ਚੋਣ ਲਈ ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਦਾ ਅਜਲਾਸ ਹੋਇਆ

**ਮੋਗਾ (ਅਮਰਜੀਤ ਬੱਬਰੀ)**

ਸ਼ਹੀਦ ਨਛੱਤਰ ਸਿੰਘ ਭਵਨ ਵਿਖੇ ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਪੰਜਾਬ ਦਾ ਸੂਬਾ ਇਜਲਾਸ ਸੂਬਾ ਪ੍ਰਧਾਨ ਠਾਕੁਰ ਸਿੰਘ ਦੇ ਸਦੀਵੀ ਵਿਛੋੜੇ ਕਾਰਨ ਨਵੇਂ ਸੂਬਾ ਪ੍ਰਧਾਨ ਦੀ ਚੋਣ ਲਈ ਆਯੋਜਤ ਕੀਤਾ ਗਿਆ, ਜਿਸ ਵਿੱਚ ਭਜਨ ਸਿੰਘ ਗਿੱਲ ਜ਼ਿਲ੍ਹਾ ਮੋਗਾ ਨੂੰ ਸਰਬਸੰਮਤੀ ਨਾਲ ਸੂਬਾ ਪ੍ਰਧਾਨ ਚੁਣ ਲਿਆ ਗਿਆ। ਸੂਬਾ ਪ੍ਰਧਾਨ ਦੀ ਚੋਣ ਲਈ ਹਰਜੀਤ ਸਿੰਘ ਫ਼ਤਿਹਗੜ੍ਹ ਸਾਹਿਬ ਨੇ ਮਤਾ ਪੇਸ਼ ਕਰਦਿਆਂ ਕਿਹਾ ਕਿ ਭਜਨ ਸਿੰਘ ਗਿੱਲ ਨੂੰ ਕਾਰਜਕਾਰੀ ਪ੍ਰਧਾਨ ਦੀ ਜ਼ਿੰਮੇਵਾਰੀ ਸਵ: ਠਾਕੁਰ ਸਿੰਘ ਨੇ ਸੌਂਪੀ ਸੀ, ਇਸ ਲਈ ਸਵ: ਪ੍ਰਧਾਨ ਦੀ ਇੱਛਾ ਮੁਤਾਬਕ ਸਾਨੂੰ ਭਜਨ ਸਿੰਘ ਗਿੱਲ ਨੂੰ ਸੂਬਾ ਪ੍ਰਧਾਨ ਦੀ ਜ਼ਿੰਮੇਵਾਰੀ ਸੌਂਪੀ ਜਾਵੇ। ਇਸ ਮਤੇ ਦੀ ਤਾਈਦ ਰਣਜੀਤ ਸਿੰਘ ਮਲੋਟ ਨੇ ਕੀਤੀ ਤੇ ਦੱਸਿਆ ਕਿ ਭਜਨ ਸਿੰਘ ਗਿੱਲ ਦੀ ਚੋਣ ਠਾਕੁਰ ਸਿੰਘ ਜੀ ਨੇ ਬੜੀ ਸੋਚ ਵਿਚਾਰ ਨਾਲ ਕੀਤੀ, ਕਿਉਂਕਿ ਭਜਨ ਸਿੰਘ ਗਿੱਲ ਇੱਕ ਮਿਹਨਤੀ ਤੇ ਸਮਝਦਾਰ ਪੈਨਸ਼ਨ ਆਗੂ ਵਜੋਂ ਪਿਛਲੇ ਦੋ ਤਿੰਨ ਮਹੀਨੇ ਤੋਂ ਅਣਥੱਕ ਮਿਹਨਤ ਕਰ ਰਹੇ ਹਨ। ਇਜਲਾਸ ਦੀ ਕਾਰਵਾਈ ਜਾਰੀ ਕਰਦਿਆਂ ਸੂਬਾ ਜਨਰਲ ਸਕੱਤਰ ਸੁਰਿੰਦਰ ਰਾਮ ਕੁੱਸਾ ਨੇ ਦੱਸਿਆ ਕਿ ਸਭ ਤੋਂ ਪਹਿਲਾਂ ਸਾਡੇ ਮਹਿਬੂਬ ਆਗੂ ਠਾਕੁਰ ਸਿੰਘ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਪ੍ਰੇਮ ਸਾਗਰ ਸ਼ਰਮਾ, ਪ੍ਰੀਤਮ ਸਿੰਘ ਗੋਂਦਾਰਾਆਦਿ ਵਿੱਛੜ ਚੁੱਕੇ ਹੋਰ ਪੈਨਸ਼ਨਰ ਆਗੂਆਂ ਨੂੰ ਵੀ



ਸ਼ਰਧਾ ਦੇ ਫੁੱਲ ਭੇਟ ਕੀਤੇ ਗਏ।

ਇਜਲਾਸ ਵਿੱਚ ਬੁਲਾਰਿਆਂ ਇੰਦਰ ਜੀਤ ਸਿੰਘ ਖੀਵਾ, ਬੂਟਾ ਸਿੰਘ ਫ਼ਾਜ਼ਿਲਕਾ, ਅਜੀਤ ਸਿੰਘ ਸੋਢੀ, ਬ੍ਰਿਜ ਮੋਹਣ ਸੋਨੀ, ਹਰਚੰਦ ਸਿੰਘ ਪੰਜੋਲੀ, ਸੁਖਮੰਦਰ ਸਿੰਘ ਮੋਗਾ ਨੇ ਪੈਨਸ਼ਨਰਾਂ ਦੀਆਂ ਲਟਕਦੀਆ ਮੰਗਾਂ ਤੇ ਹੋਰ ਜਥੇਬੰਦਕ ਮਸਲਿਆਂ ਤੇ ਆਪਣੇ ਵਿਚਾਰ ਰੱਖੇ, ਦਰਸ਼ਨ ਸਿੰਘ ਉਟਾਲ, ਕੁਲਵੰਤ ਸਿੰਘ, ਬਖਤੌਰ ਸਿੰਘ ਆਦਿ ਆਗੂਆਂ ਨੇ ਜਥੇਬੰਦਕ ਸੰਘਰਸ਼ ਦੇ ਨਾਲ ਨਾਲ ਪੈਨਸ਼ਨਰਾਂ ਦੀ ਵਡੇਰੀ ਉਮਰ ਨੂੰ ਧਿਆਨ ਵਿੱਚ ਰੱਖਦੇ ਹੋਏ ਕਾਨੂੰਨੀ ਲੜਾਈ ਦੀ ਅਣਸਰਦੀ ਲੋੜ 'ਤੇ ਜ਼ੋਰ ਦਿੱਤਾ ਤਾਂ ਜੁ ਉਹ ਜਿਉਂਦੇ ਜੀਅ ਆਪਣੇ ਆਰਥਿਕ ਲਾਭ ਪ੍ਰਾਪਤ ਕਰਕੇ ਆਪਣੇ ਬੁਢਾਪੇ ਦੇ ਚਾਰ ਦਿਨ ਸੌਖੇ ਬਿਤਾ ਸਕਣ। 'ਮੁਲਾਜ਼ਮ ਕੇਂਦਰ' ਦੇ ਸੰਪਾਦਕ ਬਹਾਦਰ ਸਿੰਘ ਨੇ ਸਵ: ਠਾਕੁਰ ਸਿੰਘ ਬਾਰੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਦੱਸਿਆ ਕਿ ਉਨ੍ਹਾਂ ਦੁਆਰਾ ਲਿਖੇ ਲੇਖ ਪੈਨਸ਼ਨਰਾਂ ਮੁਲਾਜ਼ਮਾਂ ਦੀਆਂ ਮੰਗਾਂ ਦੀ ਸਾਰਥਿਕਤਾ ਤੇ ਬਹੁਤ ਹੀ ਸਿਧਾਂਤਕ ਅਤੇ ਸਿੱਖਿਆਦਾਇਕ ਹੁੰਦੇ ਸਨ, ਜਿਸ ਕਰਕੇ ਉਨ੍ਹਾਂ ਨੂੰ ਮੁਲਾਜ਼ਮ ਕੇਂਦਰ ਦੇ ਪੰਨਿਆਂ 'ਤੇ ਛਾਪਿਆ ਜਾਂਦਾ ਰਿਹਾ ਸੀ, ਜੋ ਆਉਣ ਵਾਲੇ ਸਮੇਂ ਵਿੱਚ ਵੀ ਪੈਨਸ਼ਨਰਾਂ ਦੀ ਸਮਝ ਨੂੰ ਸੰਘਰਸ਼ਸ਼ੀਲ ਅਤੇ ਸਿਆਣਪ ਪ੍ਰਦਾਨ ਕਰਨਗੇ। ਸੁੱਚਾ ਸਿੰਘ ਕਪੂਰਥਲਾ, ਗੁਰਦੀਪ ਸਿੰਘ, ਸੁੱਚਾ ਸਿੰਘ ਸੁਲਤਾਨਪੁਰ ਲੋਧੀ, ਮਦਨ ਲਾਲ ਕੰਡਾ, ਗੁਰਮੀਤ ਸਿੰਘ ਜੈਤੋ, ਸੰਤ ਸਿੰਘ ਨੇ ਫ਼ਤਿਹਗੜ੍ਹ ਸਾਹਿਬ ਜ਼ਿਲ੍ਹੇ ਵੱਲੋਂ ਪੇਸ਼ ਮਤੇ ਦੀ ਹਮਾਇਤ ਕਰਦਿਆਂ ਭਜਨ ਸਿੰਘ ਗਿੱਲ ਦੇ ਸੂਬਾ ਪ੍ਰਧਾਨ ਲਈ ਨਾਂਅ ਦੀ ਤਾਈਦ ਕੀਤੀ। ਸਮੂਹ ਹਾਜ਼ਰੀਨ ਨੇ ਪੈਨਸ਼ਨਰ ਜੁਆਇੰਟ ਫਰੰਟ ਲਈ ਭਜਨ ਸਿੰਘ ਗਿੱਲ ਕਨਵੀਨਰ, ਸੁਰਿੰਦਰ ਰਾਮ ਕੁੱਸਾ ਤੇ ਹਰਜੀਤ ਸਿੰਘ ਫ਼ਤਿਹਗੜ੍ਹ ਸਾਹਿਬ ਨੂੰ ਬਤੌਰ ਫਰੰਟ ਦੇ ਮੈਂਬਰ ਬਣੇ ਰਹਿਣ 'ਤੇ ਮੋਹਰ ਲਗਾ ਦਿੱਤੀ। ਗੁਰਜੀਤ ਸਿੰਘ ਭਗਤਾ ਭਾਈ, ਸੁਬੇਗ ਸਿੰਘ ਸਾਬਕਾ ਖ਼ਜ਼ਾਨਾ ਅਫ਼ਸਰ, ਟਹਿਲ ਸਿੰਘ ਫ਼ਾਜ਼ਲਿਕਾ ਜਸਵਿੰਦਰ ਸਿੰਘ ਆਹਲੂਵਾਲੀਆ, ਪ੍ਰੀਤਮ ਸਿੰਘ ਨਾਗਰਾ, ਸੁਰਿੰਦਰ ਕੁਮਾਰ ਜੋਸਨ, ਜੁਗਿੰਦਰ ਰਾਏ ਲੁਧਿਆਣਾ, ਪ੍ਰੀਤਮ ਸਿੰਘ ਕੋਟਕਪੂਰਾ, ਬਾਬੂ ਰਾਮ ਟਿੰਨਾ ਮੁਕਤਸਰ ਨੇ ਭਜਨ ਸਿੰਘ ਗਿੱਲ ਦੇ ਸੂਬਾ ਪ੍ਰਧਾਨ ਨਾਲ ਸੂਬਾ ਜਨਰਲ ਸਕੱਤਰ ਲਈ ਸੁਰਿੰਦਰ ਰਾਮ ਕੁੱਸਾ ਦੇ ਆਹੁਦੇ ਤੇ ਬਣੇ ਰਹਿਣ ਦੀ ਤਾਈਦ ਤੇ ਹਮਾਇਤ ਕੀਤੀ।

ਅੰਤ ਵਿੱਚ ਸਟੇਜ ਸਕੱਤਰ ਵੱਲੋਂ ਸਾਰਿਆਂ ਜ਼ਿਲ੍ਹਿਆਂ ਦੀ ਰਾਇ ਅਨੁਸਾਰ ਭਜਨ ਸਿੰਘ ਗਿੱਲ ਦੇ ਸੂਬਾ ਪ੍ਰਧਾਨ ਸਰਬ ਸੰਮਤੀ ਨਾਲ ਚੁਣੇ ਜਾਣ ਦਾ ਫੈਸਲਾ ਦੇ ਦਿੱਤਾ, ਜਿਸ ਨਾਲ ਪੰਡਾਲ ਤਾੜੀਆਂ ਦੀ ਗੂੰਜ ਨਾਲ ਭਰ ਗਿਆ। ਸਾਰੇ ਜ਼ਿਲ੍ਹਾ ਪ੍ਰਧਾਨਾਂ ਵੱਲੋਂ ਭਜਨ ਸਿੰਘ ਗਿੱਲ ਦੇ ਗਲ਼ ਵਿੱਚ ਜ਼ਿੰਮੇਵਾਰੀ ਦੇ ਹਾਰ ਪਾ ਕੇ ਉਨ੍ਹਾਂ ਦੇ ਮੋਢਿਆਂ 'ਤੇ ਸੂਬਾ ਪ੍ਰਧਾਨ ਦੀ ਵੱਡੀ ਜ਼ਿੰਮੇਵਾਰੀ ਸੌਂਪ ਦਿੱਤੀ ਅਤੇ ਗਿੱਲ ਨੇ ਸਭਨਾਂ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਦਿੱਤੀ ਗਈ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਉਣਗੇ। ਇਸ ਮੌਕੇ ਸਵ: ਠਾਕੁਰ ਸਿੰਘ ਨੂੰ ਉਨ੍ਹਾਂ ਦੇ ਜਨਮ ਦਿਨ 'ਤੇ 8 ਅਗਸਤ ਲਈ ਇੱਕ ਸਨਮਾਨ ਪੱਤਰ ਜ਼ਿਲ੍ਹਾ ਫ਼ਤਿਹਗੜ੍ਹ ਦੀ ਜ਼ਿਲ੍ਹਾ ਕਮੇਟੀ ਨੂੰ, ਉਨ੍ਹਾਂ ਦੇ ਪਰਵਾਰ ਨੂੰ ਦੇਣ ਹਿੱਤ ਪੇਸ਼ ਕੀਤਾ ਗਿਆ। ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨੇ ਪੂਰੀ ਸ਼ਿੱਦਤ ਨਾਲ ਆਪਣੀ ਜ਼ਿੰਮੇਵਾਰੀ ਨਿਭਾਈ।

### ਨਰਮੇ ਦੀ ਫ਼ਸਲ 'ਤੇ ਕੀਟਾਂ ਦਾ ਹਮਲਾ ਨਾਮਾਤਰ : ਮਨੋਜ ਕੁਮਾਰ

**ਮਾਨਸਾ (ਆਤਮਾ ਸਿੰਘ ਪਮਾਰ)**-ਪਿੰਡ ਭੈਣੀ ਬਾਘਾ ਵਿਖੇ ਡਾਕਟਰ ਦਿਲਬਾਗ ਸਿੰਘ ਮੁੱਖ ਖੇਤੀਬਾੜੀ ਅਫ਼ਸਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਮਨੋਜ ਕੁਮਾਰ ਸਹਾਇਕ ਕਪਾਹ ਵਿਸਥਾਰ ਅਫ਼ਸਰ, ਖੇਤੀਬਾੜੀ ਵਿਕਾਸ ਅਫ਼ਸਰ ਡਾਕਟਰ ਜਸਲੀਨ ਕੌਰ ਧਾਲੀਵਾਲ, ਪਰਾਗਦੀਪ ਮਾਨ ਬਲਾਕ ਟੈਕਨਾਲੋਜੀ ਮੈਨੇਜਰ, ਹਰਚੇਤ ਸਿੰਘ ਖੇਤੀਬਾੜੀ ਉਪ ਨਿਰੀਖਕ ਤੇ ਕਿਸਾਨ ਮਿੱਤਰ ਦੀਦਾਰ ਮਾਨ ਭੈਣੀ ਬਾਘਾ ਵੱਲੋਂ ਪਿੰਡ ਭੈਣੀ ਬਾਘਾ ਦੇ ਕਿਸਾਨਾਂ ਦੇ ਨਰਮੇ ਦਾ ਸਰਵੇ ਕੀਤਾ ਗਿਆ, ਜਿਸ ਵਿੱਚ ਸਾਰੇ ਹੀ ਕੀਟ ਗੁਲਾਬੀ ਸੁੰਡੀ, ਚਿੱਟੀ ਮੱਖੀ, ਹਰਾ ਤੇਲਾ ਤੇ ਭੂਰੀ ਜੂੰ ਆਰਥਿਕ ਨੁਕਸਾਨ ਲੈਵਲ ਤੋਂ ਘੱਟ ਪਾਏ ਗਏ। ਕਿਸਾਨ ਦਲਜੀਤ ਸਿੰਘ ਅਤੇ ਬਿੱਕਰ ਸਿੰਘ ਦੇ ਖੇਤ ਵਿੱਚ ਪ੍ਰਤੀ ਪੌਦਾ 40 ਟੀਂਡੇ ਪੱਕ ਕੇ ਤਿਆਰ ਹੋ ਚੁੱਕੇ ਹਨ, ਜਿਸ 'ਤੇ ਖ਼ੁਸ਼ੀ ਪ੍ਰਗਟ ਕਰਦਿਆਂ ਕਿਸਾਨ ਦਲਜੀਤ ਸਿੰਘ ਤੇ ਬਿੱਕਰ ਸਿੰਘ ਨੇ ਕਿਹਾ ਕਿ ਇਸ ਵਾਰ ਨਰਮੇ ਦੀ ਭਰਵੀਂ ਫ਼ਸਲ ਹੋਣ ਦੀ ਉਮੀਦ ਹੈ। ਕਿਸਾਨ ਬਿੱਕਰ ਸਿੰਘ ਭੈਣੀ ਬਾਘਾ ਨੇ ਕਿਹਾ ਕਿ ਅਸੀਂ ਖੇਤੀਬਾੜੀ ਵਿਭਾਗ ਦੁਆਰਾ ਸਿਫ਼ਾਰਸ਼ ਕੀਤੀ ਸਪਰੇਅ ਹੀ ਕੀਤੀ ਹੈ, ਜਿਸਦਾ ਸਾਨੂੰ ਬਹੁਤ ਵਧੀਆ ਨਤੀਜਾ ਸਾਹਮਣੇ ਆ ਰਿਹਾ ਹੈ। ਡਾਕਟਰ ਮਨੋਜ ਕੁਮਾਰ ਕਪਾਹ ਵਿਸਥਾਰ ਅਫ਼ਸਰ ਨੇ ਕਿਸਾਨਾਂ ਨੂੰ ਸਲਾਹ ਦਿੰਦਿਆਂ ਕਿਹਾ ਕਿ ਹੁਣ ਨਰਮੇ ਦੀ ਫ਼ਸਲ ਵੱਲ ਪੂਰਾ ਧਿਆਨ ਰੱਖਣ ਦੀ ਲੋੜ ਹੈ ਅਤੇ ਖੇਤੀਬਾੜੀ ਮਹਿਕਮੇ ਦੁਆਰਾ ਸਿਫ਼ਾਰਸ਼ ਸਪਰੇਆਂ ਦੀ ਵਰਤੋਂ ਹੀ ਕੀਤੀ ਜਾਵੇ ਅਤੇ ਜ਼ਰੂਰਤ ਪੈਣ ਤੇ ਖੇਤੀਬਾੜੀ ਅਧਿਕਾਰੀਆਂ ਨਾਲ ਸੰਪਰਕ ਵੀ ਕੀਤਾ ਜਾਵੇ।

CMYK

page-6-7-(AUG)-2023-G-(BV).qxd 8/6/2023 9:54 PM Page 1



# ਲੋਕ ਅਧਿਕਾਰ ਲਹਿਰ ਦਾ ਵਫ਼ਦ ਡੀ ਸੀ ਨੂੰ ਮਿਲਿਆ



**ਗੁਰਦਾਸਪੁਰ, (ਜਨਕ ਮਹਾਜਨ)**-ਲੋਕ ਅਧਿਕਾਰ ਲਹਿਰ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਇਕ ਵਫ਼ਦ ਗੁਰਮੀਤ ਸਿੰਘ ਪਾਹੜਾ, ਬੂਟਾ ਰਾਮ ਆਜ਼ਾਦ, ਰਘਬੀਰ ਸਿੰਘ ਚਾਹਲ, ਅਮਰਜੀਤ ਸਿੰਘ ਸੈਣੀ, ਸੁਖਵਿੰਦਰ ਸਿੰਘ ਮੱਲ੍ਹੀ ਤੇ ਤਿਲਕ ਰਾਜ ਦੀ ਅਗਵਾਈ ਵਿੱਚ ਲੋਕਾਂ ਆਉਂਦੀਆਂ ਨਿੱਤ ਦਿਨ ਦੀਆਂ ਸਮੱਸਿਆਵਾਂ ਨੂੰ ਹੱਲ ਕਰਵਾਉਣ ਲਈ ਡਿਪਟੀ ਕਮਿਸ਼ਨਰ ਗੁਰਦਾਸਪੁਰ ਨੂੰ ਮਿਲਿਆ। ਵਫ਼ਦ ਨੇ ਗੁਰਦਾਸਪੁਰ ਤੋਂ ਪਠਾਨਕੋਟ ਰੋਡ ਉਪਰ ਮਿਲਕ ਪਲਾਂਟ ਗੁਰਦਾਸਪੁਰ ਅਤੇ ਨਵੀਂ ਦਾਨਾ ਮੰਡੀ ਤੇ ਸਬਜ਼ੀ ਮੰਡੀ ਦੇ ਸਾਂਝੇ ਚੌਕ, ਪੰਡੋਰੀ ਰੋਡ ਉਪਰ ਬਾਈਪਾਸ 'ਤੇ ਬਣੇ ਚੌਕ ਅਤੇ ਪੁਰਾਣੀ ਦਾਨਾ ਮੰਡੀ ਵਾਲੇ ਚੌਕਾਂ ਨੂੰ ਖੁੱਲ੍ਹਾ ਕਰਨ ਤੇ ਉਨ੍ਹਾਂ ਵਿੱਚ ਗੋਲ ਚੱਕਰ ਜਾਂ ਟਰੈਫਿਕ ਲਾਈਟਾਂ ਲਗਾਉਣ, ਸੀਸੀਟੀਵੀ ਕੈਮਰੇ, ਬਾਥਰੂਮ ਤੇ ਡੈਸਟਬਿਨ ਲਗਾਉਣ, ਜੀ.ਟੀ. ਰੋਡ ਉਪਰ ਪੈਂਦੇ ਰੇਲਵੇ ਫਾਟਕ ਉਪਰ ਫਲਾਈਓਵਰ ਪੁਲ ਬਣਵਾਉਣ, ਸ਼ਹਿਰ ਅੰਦਰ ਪੈਦਲ ਚੱਲਣ ਵਾਲੇ ਲੋਕਾਂ ਲਈ ਪੈਦਲ ਰਸਤੇ ਸੜਕ ਤੋਂ ਉਚੇ ਬਣਵਾਉਣ ਤੇ ਉਨ੍ਹਾਂ ਦੇ ਥੱਲੇ ਬਰਸਾਤੀ ਪਾਣੀ ਦੀ ਨਿਕਾਸੀ ਲਈ ਖੁੱਲੇ ਨਾਲੇ ਬਣਾਉਣ, ਸਾਰੇ ਸਰਕਾਰੀ ਗੈਰ ਸਰਕਾਰੀ, ਦਫ਼ਤਰਾਂ, ਹਸਪਤਾਲਾਂ, ਮਾਲਾਂ, ਸਟੋਰਾਂ, ਪਾਰਕਾਂ, ਧਾਰਮਿਕ ਸਥਾਨਾਂ, ਚੌਂਕਾ, ਰੇਲਵੇ ਸਟੇਸ਼ਨ, ਬੱਸ ਸਟੈਂਡ ਆਦਿ ਦੇ ਸਾਹਮਣੇ ਜਿਥੇ ਵੀ ਵਾਹਣ ਖੜ੍ਹੇ ਕੀਤੇ ਜਾਂਦੇ ਹਨ ਉਥੇ ਜ਼ਮੀਨ ਉਪਰ ਕਲੀ ਜਾਂ ਪੇਂਟ ਨਾਲ ਪੱਕੇ ਤੌਰ ਨਿਸ਼ਾਨ ਲਗਵਾਉਣ, ਸ਼ਹਿਰ ਅੰਦਰ ਸਾਰੇ ਚੌਂਕਾ ਤੇ ਮੋੜਾਂ ਉਪਰ, ਸੜਕਾਂ ਤੇ ਗਲੀਆਂ ਦੇ ਮੋੜਾਂ ਵਿੱਚ ਧਰਤੀ ਉਪਰ ਕਲੀ ਜਾਂ ਪੇਂਟ ਨਾਲ ਸਹੀ ਰੱਸਤੇ ਮੋੜ ਕੱਟਣ ਲਈ ਪੱਕੇ ਨਿਸ਼ਾਨ ਲਗਵਾਉਣ, ਸ਼ਹਿਰ ਨੂੰ ਸਾਫ਼ ਸੁਥਰਾ ਰੱਖਣ ਲਈ ਸਾਰੇ ਸ਼ਹਿਰ ਵਿੱਚ ਥਾਂ-ਥਾਂ 'ਤੇ ਕੂੜੇ ਦਾਨ (ਡੈਸਟਬਿਨ) ਲਗਾਉਣ ਅਤੇ ਜਿਨ੍ਹਾਂ ਚੌਂਕਾਂ ਵਿਚ ਬਾਥਰੂਮ ਦੀ ਸਹੂਲਤ ਉਪਲਬਧ ਕਰਵਾਉਣ ਲਈ ਸੰਬੰਧਿਤ ਮਹਿਕਮਿਆਂ ਨੂੰ ਸਖ਼ਤ ਹੁਕਮ ਜਾਰੀ ਕਰਨ ਦੀ ਮੰਗ ਕੀਤੀ ਹੈ।

# 'ਖਾਲਸਾ ਏਡ' 'ਤੇ ਛਾਪੇਮਾਰੀ ਨਿੰਦਣਯੋਗ: ਬਾਬਾ ਬਲਬੀਰ ਸਿੰਘ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਨਿਹੰਗ ਸਿੰਘਾਂ ਦੀ ਮੁੱਖ ਜਥੇਬੰਦੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਚਲਦਾ ਵਹੀਰ ਦੇ 14ਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਭਾਰਤ ਅੰਦਰ ਸਰਕਾਰਾਂ ਵੱਲੋਂ ਵਰਤੀਆਂ ਜਾ ਰਹੀਆਂ ਏਜੰਸੀਆਂ, ਫੋਰਸਾਂ ਦੇ ਰਵੱਈਏ ਤੇ ਕਾਰਗੁਜ਼ਾਰੀ 'ਤੇ ਅਫਸੋਸ ਪ੍ਰਗਟ ਕੀਤਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਸਿੱਖਾਂ ਨਾਲ ਧੱਕੇਸ਼ਾਹੀ, ਬੇਇਨਸਾਫੀ ਤੇ ਉਨ੍ਹਾਂ ਨੂੰ ਦੂਜੇ ਦਰਜੇ ਦੇ ਸ਼ਹਿਰੀ ਹੋਣ ਦਾ ਅਹਿਸਾਸ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਖਾਲਸਾ ਏਡ ਸੰਸਥਾ ਕੋਈ ਵੱਖਵਾਦੀ, ਅੱਤਵਾਦੀ ਨਹੀਂ ਹੈ ਉਹ ਮਨੁੱਖਤਾ ਦੇ ਭਲੇ ਲਈ ਕਾਰਜ ਕਰ ਰਹੀ ਹੈ ਜਿਥੇ ਕੁਦਰਤੀ ਆਫਤਾਂ ਵੇਲੇ ਰਾਹਤ ਕਾਰਜਾਂ ਲਈ ਸਰਕਾਰਾਂ ਨਹੀਂ ਪੁੱਜ ਸਕਦੀਆਂ ਉਥੇ ਇਹ ਸੰਸਥਾ ਦੇ ਕਾਰਕੁੰਨ ਪੀੜਤਾਂ ਦੀ ਮਦਦ ਲਈ ਮਸੀਹਾ ਬਣਦੇ ਹਨ। ਕੋਈ ਹੱਦਬੰਦੀ ਜਾਂ ਨਸਲਵਾਦ ਰੰਗ ਰੂਪ ਦੇ ਭਿੰਨਭੇਦ ਤੋਂ ਬਗੈਰ ਗੁਰੂ ਦੇ ਸਿੱਖ ਇਹ ਕਾਰਜ ਕਰਦੇ ਹਨ। ਸਰਕਾਰਾਂ ਨੂੰ ਅਜਿਹੇ ਲੋਕਾਂ ਅਤੇ ਸੰਸਥਾਵਾਂ ਦੇ ਧੰਨਵਾਦੀ ਹੋਣਾ ਚਾਹੀਦਾ ਹੈ ਨਾ ਕਿ ਈ.ਡੀ ਰਾਹੀਂ ਉਨ੍ਹਾਂ ਦੇ ਦਫ਼ਤਰਾਂ 'ਚ ਛਾਪੇ ਮਾਰੇ ਜਾਣ, ਇਹ ਬੇਹੱਦ ਅਫਸੋਸਜਨਕ ਹੈ। ਉਨ੍ਹਾਂ ਕਿਹਾ ਕਿ ਯੂਕੇ ਦੇ ਸੰਸਦ ਮੈਂਬਰ ਤਰਮਨਜੀਤ ਸਿੰਘ ਨੂੰ ਕਈ ਘੰਟੇ ਅੰਮ੍ਰਿਤਸਰ ਹਵਾਈ ਅੱਡੇ ਤੇ ਰੋਕੀ ਰੱਖਣਾ ਬੇਪਤ ਕਰਨ ਵਾਲੀ ਕਾਰਵਾਈ ਹੈ ਜੋ ਕਿਸੇ ਤਰ੍ਹਾਂ ਵੀ ਉਚਿਤ ਨਹੀਂ ਹੈ। ਉਨ੍ਹਾਂ ਨਾਲ ਹੀ ਕਿਹਾ ਕਿ ਸਿੱਖਾਂ ਨੂੰ ਕੁਰੇਦਿਆ ਜਾ ਰਿਹਾ ਹੈ। ਜਗਦੀਸ਼ ਟਾਇਟਲਰ ਨੂੰ ਅਗਾਊਂ ਜ਼ਮਾਨਤ ਵੀ ਸਿੱਖਾਂ ਨਾਲ ਵੱਡੀ ਬੇਇਨਸਾਫੀ ਹੈ। ਚਾਰ ਦਹਾਕਿਆਂ ਤੋਂ ਸਿੱਖ ਇਹੀ ਲੜਾਈ ਲੜ ਰਹੇ ਹਨ ਕਿ ਟਾਇਟਲਰ ਸਿੱਖਾਂ ਦਾ ਦੋਸ਼ੀ ਹੈ। ਉਨ੍ਹਾਂ ਕਿਹਾ ਕਿ ਹਰ ਖੇਤਰ ਤੇ ਹਰ ਦੇਸ਼ ਵਿੱਚ ਸਿੱਖਾਂ ਨੇ ਦੇਸ਼ਪ੍ਰਸਤੀ ਲਈ ਵੱਡੀ ਤੇ ਸ਼ਾਨਾਮੱਤੀ ਭੂਮਿਕਾ ਨਿਭਾਈ ਹੈ। ਅਜਿਹੇ ਹਾਲਾਤ ਪੈਦਾ ਨਹੀਂ ਹੋਣ ਦੇਣੇ ਚਾਹੀਦੇ ਜਿਸ ਨਾਲ ਸਿੱਖਾਂ ਨੂੰ ਬੇਗਾਨਗੀ ਦਾ ਅਹਿਸਾਸ ਹੋਵੇ।

# ਸੈਦੋਲਹਿਲ ਦੀ ਸਮੁੱਚੀ ਪੰਚਾਇਤ ਆਮ ਆਦਮੀ ਪਾਰਟੀ 'ਚ ਸ਼ਾਮਲ



**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**-ਪੰਜਾਬ ਦੇ ਲੋਕ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਤੋਂ ਖੁਸ਼ ਹੋ ਕੇ ਵੱਧ ਤੋਂ ਵੱਧ ਆਮ ਆਦਮੀ ਪਾਰਟੀ ਨਾਲ ਜੁੜ ਰਹੇ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਨੇ ਹਲਕਾ ਜੰਡਿਆਲਾ ਗੁਰੂ ਅਤੇ ਬਲਾਕ ਤਰਸਿੱਕਾ ਦੇ ਪਿੰਡ ਸੈਦੋਲਹਿਲ ਦੀ ਸਮੁੱਚੀ ਪੰਚਾਇਤ ਨੂੰ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਕਰਨ ਮੌਕੇ ਸੰਬੋਧਨ ਕਰਦਿਆਂ ਕੀਤਾ। ਆਪ ਆਗੂ ਮੇਜਰ ਸਿੰਘ ਲੇਹਲ ਦੀ ਪ੍ਰੇਰਨਾ ਸਦਕਾ ਪਿੰਡ ਸੈਦੋਲਹਿਲ ਦੇ ਸਰਪੰਚ ਧਰਮਿੰਦਰ ਸਿੰਘ, ਮੈਂਬਰ ਪ੍ਰੇਮ ਸਿੰਘ, ਹਰਚਰਨ ਸਿੰਘ, ਦਿਲਬਾਗ ਸਿੰਘ ,ਸੰਤੋਖ ਸਿੰਘ, ਗੁਰਦਿਆਲ ਸਿੰਘ, ਹਜ਼ੂਰ ਸਿੰਘ ਅਤੇ ਹਰਜੀਤ ਸਿੰਘ ਟੇਲਰ ਜੋ ਕਾਂਗਰਸ ਪਾਰਟੀ ਨੂੰ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸਾਮਲ ਹੋਏ ਹਨ, ਨੂੰ ਪਾਰਟੀ ਵਿੱਚ ਸ਼ਾਮਲ ਹੋਣ ਤੇ ਜੀ ਆਇਆਂ ਕਹਿੰਦਿਆਂ ਈਟੀਓ ਨੇ ਕਿਹਾ ਕਿ ਕਾਂਗਰਸ ਅਤੇ ਅਕਾਲੀ ਦਲ ਨੇ ਪੰਜਾਬ ਦੇ ਲੋਕਾਂ ਦਾ ਕੁਝ ਨਹੀਂ ਸਵਾਰਿਆ ਸਗੋਂ ਪੰਜਾਬ ਦੇ ਲੋਕਾਂ ਨੂੰ ਲੁੱਟਿਆ ਅਤੇ ਕੁੱਟਿਆ ਸੀ ਪਰ ਹੁਣ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ 'ਤੇ ਪੰਜਾਬ ਵਾਸੀਆਂ ਨੂੰ ਸੁੱਖ ਸਹੂਲਤਾਂ ਮਿਲਦੀਆਂ ਨਸੀਬ ਹੋ ਰਹੀਆਂ ਹਨ।

ਉਨ੍ਹਾਂ ਕਿਹਾ ਕਿ ਪਹਿਲਾਂ ਪੰਜਾਬ ਦੇ ਲੋਕਾਂ ਨੂੰ ਸਹੂਲਤਾਂ ਲੈਣ ਲਈ ਸਰਕਾਰੀ ਦਫਤਰਾਂ ਵਿੱਚ ਖੱਜਲ-ਖੁਆਰ ਹੋਣਾ ਪੈਂਦਾ ਸੀ ਪਰ ਹੁਣ ਲੋਕਾਂ ਨੂੰ ਸਹੂਲਤਾਂ ਉਨ੍ਹਾਂ ਦੇ ਘਰ ਬੈਠਿਆਂ ਮਿਲ ਰਹੀਆਂ ਹਨ। ਉਨ੍ਹਾਂ ਕਿਹਾ ਕਿ 2024 ਦੀਆਂ ਆ ਰਹੀਆਂ ਪਾਰਲੀਮੈਂਟ ਚੋਣਾਂ ਵਿੱਚ ਪੰਜਾਬ ਦੇ ਲੋਕ ਆਮ ਆਦਮੀ ਪਾਰਟੀ ਦੇ ਹੱਕ ਵਿਚ ਵੋਟਾਂ ਪਾ ਕੇ 13 ਦੀਆਂ 13 ਸੀਟਾਂ ਆਮ ਆਦਮੀ ਪਾਰਟੀ ਦੀ ਝੋਲੀ ਪਾਉਣਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਚੇਅਰਮੈਨ ਸ਼ਨਾਖ ਸਿੰਘ ਵਡਾਲਾ ਜੌਹਲ, ਮੇਜਰ ਸਿੰਘ ਸੈਦੋਲਹਿਲ ਅਤੇ ਹੋਰ ਵੱਡੀ ਗਿਣਤੀ ਵਿੱਚ ਆਗੂ ਹਾਜ਼ਰ ਸਨ।

# ਸੜਕ ਕਿਨਾਰੇ ਗੰਦਗੀ ਤੇ ਜੜੀ-ਬੂਟੀ ਦੀ ਭਰਮਾਰ

**ਗੁਰਦਾਸਪੁਰ, (ਜਨਕ ਮਹਾਜਨ)**-ਗੁਰਦਾਸਪੁਰ-ਮੁਕੇਰੀਆਂ ਮੁੱਖ ਮਾਰਗ 'ਤੇ ਜੜੀ ਬੂਟੀ ਦੀ ਭਰਮਾਰ ਤੇ ਗੰਦਗੀ ਦੇ ਢੇਰ ਹੋਣ ਕਰਕੇ ਲੋਕਾਂ ਨੂੰ ਕਾਫ਼ੀ ਮੁਸ਼ਕਲਾਂ ਪੇਸ਼ ਆ ਰਹੀਆਂ ਹਨ। ਇਸ ਸਬੰਧੀ ਇਲਾਕਾ ਵਾਸੀਆਂ ਨੇ ਦੱਸਿਆ ਕਿ ਜੜੀ ਬੂਟੀ ਜ਼ਿਆਦਾਤਰ ਮਾਤਰਾ ਵਿਚ ਹੋਣ ਕਰਕੇ ਕੀੜੇ ਮਕੌੜਿਆਂ ਦੀ ਭਰਮਾਰ ਬਣੀ ਹੋਈ ਹੈ ਜਿਸ ਨਾਲ ਕਿਸੇ ਵੇਲੇ ਵੀ ਕੋਈ ਭਿਆਨਕ ਬਿਮਾਰੀ ਦੇ ਫੈਲਣ ਦਾ ਡਰ ਬਣਿਆ ਹੋਇਆ ਹੈ। ਲੋਕਾਂ ਨੇ ਦੱਸਿਆ ਕਿ ਵਰਖਾ ਦੇ ਮੌਸਮ ਕਾਰਨ ਮੱਖੀ ਮੱਛਰ ਪੈਦਾ ਹੋਣ ਨਾਲ ਡੇਂਗੂ ਅਤੇ ਮਲੇਰੀਆ ਆਦਿ ਬਿਮਾਰੀ ਫੈਲਣ ਦਾ ਖਦਸ਼ਾ ਰਹਿੰਦਾ ਹੈ। ਸਿਹਤ ਵਿਭਾਗ ਵਲੋਂ ਵੀ ਬਿਮਾਰਆਂ ਦੇ ਬਚਾਓ ਸਬੰਧੀ ਕੋਈ ਉਪਰਾਲਾ ਨਹੀਂ ਕੀਤਾ ਜਾ ਰਿਹਾ। ਉਨ੍ਹਾਂ ਨੇ ਡੀ. ਸੀ. ਗੁਰਦਾਸਪੁਰ ਪਾਸੋਂ ਮੰਗ ਕੀਤੀ ਕਿ ਸਬੰਧਿਤ ਵਿਭਾਗ ਨੂੰ ਹਦਾਇਤਾਂ ਜਾਰੀ ਕਰਕੇ ਗੁਰਦਾਸਪੁਰ-ਮੁਕੇਰੀਆਂ ਮੁੱਖ ਮਾਰਗ ਕੰਢੇ ਉੱਗੀ ਜੜੀ ਬੂਟੀ ਅਤੇ ਗੰਦਗੀ ਦੇ ਢੇਰਾਂ ਦੀ ਸਫ਼ਾਈ ਕਰਵਾਈ ਜਾਵੇ ਤਾਂ ਜੋ ਨੇੜੇ ਵਸਦੇ ਪਿੰਡਾਂ ਦੇ ਲੋਕਾਂ ਤੇ ਕਿਸਾਨਾਂ ਨੂੰ ਰਾਹਤ ਮਿਲ ਸਕੇ।

# ਭਗਤ ਪੂਰਨ ਸਿੰਘ ਦੀ 31ਵੀਂ ਬਰਸੀ ਪੌਦੇ ਲਗਾ ਕੇ ਮਨਾਈ



**ਧਾਰੀਵਾਲ, (ਮਨਦੀਪ ਵਿੱਕੀ)**-ਭਗਤ ਪੂਰਨ ਸਿੰਘ ਸਮਾਜ ਭਲਾਈ ਸੁਸਾਇਟੀ ਧਾਰੀਵਾਲ ਵਲੋਂ ਸੁਸਾਇਟੀ ਦੇ ਪ੍ਰਧਾਨ ਇੰਜ. ਪ੍ਰੀਤਮ ਸਿੰਘ ਭੱਟੀ ਦੀ ਅਗਵਾਈ ਵਿੱਚ ਪਿੰਗਲਵਾੜਾ (ਅੰਮ੍ਰਿਤਸਰ) ਦੇ ਬਾਨੀ ਭਗਤ ਪੂਰਨ ਸਿੰਘ ਦੀ 31ਵੀਂ ਬਰਸੀ ਸਥਾਨਕ ਪਾਵਰਕੌਮ ਡਵੀਜ਼ਨ ਦਫਤਰ ਧਾਰੀਵਾਲ ਦੇ ਆਸਪਾਸ ਵੱਖ-ਵੱਖ ਕਿਸਮ ਦੇ 31 ਪੌਦੇ ਲਗਾ ਕੇ ਮਨਾਈ ਗਈ। ਇਸ ਮੌਕੇ ਮੁੱਖ ਮਹਿਮਾਨ ਵਜੋਂ ਪਹੁੰਚੇ ਪੁਲਸ ਥਾਣਾ ਧਾਰੀਵਾਲ ਦੀ ਐੱਸਐੱਚਓ ਰਜਿੰਦਰ ਕੌਰ ਨੇ ਆਪਣੇ ਹੱਥੀਂ ਪਹਿਲਾ ਪੌਦਾ ਲਗਾ ਕੇ ਮੁਹਿੰਮ ਦੀ ਸ਼ੁਰੂਆਤ ਕਰਵਾਈ।

ਇਸ ਮੌਕੇ ਥਾਣੇ ਦਾ ਮੁੱਖ ਮੁਨਸ਼ੀ ਏਐੱਸਆਈ ਮਹਿੰਦਰਪਾਲ ਤੇ ਹੋਰ ਕਰਮਚਾਰੀਆਂ ਤੋਂ ਇਲਾਵਾ ਸੁਸਾਇਟੀ ਦੇ ਪ੍ਰਧਾਨ ਇੰਜ. ਪ੍ਰੀਤਮ ਸਿੰਘ ਭੱਟੀ, ਸੁਨੰਦਨ ਸ਼ਰਮਾ, ਵਿਜੇ ਕੁਮਾਰ, ਅਮਿਤ ਸ਼ਾਹ, ਮੰਗੂ, ਕੁਨਾਲ ਸਿਆਲ, ਸਾਬਕਾ ਕੌਂਸਲਰ ਰਮੇਸ਼ ਕੁਮਾਰ ਮੇਸ਼ਾ, ਕਿਸ਼ੋਰ ਕੁਮਾਰ ਆਦਿ ਸੁਸਾਇਟੀ ਮੈਂਬਰ ਹਾਜ਼ਰ ਸਨ। ਇਸ ਮੌਕੇ ਐੱਸਐੱਚਓ ਰਜਿੰਦਰ ਕੌਰ ਨੇ ਭਗਤ ਪੂਰਨ ਸਿੰਘ ਸਮਾਜ ਭਲਾਈ ਸੁਸਾਇਟੀ ਵਲੋਂ ਮਨੁੱਖਤਾ ਦੀ ਭਲਾਈ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਰੁੱਖਾਂ ਅਤੇ ਵਾਤਾਵਰਨ ਦੀ ਸਾਂਭ-ਸੰਭਾਲ ਕਰਨਾ ਹਰੇਕ ਮਨੁੱਖ ਦਾ ਫਰਜ਼ ਬਣਦਾ ਹੈ। ਪ੍ਰਦੂਸ਼ਣ ਰਹਿਤ ਵਾਤਾਵਰਨ ਬਨਾਉਣ ਲਈ ਸਾਨੂੰ ਵਧੇਰੇ ਪੌਦੇ ਲਗਾਉਣੇ ਚਾਹੀਦੇ ਹਨ। ਸੰਸਥਾ ਦੇ ਪ੍ਰਧਾਨ ਇੰਜ. ਪ੍ਰੀਤਮ ਸਿੰਘ ਭੱਟੀ ਨੇ ਕਿਹਾ ਕਿ ਭਗਤ ਪੂਰਨ ਸਿੰਘ ਦੇ ਦਰਸਾਏ ਮਾਰਗ ਅਨੁਸਾਰ ਹਰੇਕ ਵਿਅਕਤੀ ਨੂੰ ਸਮਾਜ ਭਲਾਈ ਦੇ ਕੰਮ ਕਰਨੇ ਚਾਹੀਦੇ ਹਨ। ਅਪਾਹਜ ਅਤੇ ਲੋੜਵੰਦਾਂ ਦੀ ਸਹਾਇਤਾ ਕਰਨੀ, ਵਾਤਾਵਰਨ ਨੂੰ ਸ਼ੁੱਧ ਰੱਖਣ ਲਈ ਰੁੱਖ ਲਗਾਉਣੇ ਅਤੇ ਸਾਦਾ ਭੋਜਨ ਖਾਣਾ ਚਾਹੀਦਾ ਹੈ।

# ਸ਼੍ਰੋਮਣੀ ਕਮੇਟੀ ਨੇ ਜੈਤੋ ਦੇ ਮੋਰਚੇ ਦੀ ਪਹਿਲੀ ਸ਼ਤਾਬਦੀ ਸੰਬੰਧੀ ਕੀਤੀ ਇਕੱਤਰਤਾ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਜੈਤੋ ਦੇ ਮੋਰਚੇ ਦੀ ਪਹਿਲੀ ਸ਼ਤਾਬਦੀ ਮਨਾਉਣ ਲਈ ਤਿਆਰੀਆਂ ਆਰੰਭ ਦਿੱਤੀਆਂ ਹਨ।

ਇਹ ਸ਼ਤਾਬਦੀ 21 ਫ਼ਰਵਰੀ 2024 ਨੂੰ ਮਨਾਈ ਜਾਣੀ ਹੈ। ਜੈਤੋ ਦੇ ਮੋਰਚੇ ਦੇ 100 ਸਾਲਾ ਸਮਾਗਮਾਂ ਸਬੰਧੀ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਗਠਤ ਕੀਤੀ ਗਈ ਸਬ-ਕਮੇਟੀ ਵੱਲੋਂ ਪ੍ਰੋਗਰਾਮਾਂ ਦੀ ਰੂਪ ਰੇਖਾ ਤੈਅ ਕਰਨ ਲਈ ਵਿਚਾਰ-ਵਟਾਂਦਰਾ ਕੀਤਾ ਜਾ ਰਿਹਾ ਹੈ। ਇਸ ਕਮੇਟੀ ਦੀ ਇਕੱਤਰਤਾ ਵਿਚ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ, ਸਾਬਕਾ ਸੀਨੀਅਰ ਮੀਤ ਪ੍ਰਧਾਨ ਭਾਈ ਰਾਜਿੰਦਰ ਸਿੰਘ ਮਹਿਤਾ, ਅੰਤ੍ਰਿੰਗ ਕਮੇਟੀ ਮੈਂਬਰ ਸ਼ੇਰ ਸਿੰਘ ਮੰਡਵਾਲਾ, ਬੀਬੀ ਗੁਰਿੰਦਰ ਕੌਰ ਭੋਲੂਵਾਲਾ, ਮੈਂਬਰ ਕੇਵਲ ਸਿੰਘ ਬਾਦਲ, ਹਰਵਿੰਦਰ ਸਿੰਘ ਖਾਲਸਾ, ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ, ਗੁਰਦੁਆਰਾ ਗੰਗਸਰ ਸਾਹਿਬ ਜੈਤੋ ਦੇ ਮੈਨੇਜਰ ਸੁਸਖਰਾਜ ਸਿੰਘ ਅਤੇ ਸੂਬਾ ਸਿੰਘ ਸ਼ਾਮਲ ਹੋਏ।

# ਪ੍ਰਿੰ. ਜਸਪਾਲ ਸਿੰਘ ਵੱਲੋਂ 'ਲਾਅ ਭਾਗ-1' ਲੋਕ ਅਰਪਿਤ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ )-ਖਾਲਸਾ ਕਾਲਜ ਆਫ਼ ਲਾਅ ਵਿਖੇ ਵਿਦਿਆਰਥੀਆਂ ਨੂੰ ਵਕਾਲਤ ਸਬੰਧੀ ਬਰੀਕੀਆਂ ਤੋਂ ਜਾਣੂ ਕਰਵਾਉਣ ਸਬੰਧੀ 'ਲਾਅ ਭਾਗ-1' ਪੁਸਤਕ ਨੂੰ ਲੋਕ ਅਰਪਿਤ ਕੀਤਾ ਗਿਆ। ਕਾਲਜ ਵਿਖੇ ਕਰਵਾਏ ਗਏ ਸੈਮੀਨਾਰ ਮੌਕੇ ਪ੍ਰਿੰਸੀਪਲ-ਕਮ-ਡਾਇਰੈਕਟਰ ਪ੍ਰੋ. (ਡਾ.) ਜਸਪਾਲ ਸਿੰਘ ਵੱਲੋਂ ਅਸਿਸਟੈਂਟ ਪ੍ਰੋਫ਼ੈਸਰ ਡਾ. ਪੂਰਨਿਮਾ ਖੰਨਾ ਦੁਆਰਾ ਲਿਖੀ ਗਈ ਕਿਤਾਬ 'ਲਾਅ ਭਾਗ-1' ਦੀ ਘੁੰਡ ਚੁਕਾਈ ਕੀਤੀ ਗਈ।

ਇਸ ਮੌਕੇ ਡਾ. ਜਸਪਾਲ ਸਿੰਘ ਨੇ ਡਾ. ਖੰਨਾ ਨੂੰ ਪੁਸਤਕ ਸਬੰਧੀ ਮੁਬਾਰਕਬਾਦ ਦਿੰਦਿਆਂ ਜਾਣਕਾਰੀ ਸਾਂਝੀ ਕੀਤੀ ਕਿ ਇਹ ਕਿਤਾਬ ਪ੍ਰਮੁੱਖ ਤੌਰ 'ਤੇ ਐੱਲ. ਐੱਲ. ਬੀ, (ਤਿੰਨ ਸਾਲਾ ਕੋਰਸ) ਬੀ. ਏ, ਬੀ. ਕਾਮ, ਬੀ. ਬੀ. ਏ, ਐੱਲ. ਐੱਲ. ਬੀ. ਦੇ ਵਿਦਿਆਰਥੀਆਂ ਨੂੰ ਧਿਆਨ 'ਚ ਰੱਖ ਕੇ ਲਿਖੀ ਗਈ ਹੈ।

ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ 'ਚ ਇਹ ਕਿਤਾਬ ਵਿਦਿਆਰਥੀਆਂ ਦੇ ਨਾਲ-ਨਾਲ ਜੱਜਾਂ, ਵਕੀਲਾਂ ਅਤੇ ਸਿਖਿਅਕਾਂ ਦਾ ਮਾਰਗ ਦਰਸ਼ਨ ਕਰੇਗੀ। ਇਸ ਮੌਕੇ ਡਾ. ਰਾਸ਼ਿਮਾ ਚੰਗੋਤਰਾ, ਡਾ. ਪਵਨਦੀਪ ਕੌਰ, ਡਾ. ਮੋਹਿਤ ਸੈਣੀ, ਪ੍ਰੋ. ਉਤਕਰਸ਼ ਸੇਠ, ਪ੍ਰੋ. ਜੋਬਨਜੀਤ ਸਿੰਘ ਅਤੇ ਪ੍ਰੋ. ਜਸਦੀਪ ਸਿੰਘ ਆਦਿ ਹਾਜ਼ਰ ਸਨ।



# ਸਾਉਣ ਦੇ ਮਹੀਨੇ ਕੇਂਦਰੀ ਜੇਲ੍ਹ ਗੁਰਦਾਸਪੁਰ 'ਚ ਲੱਗੀਆਂ ਤੀਆਂ ਦੀਆਂ ਰੌਣਕਾਂ



**ਡੇਰਾ ਬਾਬਾ ਨਾਨਕ/ ਗੁਰਦਾਸਪੁਰ (ਰਮੇਸ਼ ਸ਼ਰਮਾ/ ਜਨਕ ਮਹਾਜਨ)**-ਸਾਉਣ ਦੇ ਮਹੀਨੇ ਇਸ ਵਾਰ ਕੇਂਦਰੀ ਜੇਲ੍ਹ ਗੁਰਦਾਸਪੁਰ ਵਿੱਚ ਵੀ ਤੀਆਂ ਲੱਗੀਆਂ ਹਨ। ਜੇਲ੍ਹ ਪ੍ਰਸ਼ਾਸਨ ਵੱਲੋਂ ਜੇਲ੍ਹ ਵਿੱਚ ਬੰਦ ਮਹਿਲਾ ਬੰਦੀਆਂ ਲਈ ਜੇਲ੍ਹ ਦੇ ਔਰਤਾਂ ਦੇ ਬਲਾਕ ਵਿੱਚ ਵਿਸ਼ੇਸ਼ ਤੌਰ 'ਤੇ ਤੀਆਂ ਦਾ ਤਿਓਹਾਰ ਮਨਾਇਆ ਗਿਆ, ਜਿਸ ਵਿੱਚ ਮਹਿਲਾਵਾਂ ਨੇ ਪੂਰੇ ਉਤਸ਼ਾਹ ਨਾਲ ਭਾਗ ਲਿਆ। ਤੀਆਂ ਦੇ ਇਸ ਤਿਓਹਾਰ ਵਿੱਚ ਜ਼ਿਲ੍ਹਾ ਤੇ ਸੈਸ਼ਨ ਜੱਜ ਰਜਿੰਦਰ ਅਗਰਵਾਲ ਅਤੇ ਉਨ੍ਹਾਂ ਦੀ ਧਰਮ ਪਤਨੀ ਰੀਨਾ ਅਗਰਵਾਲ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ। ਤੀਆਂ ਦੇ ਤਿਓਹਾਰ ਮੌਕੇ ਰੰਗ-ਬਿਰੰਗੇ ਪੰਜਾਬੀ ਪਹਿਰਾਵੇ ਵਿੱਚ ਸਜੀਆਂ ਮਹਿਲਾਵਾਂ ਨੇ ਗਿੱਧੇ ਅਤੇ ਲੋਕ ਗੀਤਾਂ ਜ਼ਰੀਏ ਆਪਣੇ ਮਨੋ-ਭਾਵਾਂ ਅਤੇ ਖੁਸ਼ੀ ਦਾ ਖੁੱਲ੍ਹ ਕੇ ਇਜ਼ਹਾਰ ਕੀਤਾ। ਔਰਤਾਂ ਸਮੇਤ ਛੋਟੇ ਬੱਚਿਆਂ ਦੀ ਗਿੱਧੇ ਦੀ ਪੇਸ਼ਕਾਰੀ ਬਾ-ਕਮਾਲ ਸੀ। ਤੀਆਂ ਦੀਆਂ ਖੁਸ਼ੀਆਂ ਮੌਕੇ ਕੇਂਦਰੀ ਜੇਲ੍ਹ ਗੁਰਦਾਸਪੁਰ ਦਾ ਵਿਹੜਾ ਸ਼ਗਨਾਂ ਦੇ ਗੀਤਾਂ ਨਾਲ ਗੂੰਜ ਉੱਠਿਆ ਅਤੇ ਜੇਲ੍ਹ ਵਿੱਚ ਬੰਦ ਮਹਿਲਾਵਾਂ ਲਈ ਇਹ ਮੌਕਾ ਬਹੁਤ ਉਤਸ਼ਾਹ ਤੇ ਹਰਸ਼ੋ-ਉਲਾਸ ਵਾਲਾ ਹੋ ਨਿਬੜਿਆ। ਤੀਆਂ ਦੇ ਮੌਕੇ ਮਹਿਲਾਵਾਂ ਨੇ ਸਮਾਜ ਨੂੰ ਵਧੀਆ ਸੁਨੇਹਾ ਦੇਣ ਵਾਲੇ ਵੱਖ-ਵੱਖ ਪ੍ਰੋਗਰਾਮ ਪੇਸ਼ ਕੀਤੇ। ਕੇਂਦਰੀ ਜੇਲ੍ਹ ਵਿੱਚ ਬੰਦ ਮਹਿਲਾਵਾਂ ਅਤੇ ਜੇਲ੍ਹ ਪ੍ਰਸ਼ਾਸਨ ਨੂੰ ਤੀਆਂ ਦੀ ਮੁਬਾਰਕਬਾਦ ਦਿੰਦੇ ਹੋਏ ਜ਼ਿਲ੍ਹਾ ਤੇ ਸੈਸ਼ਨ ਜੱਜ ਰਜਿੰਦਰ ਅਗਰਵਾਲ ਨੇ ਕਿਹਾ ਕਿ ਤੀਆਂ ਦੇ ਤਿਓਹਾਰ ਦਾ ਇਹ ਉਪਰਾਲਾ ਬਹੁਤ ਵਧੀਆ ਹੈ। ਉਨ੍ਹਾਂ ਕਿਹਾ ਕਿ ਜੇਲ੍ਹ ਵਿੱਚ ਬੰਦ ਮਹਿਲਾ ਬੰਦੀਆਂ ਨੇ ਪੂਰੇ ਉਤਸ਼ਾਹ ਨਾਲ ਇਸ ਤਿਓਹਾਰ ਵਿੱਚ ਹਿੱਸਾ ਲਿਆ ਹੈ ਜਿਸ ਨਾਲ ਉਨ੍ਹਾਂ ਨੂੰ ਮਾਨਸਿਕ ਤੌਰ 'ਤੇ ਖੁਸ਼ੀ ਮਿਲੀ ਹੋਵੇਗੀ।

ਉਨ੍ਹਾਂ ਕਿਹਾ ਕਿ ਜੇਲ੍ਹ ਪ੍ਰਸ਼ਾਸਨ ਦੇ ਸੁਜੱਚੇ ਪ੍ਰਬੰਧਨ ਅਤੇ ਜੇਲ੍ਹ ਵਿੱਚ ਬੰਦੀਆਂ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ ਕਾਰਨ ਹੀ ਅਜਿਹੇ ਉਪਰਾਲੇ ਸੰਭਵ ਹੋ ਸਕਦੇ ਹਨ। ਇਸ ਦੌਰਾਨ ਜ਼ਿਲ੍ਹਾ ਤੇ ਸੈਸ਼ਨ ਜੱਜ ਅਗਰਵਾਲ ਨੇ ਜੇਲ੍ਹ ਵਿੱਚ ਸਿੱਖਿਆ ਹਾਸਲ ਕਰਨ ਰਹੇ ਬੰਦੀਆਂ ਨਾਲ ਵੀ ਮੁਲਾਕਾਤ ਕੀਤੀ ਅਤੇ ਉਨ੍ਹਾਂ ਦੇ ਬੇਹਤਰ ਭਵਿੱਖ ਦੀ ਕਾਮਨਾ ਕੀਤੀ। ਇਸ ਮੌਕੇ ਰਜੇਸ਼ ਆਹਲੂਵਾਲੀਆ ਸੀਜੇਐੱਮ ਗੁਰਦਾਸਪੁਰ, ਜੇਲ੍ਹ ਸੁਪਰਡੈਂਟ ਨਵਇੰਦਰ ਸਿੰਘ, ਬਾਬਾ ਆਇਆ ਸਿੰਘ ਰਿਆੜਕੀ ਕਾਲਜ ਤੁਗਲਵਾਲ ਦੇ ਪ੍ਰਿੰਸੀਪਲ ਸਵਰਨ ਸਿੰਘ ਵਿਰਕ ਅਤੇ ਕਾਲਜ ਦੀਆਂ ਵਿਦਿਆਰਥਣਾਂ ਵੀ ਮੌਜੂਦ ਸਨ।

# ਨਜਾਇਜ਼ ਸ਼ਰਾਬ ਤੇ ਲਗਜ਼ਰੀ ਕਾਰ ਸਮੇਤ ਨੌਜਵਾਨ ਕਾਬੂ



**ਪਠਾਨਕੋਟ, (ਦਵਿੰਦਰ ਸਿੰਘ)**-ਪਠਾਨਕੋਟ ਪੁਲਸ ਨੇ ਇੱਕ ਅਹਿਮ ਕਾਰਵਾਈ ਕਰਦੇ ਹੋਏ ਇੱਕ ਵੱਡੇ ਸ਼ਰਾਬ ਰੈਕੇਟ ਦੇ ਸਬੰਧ ਵਿੱਚ ਦੋਸ਼ ਪਵਨ ਕੁਮਾਰ ਉਰਫ ਪੰਮਾ ਪੁੱਤਰ ਕਮਲ ਰਾਜ ਵਾਸੀ ਪਿੰਡ ਮਜਾਰਾ ਨੂੰ ਕਾਬੂ ਕੀਤਾ ਹੈ। ਮੁਲਜ਼ਮ ਖਿਲਾਫ ਥਾਣਾ ਤਾਰਾਗੜ੍ਹ, ਪਠਾਨਕੋਟ ਵਿਖੇ ਐੱਫਆਈਆਰ (48 / 78(2), 61-1-14 ਆਬਕਾਰੀ ਐਕਟ) ਦਰਜ ਕੀਤੀ ਗਈ ਹੈ। ਐੱਸਐੱਚਓ ਨਵਦੀਪ ਸ਼ਰਮਾ ਦੀ ਅਗਵਾਈ ਵਾਲੀ ਪੁਲਸ ਟੀਮ ਨੇ 2,25,000 ਐਮ ਐਲ ਨਜਾਇਜ਼ ਸਰਾਬ ਅਤੇ 22,500 ਐੱਮਐੱਲ ਸਪਿਰਟ ਬਰਾਮਦ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਇਸ ਤੋਂ ਇਲਾਵਾ ਕਾਰਵਾਈ ਦੌਰਾਨ ਰਜਿਸਟ੍ਰੇਸ਼ਨ ਨੰਬਰ ਪੀਬੀ08 ਸੀਐੱਮ0139 ਵਾਲੀ ਲਗਜ਼ਰੀ ਸਕਾਰਪੀਓ ਕਾਰ ਵੀ ਜ਼ਬਤ ਕੀਤੀ ਗਈ ਹੈ। ਤਫਤੀਸ਼ ਦਾ ਖੁਲਾਸਾ ਉਸ ਸਮੇਂ ਹੋਇਆ ਜਦੋਂ ਪਠਾਨਕੋਟ ਪੁਲਸ ਨੂੰ ਇਲਾਕੇ ਵਿੱਚ ਕਥਿਤ ਦੋਸ਼ੀਆਂ ਵੱਲੋਂ ਚਲਾਈ ਜਾ ਰਹੀ ਨਜਾਇਜ਼ ਸ਼ਰਾਬ ਦੀ ਕਾਰਵਾਈ ਬਾਰੇ ਭਰੋਸੇਯੋਗ ਸੂਚਨਾ ਮਿਲੀ। ਇੰਟੈੱਲ ਤੇ ਤੇਜ਼ੀ ਨਾਲ ਕਾਰਵਾਈ ਕਰਦੇ ਹੋਏ ਸਮਰਪਿਤ ਟੀਮ ਨੇ ਸ਼ੱਕੀ ਟਿਕਾਣੇ ਤੇ ਛਾਪੇਮਾਰੀ ਕੀਤੀ ਅਤੇ ਪਵਨ ਕੁਮਾਰ ਉਰਫ ਪੰਮਾ ਨੂੰ ਗ੍ਰਿਫਤਾਰ ਕੀਤਾ ਹੈ।

# ਸ੍ਰੀ ਹਰਿਮੰਦਰ ਸਾਹਿਬ ਵਿਖੇ ਦਰਸ਼ਨੀ ਡਿਓਢੀ ਦੇ ਅੰਦਰੂਨੀ ਹਿੱਸੇ ਦੀ ਕਾਰ ਸੇਵਾ ਸ਼ੁਰੂ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਦਰਸ਼ਨੀ ਡਿਓਢੀ ਦੀ ਮੁਰੰਮਤ ਦੀ ਕਾਰਸੇਵਾ ਅੱਜ ਅਰਦਾਸ ਉਪਰੰਤ ਆਰੰਭ ਹੋਈ। ਸੇਵਾ ਦੀ ਆਰੰਭਤਾ ਸਮੇਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਤੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਗਿਆਨੀ ਰਘਬੀਰ ਸਿੰਘ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਵਧੀਕ ਮੁੱਖ ਗ੍ਰੰਥੀ ਗਿਆਨੀ ਅਮਰਜੀਤ ਸਿੰਘ, ਬਾਬਾ ਪ੍ਰਦੀਪ ਸਿੰਘ ਬੋਰੇ ਵਾਲੇ ਸਮੇਤ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਹਾਜ਼ਰ ਸਨ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਆਖਿਆ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਦਰਸ਼ਨੀ ਡਿਓਢੀ ਦੀ ਮੁਰੰਮਤ ਨੂੰ ਲੈ ਕੇ ਅੰਤ੍ਰਿੰਗ ਕਮੇਟੀ ਨੇ ਫੈਸਲਾ ਕੀਤਾ ਸੀ। ਇਸ ਕਾਰਜ ਦੀ ਸੇਵਾ ਬਾਬਾ ਪ੍ਰਦੀਪ ਸਿੰਘ ਬੋਰੇ ਵਾਲਿਆਂ ਨੂੰ ਸੌਂਪੀ ਗਈ।

ਦਰਸ਼ਨੀ ਡਿਓਢੀ ਦੇ ਅੰਦਰੂਨੀ ਹਿੱਸੇ ਦੀ ਮੁਰੰਮਤ ਪੁਰਾਤਨ ਦਿੱਖ ਅਨੁਸਾਰ ਕੀਤੀ ਜਾਵੇਗੀ। ਦਰਸ਼ਨੀ ਡਿਓਢੀ ਦੇ ਅੰਦਰ ਹੋਈ ਮੀਨਾਕਾਰੀ ਨੂੰ ਹੂਬਹੂ ਉਸੇ ਤਰ੍ਹਾਂ ਹੀ ਸੁਰੱਖਿਅਤ ਰੱਖਿਆ ਜਾਵੇਗਾ, ਜਿਸ ਕਾਰਜ ਲਈ ਰਾਜਸਥਾਨ ਦੇ ਕਾਰੀਗਰਾਂ ਦੀਆਂ ਸੇਵਾਵਾਂ ਲਈਆਂ ਜਾ ਰਹੀਆਂ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਦਰਸ਼ਨੀ ਡਿਓਢੀ ਦੇ ਬਾਹਰ ਪਿੱਤਲ ਦੇ ਜੰਗਲਿਆਂ ਦੀ ਵੀ ਕਾਰ ਸੇਵਾ ਕਰਵਾਈ ਜਾ ਰਹੀ ਹੈ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਭਾਈ ਅਮਰਜੀਤ ਸਿੰਘ ਬੰਡਾਲਾ, ਰਾਮਪਾਲ ਸਿੰਘ ਬਹਿਣੀਵਾਲ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਧੰਗੇੜਾ, ਅਜੀਤ ਸਿੰਘ ਘੁੱਕੇਵਾਲੀ, ਵਧੀਕ ਮੈਨੇਜਰ ਬਿਕਰਮਜੀਤ ਸਿੰਘ ਝੰਗੀ, ਜੇਈ ਸ਼ਮਸ਼ੇਰ ਸਿੰਘ ਤੇ ਹੋਰ ਮੌਜੂਦ ਸਨ।

# ਮਨੀਪੁਰ ਤੇ ਹਰਿਆਣਾ ਦੀਆਂ ਘਟਨਾਵਾਂ ਖਿਲਾਫ ਸੀਪੀਆਈ ਦੀ ਹੰਗਾਮੀ ਮੀਟਿੰਗ

**ਵਲਟੋਹਾ (ਰਣਜੀਤ ਸਿੰਘ ਵਲਟੋਹਾ)**-ਭਾਰਤੀ ਕਮਿਊਨਿਸਟ ਪਾਰਟੀ ਬਲਾਕ ਵਲਟੋਹਾ ਦੇ ਦਫਤਰ ਵਿਚ ਏਰੀਆ ਕਮੇਟੀ ਦੀ ਇਕ ਹੰਗਾਮੀ ਮੀਟਿੰਗ ਕਾਮਰੇਡ ਮੇਜਰ ਸਿੰਘ ਜੋਧ ਸਿੰਘ ਵਾਲਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਕਾਮਰੇਡ ਕਿਰਨਜੀਤ ਕੌਰ ਵਲਟੋਹਾ, ਅਨੂਪ ਸਿੰਘ ਭੋਲਾ ਖੇਮਕਰਨ, ਜੋਗਿੰਦਰ ਸਿੰਘ ਵਲਟੋਹਾ, ਰਣਜੀਤ ਸਿੰਘ ਬਹਾਦਰ ਨਗਰ ਨੇ ਇਕ ਸਾਂਝੇ ਬਿਆਨ ਰਾਹੀਂ ਕਿਹਾ ਕਿ ਮਨੀਪੁਰ ਬਲਾਤਕਾਰ ਦੀਆਂ ਘਟਨਾਵਾਂ ਅਤੇ ਹਰਿਆਣਾ ਵਿੱਚ ਹੋ ਰਹੇ ਫਿਰਕੂ ਦੰਗੇ ਮੋਦੀ ਸਰਕਾਰ ਦੀਆ ਕੋਝੀਆਂ ਚਾਲਾਂ ਹਨ। ਇਸ ਬਾਰੇ ਮੋਦੀ ਸਰਕਾਰ ਨੇ ਇਕ ਵਾਰ ਵੀ ਮੂੰਹ ਨਹੀਂ ਖੋਲ੍ਹਿਆ। ਇਹ ਘਟਨਾਵਾਂ ਬਹੁਤ ਨਿੰਦਣਯੋਗ ਹਨ। ਇਨ੍ਹਾਂ ਘਟਨਾਵਾਂ ਦੀ ਸੀਪੀਆਈ ਘੋਰ ਸ਼ਬਦਾਂ ਵਿੱਚ ਨਿੰਦਾ ਕਰਦੀ ਹੈ। ਜੇਕਰ ਇਨ੍ਹਾਂ ਘਟਨਾਵਾਂ ਨੂੰ ਮੋਦੀ ਸਰਕਾਰ ਨੇ ਨਾ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਸੀਪੀਆਈ ਸਖਤ ਐਕਸ਼ਨ ਲਵੇਗੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕਾਮਰੇਡ ਕਾਬਲ ਸਿੰਘ ਆਸਲ ਉਤਾੜ, ਦਲੀਪ ਸਿੰਘ ਲਾਖਨਾ, ਅਰਸਾਲ ਸਿੰਘ, ਬਲਵਿੰਦਰ ਸਿੰਘ ਅਤੇ ਵਿਸ਼ਾਲਦੀਪ ਸਿੰਘ ਵਲਟੋਹਾ ਆਦਿ ਹਾਜ਼ਰ ਸਨ।

# ਕਸਬਾ ਪੁਰਾਣਾ ਸ਼ਾਲਾ ਵਿਖੇ ਬੱਸ ਅੱਡਾ ਬਣਾਉਣ ਦੀ ਮੰਗ ਨੇ ਜ਼ੋਰ ਫੜਿਆ

**ਗੁਰਦਾਸਪੁਰ, (ਜਨਕ ਮਹਾਜਨ)**-ਗੁਰਦਾਸਪੁਰ ਮੁਕੇਰੀਆਂ ਮੁੱਖ ਮਾਰਗ 'ਤੇ ਪੈਂਦੇ ਕਸਬਾ ਪੁਰਾਣਾ ਸ਼ਾਲਾ ਵਿਖੇ ਬੱਸ ਅੱਡੇ ਦੀ ਘਾਟ ਹੋਣ ਕਰਕੇ ਲੋਕਾਂ ਨੂੰ ਕਾਫ਼ੀ ਮੁਸ਼ਕਲਾਂ ਪੇਸ਼ ਆ ਰਹੀਆਂ ਹਨ। ਇਸ ਪਾਸੇ ਪੰਜਾਬ ਸਰਕਾਰ ਵਲੋਂ ਕੋਈ ਵੀ ਧਿਆਨ ਨਹੀਂ ਦਿੱਤਾ ਜਾ ਰਿਹਾ ਜਿਸ ਕਰਕੇ ਲੋਕਾਂ ਦਾ ਪੰਜਾਬ ਸਰਕਾਰ ਖ਼ਿਲਾਫ਼ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਸ ਸਬੰਧੀ ਇਲਾਕਾ ਵਾਸੀਆਂ ਨੇ ਦੱਸਿਆ ਕਿ ਪੁਰਾਣਾ ਸ਼ਾਲਾ ਇਸ ਸਮੇਂ 72 ਪਿੰਡਾਂ ਦਾ ਕੇਂਦਰ ਬਿੰਦੂ ਹੈ ਅਤੇ ਇਥੋਂ ਚਾਰ ਪਾਸਿਆਂ ਨੂੰ ਸੜਕਾਂ ਜਾਂਦੀਆਂ ਹਨ। ਇਥੇ ਚੌਕ ਹੋਣ ਕਰਕੇ ਪੂਰੇ ਪੰਜਾਬ ਤੋਂ ਬੱਸਾਂ ਆਉਂਦੀਆਂ ਜਾਂਦੀਆਂ ਹਨ ਪਰ ਬੱਸ ਸ਼ੈਡ ਨਾ ਹੋਣ ਕਾਰਨ ਜ਼ਿਆਦਾਤਰ ਬੱਸਾਂ ਖੁੱਲੇ ਅਸਮਾਨ ਥੱਲੇ ਵਰਖਾ ਅਤੇ ਧੁੱਪ ਵਿਚ ਖੜ੍ਹੀਆਂ ਹੁੰਦੀਆਂ ਹਨ ਜਿਸ ਕਾਰਨ ਸਵਾਰੀਆਂ ਨੂੰ ਉਤਰਰਨ ਅਤੇ ਚੜ੍ਹਨ ਵੇਲੇ ਕਾਫ਼ੀ ਮੁਸ਼ਕਲਾਂ ਪੇਸ਼ ਆਉਂਦੀਆਂ ਹਨ। ਉਨ੍ਹਾਂ ਦੱਸਿਆ ਕਿ ਪਿਛਲੀਆਂ ਸਰਕਾਰਾਂ ਨੇ ਬੱਸ ਅੱਡਾ ਬਣਾਉਣ ਦੇ ਦਾਅਵੇ ਕੀਤੇ ਸਨ ਅਤੇ ਉਹ ਵੀ ਖੋਖਲੇ ਸਾਬਤ ਹੋਏ ਹਨ। ਇਲਾਕਾ ਵਾਸੀਆਂ ਨੇ ਪੰਜਾਬ ਸਰਕਾਰ ਪਾਸੋਂ ਮੰਗ ਕੀਤੀ ਕਿ ਕਸਬਾ ਪੁਰਾਣਾ ਸ਼ਾਲਾ ਵਿਖੇ ਬੱਸ ਅੱਡਾ ਜਾਂ ਬੱਸ ਸ਼ੈਡ ਬਣਾਇਆ ਜਾਵੇ ਜਿਸ ਨਾਲ ਲੋਕਾਂ ਨੂੰ ਰਾਹਤ ਮਿਲ ਸਕੇ।

# ਸ੍ਰੀ ਗੁਰੂ ਤੇਗ ਬਹਾਦਰ ਕਾਲਜ ਫਾਰ ਵੂਮੈਨ ਵਿਖੇ ਸਰੀਰਕ ਤੰਦਰੁਸਤੀ ਸਬੰਧੀ ਸੈਮੀਨਾਰ




ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਸ੍ਰੀ ਗੁਰੂ ਤੇਗ ਬਹਾਦਰ ਕਾਲਜ ਫਾਰ ਵੂਮੈਨ ਵਿਖੇ ਸਰੀਰਕ ਤੰਦਰੁਸਤੀ ਸਬੰਧੀ ਸੈਮੀਨਾਰ ਕਰਵਾਇਆ ਗਿਆ। ਕਾਲਜ ਪ੍ਰਿੰਸੀਪਲ ਨਾਨਕ ਸਿੰਘ ਦੀ ਅਗਵਾਈ ਹੇਠ ਕਰਵਾਏ ਸੈਮੀਨਾਰ 'ਚ ਵਿਸ਼ੇ ਨਾਲ ਸਬੰਧਿਤ ਮਾਹਿਰਾਂ ਹਰਮੀਤ ਕੌਰ ਨੇ ਮੁੱਖ ਮਹਿਮਾਨ ਅਤੇ ਮਨੀਸ਼ਾ ਮੱਲ੍ਹੀ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਉਨ੍ਹਾਂ ਨੇ ਸਾਂਝੇ ਤੌਰ 'ਤੇ ਸਰੀਰਕ, ਮਾਨਸਿਕ ਅਤੇ ਭਾਵਨਾਤਮਕ ਸਿਹਤ ਦੀ ਮਹੱਤਤਾ ਨੂੰ ਉਜਾਗਰ ਕੀਤਾ। ਉਨ੍ਹਾਂ ਸੰਬੋਧਨ ਕਰਦਿਆਂ ਸੰਤੁਲਿਤ ਖੁਰਾਕ, ਚੰਗੀ ਪਾਚਨ ਪ੍ਰਣਾਲੀ ਅਤੇ ਚੰਗੀ ਨੀਂਦ ਦੀ ਭੂਮਿਕਾ ਦਾ ਮੁਲਾਂਕਣ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸਿਹਤਮੰਦ ਜੀਵਨ ਜਿਊਣ ਲਈ ਰੁਝੇਵਿਆਂ ਭਰੇ ਸਮੇਂ 'ਚੋਂ ਕੁਝ ਸਮਾਂ ਕੱਢ ਕੇ ਕਸਰਤ-ਸੈਰ ਕਰਨਾ, ਤੰਦਰੁਸਤ ਭੋਜਨ ਕਰਨਾ, ਵਧੇਰੇ ਪਾਣੀ ਪੀਣਾ, ਫਾਸਟ ਫੂਡ ਤੋਂ ਪ੍ਰਹੇਜ਼ ਕਰਨਾ, ਤਣਾਅ ਮੁਕਤ ਰਹਿਣ ਲਈ ਯੋਗਾ ਕਰਨਾ, ਮੌਸਮੀ ਫਲਾਂ ਦਾ ਸੇਵਨ ਕਰਨਾ, ਹਫ਼ਤੇ 'ਚ ਇਕ ਵਾਰੀ ਸਰੀਰ ਦੀ ਮਾਲਿਸ਼ ਕਰਨਾ, ਸਵੇਰੇ ਜਲਦੀ ਉਠਣਾ ਆਦਿ ਕਈ ਨਿਯਮਾਂ ਦੇ ਅਪਨਾਉਣ ਨਾਲ ਮਨੁੱਖ ਤੰਦਰੁਸਤ ਰਹਿ ਸਕਦਾ ਹੈ। ਇਸ ਮੌਕੇ ਉਨ੍ਹਾਂ ਨੇ ਵਿਦਿਆਰਥਣਾਂ ਨੂੰ ਉਤਸ਼ਾਹਿਤ ਕਰਦਿਆਂ ਕਿਹਾ ਕਿ ਸਰੀਰਕ ਤੌਰ 'ਤੇ ਫੁਰਤੀਲੇ ਰਹਿਣਾ ਹਰੇਕ ਲਈ ਚੰਗਾ ਹੈ, ਕਿਉਂਕਿ ਤੰਦਰੁਸਤ ਵਿਅਕਤੀ ਹੀ ਸੁਹਿਰਦ ਸਮਾਜ ਸਿਰਜਣਾ 'ਚ ਆਪਣਾ ਅਹਿਮ ਯੋਗਦਾਨ ਪਾ ਸਕਦਾ ਹੈ। ਇਸ ਮੌਕੇ ਪ੍ਰਿੰ: ਨਾਨਕ ਸਿੰਘ ਨੇ ਕਿਹਾ ਕਿ ਅਜੋਕੇ ਸਮੇਂ 'ਚ ਇਨਸਾਨ ਆਪਣੇ ਕੰਮਾਂ 'ਚ ਇਸ ਕਦਰ ਵਿਅਸਥ ਹੋ ਗਿਆ ਹੈ ਕਿ ਆਪਣੀ ਸਿਹਤ ਸਬੰਧੀ ਬਿਲਕੁਲ ਵੀ ਧਿਆਨ ਨਹੀਂ ਰੱਖ ਪਾ ਰਿਹਾ ਹੈ, ਜਿਸ ਕਾਰਨ ਅੱਜ ਜਿਆਦਾਤਰ ਵਿਅਕਤੀ ਮੋਟਾਪਾ, ਬਲੱਡ ਪ੍ਰੈਸ਼ਰ, ਪੇਟ ਨਾਲ ਸਬੰਧਿਤ ਬਿਮਾਰੀਆਂ, ਸਿਰਦਰਦ, ਮਾਨਸਿਕ ਤਣਾਅ, ਅਟੈਕ ਆਦਿ ਰੋਗਾਂ ਦਾ ਸ਼ਿਕਾਰ ਹੋ ਰਿਹਾ ਹੈ।

ਉਨ੍ਹਾਂ ਕਿਹਾ ਕਿ ਇਨ੍ਹਾਂ ਰੋਗਾਂ ਤੋਂ ਬਚਣ ਲਈ ਸਾਰਿਆਂ ਨੂੰ ਆਪਣਾ ਸ਼ੁੱਧ ਤੇ ਸਿਹਤਮੰਦ ਭੋਜਨ ਲੈਣ, ਮੋਬਾਇਲ ਫੋਨ ਦੀ ਲੋੜ ਮੁਤਾਬਕ ਵਰਤੋਂ ਕਰਨ, ਹਰੀਆਂ ਸਬਜ਼ੀਆਂ ਅਤੇ ਫਲਾਂ ਨੂੰ ਆਪਣੀ ਰੋਜ਼ਮਰ੍ਹਾ ਜ਼ਿੰਦਗੀ 'ਚ ਸ਼ਾਮਿਲ ਕਰਨਾ ਸਮੇਂ ਦੀ ਨਜ਼ਾਕਤ ਹੈ, ਤਾਂ ਅਸੀ ਸਿਹਤਮੰਦ ਅਤੇ ਤਣਾਅ ਮੁਕਤ ਰਹਿ ਸਕਦੇ ਹਾਂ। ਇਸ ਮੌਕੇ ਪ੍ਰਿੰ: ਨਾਨਕ ਸਿੰਘ ਨੇ ਆਏ ਮਹਿਮਾਨਾਂ ਨੂੰ ਸਨਮਾਨਿਤ ਵੀ ਕੀਤਾ। ਇਸ ਮੌਕੇ ਸਮੂਹ ਕਾਲਜ ਸਟਾਫ਼ ਅਤੇ ਵਿਦਿਆਰਥੀ ਹਾਜ਼ਰ ਸਨ।

## COURT NOTICE

(Under Guardian and Ward Act)
In the Court of
Ms. Parvinder Kaur
Addl. Civil Judge (Senior Division), Zira.
CNR No. PBFZAO-000288-2023
Next Date : 23.8.2023
Gurjit Singh
Versus
General Public

Notice to : General Public, General Public

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 23.8.2023 at 10.00 a.m.

For details logon to https://highcourtchd.gov.in/?trs =district notice& district= Ferozepur

Addl. Civil Judge (Senior Division), Ferozepur
Dated, this day of 2.8.2023

## COURT NOTICE

In the Court of
Dr. Seema Agnihotri
Civil Judge (Junior Division), Rupnagar.
CS/466/2023
CNR No. PBRO02-000692-2023
Next Date : 20.9.2023
Gurdhian Singh
Versus
General Public
Suit for Declaration
Publication issued to : General Public

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 20.9.2023 at 10.00 a.m.

For details logon to https://highcourtchd.gov.in/?trs =district notice&district=ropar

Civil Judge (Junior Division), Rupnagar.
Dated, this day of 3.8.2023

## COURT NOTICE

In the Court of
Sh. Barinder Singh
Ramana Principal Judge, Family Court, Rupnagar.
CNR No. PBRO01-003276-2023
Next Date : 1.9.2023
Gurdev Singh Bajwa S/o Rajinder Singh R/o H.No. 1213, Ranjit Colony, Ward No.11, Kharar, Tehsil Kharar, Distt. SAS Nagar.
Versus
General Public

Application for Appointment of Guardian in Respect of Person and Property of Sukhdev Singh aged about 76 years S/o Rajinder Singh R/o H.No. 1213, Ranjit Colony, Ward No.11, Kharar, Tehsil Kharar, Distt. SAS Nagar under the care and Coustody of the Applicants.

Publication issued to : General Public

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 1.9.2023 at 10.00 a.m.

For details logon to https://highcourtchd.gov.in/?trs =district notice&district=ropar

Principal Judge, Family Court, Rupnagar.
Dated, this day of 29.7.2023

## COURT NOTICE

In the Court of
Ms. Roopa Dhaliwal
Addl. Civil Judge (Senior Division), Malerkotla.
Succ/11/2023
CNR No. PBSGC0-000894-2023
Next Date : 30.8.2023
Rohit S/o Late Sham Lal S/o Charan Dass R/o H.No. 14, Ward No. 7, Bajrang Akhara Road, Mandi Ahmedgarh, Tehsil Ahmedgarh, Distt. Malerkotla.
Versus
General Public
Publication issued to : General Public, General Public

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 30.8.2023 at 10.00 a.m.

For details logon to https://highcourtchd.gov.in/?trs =district notice & district=Sangrur

Addl. Civil Judge (Senior Division), Malerkotla.
Dated, this day of 5.8.2023

# ਕਲਾਸੀਫਾਈਡ ਇਸ਼ਤਿਹਾਰ

## ਆਮ ਸੂਚਨਾ

ਭੁਪਿੰਦਰ ਸਿੰਘ ਪੁੱਤਰ ਬਲਦੇਵ ਸਿੰਘ ਪਿੰਡ ਨਲਹੋਟੀ ਡਾਕਘਰ ਕਾਹਨਪੁਰ ਖੂਹੀ ਤਹਿਸੀਲ ਅਨੰਦਪੁਰ ਸਾਹਿਬ ਜ਼ਿਲ੍ਹਾ ਰੂਪਨਗਰ ਦੇ ਨਾਮ ਚੱਲ ਰਹੇ ਖੇਤੀ ਬਾੜੀ ਕੁਨੇਕਸ਼ਨ ਖਾਤਾ ਨੰਬਰ R16AP540060K ਸਾਇਟ ਰੈਸੜਾ ਨੂੰ ਆਪਣੇ ਨਾਮ ਕਰਵਾਉਣ ਲਈ ਸੰਜੀਵ ਕੌਰ ਪਤਨੀ ਸਰਨਜੀਤ ਸਿੰਘ ਪਿੰਡ ਹੇਠਲੀ ਨਲਹੋਟੀ ਡਾਕਘਰ ਕਾਹਨਪੁਰ ਖੂਹੀ ਤਹਿਸੀਲ ਅਨੰਦਪੁਰ ਸਾਹਿਬ ਜ਼ਿਲ੍ਹਾ ਰੂਪਨਗਰ ਨੇ ਆਰਜੀ ਦਿੱਤੀ ਹੈ ਅਗਰ ਕਿਸੀ ਨੂੰ ਕੋਈ ਇਤਰਾਜ ਹੈ ਤੋ 15 ਦਿਨ ਦੇ ਅੰਦਰ ਅੰਦਰ ਲਿਖਤੀ ਇਤਰਾਜ ਕਰ ਸਕਦਾ ਹੈ ਇਸ ਤੋ ਬਾਦ ਨਾਮ ਬਦਲੀ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਜਾਵੇਗੀ ਜਿਸ ਸਬੰਧੀ ਵਿਭਾਗ ਜ਼ਿੰਮੇਵਾਰ ਨਹੀ ਹੋਵੇਗਾ। ਸਹਾਇਕ ਕਾਰਜਕਾਰੀ ਇੰਜੀਨੀਅਰ (ਸ) ਉਪ ਮੰਡਲ ਨੂਰਪੁਰਬੇਦੀ

## ਬੇਦਖਲੀ ਨੋਟਿਸ

ਮੈਂ ਜਗੀਰ ਸਿੰਘ ਪੁੱਤਰ ਕਰਤਾਰ ਸਿੰਘ ਵਾਸੀ ਬਰਿਆਰ ਡਾਕਖਾਨਾ ਖੋਜੇਪੁਰ ਤਹਿਸੀਲ ਦੀਨਾਨਗਰ ਜ਼ਿਲ੍ਹਾ ਗੁਰਦਾਸਪੁਰ ਆਪਣੇ ਲੜਕੇ ਹਰਦੀਪ ਸਿੰਘ ਅਤੇ ਨੂੰਹ ਸੰਦੀਪ ਕੌਰ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ । ਉਹ ਮੇਰੇ ਕਹਿਣੇ ਵਿੱਚ ਨਹੀਂ ਹਨ । ਉਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ । ਭਵਿੱਖ ਵਿੱਚ ਉਨ੍ਹਾਂ ਦੇ ਕਿਸੇ ਚੰਗੇ ਮਾੜੇ ਕੰਮ ਦੀ ਸਾਡੀ ਜ਼ਿੰਮੇਵਾਰੀ ਨਹੀਂ ਹੋਵੇਗੀ । (KP)

ਮੈ ਰਜਨੀ ਬਾਲਾ ਵਿਧਵਾ ਅਸ਼ੋਕ ਕੁਮਾਰ ਵਾਸੀ ਮਕਾਨ ਨੰਬਰ 617 ਐਲ -ਟੀ 3 ਸੈਕਟਰ 1 ਤਲਵਾੜਾ ਤਹਿਸੀਲ ਮੁਕੇਰੀਆਂ ਜਿਲਾ ਹੁਸ਼ਿਆਰਪੁਰ ਦੀ ਰਹਿਣ ਵਾਲੀ ਹਾਂ ਮੈ ਘੋਸ਼ਣਾ ਕਰ ਦੀ ਹਾਂ ਕਿ ਮੇਰਾ ਬੇਟਾ ਰਾਹੁਲ ਅਤੇ ਮੇਰੀ ਨੂੰਹ ਮਨਿੰਦਰ ਕੌਰ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈ ਬੇਟੇ ਰਾਹੁਲ, ਅਪਣੀ ਨੂੰਹ ਮਨਿੰਦਰ ਕੌਰ ਅਤੇ ਪੋਤੀ ਤ੍ਰਿਸ਼ਾ ਨੂੰ ਆਪਣੀ ਚਲ ਅਚਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਸਬੰਧਿਤ ਨੋਟ ਕਰਨ।

## ਨਾਂਅ ਦੀ ਬਦਲੀ

ਮੈਂ, ਸ਼ਕੁੰਤਲਾ ਪਤਨੀ ਬਲਵਿੰਦਰ ਰਾਮ ਵਾਸੀ ਕਾਲਾ, ਡਾਕ: ਬੜਾ ਪਿੰਡ, ਤਹਿ: ਫਿਲੌਰ, ਜ਼ਿਲ੍ਹਾ ਜਲੰਧਰ ਨੇ ਆਪਣਾ ਨਾਂਅ ਬਦਲ ਕੇ ਸ਼ਕੁੰਤਲਾ ਸਰੋਏ ਰੱਖ ਲਿਆ ਹੈ ਅਤੇ ਹੁਣ ਸਰੋਏ ਮੇਰਾ ਉਪਨਾਮ ਹੈ। (ਕਰਨ ਵਰਮਾ)

ਮੈਂ, ਦਵਿੰਦਰ ਕੌਰ ਪਤਨੀ ਹਰਜਿੰਦਰ ਪਾਲ ਸਿੰਘ ਵਾਸੀ 250, ਸੁੰਦਰ ਨਗਰ, ਨੂਰਪੁਰ ਕਾਲੋਨੀ ਰੋਡ, ਜਲੰਧਰ ਨੇ ਆਪਣੀ ਛੋਟੀ ਪੁੱਤਰੀ ਕੁਸਮ ਦਾ ਨਾਂਅ ਬਦਲ ਕੇ ਕੁਸਮਪ੍ਰੀਤ ਕੌਰ ਰੱਖ ਲਿਆ ਹੈ।

ਮੈਂ, ਦਵਿੰਦਰ ਕੌਰ ਪਤਨੀ ਹਰਜਿੰਦਰ ਪਾਲ ਸਿੰਘ ਵਾਸੀ 250, ਸੁੰਦਰ ਨਗਰ, ਨੂਰਪੁਰ ਕਾਲੋਨੀ ਰੋਡ, ਜਲੰਧਰ ਨੇ ਆਪਣੀ ਛੋਟੀ ਪੁੱਤਰੀ ਆਂਚਲ ਦਾ ਨਾਂਅ ਬਦਲ ਕੇ ਆਂਚਲਪ੍ਰੀਤ ਕੌਰ ਰੱਖ ਲਿਆ ਹੈ।

## Change of Name

I, Monika Jain W/O Abhishek Gupta R/O 734A, JP Nagar, Jalandhar (Pb.) Have Changed My Name From Monika Jain To Monika Gupta. All Concerned Please Note.

I, Abhishek Gupta S/O Balbir Gupta R/O 734A, JP Nagar, Jalandhar (Pb.) Have Changed My Minor Son Name From Advik Balbir Gupta To Advik Gupta. All Concerned Please Note.

I Kirtika Bhatia W/O Rajesh Marwaha R/O Hno. 28, Street no. 18, New Pawan Nagar Batala Road ASR. Have Changed my Name To Kirtika Marwaha After Marriage.

I Kanishka D/O Rajesh Kumar Khanna R/O- H.No.198, Ishwar Nagar, Kala Sanghia Road, Jalandhar, Punjab, 144002 Changed My Name To Kanishka Khanna. (Sodhi)

I Ranjeet Singh S/O Balwinder Singh R/O Makki Mathara Patti Near Dadupar Chonk V.P.O. Lopon Tehsil Nihal Singh Wala District Moga Have Changed My Name From Ranjeet Singh To Ranjit Singh. (Sodhi)

I Bhawana W/o Gurjit Singh R/o Bhikhiwind Disit.Tarn Taran I have changed my Bhawna Khosla to Bhawna For All Purposes.

I Iqbal Singh S/o Kundan Singh Vpo Sursingh Disit.Tarn Taran I have changed my Ikbal Singh to Iqbal Singh For All Purposes.

I, Pawan Kumar S/o Ramji Dass, R/o H.No. 20, Narain Nagar, Basti Sheikh Road, Jalandhar, have changed my name frpm Pawan Kumar to PAWAN KUMAR DUA.

I, BAZIR CHAND S/O Ram Saroop Vill. Bhangal Kalan P.O Karyam Teh. Nawanshahr Distt S.B.S Nagar Pin. 144421 Have Changed my spelling from BAZIR CHAND To WAZIR CHAND.

I, RASHPAL SINGH S/0 Narinder Singh, resident of village chamiary, P/O cholang, Distt Jalandhar, Punjab, India, have changed my name from RASHPAL SINGH TO RACHHPAL SINGH. Please note all concerned.

I, INDERJIT S/0 Sohan lal R/O House no. NL217 A MAHENDRU Mohalla Jalandhar 144008 Have Changed my name from INDERJIT To INDERJEET NISCHAL.

## Change of Name

I, Sewa Singh s/o Beachint Singh r/o VPO. Bal, Distt. Jalandhar, Punjab-144012 have changed my name as Sewa Ram. All Please Note. (CRA)

I, Harjinder Kaur w/o Balbir Singh r/o Vill.Bhuchhan, Po. Safdarpur, Teh.Dasuya, Distt. Hoshiarpur, Punjab-144205 have changed my name as Rajwinder Kaur. All Please Note. (CRA)

I, Isha Marwaha w/o Sourabh Khanna r/o H.No.284, Shaheed Udham Singh Nagar, Jalandhar have changed my name to Ihsa Khanna, after marriage. All Please Note. (CRA)

I, Aman s/o Surinder Kumar r/o H.No.731/36, Gali No. 2, Baldev Nagar, Jalandhar have changed my name from Aman to Aman Sharma. All Please Note. (CRA)

I, Varun Gupta s/o Romesh Chander Gupta r/o 114/1, Model Town Jalandhar-144001, Punjab have added my minor daughter surname from Shyla to Shyla Gupta. All Please Note. (CRA)

I, Alka Saroya w/o Joney Sharma r/o H.No.680, Officer Colony, Sufi Pind, Jalandhar have changed my name to Alka, After Marriage. All Please Note. (CRA)

I, Abhijeet Singh S/o Amrit Pal Singh Bhinder R/o H.No. 320, Urban Estate, Phase-2, Jalandhar, Punjab have changed my name from Abhijeet Singh to Abhijeet Singh Bhinder. All Please Note. (CRA)

I, Rishu Rani Jindal D/o Ashok Kumar Jindal W/o Harsh Gupta R/o H.No. 917, Rose Gardan, Near Dilbagh Nagar Extension, Jalandhar-144002, Punjab have changed my name from Rishu Rani Jindal to Rishu Rani. (CRA)

I, Inderjit Singh S/o Gurpal Singh R/o H.No.4218, Street No. 1, Gill Road, Guru Nanak Strreet, Shimlapuri, Ludhiana, Punjab-141003, have changed my name as Inderjit Singh Hunjan. All Please Note. (CRA)

I, Bileshwar Nand Sharma S/o Ghana Nand Kotnala R/o 748, Phase-10, Sector 64-A, SAS Nagar (Mohali), Punjab-160062, have changed my name as Bileshwar Nand Kotnala. All Please Note. (CRA)

I, Ankita Bhaskar D/o Ravinder Bhaskar R/o Shahpur Kandi Road, Khanpur Chowk, Pathankot, Punjab- 145001. Declare that Name of My Mother has been wrongly written as Charu Bhaskar in my All Educational Documents. The actual name of My Mother is Charu Shiela Bhaskar, which may be amended accordingly. (CRA)

I, Raj Kumar S/o Resham Singh R/o A10-11, Ground Floor, BPTP Elite Floor, Sector-85, Kheri Kalan, Faridabad, Haryana-121002. I have changed the name of my minor daughter Janhvi to Janhvi Kumari. All Please Note. (CRA)

I, Simranjot D/o Balwinder Kumar R/o Jandiali, Shaheed Bhagat Singh Nagar, Punjab-144632. have changed my name and shall hereafter be Known as Simranjot Kaur. All Please Note. (CRA)

I Rajwinder Kaur Dhillon D/O Karam Singh R/O Vill.thande Distt.amritsar Have Changed My Name To Rajwinder Kaur.

I Jagriti Arora W/O Vaibhav Puri R/O M 21-22 Green Avenue Amritsar Have Changed my Name To Jagriti Puri After Marriage.

I Naresh Rani wife of Pardeep Kumar resident of H.No. B-22/153, Mohabat Nagar, Kapurthala, Punjab, India have changed my name from Naresh Rani to RANI NARESH. Rani is my surname and Naresh is my given name. All Concerned please note.

I Jit kumar S/o Sh. Shiv ram resident of Bhambotar ,teh. mukerian Distt,Hoshiarpur Have Changed my name from inder jit to jit kumar all concened please note.

**ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ**

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਪੰਜਾਬ ਸਰਕਾਰ ਖ਼ਿਲਾਫ਼ ਖਰੜ 'ਚ ਲਗਾਤਾਰ ਧਰਨਾ ਦੇਣ ਦਾ ਐਲਾਨ

## ਹਾਦਸਾ ਪੀੜਤ ਕਾਮਿਆਂ ਨੂੰ ਮੁਆਵਜ਼ਾ ਦੇਣ ਦੀ ਮੰਗ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**

ਪਾਵਰਕਾਮ ਐਂਡ ਟ੍ਰਾਂਸਕੋ ਠੇਕਾ ਮੁਲਾਜ਼ਮ ਯੂਨੀਅਨ ਸਬ ਡਵੀਜ਼ਨ ਸਬ ਅਰਬਨ ਦੇ ਕਮੇਟੀ ਮੈਂਬਰਾਂ ਦੀ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ 7 ਤਰੀਕ ਨੂੰ ਖਰੜ ਵਿਖੇ ਪਰਵਾਰਾਂ ਤੇ ਬੱਚਿਆਂ ਸਮੇਤ ਧਰਨੇ ਵਿੱਚ ਜਾਣ ਲਈ ਤਿਆਰੀ ਕੀਤੀ ਗਈ। ਮੀਟਿੰਗ ਵਿੱਚ ਸਬ ਡਵੀਜ਼ਨ ਦੇ ਸਾਰੇ ਸਾਥੀਆਂ ਨੇ ਸ਼ਮੂਲੀਅਤ ਕੀਤੀ। ਪ੍ਰਧਾਨ ਮਨਜਿੰਦਰ ਸਿੰਘ, ਸਕੱਤਰ ਮਿਠਨ ਕੁਮਾਰ, ਕੈਸ਼ੀਅਰ ਮੇਜਰ ਸਿੰਘ, ਮੀਤ ਪ੍ਰਧਾਨ ਜਗਮੋਹਨ ਸੁੰਦਰ ਸਿੰਘ, ਸਲਾਹਕਾਰ ਰਣਜੀਤ ਸਿੰਘ, ਡਵੀਜ਼ਨ ਮੀਤ ਪ੍ਰਧਾਨ ਵੀਰ ਸਿੰਘ ਨੇ ਦੱਸਿਆ ਕਿ ਮੀਟਿੰਗ 'ਚ ਪਿਛਲੇ ਚੱਲ ਰਹੇ ਸੰਘਰਸ਼ ਦਾ ਰੀਵਿਊ ਕੀਤਾ ਅਤੇ ਸਰਕਾਰ ਅਤੇ ਮੈਨੇਜਮੈਂਟ ਨਾਲ ਹੋਈਆਂ ਮੀਟਿੰਗਾਂ 'ਤੇ ਚਰਚਾ ਹੋਈ।

24 ਜੁਲਾਈ ਨੂੰ ਬਿਜਲੀ ਮੰਤਰੀ ਸ੍ਰੀ ਹਰਭਜਨ ਸਿੰਘ ਈ.ਟੀ.ਓ ਵੱਲੋਂ ਆਊਟ-ਸੋਰਸਿੰਗ ਠੇਕਾ ਕਾਮਿਆਂ ਨੂੰ ਰੈਗੂਲਰ ਕਰਨ ਤੋਂ ਨਾਂਹ ਪੱਖੀ ਭਰੇ ਹੁੰਗਾਰੇ ਦੀ ਕਰੜੇ ਸ਼ਬਦਾਂ ਵਿੱਚ ਨਿੰਦਾ ਕੀਤੀ। ਉਨ੍ਹਾਂ ਕਿਹਾ ਕਿ ਸੱਥਾ 'ਚ ਆਉਣ ਤੋਂ ਪਹਿਲਾਂ ਆਮ-ਆਦਮੀ ਪਾਰਟੀ ਨੇ ਮੈਨੋਫੈਸਟੋ 'ਚ ਪਾਇਆ ਅਤੇ ਵਾਅਦਾ ਕੀਤਾ ਸੀ ਆਊਟ-ਸੋਰਸਿੰਗ ਕਾਮਿਆਂ ਰੈਗੂਲਰ ਕੀਤਾ ਜਾਵੇਗਾ, ਪਰ ਜਦੋਂ ਸਰਕਾਰ ਰਾਜ ਗੱਦੀ 'ਤੇ ਆਣ ਬਿਰਾਜੀ ਤਾਂ ਅੱਜ ਸਮੇਂ ਦੀ ਸਰਕਾਰ ਠੇਕਾ ਕਾਮਿਆਂ ਨੂੰ ਰੈਗੂਲਰ ਕਰਨ ਤੋਂ ਪਾਸਾ ਵੱਟਦੀ ਨਜ਼ਰ ਆ ਰਹੀ ਹੈ। ਬਿਜਲੀ ਦਾ ਕੰਮ ਕਰਦੇ ਲਗਾਤਾਰ ਠੇਕਾ ਕਾਮੇ ਮੌਤ ਦੇ ਮੂੰਹ 'ਚ ਪੈ ਰਹੇ ਸਨ। ਉਨ੍ਹਾਂ ਨੂੰ ਮਿਲਣਯੋਗ ਮੁਆਵਜ਼ਾ ਤੱਕ ਨਹੀਂ ਦਿੱਤਾ ਜਾ ਰਿਹਾ। ਠੇਕੇਦਾਰਾਂ ਕੰਪਨੀਆਂ ਵੱਲੋਂ ਠੇਕਾ ਕਾਮਿਆਂ ਦੀ ਅੰਨ੍ਹੀ ਲੁੱਟ ਕੀਤਾ ਜਾ ਰਹੀ। 25 ਜੁਲਾਈ ਨੂੰ ਡਾਇਰੈਕਟਰ ਵੰਡ ਵੱਲੋਂ ਪੱਤਰ ਜਾਰੀ ਕਰ ਦਿੱਤਾ ਗਿਆ ਕਿ ਅਫ਼ਸਰਾਂ/ਜੇ.ਈ ਕੋਲ ਪੈਂਦੀ ਹਾਜ਼ਰੀ ਸੁਪਰਵਾਈਜ਼ਰਾਂ ਕੋਲ ਕਰ ਦਿੱਤੀ ਜਾਵੇ। ਜਥੇਬੰਦੀ ਆਗੂ ਵੱਲੋਂ ਇਸ ਪੱਤਰ ਦਾ ਵਿਰੋਧ ਕਰਦਿਆਂ ਆਖਿਆ ਕਿ ਇਸ ਨੂੰ ਲਾਗੂ ਨਹੀਂ ਹੋਣ ਦਿੱਤਾ ਜਾਵੇਗਾ, ਕਿਉਂਕਿ ਮੈਨੇਜਮੈਂਟ ਉੱਚ ਅਧਿਕਾਰੀਆਂ ਜੋ ਕਾਮਿਆਂ ਨਾਲ ਹੋਈ ਲੁੱਟ 'ਚ ਠੇਕੇਦਾਰਾਂ ਕੰਪਨੀਆਂ ਨਾਲ ਮਿਲ ਕੇਜਰੀਵਾਲ ਭਾਈਵਾਲ ਸਨ, ਹੁਣ ਆਪਣੀ ਛਵੀ ਨੂੰ ਬਚਾਉਣ ਦੇ ਮਾਰਿਆ ਠੇਕਾ ਕਾਮਿਆਂ ਦੇ ਚੱਲ ਰਹੇ ਸੰਘਰਸ਼ ਦੇ ਦਬਾਅ ਹੇਠ ਕੋਝੀਆਂ ਸਾਜ਼ਿਸ਼ਾਂ ਰਚ ਰਹੇ, ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

7 ਅਗਸਤ ਨੂੰ ਆਊਟ ਸੋਰਸਿੰਗ ਕਾਮਿਆਂ ਨੂੰ ਨੇ ਕਰਾਉਣ, ਹਾਦਸਾ ਪੀੜਤ ਕਾਮਿਆਂ ਨੂੰ ਮੁਆਵਜ਼ਾ ਪੱਕੀ ਨੌਕਰੀ ਦਾ ਪ੍ਰਬੰਧ ਕਰਾਉਣ, ਘੱਟੋ-ਘੱਟ ਗੁਜ਼ਾਰੇ ਤਨਖ਼ਾਹ ਨਿਸਚਿਤ ਕਰਾਉਣ, ਠੇਕਾ ਕਾਮਿਆਂ ਵਿਰੋਧੀ ਪੱਤਰ ਵਾਪਸ ਕਰਾਉਣ, ਠੇਕੇਦਾਰਾਂ ਕੰਪਨੀਆਂ ਵੱਲੋਂ ਕਰੋੜਾਂ ਰੁਪਏ ਦੇ ਕੀਤੇ ਘਪਲੇ ਦਾ ਪੁਰਾਣਾ ਬਕਾਇਆ ਜਾਰੀ ਕਰਨ ਦੀ ਮੰਗ ਨੂੰ ਲੈ ਕੇ ਖਰੜ ਵਿਖੇ ਸੂਬਾ ਪੱਧਰੀ ਲਗਾਤਾਰ ਧਰਨਾ ਦਿੱਤਾ ਜਾਵੇਗਾ ਅਤੇ ਫੀਲਡ ਵਿੱਚ ਮੁੱਖ ਮੰਤਰੀ ਸਮੇਤ ਬਿਜਲੀ ਮੰਤਰੀ ਕਾਲੀਆਂ ਝੰਡੀਆਂ ਨਾਲ ਵਿਰੋਧ ਪ੍ਰਦਰਸ਼ਨ ਕੀਤਾ ਜਾਵੇਗਾ। ਠੇਕਾ ਕਾਮਿਆਂ ਵੱਲੋਂ ਨੈਸ਼ਨਲ ਛੁੱਟੀ ਭਰ ਕੇ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਦੇ ਬੈਨਰ ਹੇਠ 15 ਅਗਸਤ ਨੂੰ ਝੰਡਾ ਲਹਿਰਾਉਣ ਮੌਕੇ ਵਿਰੋਧ ਪ੍ਰਦਰਸ਼ਨ ਕੀਤਾ ਜਾਵੇਗਾ।

# ਪੀ ਆਰ ਟੀ ਸੀ ਬਠਿੰਡਾ ਡਿਪੂ ਭ੍ਰਿਸ਼ਟਾਚਾਰ ਨੂੰ ਲੈ ਕੇ ਇੱਕ ਵਾਰ ਫਿਰ ਚਰਚਾ 'ਚ



**ਬਠਿੰਡਾ (ਪਰਵਿੰਦਰ ਜੀਤ ਸਿੰਘ)**

ਪੰਜਾਬ ਰੋਡਵੇਜ਼/ਪਨਬਸ/ ਪੀ ਆਰ ਟੀ ਸੀ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ 25/11 ਬਠਿੰਡਾ ਡਿਪੂ ਕਮੇਟੀ ਦੇ ਸੂਬਾ ਮੀਤ ਪ੍ਰਧਾਨ ਕੁਲਵੰਤ ਸਿੰਘ ਮਨੇਸ ਨੇ ਦੱਸਿਆ ਕਿ ਪਿਛਲੇ ਕਈ ਸਾਲਾਂ ਤੋਂ ਬਠਿੰਡਾ ਡਿਪੂ ਭ੍ਰਿਸ਼ਟਾਚਾਰ ਦੇ ਮਾਮਲੇ 'ਚ ਚਰਚਾ ਦਾ ਵਿਸ਼ਾ ਬਣਦਾ ਆ ਰਿਹਾ ਹੈ। ਚਾਹੇ ਉਹ ਕੈਸ਼ ਬ੍ਰਾਂਚ ਦੇ ਵਿੱਚ ਹੋਈ ਲੁੱਟ ਨੂੰ ਲੈ ਕੇ ਕਾਫੀ ਮੁੱਦਾ ਗ਼ਰਮ ਹੋਇਆ ਸੀ, ਪਰ ਮੈਨੇਜਮੈਂਟ ਨੇ ਇਸ ਮਾਮਲੇ ਨੂੰ ਮਿੱਟੀ ਹੇਠਾਂ ਦੱਬ ਕੇ ਖਤਮ ਕਰ ਦਿੱਤਾ। ਇਸ ਤੋਂ ਬਾਅਦ ਬੱਸ ਪਾਸਾਂ ਨੂੰ ਲੈ ਕੇ ਵੱਡਾ ਘਪਲਾ ਕੀਤਾ ਗਿਆ, ਉਸ ਵਿੱਚ ਵੀ ਹੇਠਲੇ ਪੱਧਰ 'ਤੇ ਵਰਕਰਾਂ ਤੇ ਇਨਕੁਆਰੀ ਕੀਤੀ ਗਈ, ਪਰ ਕੋਈ ਠੋਸ ਹੱਲ ਨਾ ਕੱਢਦੇ ਹੋਏ ਨਾਮਜ਼ਦ ਮੁਲਜ਼ਮਾਂ ਇਨ੍ਹਾਂ ਕੇਸਾਂ ਵਿੱਚੋਂ ਰਫ਼ਾ ਦਫ਼ਾ ਕਰ ਦਿੱਤਾ ਗਿਆ। ਟਿਕਟ ਮਸ਼ੀਨਾਂ ਨੂੰ ਲੈਣ ਕਰਕੇ ਕਰੋੜਾਂ ਰੁਪਏ ਦਾ ਘੁਟਾਲਾ ਸਾਹਮਣੇ ਆਇਆ, ਉਸ ਵਿੱਚ ਵੀ ਹੇਠਲੇ ਪੱਧਰ ਦੇ ਮੁਲਾਜ਼ਮਾਂ ਨੂੰ ਭੇਟ ਚੜ੍ਹਾਇਆ ਗਿਆ, ਉੱਚ ਅਧਿਕਾਰੀਆਂ 'ਤੇ ਕੋਈ ਕਾਰਵਾਈ ਨਹੀਂ ਹੋਈ। ਹੁਣ ਵੱਡੇ ਪੱਧਰ 'ਤੇ ਰਿਸ਼ਵਤ ਮੰਗਣ ਦਾ ਮਾਮਲਾ ਸਾਹਮਣੇ ਆਇਆ ਹੈ। ਲੱਗਦਾ ਹੈ ਇਸ ਮਾਮਲੇ ਨੂੰ ਵੀ ਇੱਥੇ ਹੀ ਰਫ਼ਾ ਦਫ਼ਾ ਕਰ ਦਿੱਤਾ ਜਾਵੇਗਾ, ਕਿਸੇ 'ਤੇ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ। ਜੋ ਵੱਡੇ ਪੱਧਰ 'ਤੇ ਅਧਿਕਾਰੀ ਕੁਰੱਪਸ਼ਨ ਕਰਦੇ ਨੇ, ਉਹ ਖੁਲ੍ਹੇਆਮ ਲੁੱਟ ਖਸੁੱਟ ਕਰਦੇ ਨੇ, ਬਿਨਾਂ ਕਨੂੰਨ ਦੀ ਪ੍ਰਵਾਹ ਕਰੇ ਵਿਭਾਗ ਨੂੰ ਦਿਨ-ਰਾਤ ਲੁੱਟਿਆ ਜਾ ਰਿਹਾ ਹੈ। ਪੀ ਆਰ ਟੀ ਸੀ ਬਠਿੰਡਾ ਡਿਪੂ ਪਿਛਲੇ ਕਾਫੀ ਸਾਲਾਂ ਤੋਂ ਲੁੱਟ ਖਸੁੱਟ ਦਾ ਸ਼ਿਕਾਰ ਹੁੰਦਾ ਆ ਰਿਹਾ ਹੈ। ਉਨ੍ਹਾਂ ਦੱਸਿਆ ਕਿ ਸਾਲ 2015 ਵਿੱਚ ਬਠਿੰਡਾ ਡਿਪੂ ਦੀ ਕੈਸ਼ ਬ੍ਰਾਂਚ ਵਿੱਚ 26.84 ਲੱਖ ਰੁਪਏ ਦਾ ਘਪਲਾ ਹੋਇਆ ਸੀ ਤੇ ਉਸ ਕੇਸ ਵਿੱਚ ਨਾਮਜ਼ਦ ਕਿਸੇ ਵੀ ਵਿਅਕਤੀ ਤੋਂ ਪੈਸਿਆਂ ਦੀ ਭਰਪਾਈ ਨਹੀਂ ਕਰਾਈ ਗਈ ਅਤੇ ਕੇਸ ਨੂੰ ਰਫਾ-ਦਫਾ ਕਰ ਦਿੱਤਾ ਗਿਆ। ਉਸ ਤੋਂ ਬਾਅਦ ਟਿਕਟ ਮਸ਼ੀਨਾਂ ਵਿੱਚ ਵੱਡੇ ਪੱਧਰ 'ਤੇ ਫਰਾਡ ਹੋਇਆ ਤੇ ਬਹੁਤ ਸਾਰੇ ਬੇਕਸੂਰ ਲੋਕਾਂ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ, ਪਰ ਅਸਲ ਦੋਸ਼ੀ ਅੱਜ ਵੀ ਡਿਊਟੀਆਂ ਕਰ ਰਹੇ ਹਨ।

ਡਿਪੂ ਪ੍ਰਧਾਨ ਸੰਦੀਪ ਗਰੇਵਾਲ ਨੇ ਕਿਹਾ ਕਿ ਜੇਕਰ ਕੋਈ ਡਰਾਈਵਰ ਜਾਂ ਕੰਡਕਟਰ ਛੋਟੀ ਜਿਹੀ ਵੀ ਗਲਤੀ ਕਰਦਾ ਹੈ ਤਾਂ ਮਹਿਕਮੇ ਵੱਲੋਂ ਤੁਰੰਤ ਉਨ੍ਹਾਂ ਖਿਲਾਫ ਕਾਰਵਾਈ ਕਰਕੇ ਘਰ ਭੇਜ ਦਿੱਤਾ ਜਾਂਦਾ ਹੈ ਤੇ ਦੁਬਾਰਾ ਵਿਭਾਗ ਵਿੱਚ ਆਉਣ ਦਾ ਮੌਕਾ ਵੀ ਨਹੀਂ ਦਿੱਤਾ ਜਾਂਦਾ, ਪਰ ਜਿਹੜੇ ਰੈਗੂਲਰ ਮੁਲਾਜ਼ਮ ਵੱਡੇ-ਵੱਡੇ ਘਪਲਿਆਂ ਵਿੱਚ ਸ਼ਾਮਲ ਵੀ ਹੁੰਦੇ ਹਨ ਅਤੇ ਉਨ੍ਹਾਂ ਖਿਲਾਫ ਦੋਸ਼ ਸਿੱਧ ਵੀ ਹੋ ਜਾਂਦੇ ਹਨ, ਫਿਰ ਵੀ ਮੈਨੇਜਮੈਂਟ ਉਨ੍ਹਾਂ ਨੂੰ ਨੌਕਰੀ 'ਤੇ ਬਹਾਲ ਵੀ ਕਰ ਦਿੰਦਾ ਹੈ ਤੇ ਕਿਸੇ ਤਰ੍ਹਾਂ ਦੀ ਕੋਈ ਵੀ ਕਾਰਵਾਈ ਨਾ ਕਰਦੇ ਹੋਏ ਉਲਟਾ ਉਨ੍ਹਾਂ ਕੁਰੱਪਟ ਅਧਿਕਾਰੀਆਂ ਨੂੰ ਪਦ ਉੱਨਤੀਆਂ ਵੀ ਦਿੱਤੀਆਂ ਜਾਂਦੀਆਂ ਨੇ।

ਡਿਪੂ ਸੈਕਟਰੀ ਕੁਲਦੀਪ ਸਿੰਘ ਬਾਦਲ ਨੇ ਟਰਾਂਸਪੋਰਟ ਮੰਤਰੀ ਨੂੰ ਕਰੜੇ ਹੱਥੀਂ ਲੈਂਦਿਆਂ ਕਿਹਾ ਕਿ ਜੇਕਰ ਕਿਸੇ ਕੱਚੇ ਡਰਾਈਵਰ ਕੰਡਕਟਰ ਨੂੰ 10 ਜਾਂ 20 ਰੁਪਏ ਦੀ ਟਿਕਟ ਰਹਿ ਜਾਂਦੀ ਹੈ, ਕਿਉਂਕਿ ਬੱਸ ਦੇ ਵਿੱਚ 52 ਸੀਟਾਂ 'ਤੇ 100 ਸਵਾਰੀ ਸਫ਼ਰ ਕਰਦੀ ਹੈ, ਉਸ ਨੂੰ ਟਰਾਂਸਪੋਰਟ ਮੰਤਰੀ ਚੋਰ ਦੱਸਦੇ ਨੇ। ਉਹ ਖਬਰ ਬਹੁਤ ਹਾਈ ਲਾਇਟ ਕੀਤੀ ਜਾਂਦੀ ਹੈ, ਸਿਰਫ ਆਪਣੀ ਵਾਹ-ਵਾਹ ਖੱਟਣ ਦੇ ਚੱਕਰ ਦੇ ਵਿੱਚ, ਪਰ ਹੁਣ ਬਠਿੰਡਾ ਡਿਪੂ ਵਿੱਚ ਵੱਡੇ ਪੱਧਰ 'ਤੇ ਰਿਸ਼ਵਤ ਮੰਗਣ ਦਾ ਮਾਮਲਾ ਸਾਹਮਣੇ ਆਉਣ 'ਤੇ ਵਿਭਾਗ ਦੇ ਟਰਾਂਸਪੋਰਟ ਮੰਤਰੀ ਲਾਲਜੀਤ ਭੁੱਲਰ ਚੁੱਪ ਧਾਰ ਕੇ ਬੈਠੇ ਨੇ, ਇੱਕ ਵੀ ਬਿਆਨ ਨਹੀਂ ਆਇਆ। ਜਥੇਬੰਦੀ ਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਬਠਿੰਡਾ ਡਿਪੂ ਵਿੱਚ ਵੱਖ-ਵੱਖ ਸਮਿਆਂ ਵਿੱਚ ਜੋ ਵੀ ਘਪਲੇ ਹੋਏ ਹਨ, ਉਨ੍ਹਾਂ ਦੀ ਉੱਚ ਪੱਧਰੀ ਜਾਂਚ ਹੋਣੀ ਚਾਹੀਦੀ ਹੈ ਅਤੇ ਜਿਹੜੇ ਵੀ ਉੱਚ ਅਧਿਕਾਰੀ ਇਸ ਕੁਰੱਪਸ਼ਨ ਦੇ ਵਿੱਚ ਸ਼ਾਮਲ ਹਨ, ਉੱਚ ਪੱਧਰੀ ਜਾਂਚ ਦੇ ਦੌਰਾਨ ਜੋ ਵੀ ਅਧਿਕਾਰੀ ਦੋਸ਼ੀ ਸਿੱਧ ਹੁੰਦਾ, ਉਨ੍ਹਾਂ 'ਤੇ ਬਣਦੀ ਸਖਤ ਤੋਂ ਸਖਤ ਕਾਰਵਾਈ ਹੋਣੀ ਚਾਹੀਦੀ ਹੈ ਅਤੇ ਜਿਹੜੇ ਬੇਕਸੂਰ ਮੁਲਾਜ਼ਮਾਂ 'ਤੇ ਝੂਠੇ ਦੋਸ਼ ਲਾ ਕੇ ਨੌਕਰੀ ਤੋਂ ਕੱਢਿਆ ਗਿਆ ਹੈ, ਉਨ੍ਹਾਂ ਕੇਸਾਂ ਦੀ ਦੁਬਾਰਾ ਤੋਂ ਘੋਖ ਕਰਕੇ ਡਿਊਟੀਆਂ 'ਤੇ ਲਿਆ ਜਾਵੇ।

# ਜੱਸਾ ਸਿੰਘ ਰਾਮਗੜ੍ਹੀਆ ਦੇ ਜਨਮ ਦਿਹਾੜੇ ਨੂੰ ਸਮਰਪਤ 51 ਵਿਅਕਤੀਆਂ ਨੇ ਕੀਤਾ ਖ਼ੂਨਦਾਨ



**ਗੁਰੂਹਰਸਹਾਏ (ਮਨਦੀਪ ਸਿੰਘ ਸੋਢੀ)**

ਗੁਰਦੁਆਰਾ ਵਿਸ਼ਕਰਮਾ ਵਿਖੇ ਰਾਮਗੜ੍ਹੀਆ ਅਕਾਲ ਜਥੇਬੰਦੀ ਦੇ ਕੌਮੀ ਕਨਵੀਨਰ ਹਰਜੀਤ ਸਿੰਘ ਰਾਮਗੜ੍ਹੀਆ ਦੇ ਦਿਸ਼ਾ ਨਿਰਦੇਸ਼ਾਂ ਹੇਠ ਮਨਾਏ ਗਏ ਜੱਸਾ ਸਿੰਘ ਰਾਮਗੜ੍ਹੀਆ ਦੇ 300 ਸਾਲਾ ਜਨਮ ਦਿਹਾੜੇ ਮੌਕੇ ਲਾਏ ਖ਼ੂਨਦਾਨ ਕੈਂਪ ਵਿੱਚ 51 ਵਿਅਕਤੀਆਂ ਨੇ ਗੁਰੂ ਗੋਬਿੰਦ ਸਿੰਘ ਮੈਡੀਕਲ ਬਲੱਡ ਬੈਂਕ ਦੀ ਸਮੁੱਚੀ ਟੀਮ ਦੇ ਸਹਿਯੋਗ ਨਾਲ ਖ਼ੂਨਦਾਨ ਕਰਕੇ ਇਸ ਮਹਾਨ ਕਾਰਜ ਨੂੰ ਨੇਪਰੇ ਚੜ੍ਹਾਇਆ। ਇਸ ਮਹਾਨ ਕਾਰਜ ਮੌਕੇ ਖ਼ੂਨਦਾਨ ਕਰਨ ਵਾਲੇ ਨੌਜਵਾਨਾਂ ਦਾ ਜਥੇਬੰਦੀ ਵੱਲੋਂ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਅਕਾਲ ਜਥੇਬੰਦੀ ਦੇ ਸੂਬਾ ਆਗੂਆਂ ਨੇ ਕਿਹਾ ਕਿ ਗੁਰੂ ਹਰਸਹਾਏ ਅੰਦਰ ਬਲਵਿੰਦਰ ਸਿੰਘ ਕਲਸੀ ਤੇ ਉਸ ਦੀ ਟੀਮ ਵੱਲੋਂ ਕੀਤੇ ਗਏ ਇਸ ਉਪਰਾਲੇ ਨਾਲ ਸਾਡੀ ਜਥੇਬੰਦੀ ਨੂੰ ਵੱਡਾ ਬਲ ਮਿਲਿਆ ਹੈ। ਇਸ ਮੌਕੇ ਜਗਜੀਤ ਸਿੰਘ ਸੱਗੂ ਸੂਬਾ ਚੇਅਰਮੈਨ, ਰਾਮ ਸਿੰਘ ਧੀਮਾਨ ਮੁੱਖ ਬੁਲਾਰਾ ਪੰਜਾਬ, ਦੀਪ ਠੇਕੇਦਾਰ, ਸੁਰਜੀਤ ਸਿੰਘ ਧੀਮਾਨ, ਇੰਦਰਜੀਤ ਸਿੰਘ ਬਰਨਾਲਾ, ਸੁਖਵਿੰਦਰ ਸਿੰਘ ਬਰਨਾਲਾ, ਹਰਜਿੰਦਰ ਕਲਸੀ, ਸੁਖਦੇਵ ਮਾਲਵਾ, ਸੁਖਮਿੰਦਰ ਸਿੰਘ ਕਲਸੀ, ਜਸਪਾਲ ਸਿੰਘ, ਮੁਸਤਫਾ ਸਿੰਘ, ਡਾਕਟਰ ਨਵਪ੍ਰੀਤ ਸਿੰਘ, ਮਨਿੰਦਰ ਪਾਲ ਕੌਰ,ਗੁਰਚਰਨ ਸਿੰਘ ਕੋਟਕਪੂਰਾ ਆਦਿ ਹਾਜ਼ਰ ਰਹੇ। ਗੁਰੂਹਰਸਹਾਏ ਦੀ ਸਮੁੱਚੀ ਟੀਮ ਵੱਲੋਂ ਹਰਜੀਤ ਸਿੰਘ ਰਾਮਗੜ੍ਹੀਆ, (ਕੌਮੀ ਕਨਵੀਨਰ) ਰਾਮ ਸਿੰਘ, ਜਗਜੀਤ ਸੱਗੂ ਤੇ ਜਥੇਬੰਦੀ ਦੇ ਆਏ ਵੱਖ-ਵੱਖ ਜ਼ਿਲ੍ਹਿਆਂ ਦੇ ਆਗੂਆਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

## ਜਗਦੀਪ ਸਿੰਘ ਜੱਗੂ ਬਣੇ ਸਬਜ਼ੀ ਮੰਡੀ ਦੇ ਪ੍ਰਧਾਨ



**ਮੋਗਾ (ਅਮਰਜੀਤ ਬੱਬਰੀ)**-ਜਗਦੀਪ ਸਿੰਘ ਜੱਗੂ ਨੂੰ ਸਬਜ਼ੀ ਮੰਡੀ ਦਾ ਪ੍ਰਧਾਨ ਬਣਾਇਆ ਗਿਆ। ਹਲਕਾ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਵਿਸ਼ੇਸ਼ ਤੌਰ 'ਤੇ ਪੁੱਜ ਕੇ ਨਵਨਿਯੁਕਤ ਪ੍ਰਧਾਨ ਜਗਦੀਪ ਸਿੰਘ ਜੱਗੂ ਦਾ ਮੂੰਹ ਮਿੱਠਾ ਕਰਾ ਕੇ ਉਸ ਨੂੰ ਹਾਰ ਕੇ ਸਨਮਾਨਤ ਕਰਕੇ ਵਧਾਈ ਦਿੱਤੀ। ਇਸ ਮੌਕੇ ਆੜ੍ਹਤੀ ਐਸੋਸੀਏਸ਼ਨ ਦੇ ਮੈਂਬਰਾਂ ਦੇ ਇਲਾਵਾ ਮਾਰਕੀਟ ਕਮੇਟੀ ਦੇ ਚੇਅਰਮੈਨ ਹਰਜਿੰਦਰ ਸਿੰਘ ਰੋਡੇ, ਆਮ ਆਦਮੀ ਪਾਰਟੀ ਦੇ ਐਸ.ਸੀ.ਵਿੰਗ ਦੇ ਜ਼ਿਲ੍ਹਾ ਪ੍ਰਧਾਨ ਪਿਆਰਾ ਸਿੰਘ ਬੱਧਨੀ, ਮਹਿਲਾ ਵਿੰਗ ਦੀ ਜ਼ਿਲ੍ਹਾ ਪ੍ਰਧਾਨ ਕਮਲਜੀਤ ਕੌਰ, ਕੌਂਸਲਰ ਗੌਰਵ ਗੁਪਤਾ ਗੁੱਡੂ, ਨਰਿੰਦਰ ਬਾਲੀ ਦੇ ਇਲਾਵਾ ਆਮ ਆਦਮੀ ਪਾਰਟੀ ਦੇ ਔਹਦੇਦਾਰਾਂ, ਵਲੰਟੀਅਰਾਂ ਅਤੇ ਮੰਡੀ ਦੇ ਦੁਕਾਨਦਾਰਾਂ ਤੇ ਆੜ੍ਹਤੀਆਂ ਨੇ ਵਧਾਈ ਦਿੱਤੀ। ਇਸ ਮੌਕੇ ਹਲਕਾ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਜਗਦੀਪ ਸਿੰਘ ਜੱਗੂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਪੰਜਾਬ ਦੀ ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਆਪਣੇ ਵਰਕਰਾਂ ਤੇ ਅਹੁਦੇਦਾਰਾਂ ਨੂੰ ਬਣਦਾ ਮਾਨ ਸਨਮਾਨ ਸਮੇਂ-ਸਮੇਂ ਤੇ ਦੇ ਰਹੀ ਹੈ ਤੇ ਅੱਗੇ ਵੀ ਦਿੰਦੀ ਰਹੇਗੀ।

# ਗੌਰਮਿੰਟ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਦੀ ਹੋਈ ਮੀਟਿੰਗ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**

ਗੌਰਮਿੰਟ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਦੀ ਮੀਟਿੰਗ ਪ੍ਰਧਾਨ ਗੁਰਬਚਨ ਸਿੰਘ ਦੀ ਪ੍ਰਧਾਨਗੀ ਹੇਠ ਪੈਨਸਨਰ ਦਫ਼ਤਰ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਕੋਟਕਪੂਰਾ ਰੋਡ ਵਿਖੇ ਕੀਤੀ ਗਈ। ਮੀਟਿੰਗ ਵਿੱਚ ਪੈਨਸ਼ਨਰਾਂ ਨੂੰ ਆ ਰਹੀਆਂ ਮੁਸ਼ਕਲਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਆਗੂਆਂ ਵੱਲੋਂ ਦੱਸਿਆ ਗਿਆ ਕਿ ਪੈਨਸ਼ਨਰਾਂ ਨੂੰ ਆਪਣੀ ਪੈਨਸ਼ਨ ਰਵੀਜ਼ਨ ਦੇ ਬਕਾਏ ਲੈਣ ਲਈ ਕੋਰਟਾਂ ਵਿੱਚ ਕੇਸ ਦਾਇਰ ਕਰਨੇ ਪੈ ਰਹੇ ਹਨ, ਜਦੋਂ ਵੀ ਮੁੱਖ ਮੰਤਰੀ ਆਪਣਾ ਭਾਸ਼ਣ ਦਿੰਦੇ ਹਨ ਤਾਂ ਕਹਿੰਦੇ ਹਨ ਸਾਡਾ ਖ਼ਜ਼ਾਨਾ ਭਰਿਆ ਹੈ, ਪਰ ਸਰਕਾਰ ਵੱਲੋਂ ਆਪਣੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਅਜੇ ਤੱਕ ਡੀ.ਏ. ਦੀਆਂ ਕਿਸ਼ਤਾਂ, ਰਵੀਜ਼ਨ ਪੈਨਸ਼ਨਾਂ ਤੇ ਤਨਖਾਹਾਂ ਦੇ ਬਕਾਏ ਜਾਰੀ ਨਹੀਂ ਕੀਤੇ ਗਏ ਸਰਕਾਰ ਤੋਂ ਮੰਗ ਕੀਤੀ ਡੀ.ਏ.ਦੀਆਂ ਕਿਸ਼ਤਾਂ ਤੇ ਰਵੀਜ਼ਨ ਬਕਾਏ ਜਲਦੀ ਜਾਰੀ ਕੀਤੇ ਜਾਣ।

ਮੀਟਿੰਗ ਵਿੱਚ ਆਗੂਆਂ ਵੱਲੋਂ ਮਨੀਪੁਰ ਵਿਖੇ ਹੋਈਆਂ ਘਟਨਾਵਾਂ ਦੀ ਕਰੜੇ ਸ਼ਬਦਾਂ ਨਾਲ ਨਿਖੇਧੀ ਕੀਤੀ ਗਈ। ਮੀਟਿੰਗ ਵਿੱਚ ਪ੍ਰਧਾਨ ਗੁਰਬਚਨ ਸਿੰਘ, ਜਨਰਲ ਸਕੱਤਰ ਮੁਖਤਿਆਰ ਸਿੰਘ ਬੇਦੀ, ਖ਼ਜ਼ਾਨਚੀ ਹਰਭਜਨ ਸਿੰਘ ਸੰਧੂ, ਜੁਆਇੰਟ ਸਕੱਤਰ ਜਸਵਿੰਦਰ ਸਿੰਘ, ਸੀਨੀਅਰ ਮੀਤ ਪ੍ਰਧਾਨ ਚਿੰਤ ਰਾਮ ਨਾਹਰ, ਗੁਰਜੰਟ ਸਿੰਘ ਦਲੇਰ, ਮਨਮੋਹਨ ਸਿੰਘ ਕਾਲੜਾ, ਆਤਮਾ ਸਿੰਘ ਢਿੱਲੋਂ, ਬਲਵੰਤ ਸਿੰਘ, ਧੰਨਾ ਸਿੰਘ, ਦਰਸਨ ਸਿੰਘ, ਜੰਗੀਰ ਸਿੰਘ ਬਰਾੜ ਇਨ੍ਹਾਂ ਸਾਰੇ ਆਗੂਆਂ ਵੱਲੋਂ ਸੰਬੋਧਨ ਕੀਤਾ ਗਿਆ।

ਇਸ ਮੌਕੇ ਹਰਭਜਨ ਸਿੰਘ ਮੱਕੜ, ਕਰਨੈਲ ਸਿੰਘ, ਸਰਦੂਲ ਸਿੰਘ, ਰੌਸ਼ਨ ਲਾਲ, ਨਰਿੰਦਰ ਕੁਮਾਰ, ਗੁਰਦੀਪ ਸਿੰਘ, ਇੰਦਰਜੀਤ ਸਿੰਘ, ਗੁਰਦਿਆਲ ਸਿੰਘ, ਜਲੰਧਰ ਸਿੰਘ, ਜੈ ਚੰਦ ਭੰਡਾਰੀ, ਗੁਰਜੰਟ ਸਿੰਘ, ਤਾਰਾ ਸਿੰਘ ਗਰੋਵਰ, ਕਾਕਾ ਸਿੰਘ ਸੰਧੂ, ਸ਼ਮਸ਼ੇਰ ਸਿੰਘ, ਰਜਿੰਦਰ ਕੁਮਾਰ, ਭਾਗ ਮੱਲ, ਭਾਗ ਸਿੰਘ, ਨੱਥਾ ਸਿੰਘ, ਜੈ ਦਿਆਲ, ਇਕਬਾਲ ਸਿੰਘ ਤੇ ਮੰਗਲ ਸਿੰਘ ਹਾਜ਼ਰ ਸਨ। ਸਟੇਜ ਦੀ ਕਾਰਵਾਈ ਜਸਵਿੰਦਰ ਸਿੰਘ ਵੱਲੋਂ ਨਿਭਾਈ ਗਈ।

## ਡਾ. ਮਾਨਵਜੀਤ ਸਿੰਘ ਸਿੱਧੂ ਨੇ ਡੀ ਐੱਸ ਪੀ ਦਾ ਅਹੁਦਾ ਸੰਭਾਲਿਆ



**ਤਪਾ ਮੰਡੀ (ਅਰੁਣ ਗੋਇਲ)**-ਪੰਜਾਬ ਸਰਕਾਰ ਵੱਲੋਂ ਕੀਤੇ ਡੀ.ਐਸ.ਪੀਜ ਦੇ ਤਬਾਦਲਿਆਂ 'ਚ ਪੁਲਸ ਸਬ-ਡਵੀਜ਼ਨ ਤਪਾ ਦੇ ਡੀ.ਐਸ.ਪੀ ਡਾ. ਮਾਨਵਜੀਤ ਸਿੰਘ ਸਿੱਧੂ ਨੂੰ ਲਾ ਦਿੱਤਾ ਹੈ, ਜਿਨ੍ਹਾਂ ਬਾਅਦ ਦੁਪਹਿਰ ਚਾਰਜ ਸੰਭਾਲ ਕੇ ਕੰਮ-ਕਾਜ ਸ਼ੁਰੂ ਕਰ ਦਿੱਤਾ ਹੈ। ਡੀ.ਐਸ.ਪੀ ਰਵਿੰਦਰ ਸਿੰਘ ਰੰਧਾਵਾ ਦਾ ਤਬਾਦਲਾ ਸੰਗਰੂਰ ਦਾ ਹੋ ਗਿਆ ਹੈ। ਡੀ.ਐਸ.ਪੀ ਡਾ. ਸਿੱਧੂ ਨੇ ਕਿਹਾ ਕਿ ਉਹ ਨਸ਼ਿਆਂ ਦੇ ਬਿਲਕੁਲ ਖਿਲਾਫ਼ ਹਨ। ਜੇ ਕੋਈ ਵੀ ਵਿਅਕਤੀ ਇਲਾਕੇ 'ਚ ਨਸ਼ਾ-ਕਰਦਾ ਜਾਂ ਵੇਚਦਾ ਹੈ, ਉਹ ਛੱਡ ਦੇਣ ਨਹੀਂ ਤਾਂ ਪੁਲਸ ਸਖਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਸ਼ਹਿਰ ਨਿਵਾਸੀਆਂ ਅਤੇ ਪਿੰਡਾਂ ਦੇ ਸਰਪੰਚਾਂ ਅਤੇ ਪੰਚਾਂ ਤੋਂ ਸਹਿਯੋਗ ਦੀ ਮੰਗ ਕਰਦਿਆਂ ਕਿਹਾ ਕਿ ਅਮਨ ਸ਼ਾਂਤੀ ਬਣਾਏ ਰੱਖਣ ਲਈ ਪੁਲਸ ਦਾ ਸਹਿਯੋਗ ਦੇਣ। ਉਨ੍ਹਾਂ ਸ਼ਰਾਰਤੀ ਅਨਸਰਾਂ ਨੂੰ ਵੀ ਚੇਤਾਵਨੀ ਦਿੰਦਿਆਂ ਕਿਹਾ ਕਿ ਉਹ ਅਪਣੀਆਂ ਸਮਾਜ ਵਿਰੋਧੀ ਨੀਤੀਆਂ ਤੋਂ ਬਾਜ਼ ਆ ਜਾਣ, ਨਹੀਂ ਤਾਂ ਜਲਦੀ ਹੀ ਉਨ੍ਹਾਂ ਤੇ ਕਾਰਵਾਈ ਕਰਕੇ ਸਲਾਖਾਂ ਪਿੱਛੇ ਭੇਜਿਆ ਜਾਵੇਗਾ। ਇਸ ਤੋਂ ਬਾਅਦ ਉਨ੍ਹਾਂ ਪੁਲਸ ਸਟੇਸ਼ਨ ਤਪਾ, ਭਦੌੜ, ਸ਼ਹਿਣਾ, ਰੂੜੇਕੇ ਕਲਾਂ ਤੇ ਪੁਲਸ ਚੌਂਕੀ ਤਪਾ ਦੇ ਇੰਚਾਰਜਾਂ ਨਾਲ ਮੀਟਿੰਗ ਕਰਕੇ ਜਾਣ-ਪਛਾਣ ਕੀਤੀ।

# ਮਾਂ ਦੇ ਦੁੱਧ ਦੀ ਮਹੱਤਤਾ ਬਾਰੇ ਕੀਤਾ ਜਾਗਰੂਕ



**ਫ਼ਾਜ਼ਿਲਕਾ (ਕ੍ਰਿਸਨ ਸਿੰਘ)**-ਬਲਾਕ ਫ਼ਾਜ਼ਿਲਕਾ ਦੇ ਵਾਰਡ ਨੰਬਰ 20 ਵਿਖੇ ਸੀਡੀਪੀਓ ਸ੍ਰੀਮਤੀ ਨਵਦੀਪ ਕੌਰ ਦੀ ਅਗਵਾਈ ਹੇਠ ਸੁਪਰਵਾਈਜਰ ਮਮਤਾ ਗੁਪਤਾ ਦੁਆਰਾ ਆਂਗਨਵਾੜੀ ਸੈਂਟਰ ਵਿੱਚ ਔਰਤਾਂ ਨੂੰ ਮਾਂ ਦੇ ਦੁੱਧ ਦੀ ਮਹੱਤਤਾ ਬਾਰੇ ਜਾਗਰੂਕਤਾ ਕੈਂਪ ਲਾਇਆ ਗਿਆ। ਇਸ ਮੌਕੇ ਸੁਪਰਵਾਈਜਰ ਮਮਤਾ ਨੇ ਦੱਸਿਆ ਕਿ ਮਾਂ ਦਾ ਦੁੱਧ ਬੱਚੇ ਦਾ ਪੂਰਨ ਆਹਾਰ ਹੈ। ਉਨ੍ਹਾਂ ਕਿਹਾ ਕਿ ਬੱਚੇ ਨੂੰ ਜਨਮ ਤੋਂ 6 ਮਹੀਨੇ ਤੱਕ ਮਾਂ ਦਾ ਦੁੱਧ ਪਿਲਾਉਣਾ ਚਾਹੀਦਾ ਹੈ, ਕਿਉਂਕਿ ਮਾਂ ਦਾ ਦੁੱਧ ਬੱਚੇ ਨੂੰ ਬਿਮਾਰੀਆਂ ਤੋਂ ਬਚਾਅ ਕਰਦਾ ਹੈ ਅਤੇ ਇਸ ਨਾਲ ਹੱਡੀਆਂ ਮਜ਼ਬੂਤ ਹੁੰਦੀਆਂ ਹਨ। ਮਾਂ ਦਾ ਦੁੱਧ ਬੱਚੇ ਲਈ ਕੁਦਰਤੀ ਦਾਤ ਹੁੰਦਾ ਹੈ। ਇਸਦੇ ਨਾਲ ਹੀ ਮਾਂ ਵੀ ਜਦੋਂ ਬੱਚੇ ਨੂੰ ਦੁੱਧ ਚੁੰਘਾਉਂਦੀ ਹੈ ਤਾਂ ਉਹ ਵੀ ਛਾਤੀ ਦੇ ਕੈਂਸਰ ਵਰਗੀਆਂ ਕਈ ਬਿਮਾਰੀਆਂ ਤੋਂ ਬਚ ਸਕਦੀ ਹੈ। ਇਸ ਲਈ ਮਾਂ ਦਾ ਦੁੱਧ ਬੱਚੇ ਲਈ ਬਹੁਤ ਲਾਭਦਾਇਕ ਹੁੰਦਾ ਹੈ। ਇਸ ਮੌਕੇ ਆਂਗਣਵਾੜੀ ਵਰਕਰ ਹੈਲਪਰ ਤੇ ਵਾਰਡ ਦੀਆਂ ਔਰਤਾਂ ਮੌਜੂਦ ਸਨ। ਇਸੇ ਤਰ੍ਹਾਂ ਬਲਾਕ ਫ਼ਾਜ਼ਿਲਕਾ ਦੇ ਪਿੰਡ ਕੇਰੀਆਂ ਵਿਖੇ ਸੀਡੀਪੀਓ ਦੀ ਅਗਵਾਈ ਹੇਠ ਸੁਪਰਵਾਈਜਰ ਮਨਪ੍ਰੀਤ ਕੌਰ ਨੇ ਆਂਗਣਵਾੜੀ ਸੈਂਟਰ ਵਿਖੇ ਔਰਤਾਂ ਨੂੰ ਮਾਂ ਦੇ ਦੁੱਧ ਦੀ ਮਹੱਤਤਾ ਬਾਰੇ ਜਾਗਰੂਕ ਕੀਤਾ। ਉਨ੍ਹਾਂ ਦੱਸਿਆ ਕਿ ਬੱਚੇ ਨੂੰ ਜਨਮ ਤੋਂ 6 ਮਹੀਨੇ ਤੱਕ ਮਾਂ ਦਾ ਦੁੱਧ ਪਿਲਾਉਣਾ ਚਾਹੀਦਾ ਹੈ ਤਾਂ ਜੁ ਬੱਚੇ ਨੂੰ ਬਿਮਾਰੀਆਂ ਤੋਂ ਬਚਾਇਆ ਜਾ ਸਕੇ। ਇਸ ਨਾਲ ਹੱਡੀਆਂ ਵੀ ਮਜ਼ਬੂਤ ਹੁੰਦੀਆਂ ਹਨ। ਮਾਂ ਵੀ ਜਦੋਂ ਬੱਚੇ ਨੂੰ ਦੁੱਧ ਚੁੰਘਾਉਂਦੀ ਹੈ ਤਾਂ ਉਹ ਵੀ ਕਈ ਬਿਮਾਰੀਆਂ ਤੋਂ ਬਚ ਸਕਦੀ ਹੈ। ਇਸ ਮੌਕੇ ਆਂਗਣਵਾੜੀ ਵਰਕਰ ਹੈਲਪਰ ਤੇ ਪਿੰਡ ਦੀਆਂ ਔਰਤਾਂ ਮੌਜੂਦ ਸਨ।

## ਤੀਆਂ ਤੀਜ ਦੀਆਂ ਯਾਦਗਾਰੀ ਹੋ ਨਿੱਬੜੀਆਂ



**ਮਾਨਸਾ (ਆਤਮਾ ਸਿੰਘ ਪਮਾਰ)**

ਸ੍ਰੀ ਨਾਰਾਇਣ ਸਰਵਹਿੱਤਕਾਰੀ ਵਿੱਦਿਆ ਮੰਦਰ ਦੇ ਵਿਹੜੇ ਵਿੱਚ ਸ਼ਿਸ਼ੂ ਵਾਟਿਕਾ ਦੇ ਨੰਨ੍ਹੇ ਮੁੰਨ੍ਹੇ ਬੱਚਿਆਂ ਵੱਲੋਂ ਤੀਆਂ ਲਾਈਆਂ ਗਈਆਂ। ਇਸ ਪ੍ਰੋਗਰਾਮ ਦਾ ਉਦਘਾਟਨ ਪ੍ਰਿੰਸੀਪਲ ਅਸ਼ਵਨੀ ਕੁਮਾਰ ਵੱਲੋਂ ਕੀਤਾ ਗਿਆ। ਇਸ ਮੌਕੇ ਤਿਲਕ ਦੀ ਰਸਮ ਅਦਾ ਕੀਤੀ ਗਈ। ਬੱਚਿਆਂ ਦੁਆਰਾ ਸੋਲੋ ਡਾਂਸ, ਗਰੁੱਪ ਡਾਂਸ, ਗਿੱਧਾ, ਭੰਗੜਾ ਪੇਸ਼ ਕੀਤਾ ਗਿਆ। ਬੱਚੇ ਰੰਗ ਬਿਰੰਗੀਆਂ ਪੰਜਾਬੀ ਪੁਸ਼ਾਕਾਂ ਵਿੱਚ ਬਹੁਤ ਸੋਹਣੇ ਲੱਗ ਰਹੇ ਸਨ। ਪ੍ਰਿੰਸੀਪਲ ਸਾਹਿਬ ਨੇ ਕਿਹਾ ਕਿ ਬੱਚਿਆਂ ਵੱਲੋਂ ਅਜਿਹੇ ਸੱਭਿਆਚਾਰ ਨਾਲ ਜੋੜਨ ਵਾਲੇ ਪ੍ਰੋਗਰਾਮ ਕਰਨੇ ਇੱਕ ਸ਼ਲਾਘਾਯੋਗ ਉਪਰਾਲਾ ਹੈ। ਇਸ ਸਮੇਂ ਉਨ੍ਹਾਂ ਸਮੂਹ ਸਟਾਫ਼ ਪ੍ਰਸੰਸਾ ਦੇ ਨਾਲ-ਨਾਲ ਬੱਚਿਆਂ ਦਾ ਹੌਸਲਾ ਅਫ਼ਜ਼ਾਈ ਵੀ ਕੀਤੀ। ਇਸ ਮੌਕੇ ਸਕੂਲ ਸਟਾਫ਼, ਦੀਦੀ ਪਰਮਜੀਤ ਕੌਰ, ਦੀਦੀ ਖੁਸ਼ਵਿੰਦਰ ਕੌਰ, ਦੀਦੀ ਰੇਨੂੰ ਰਾਣੀ, ਪ੍ਰਦੀਪ ਕੌਰ, ਕੁਲਦੀਪ ਕੌਰ, ਪ੍ਰਿਅੰਕਾ ਰਾਣੀ, ਜਸਪ੍ਰੀਤ ਕੌਰ, ਅਲੀਸ਼ਾ ਰਾਣੀ, ਸਰੋਜ ਬਾਲਾ, ਹਰਜੀਤ ਕੌਰ, ਮਮਤਾ ਰਾਣੀ, ਸਰਨਜੀਤ ਕੌਰ ਤੇ ਦੀਦੀ ਅੰਜਲੀ ਆਦਿ ਅਧਿਆਪਕ ਵੀ ਮੌਜੂਦ ਸਨ।

# ਜਲੰਧਰ ਕਨਵੈਨਸ਼ਨ ਦੀਆਂ ਤਿਆਰੀਆਂ ਸੰਬੰਧੀ ਮੀਟਿੰਗ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਪੰਜਾਬ, ਯੂ ਟੀ ਮੁਲਾਜ਼ਮ ਤੇ ਪੈਨਸ਼ਨਰਾਂ ਸਾਂਝਾ ਫਰੰਟ ਵੱਲੋਂ 20 ਅਗਸਤ ਨੂੰ ਜਲੰਧਰ ਵਿੱਚ ਕੀਤੀ ਜਾ ਰਹੀ ਕਨਵੈਨਸ਼ਨ ਦੀਆਂ ਤਿਆਰੀਆਂ ਸਬੰਧੀ ਪੰਜਾਬ ਪੈਨਸ਼ਨਰ ਵੈੱਲਫੇਅਰ ਐਸੋਸੀਏਸ਼ਨ ਬ੍ਰਾਂਚ ਫਿਰੋਜ਼ਪੁਰ ਦੀ ਮੀਟਿੰਗ ਬਲਕਾਰ ਸਿੰਘ ਮਾੜੀਮੇਘਾ ਦੀ ਪ੍ਰਧਾਨਗੀ ਹੇਠ ਸਟੇਟ ਕਰਮਚਾਰੀ ਦਲ ਦਫਤਰ ਫਿਰੋਜ਼ਪੁਰ ਵਿਖੇ ਹੋਈ। ਮੀਟਿੰਗ ਵਿੱਚ ਵੱਖ-ਵੱਖ ਵਿਭਾਗਾਂ ਦੇ ਪੈਨਸ਼ਨਰ ਸ਼ਾਮਲ ਹੋਏ। ਮੀਟਿੰਗ ਦੀ ਜਾਣਕਾਰੀ ਦਿੰਦਿਆਂ ਬ੍ਰਾਂਚ ਜਨਰਲ ਸਕੱਤਰ ਕਿਸ਼ਨ ਚੰਦ ਜਾਗੋਵਾਲੀਆ ਨੇ ਦੱਸਿਆ ਕਿ ਵਿਧਾਨ ਸਭਾ ਚੋਣਾਂ ਦੌਰਾਨ ਆਮ ਆਦਮੀ ਪਾਰਟੀ ਵੱਲੋਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਭਰੋਸਾ ਦਿੱਤਾ ਗਿਆ ਸੀ ਕਿ ਛੇਵੇਂ ਤਨਖਾਹ ਕਮਿਸ਼ਨ ਨੂੰ ਸੋਧ ਕੇ ਮੁਲਾਜ਼ਮ ਤੇ ਪੈਨਸ਼ਨਰ ਪੱਖੀ ਬਣਾਇਆ ਜਾਵੇਗਾ, ਪੈਨਸ਼ਨਰਾਂ ਦੀ ਪੈਨਸ਼ਨ ਦੁਰਾਈ 2.59 ਦੇ ਗੁਣਾਂਕ ਨਾਲ ਕੀਤੀ ਜਾਵੇਗੀ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕੀਤੀ ਜਾਵੇਗੀ, 37 ਕਿਸਮਾਂ ਦੇ ਭੱਤੇ ਬਹਾਲ ਕੀਤੇ ਜਾਣਗੇ, ਪਰ ਸਰਕਾਰ ਇਨ੍ਹਾਂ ਦਾ ਹੱਲ ਕਰਨ ਦੀ ਬਜਾਏ ਪੈਨਸ਼ਨਰਾਂ ਤੇ 200 ਰੁਪਏ ਜਬਰੀ ਵਿਕਾਸ ਟੈਕਸ ਥੋਪ ਦਿੱਤਾ ਗਿਆ ਹੈ, ਜਿਸ ਦਾ ਮੁਲਾਜ਼ਮਾਂ ਤੇ ਪੈਨਸ਼ਨਰਾਂ ਵਿੱਚ ਭਾਰੀ ਗੁੱਸਾ ਹੈ। ਮੀਟਿੰਗ ਵਿੱਚ ਪੰਜਾਬ ਅੰਦਰ ਆਏ ਹੜ੍ਹਾਂ ਨਾਲ ਹੋਏ ਜਾਨੀ ਨੁਕਸਾਨ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਤੇ ਪੰਜਾਬ ਦੇ ਸਮੁੱਚੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਹੜ੍ਹ ਪੀੜਤਾਂ ਦੀ ਮੱਦਦ ਕਰਨ ਦੀ ਅਪੀਲ ਕੀਤੀ।ਇਸ ਮੀਟਿੰਗ ਵਿੱਚ ਬਲਬੀਰ ਸਿੰਘ ਕੰਬੋਜ, ਪ੍ਰਮੋਦ ਕੁਮਾਰ ਗੋਗਾ, ਗੁਰਨਾਮ ਸਿੰਘ, ਤਰਸੇਮ ਸਿੰਘ ਬੇਦੀ, ਜਗਦੀਸ਼ ਰਾਏ, ਸਤਨਾਮ ਸਿੰਘ, ਕਰਮ ਸਿੰਘ, ਕੇਵਲ ਸਿੰਘ, ਰਮੇਸ਼ ਭੱਟੀ, ਜਗਰੂਪ ਮਸੀਹ, ਮੇਹਰ ਸਿੰਘ, ਓਮ ਪ੍ਰਕਾਸ਼, ਪਿਆਰਾ ਸਿੰਘ, ਲਾਜਵੰਤੀ, ਬੂਟਾ ਸਿੰਘ, ਗੁਰਮੀਤ ਸਿੰਘ, ਚਮਕੌਰ ਸਿੰਘ ਆਦਿ ਆਗੂ ਮੀਟਿੰਗ ਵਿੱਚ ਹਾਜ਼ਰ ਸਨ।

# ਸਾਬਕਾ ਚੇਅਰਮੈਨ ਜਗਸੀਰ ਸਿੰਘ ਕਾਲੇਕੇ ਸਨਮਾਨਤ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਪਿਛਲੇ ਦਿਨੀਂ ਸਥਾਨਕ ਸ਼ਹਿਰ ਦੇ ਨਿਹਾਲ ਸਿੰਘ ਵਾਲਾ ਰੋਡ ਉਪਰ ਸ਼੍ਰੋਮਣੀ ਸ਼ਹੀਦ ਬਾਬਾ ਜੀਵਨ ਸਿੰਘ ਕਲੱਬ ਵੱਲੋਂ ਆਪਣੇ ਸਹਿਯੋਗੀ ਸਾਥੀਆਂ ਦੇ ਸਹਿਯੋਗ ਨਾਲ ਸ਼੍ਰੋਮਣੀ ਸ਼ਹੀਦ ਬਾਬਾ ਜੀਵਨ ਸਿੰਘ ਦਾ ਸ਼ੁੱਭ ਮਹੂਰਤ ਕੀਤਾ ਗਿਆ ਸੀ, ਜਿਸ ਵਿਚ ਵੱਡੀ ਗਿਣਤੀ 'ਚ ਰਾਜਨੀਤਕ, ਸਮਾਜਕ ਅਤੇ ਧਾਰਮਕ ਸੰਸਥਾਵਾਂ ਦੇ ਨੁਮਾਇੰਦਿਆਂ ਇਸ ਉਦਘਾਟਨੀ ਸਮਾਰੋਹ 'ਚ ਪੁੱਜ ਕੇ ਸਮਾਗਮ ਦੀ ਰੌਣਕ ਨੂੰ ਵਧਾਇਆ। ਇਸ ਕਰਵਾਏ ਗਏ ਧਾਰਮਕ ਅਤੇ ਉਦਘਾਟਨੀ ਸਮਾਗਮ 'ਚ ਹਲਕਾ ਬਾਘਾ ਪੁਰਾਣਾ ਦੇ ਕਾਂਗਰਸ ਪਾਰਟੀ ਦੇ ਮੁੱਖ ਸੇਵਾਦਾਰ ਅਤੇ ਸਾਬਕਾ ਚੇਅਰਮੈਨ ਜਗਸੀਰ ਸਿੰਘ ਕਾਲੇਕੇ ਵਿਸ਼ੇਸ਼ ਤੌਰ 'ਤੇ ਪੁੱਜੇ, ਜਿਨ੍ਹਾਂ ਕਲੱਬ ਬਾਬਾ ਜੀਵਨ ਸਿੰਘ ਵੱਲੋਂ ਬਾਬਾ ਜੀਵਨ ਸਿੰਘ ਦੇ ਚੌਕ ਦੀ ਸਥਾਪਨਾ ਕਰਨ 'ਤੇ ਜਿੱਥੇ ਵਧਾਈ ਦਿੱਤੀ, ਉੱਥੇ ਹੀ ਕਾਰਜ ਕਲੱਬ ਵੱਲੋਂ ਕੀਤੇ ਗਏ ਇਸ ਦੀ ਸ਼ਲਾਘਾ ਕੀਤੀ। ਉਨ੍ਹਾ ਕਿਹਾ ਕਿ ਜੋ ਕੌਮਾਂ ਆਪਣੇ ਪੀਰਾਂ, ਪੈਗੰਬਰਾਂ, ਪੁਰਖ਼ਾਂ ਅਤੇ ਗੁਰੂਆਂ ਨੂੰ ਯਾਦ ਰੱਖਦੀਆਂ ਹਨ ਉਹ ਕੌਮਾਂ ਸਦਾ ਅਮਰ ਰਹਿੰਦੀਆਂ ਹਨ। ਇਸ ਮੌਕੇ ਬਾਬਾ ਜਗਸੀਰ ਸਿੰਘ ਵੱਲੋਂ ਸ਼੍ਰੋਮਣੀ ਸ਼ਹੀਦ ਬਾਬਾ ਜੀਵਨ ਸਿੰਘ ਦੇ ਸਥਾਪਿਤ ਕੀਤੇ ਗਏ ਸਰੂਪ ਉਪਰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਪਾ ਕੇ ਨਤਮਸਤਕ ਹੋਏ। ਇਸ ਮੌਕੇ ਕਲੱਬ ਦੇ ਸੇਵਾਦਾਰਾਂ ਹੰਸ ਰਾਜ, ਅਮਨਦੀਪ ਸਿੰਘ, ਭਾਈ ਗੁਰਚਰਨ ਸਿੰਘ, ਭਾਈ ਨਾਹਰ ਸਿੰਘ, ਭਾਈ ਗੁਰਦੀਪ ਸਿੰਘ, ਚਰਨ ਸਿੰਘ, ਚੌਧਰੀ ਬਿੰਦਰ ਸਿੰਘ, ਗੁਰਪ੍ਰੀਤ ਮਨਚੰਦਾ, ਗਗਨ ਚੱਢਾ, ਧਰਮਿੰਦਰ ਸਿੰਘ ਰੱਖਰਾ, ਲਖਵਿੰਦਰ ਸਿੰਘ, ਬਲਜੀਤ ਸਿੰਘ ਪ੍ਰਧਾਨ, ਅੰਮ੍ਰਿਤਪਾਲ ਸਿੰਘ, ਤਰਸੇਮ ਸਿੰਘ ਵੱਲੋਂ ਬਾਬਾ ਜਗਸੀਰ ਸਿੰਘ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਅਤੇ ਬਾਬਾ ਜੀ ਦਾ ਸਰੂਪ ਦੇ ਕੇ ਸਨਮਾਨਤ ਕੀਤਾ ਗਿਆ।

## ਸੇਵਾਮੁਕਤ ਅਧਿਆਪਕਾ ਨੇ ਵਿਕਾਸ ਕਾਰਜਾਂ ਲਈ ਚੈੱਕ ਸੌਂਪਿਆ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ/ਕੁਲਦੀਪ ਅੱਤਰੀ)**

ਸੰਤ ਅਤਰ ਸਿੰਘ ਅਕਾਲ ਅਕੈਡਮੀ ਮਸਤੂਆਣਾ ਸਾਹਿਬ ਵਿਖੇ ਇੱਕ ਅਧਿਆਪਕਾ ਵਜੋਂ ਸੇਵਾਵਾਂ ਨਿਭਾਉਣ ਵਾਲੀ ਮੈਡਲ ਚਰਨਜੀਤ ਕੌਰ ਚੰਨੀ ਨੇ ਆਪਣੀ ਨੇਕ ਕਮਾਈ ਵਿੱਚੋਂ ਇੱਕ ਲੱਖ ਰੁਪਏ ਦਾ ਚੈੱਕ ਅਕਾਲ ਕਾਲਜ ਕੌਂਸਲ ਦੇ ਮੁੱਖ ਪ੍ਰਬੰਧਕ ਕੈਪਟਨ ਡਾ. ਭੁਪਿੰਦਰ ਸਿੰਘ ਪੂਨੀਆ ਅਤੇ ਸਕੱਤਰ ਜਸਵੰਤ ਸਿੰਘ ਖਹਿਰਾ ਨੂੰ ਭੇਟ ਕੀਤਾ। ਅਧਿਆਪਕਾ ਚਰਨਜੀਤ ਕੌਰ ਚੰਨੀ ਨੇ ਕਿਹਾ ਕਿ ਇਹ ਰਕਮ ਉਨ੍ਹਾਂ ਸੰਤ ਅਤਰ ਸਿੰਘ ਅਕਾਲ ਅਕੈਡਮੀ ਦੇ ਵਿਕਾਸ ਕਾਰਜਾਂ ਲਈ ਯੋਗਦਾਨ ਪਾਈ ਹੈ ਤੇ ਸਮਾਜ ਦੇ ਸਮਰੱਥ ਹਰ ਵਿਅਕਤੀ ਨੂੰ ਆਪਣਾ ਬਣਦਾ ਯੋਗਦਾਨ ਪਾਉਣਾ ਚਾਹੀਦਾ ਹੈ। ਇਸ ਮੌਕੇ ਪ੍ਰਿੰ. ਡਾ. ਸੁਖਦੀਪ ਕੌਰ, ਗੁਰਜੰਟ ਸਿੰਘ ਦੁੱਗਾਂ, ਜਸਪਾਲ ਸਿੰਘ ਸਿੱਧੂ ਤੇ ਸਟਾਫ਼ ਮੈਂਬਰ ਹਾਜ਼ਰ ਸਨ।

# ਮੈਂਬਰ ਪਾਰਲੀਮੈਂਟ ਨੇ 7 ਪਿੰਡਾਂ ਨੂੰ 17 ਲੱਖ ਦੀ ਗ੍ਰਾਂਟ ਦੇ ਚੈੱਕ ਸੌਂਪੇ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**

ਲੋਕ ਸਭਾ ਹਲਕਾ ਫ਼ਤਹਿਗੜ੍ਹ ਸਾਹਿਬ ਤੋਂ ਮੈਂਬਰ ਪਾਰਲੀਮੈਂਟ ਡਾ. ਅਮਰ ਸਿੰਘ ਬੋਪਰਾਏ ਵੱਲੋਂ ਹਲਕਾ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ ਦੀ ਅਗਵਾਈ ਹੇਠ ਬਲਾਕ ਮਾਛੀਵਾੜਾ ਦੇ 7 ਪਿੰਡਾਂ ਨੂੰ 17 ਲੱਖ ਰੁਪਏ ਦੀ ਗ੍ਰਾਂਟ ਦੇ ਚੈੱਕ ਸੌਂਪੇ ਗਏ। ਐੱਮ.ਪੀ. ਅਮਰ ਸਿੰਘ ਵਲੋਂ ਕਕਰਾਲਾ ਖੁਰਦ ਨੂੰ 2 ਲੱਖ ਰੁਪਏ, ਕੋਟਲਾ ਸਮਸ਼ਪੁਰ ਨੂੰ 2 ਲੱਖ, ਬੌਂਦਲੀ ਨੂੰ 3 ਲੱਖ, ਹਰਿਓਂ ਕਲਾਂ ਨੂੰ 2 ਲੱਖ, ਸ਼ਾਮਗੜ੍ਹ ਨੂੰ 3 ਲੱਖ, ਸਮਸ਼ਪੁਰ ਨੂੰ 3 ਲੱਖ ਤੇ ਢਿਲਵਾਂ ਬਾਜੀਗਰ ਬਸਤੀ ਨੂੰ 2 ਲੱਖ ਰੁਪਏ ਦੀ ਗ੍ਰਾਂਟ ਦਾ ਚੈੱਕ ਦਿੱਤਾ। ਇਸ ਮੌਕੇ ਪਿੰਡਾਂ ਵਿੱਚ ਲੋਕਾਂ ਨੂੰ ਸੰਬੋਧਨ ਕਰਦਿਆਂ ਮੈਂਬਰ ਪਾਰਲੀਮੈਂਟ ਅਮਰ ਸਿੰਘ ਨੇ ਕਿਹਾ ਕਿ ਉਨ੍ਹਾਂ ਵਲੋਂ ਆਪਣੇ ਅਖਤਿਆਰੀ ਕੋਟੇ 'ਚੋਂ ਹਲਕਾ ਸਮਰਾਲਾ ਅਧੀਨ ਪੈਂਦੇ ਪਿੰਡਾਂ ਵਿੱਚ ਵਿਕਾਸ ਕਾਰਜਾਂ ਲਈ ਪਾਰਟੀ ਪੱਧਰ ਤੋਂ ਉੱਪਰ ਉੱਠ ਕੇ ਗ੍ਰਾਂਟ ਵੰਡੀ ਹੈ ਤੇ ਪੰਚਾਇਤਾਂ ਲੋਕਾਂ ਦੀ ਮੰਗ ਅਨੁਸਾਰ ਜੋ ਪਹਿਲ ਦੇ ਅਧਾਰ 'ਤੇ ਹੋਣ ਵਾਲੇ ਕੰਮ ਕਰਵਾਉਣ।

ਹਲਕਾ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ ਨੇ ਕਿਹਾ ਕਿ ਪੰਚਾਇਤਾਂ ਇਨ੍ਹਾਂ ਗ੍ਰਾਂਟਾਂ ਤੋਂ ਸੁਚੱਜੇ ਢੰਗ ਨਾਲ ਵਿਕਾਸ ਕਾਰਜ ਕਰਾਉਣ ਤਾਂ ਜੁ ਪਿੰਡਾਂ ਦੀ ਨੁਹਾਰ ਬਦਲੀ ਜਾ ਸਕੇ। ਇਸ ਮੌਕੇ ਜ਼ਿਲ੍ਹਾ ਸੀਨੀਅਰ ਉਪ ਪ੍ਰਧਾਨ ਕਸਤੂਰੀ ਲਾਲ ਮਿੰਟੂ, ਬਲਾਕ ਪ੍ਰਧਾਨ ਪਰਮਿੰਦਰ ਤਿਵਾੜੀ, ਚੇਅਰਮੈਨ ਸੁਖਜਿੰਦਰ ਸਿੰਘ ਮਾਨ, ਅਮਨਦੀਪ ਸਿੰਘ ਗੁਰੋਂ, ਦਲਬੀਰ ਸਿੰਘ, ਜਗਤਾਰ ਸਿੰਘ, ਰਾਮੇਸ਼ ਕੁਮਾਰ ਖੁੱਲਰ (ਦੋਵੇਂ ਬਲਾਕ ਸੰਮਤੀ ਮੈਂਬਰ), ਮੀਡੀਆ ਇੰਚਾਰਜ਼ ਵਿਨੀਤ ਝੜੌਦੀ, ਜਸਪ੍ਰੀਤ ਸਿੰਘ ਸਹਿਜੋ ਮਾਜਰਾ, ਸਰਪੰਚ ਨਾਜ਼ਰ ਸਿੰਘ ਕਕਰਾਲਾ ਖੁਰਦ, ਸਰਪੰਚ ਦਵਿੰਦਰ ਸਿੰਘ ਕੋਟਲਾ ਸਮਸ਼ਪੁਰ, ਸਰਪੰਚ ਪਰਮਜੀਤ ਕੌਰ ਬੌਂਦਲੀ, ਸਰਪੰਚ ਕੁਲਦੀਪ ਕੌਰ ਹਰਿਓਂ ਖੁਰਦ, ਸੁਖਬੀਰ ਸਿੰਘ ਕੰਗ, ਪੀਏ ਗੁਰਮੁਖ ਸਿੰਘ ਤੇ ਹਰਚੰਦ ਸਿੰਘ ਵੀ ਮੌਜੂਦ ਸਨ।

## ਪੁਲਸ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਲਾਈ 'ਨੰਨ੍ਹੀ ਕੌਂਪਲੇ' ਪ੍ਰਦਰਸ਼ਨੀ

**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਪ੍ਰਿੰਸੀਪਲ ਮੈਡਮ ਮੋਨਿਕਾ ਸਿੰਘ ਦੀ ਅਗਵਾਈ ਹੇਠ ਪੁਲਸ ਪਬਲਿਕ ਸਕੂਲ ਵਿਖੇ ਪ੍ਰੀ-ਪ੍ਰਾਇਮਰੀ ਤੋਂ ਲੈ ਕੇ ਪੰਜਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਵੱਲੋਂ 'ਨੰਨ੍ਹੀ ਕੌਂਪਲੇ' ਪ੍ਰਦਰਸ਼ਨੀ ਲਾਈ ਗਈ। ਇਸ ਪ੍ਰਦਰਸ਼ਨੀ ਵਿੱਚ ਵਿਦਿਆਰਥੀਆਂ ਵੱਲੋਂ ਵੱਖ-ਵੱਖ ਵਿਸ਼ਿਆਂ ਦੇ ਕਾਰਜਸ਼ੀਲ ਮਾਡਲ ਤੇ ਸੁੰਦਰ ਚਾਰਟ ਤਿਆਰ ਕੀਤੇ ਗਏ। ਇਸ ਪ੍ਰੋਗਰਾਮ ਦੌਰਾਨ ਨਗਰ ਨਿਗਮ ਦੇ ਮੇਅਰ ਸ਼੍ਰੀਮਤੀ ਰਮਨ ਗੋਇਲ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਸਕੂਲੀ ਵਿਦਿਆਰਥੀਆਂ ਤੋਂ ਜਿੱਥੇ ਮਾਡਲਾਂ ਸਬੰਧੀ ਜਾਣਕਾਰੀ ਹਾਸਲ ਕੀਤੀ, ਉੱਥੇ ਹੀ ਉਨ੍ਹਾਂ ਵਿਦਿਆਰਥੀਆਂ ਦੀ ਹੌਸਲਾ ਅਫ਼ਜ਼ਾਈ ਵੀ ਕੀਤੀ। ਇਸ ਮੌਕੇ ਪੁਲਸ ਪਬਲਿਕ ਸਕੂਲ ਦੇ ਵਿਦਿਆਰਥੀਆਂ ਵਲੋਂ ਪੁਰਾਣੀਆਂ ਨਾ ਵਰਤੋਂ ਯੋਗ ਚੀਜ਼ਾਂ ਨੂੰ ਵਰਤੋਂ 'ਚ ਲਿਆ ਕੇ ਉਪਯੋਗੀ ਸਮਾਨ ਤਿਆਰ ਕੀਤਾ ਅਤੇ ਪਲਾਸਟਿਕ ਪ੍ਰਦੂਸ਼ਣ ਨੂੰ ਰੋਕਣ ਦੇ ਮੱਦੇਨਜ਼ਰ 'ਸਵੱਛ ਭਾਰਤ' ਦਾ ਸੰਦੇਸ਼ ਵੀ ਦਿੱਤਾ। ਇਸ ਸਮਾਗਮ ਦੌਰਾਨ ਮੈਡਮ ਮੋਨਿਕਾ ਸਿੰਘ ਨੇ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਇਸ ਪ੍ਰਦਰਸ਼ਨੀ ਦੀ ਸਫ਼ਲਤਾ 'ਤੇ ਵਧਾਈ ਦਿੱਤੀ।

# ਸਵਾਮੀ ਰੂਪ ਚੰਦ ਜੈਨ ਸੀਨੀਅਰ ਸੈਕੰਡਰੀ ਸਕੂਲ 'ਚ ਵਿਦਿਆਰਥੀ ਸਨਮਾਨ ਸਮਾਰੋਹ



**ਜਗਰਾਉਂ (ਅਮਿਤ ਖੰਨਾ)**-ਸਵਾਮੀ ਰੂਪ ਚੰਦ ਜੈਨ ਸੀਨੀਅਰ ਸੈਕੰਡਰੀ ਸਕੂਲ 'ਚ ਪ੍ਰਿੰਸੀਪਲ ਰਾਜਪਾਲ ਕੌਰ ਦੀ ਅਗਵਾਈ 'ਚ ਸੈਸ਼ਨ 2023-2024 ਲਈ ਨਵੀਂ ਵਿਦਿਆਰਥੀ ਪ੍ਰੀਸ਼ਦ ਦੇ ਗਠਨ ਦਰਸਾਉਂਦੇ ਹੋਏ ਵਿਸ਼ੇਸ਼ ਸਮਾਰੋਹ ਕਰਵਾਇਆ ਗਿਆ। ਇਹ ਸਮਾਰੋਹ ਵਿਦਿਆਰਥੀਆਂ ਨੂੰ ਜ਼ਿੰਮੇਵਾਰੀ ਸੌਂਪਣ ਬਾਰੇ ਸੀ ਜਿਨ੍ਹਾਂ ਤੋਂ ਸਕੂਲ ਦੇ ਮਸਲਿਆਂ ਦੀ ਜ਼ਿੰਮੇਵਾਰੀ ਸੰਭਾਲਣ, ਫੈਸਲੇ ਲੈਣ ਦੇ ਹੁਨਰ, ਮਿਲਜੁਲ ਕੇ ਬਿਨਾਂ ਕਿਸੇ ਭੇਦਭਾਵ ਦੇ ਕੰਮ ਕਰਨ ਅਤੇ ਟੀਮਵਰਕ ਦੀ ਭਾਵਨਾ ਨਾਲ ਅਨੁਸ਼ਾਸਨ ਵਿੱਚ ਰਹਿ ਕੇ ਮਿਹਨਤ ਤੇ ਲਗਨ ਨਾਲ ਸੱਚੀ ਸੇਵਾ ਨਿਭਾ ਕੇ ਸਕੂਲ ਨੂੰ ਉੱਚੀਆਂ ਬੁਲੰਦੀਆਂ 'ਤੇ ਪਹੁੰਚਾਉਣ ਦੀ ਉਮੀਦ ਕੀਤੀ ਗਈ। ਇਸ ਕੈਬਨਿਟ ਸਭਾ 'ਚ ਚੁਣੇ ਗਏ ਵਿਦਿਆਰਥੀਆਂ 'ਚ ਕੈਪਟਨ ਟੈਗੋਰ ਹਾਊਸ ਭਾਵਨਾ ਜਮਾਤ ਬਾਰ੍ਹਵੀਂ ਕਾਮਰਸ ਗਰੁੱਪ ਨੇ, ਵਾਈਸ ਕੈਪਟਨ ਸੰਦੀਪ ਜਮਾਤ ਬਾਰ੍ਹਵੀਂ ਸਾਇੰਸ ਗਰੁੱਪ, ਡਿਸਪਲਿਨ ਇੰਚਾਰਜ ਅਭਿਸ਼ੇਕ ਜਮਾਤ ਬਾਰ੍ਹਵੀਂ ਆਰਟਸ ਗਰੁੱਪ, ਨਹਿਰੂ ਹਾਊਸ ਕੈਪਟਨ ਕੀਰਤੀ ਜਮਾਤ ਬਾਰ੍ਹਵੀਂ ਕਾਮਰਸ ਗਰੁੱਪ, ਵਾਈਸ ਕੈਪਟਨ ਪਾਇਲ ਜਮਾਤ ਬਾਰ੍ਹਵੀਂ ਕਾਮਰਸ ਗਰੁੱਪ, ਡਿਸਪਲਿਨ ਇੰਚਾਰਜ ਹਿਮਾਂਸ਼ਪ੍ਰੀਤ ਜਮਾਤ ਗਿਆਰ੍ਹਵੀਂ ਕਾਮਰਸ ਗਰੁੱਪ; ਸੁਭਾਸ਼ ਹਾਊਸ ਕੈਪਟਨ ਨੈਨਸੀ ਜਮਾਤ ਬਾਰ੍ਹਵੀਂ ਸਾਇੰਸ ਗਰੁੱਪ, ਵਾਇਸ ਕੈਪਟਨ ਅਰਸ਼ਪ੍ਰੀਤ ਸਿੰਘ ਜਮਾਤ ਗਿਆਰ੍ਹਵੀਂ ਆਰਟਸ ਗਰੁੱਪ, ਡਿਸਪਲਿਨ ਇੰਚਾਰਜ ਮਹਿੰਦਰਪਾਲ ਸਿੰਘ ਜਮਾਤ ਬਾਰ੍ਹਵੀਂ ਆਰਟਸ ਗਰੁੱਪ, ਗਾਂਧੀ ਹਾਊਸ 'ਚੋਂ ਕੈਪਟਨ ਕਮਲਜੀਤ ਸਿੰਘ ਜਮਾਤ ਬਾਰ੍ਹਵੀਂ ਆਰਟਸ ਗਰੁੱਪ, ਵਾਇਸ ਕੈਪਟਨ ਮਨਪ੍ਰੀਤ ਸਿੰਘ ਜਮਾਤ ਗਿਆਰ੍ਹਵੀਂ ਕਾਮਰਸ ਗਰੁੱਪ ਡਿਸਪਲਿਨ ਚਾਰਜ ਸੁਮਨ ਬੱਤਰਾ ਜਮਾਤ ਬਾਰ੍ਹਵੀਂ ਕਾਮਰਸ ਗਰੁੱਪ, ਸਪੋਰਟਸ ਕਲੱਬ 'ਚ ਕੈਪਟਨ ਕੁਲਵਿੰਦਰ ਸਿੰਘ ਜਮਾਤ ਬਾਰ੍ਹਵੀਂ ਆਰਟਸ ਗਰੁੱਪ, ਲੜਕੀ ਸੁਖਪ੍ਰੀਤ ਕੌਰ ਜਮਾਤ ਬਾਰ੍ਹਵੀਂ ਕਾਮਰਸ ਗਰੁੱਪ ਵਾਈਸ ਕੈਪਟਨ ਲੜਕਾ ਸੁਖਪ੍ਰੀਤ ਸਿੰਘ ਜਮਾਤ ਬਾਰ੍ਹਵੀਂ ਆਰਟਸ ਗਰੁੱਪ, ਵਾਈਸ ਕੈਪਟਨ ਲੜਕੀ ਰਾਜਵੀਰ ਕੌਰ ਜਮਾਤ ਬਾਰ੍ਹਵੀਂ ਕਾਮਰਸ ਗਰੁੱਪ, ਹੈੱਡ ਬੋਆਏ ਬਵਨ ਬੱਤਰਾ ਜਮਾਤ ਬਾਰ੍ਹਵੀਂ ਕਾਮਰਸ ਗਰੁੱਪ, ਹੈਡ ਗਰਲ ਕਮਲ ਪ੍ਰੀਤ ਜਮਾਤ ਬਾਰ੍ਹਵੀਂ ਸਾਇੰਸ ਗਰੁੱਪ, ਡਿਪਟੀ ਹੈੱਡ ਬੋਆਏ ਮਨਜੋਤ ਸਿੰਘ ਜਮਾਤ ਗਿਆਰਵੀਂ ਆਰਟਸ ਗਰੁੱਪ, ਡਿਪਟੀ ਹੈੱਡ ਲੜਕੀ ਪ੍ਰੀਆ ਮਲਹੋਤਰਾ ਜਮਾਤ ਗਿਆਰ੍ਹਵੀਂ ਕਾਮਰਸ ਗਰੁੱਪ, ਸੈਕਟਰੀ ਹਰਮਨਪ੍ਰੀਤ ਸਿੰਘ ਜਮਾਤ ਗਿਆਰ੍ਹਵੀਂ ਆਰਟਸ ਗਰੁੱਪ, ਓਵਰਆਲ ਡਿਸਪਲਿਨ ਇੰਚਾਰਜ ਸਾਹਿਬਾ ਜਮਾਤ ਬਾਰ੍ਹਵੀਂ ਕਾਮਰਸ ਗਰੁੱਪ। ਇਨ੍ਹਾਂ ਸਾਰੇ ਗਰੁੱਪ ਵਿਦਿਆਰਥੀਆਂ ਨੂੰ ਬੈਚ ਦੇ ਕੇ ਸਨਮਾਨਤ ਕੀਤਾ ਗਿਆ। ਪ੍ਰਿੰਸੀਪਲ ਰਾਜਪਾਲ ਕੌਰ ਨੇ ਮੁੱਖ ਮਹਿਮਾਨ ਸਮੂਹ ਮੈਨੇਜਮੈਂਟ ਮੈਂਬਰਾਂ ਨੂੰ ਜੀ ਆਇਆਂ ਕਹਿੰਦੇ ਹੋਏ ਸਮਾਗਮ ਵਿੱਚ ਨਿੱਘਾ ਸਵਾਗਤ ਕੀਤਾ। ਇਸ ਸਭਾ ਵਿੱਚ ਨਵੇਂ ਚੁਣੇ ਗਏ ਮੈਂਬਰਾਂ ਨੂੰ ਮੁੱਖ ਮਹਿਮਾਨ ਵੱਲੋਂ ਬੈਚ, ਸ਼ੈਸ਼ੇ ਤੇ ਝੰਡੇ ਦੇ ਕੇ ਸਨਮਾਨਤ ਕੀਤਾ ਗਿਆ।

## ਆਂਗਣਵਾੜੀ ਸੈਂਟਰ 'ਚ 'ਮਾਂ ਦਾ ਦੁੱਧ ਅੰਮ੍ਰਿਤ' ਸੰਬੰਧੀ ਜਾਗਰੂਕਤਾ ਕੈਂਪ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਆਂਗਣਵਾੜੀ ਸੈਂਟਰ ਨੰ. 527 ਵਿੱਚ ਮਾਂ ਦੇ ਦੁੱਧ ਦੀ ਮਹੱਹਤਾ ਸੰਬਧੀ ਜਾਗਰੂਕਤਾ ਕੈਂਪ ਲਾ ਕੇ ਮਾਂਵਾਂ ਨੂੰ ਜਾਗਰੂਕ ਕੀਤਾ ਗਿਆ। ਸਤਵੰਤ ਸਿੰਘ ਨੇ ਦੱਸਿਆ ਕਿ ਮਾਂ ਦਾ ਦੁੱਧ ਬੱਚੇ ਲਈ ਪ੍ਰਮਾਤਮਾ ਵੱਲੋਂ ਬਖ਼ਸ਼ੀ ਬਹੁਤ ਵੱਡੀ ਨਿਆਮਤ ਹੈ, ਜਿਸ ਦਾ ਕੋਈ ਵੀ ਮੇਲ ਨਹੀਂ ਹੈ। ਜਣੇਪੇ ਤੋਂ ਤੁਰੰਤ ਬਾਅਦ ਮਾਂ ਦਾ ਦੁੱਧ ਬੱਚੇ ਨੂੰ ਪਿਲਾਉਣਾ ਜ਼ਰੂਰੀ ਹੈ। ਪਹਿਲੇ 6 ਮਹੀਨੇ ਤਾਂ ਕੇਵਲ ਮਾਂ ਦਾ ਦੁੱਧ ਬੱਚੇ ਲਈ ਸੰਪੂਰਨ ਖੁਰਾਕ ਹੈ। ਪਹਿਲਾ ਪੀਲਾ ਗਾੜ੍ਹਾ ਦੁੱਧ ਬੱਚੇ ਵਿੱਚ ਬਿਮਾਰੀਆਂ ਤੋਂ ਬਚਣ ਦਾ ਸੁਰੱਖਿਆ ਕਵਚ ਦਾ ਕੰਮ ਕਰਦਾ ਹੈ।

ਆਈਆਂ ਮਾਂਵਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚੇ ਨੂੰ ਤੰਦਰੁਸਤ ਰੱਖਣ ਲਈ ਮਾਂ ਦਾ ਦੁੱਧ ਜ਼ਰੂਰ ਪਿਲਾਉਣ। ਮਾਂ ਦੇ ਦੁੱਧ ਦੀ ਤੁਲਨਾ ਕਿਸੇ ਵੀ ਗ਼ੈਰ ਕੁਦਰਤੀ ਖੁਰਾਕ ਨਾਲ ਨਹੀਂ ਕੀਤੀ ਜਾ ਸਕਦੀ। ਜਿਹੜੀਆਂ ਮਾਂਵਾਂ ਬੱਚੇ ਨੂੰ ਆਪਣਾ ਦੁੱਧ ਪਿਲਾਉਂਦੀਆਂ ਹਨ, ਉਨ੍ਹਾਂ ਦੇ ਬੱਚੇ ਬਹੁਤ ਘੱਟ ਬਿਮਾਰ ਹੁੰਦੇ ਹਨ। ਬੋਤਲ ਨਾਲ ਦੁੱਧ ਪਿਲਾਉਣ ਦੀ ਸਖਤ ਨਿਖੇਧੀ ਕੀਤੀ ਤੇ ਕਿਹਾ ਕਿ ਆਪਣਾ ਦੁੱਧ ਪਿਲਾਉਣ ਵਾਲੀਆਂ ਮਾਵਾਂ ਬਹੁਤ ਸਾਰੀਆ ਬਿਮਾਰੀਆਂ ਜਿਵੇਂ ਕਿ ਛਾਤੀ ਤੇ ਬੱਚੇਦਾਨੀ ਦਾ ਕੈਂਸਰ ਆਦਿ ਤੋਂ ਬਚ ਜਾਂਦੀਆਂ ਹਨ।

# ਪੀ ਡਬਲਯੂ ਡੀ ਫੀਲਡ ਤੇ ਵਰਕਸ਼ਾਪ ਵਰਕਰਜ਼ ਯੂਨੀਅਨ ਦੀ ਮੀਟਿੰਗ



**ਜਲਾਲਾਬਾਦ (ਜੀਤ ਕੁਮਾਰ)**-ਪੀ ਡਬਲਯੂ ਡੀ ਫੀਲਡ ਅਤੇ ਵਰਕਸ਼ਾਪ ਵਰਕਰਜ਼ ਯੂਨੀਅਨ ਬ੍ਰਾਂਚ ਜਲਾਲਾਬਾਦ ਦੀ ਮੀਟਿੰਗ ਦਫਤਰ ਜਲ ਸਪਲਾਈ ਅਤੇ ਸੈਨੀਟੇਸ਼ਨ ਗੁਮਾਨੀਵਾਲਾ (ਟੰਕੀ) ਤੇ ਬ੍ਰਾਂਚ ਪ੍ਰਧਾਨ ਪਰਮਜੀਤ ਸਿੰਘ ਸੋਹਣਾ ਸਾਂਦੜ ਦੀ ਪ੍ਰਧਾਨਗੀ ਹੇਠ ਕੀਤੀ ਗਈ। ਸੂਬਾਈ ਆਗੂ ਅਤੇ ਬ੍ਰਾਂਚ ਜਨਰਲ ਸਕੱਤਰ ਫੁੰਮਣ ਸਿੰਘ ਕਾਠਗੜ੍ਹ ਨੇ ਦੱਸਿਆ ਕਿ ਪੰਜਾਬ ਸਰਕਾਰ ਅਤੇ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਵੱਲੋਂ ਮੁਲਾਜ਼ਮਾਂ ਦੀਆਂ ਹੱਕੀ ਤੇ ਜਾਇਜ਼ ਮੰਗਾਂ ਦਾ ਹੱਲ ਕਰਨ ਦੀ ਬਜਾਏ ਟਾਲ ਮਟੋਲ ਦੀ ਨੀਤੀ ਅਪਣਾਈ ਜਾ ਰਹੀ ਹੈ। ਮੁਲਾਜ਼ਮਾਂ ਦੀਆਂ ਮੁੱਖ ਮੰਗਾਂ ਡੇਲੀਵੇਜ, ਇਨਲਿਸਟਮੈਂਟ/ਆਊਟਸੋਰਸ ਵਰਕਰਾਂ ਨੂੰ ਵਿਭਾਗ 'ਚ ਲੈ ਕੇ ਪੱਕਾ ਕੀਤਾ ਜਾਵੇ, ਵਿਭਾਗ ਅੰਦਰ ਕੰਮ ਕਰਦੇ ਦਰਜਾ 3 ਤੇ 4 ਦੀਆਂ ਪ੍ਰਮੋਸ਼ਨਾਂ ਕੀਤੀਆਂ ਜਾਣ, ਵਿਭਾਗੀ ਟੈਸਟ ਪਾਸ ਪੰਪ ਉਪਰੇਟਰਾਂ, ਫਿਟਰਾਂ ਦੀਆਂ ਪ੍ਰਮੋਸ਼ਨਾਂ ਕੀਤੀਆਂ ਜਾਣ, ਪੇ-ਕਮਿਸ਼ਨ ਦੇ ਬਕਾਏ ਦਿੱਤੇ ਜਾਣ, ਡੀ ਏ ਦੀਆਂ ਕਿਸ਼ਤਾਂ ਜਾਰੀ ਕੀਤੀਆਂ ਜਾਣ, ਮ੍ਰਿਤਕਾਂ ਦੇ ਵਾਰਸਾਂ ਨੂੰ ਨੌਕਰੀਆਂ ਦਿੱਤੀਆਂ ਜਾਣ, ਵਿਭਾਗ ਦੀਆਂ ਸਰਕਾਰੀ ਜਲ ਸਪਲਾਈ ਸਕੀਮਾਂ ਦਾ ਪੰਚਾਇਤੀ ਨਿੱਜੀਕਰਨ ਬੰਦ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਉਕਤ ਮੰਗਾਂ ਦਾ ਹੱਲ ਜਲਦੀ ਨਾ ਕੀਤਾ ਗਿਆ ਤਾਂ ਜਥੇਬੰਦੀ ਵੱਲੋਂ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦੇ ਮੰਤਰੀ ਦੇ ਹਲਕੇ ਹੁਸ਼ਿਆਰਪੁਰ ਵਿਖੇ 26 ਅਗਸਤ ਨੂੰ ਰੈਲੀ ਕੀਤੀ ਜਾਵੇਗੀ। ਇਸ ਰੈਲੀ 'ਚ ਜਲਾਲਾਬਾਦ ਤੋਂ ਵੱਡੀ ਗਿਣਤੀ 'ਚ ਸ਼ਮੂਲੀਅਤ ਕੀਤੀ ਜਾਵੇਗੀ। ਇਸ ਤੋਂ ਇਲਾਵਾ ਪੰਜਾਬ ਸੁਬਾਰਡੀਨੇਟ ਸਰਵਿਸ ਫੈਡਰੇਸ਼ਨ ਪੰਜਾਬ ਦੇ ਫੈਸਲੇ ਮੁਤਾਬਕ 9 ਅਗਸਤ ਨੂੰ ਹੁਸੈਨੀਵਾਲਾ ਤੋਂ ਝੰਡਾ ਮਾਰਚ ਫਿਰੋਜ਼ਪੁਰ, ਜਲਾਲਾਬਾਦ, ਫਾਜ਼ਿਲਕਾ, ਅਬੋਹਰ ਤੱਕ ਕੀਤਾ ਜਾਵੇਗਾ, ਜਿਸ ਦੀ ਅਗਵਾਈ ਪ ਸ ਸ ਫ ਦੇ ਆਗੂ ਕਰਮਜੀਤ ਸਿੰਘ ਬੀਹਲਾ ਅਤੇ ਅਨਿਲ ਕੁਮਾਰ ਜਨਰਲ ਸਕੱਤਰ ਪੀ ਡਬਲਯੂ ਡੀ ਫੀਲਡ ਅਤੇ ਵਰਕਸ਼ਾਪ ਯੂਨੀਅਨ ਪੰਜਾਬ ਕਰਨਗੇ। ਇਸ ਮੌਕੇ ਜਥੇਬੰਦੀ ਦੇ ਪ੍ਰਧਾਨ ਪਰਮਜੀਤ ਸਿੰਘ, ਜਨਰਲ ਸਕੱਤਰ ਫੁੰਮਣ ਸਿੰਘ, ਗੁਰਦੇਵ ਸਿੰਘ ਮੋਹਲਾ, ਹਰਵੇਲ ਸਿੰਘ, ਜਸਵੰਤ ਸਿੰਘ, ਹਰਜੀਤ ਸਿੰਘ, ਬੰਤਾ ਸਿੰਘ, ਗੁਰਪ੍ਰੀਤ ਸਿੰਘ, ਸ਼ਾਮਾ ਨੰਦ, ਸੱਜਣ ਸਿੰਘ, ਅੱਤਰ ਸਿੰਘ, ਸ਼ਾਮਾ ਨੰਦ, ਸਰਦੂਲ ਸਿੰਘ, ਪ੍ਰਤਾਪ ਸਿੰਘ, ਮੱਖਣ ਸਿੰਘ, ਜੋਗਿੰਦਰ ਪਾਲ, ਰਾਜ ਸਿੰਘ, ਰਾਜ ਕੁਮਾਰ ਆਦਿ ਨੇ ਵੀ ਸੰਬੋਧਨ ਕੀਤਾ।

7-August-PAGE-8.qxd 8/6/2023 9:49 PM Page 1



# ਸਥਾਨਕ ਸਰਕਾਰਾਂ ਮੰਤਰੀ ਨੇ 76 ਲੱਖ ਰੁਪਏ ਦੇ ਵੱਖ-ਵੱਖ ਵਿਕਾਸ ਪ੍ਰੋਜੈਕਟਾਂ ਦੇ ਰੱਖੇ ਨੀਂਹ ਪੱਥਰ



**ਚੰਡੀਗੜ੍ਹ, (ਗੁਰਜੀਤ ਬਿੱਲਾ)**-ਸਥਾਨਕ ਸਰਕਾਰਾਂ ਮੰਤਰੀ ਬਲਕਾਰ ਸਿੰਘ ਵੱਲੋਂ ਅੱਜ ਜਲੰਧਰ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਵਿੱਚ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ 76 ਲੱਖ ਰੁਪਏ ਦੇ ਵਿਕਾਸ ਪ੍ਰੋਜੈਕਟਾਂ ਦੇ ਨੀਂਹ ਪੱਥਰ ਰੱਖੇ ਗਏ। ਇਨ੍ਹਾਂ ਪ੍ਰੋਜੈਕਟਾਂ ਵਿੱਚ ਪਿੰਡ ਕਲਿਆਣਪੁਰ ਵਿਖੇ 30 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲਾ ਨਵਾਂ ਹੈਲਥ ਅਤੇ ਵੈਲਨੈਸ ਸੈਂਟਰ, ਪਿੰਡ ਗੋਬਿੰਦਪੁਰ ਵਿੱਚ 20 ਲੱਖ ਰੁਪਏ ਨਾਲ ਤਿਆਰ ਹੋਣ ਵਾਲਾ ਕਮਿਊਨਿਟੀ ਹਾਲ, ਪਿੰਡ ਗਿੱਲ ਵਿੱਚ 6 ਲੱਖ ਰੁਪਏ ਨਾਲ ਬਣਨ ਵਾਲੀਆਂ ਗਲੀਆਂ-ਨਾਲੀਆਂ ਅਤੇ ਪਿੰਡ ਨਾਹਲ ਵਿਖੇ 20 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲਾ ਨਵਾਂ ਪੰਚਾਇਤ ਘਰ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਲੋਕਾਂ ਨੂੰ ਚੰਗੀਆਂ ਸਹੂਲਤਾਂ ਮੁਹੱਈਆ ਕਰਵਾਉਣ ਲਈ ਪਿੰਡਾਂ ਦੇ ਵਿਕਾਸ ਨੂੰ ਵਿਸ਼ੇਸ਼ ਤਰਜੀਹ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਪ੍ਰੋਜੈਕਟਾਂ ਨੂੰ ਸਮੇਂ ਸਿਰ ਪੂਰਾ ਕੀਤਾ ਜਾਵੇਗਾ ਕਿਉਂਕਿ ਇਨ੍ਹਾਂ ਪਿੰਡਾਂ ਦੇ ਵਿਕਾਸ ਕਾਰਜ ਲੋਕਾਂ ਲਈ ਸਿੱਧੇ ਤੌਰ 'ਤੇ ਲਾਭਦਾਇਕ ਸਿੱਧ ਹੋਣਗੇ। ਉਨ੍ਹਾਂ ਪੰਚਾਇਤਾਂ ਨੂੰ ਇਹ ਵੀ ਕਿਹਾ ਕਿ ਲੋਕਾਂ ਦੀ ਮੰਗ ਅਨੁਸਾਰ ਨਵੇਂ ਵਿਕਾਸ ਕਾਰਜਾਂ ਸਬੰਧੀ ਤਜਵੀਜ਼ਾਂ ਭੇਜੀਆਂ ਜਾਣ। ਇਸ ਮੌਕੇ ਸਥਾਨਕ ਸਰਕਾਰਾਂ ਮੰਤਰੀ ਵਲੋਂ ਆਮ ਆਦਮੀ ਪਾਰਟੀ ਦੀ ਸਰਕਾਰ ਵਲੋਂ ਕੀਤੀਆਂ ਗਈਆਂ ਪ੍ਰਾਪਤੀਆਂ ਜਿਵੇਂ 600 ਮੁਫ਼ਤ ਬਿਜਲੀ ਯੂਨਿਟ, ਆਮ ਆਦਮੀ ਕਲੀਨਿਕ, ਨੌਜਵਾਨਾਂ ਨੂੰ ਦਿੱਤੀਆਂ ਗਈਆਂ 30000 ਸਰਕਾਰੀ ਨੌਕਰੀਆਂ, ਭ੍ਰਿਸ਼ਟਾਚਾਰ ਵਿਰੁੱਧ ਸ਼ੁਰੂ ਕੀਤੀ ਜੰਗ ਅਤੇ ਲੋਕ ਭਲਾਈ ਲਈ ਸੂਬਾ ਸਰਕਾਰ ਵਲੋਂ ਲਏ ਗਏ ਅਨੇਕਾਂ ਫੈਸਲਿਆਂ ਬਾਰੇ ਜਾਣੂੰ ਕਰਵਾਇਆ ਗਿਆ। ਇਸ ਮੌਕੇ ਪੰਚਾਇਤਾਂ ਦੇ ਸਰਪੰਚ, ਪੰਚਾਇਤ ਮੈਂਬਰ ਅਤੇ ਹੋਰ ਮੋਹਤਵਰ ਵਿਅਕਤੀ ਵੀ ਹਾਜ਼ਰ ਸਨ।

## ਆਜ਼ਾਦੀ ਘੁਲਾਟੀਆਂ ਦੀ ਯਾਦ 'ਚ 15 ਨੂੰ ਟਾਂਡਾ 'ਚ ਤਿਰੰਗਾ ਮਾਰਚ

**ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਉਂਕਾਰ ਸਿੰਘ)**-ਭਾਰਤ ਦੀ ਅਜ਼ਾਦੀ ਲਈ ਜਿਨ੍ਹਾਂ ਆਜ਼ਾਦੀ ਘੁਲਾਟੀਆਂ ਨੇ ਆਪਣੀਆਂ ਕੀਮਤੀ ਜ਼ਿੰਦਗੀਆਂ ਕੁਰਬਾਨ ਕਰ ਦਿੱਤੀਆਂ ਸਨ, ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਯਾਦ ਕਰਦੇ ਹੋਏ ਉਨ੍ਹਾਂ ਦੀ ਸੋਚ ਤੇ ਪਹਿਰਾ ਦੇਣ ਲਈ ਸ਼ਿਵ ਸੈਨਾ ਪੰਜਾਬ ਦੇ ਰਾਸ਼ਟਰੀ ਪ੍ਰਧਾਨ ਸੰਜੀਵ ਘਨੌਲੀ ਅਤੇ ਰਾਸ਼ਟਰੀ ਚੇਅਰਮੈਨ ਰਾਜੀਵ ਟੰਡਨ ਦੇ ਹੁਕਮ ਅਨੁਸਾਰ ਸ਼ਿਵ ਸੈਨਾ ਉਤਰੀ ਭਾਰਤ ਪ੍ਰਧਾਨ ਮਿੱਕੀ ਪੰਡਤ ਦੇ ਦਿਸ਼ਾ ਨਿਰਦੇਸ਼ ਦੀ ਪਾਲਣਾ ਕਰਦੇ ਹੋਏ ਦੋਆਬਾ ਪ੍ਰਧਾਨ ਰਾਹੁਲ ਖੰਨਾ ਦੀ ਅਗਵਾਈ 'ਚ ਸ਼ਿਵ ਸੈਨਾ ਦੇ ਦਫਤਰ ਟਾਂਡਾ ਵਿਖੇ ਇੱਕ ਹੰਗਾਮੀ ਮੀਟਿੰਗ ਹੋਈ, ਜਿਸ ਵਿੱਚ 15 ਅਗਸਤ ਨੂੰ ਟਾਂਡਾ ਵਿਖੇ ਤਿਰੰਗਾ ਮਾਰਚ ਕੱਢਣ ਲਈ ਰਣਨੀਤੀ ਤਿਆਰ ਕਰਨ ਸੰਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੌਕੇ ਰਾਹੁਲ ਖੰਨਾ, ਵਿਵੇਕ ਵਿਜਨ, ਅਰੁਨ ਸੇਠੀ, ਹਰਦੀਪ, ਬਿਸਨ, ਦੇਵ ਰਾਜ, ਕਸ਼ਿਸ਼ ਚੋਪੜਾ, ਅਮਨ, ਪ੍ਰੀਤ, ਬਬਲੂ, ਮੁਕੇਸ਼ ਕੁਮਾਰ, ਸੰਨੀ ਨਿਤਿਨ ਕੁਮਾਰ, ਆਕਾਸ਼, ਜੋਨੀ, ਕੈਲਾਸ਼, ਵਿਨੋਦ ਕੁਮਾਰ, ਸੰਦੀਪ, ਸਾਬੀ, ਰਵੀ ਕੁਮਾਰ ਅਤੇ ਹੋਰ ਹਾਜ਼ਰ ਸਨ।



## ਕ੍ਰਿਸਚੀਅਨ ਤੇ ਦਲਿਤਾਂ ਉੱਪਰ ਤਸ਼ੱਦਦ ਖਿਲਾਫ ਪੰਜਾਬ 9 ਨੂੰ ਬੰਦ ਹੋਵੇਗਾ : ਮਨੀਪੁਰ ਇਨਸਾਫ ਮੋਰਚਾ




**ਜਲੰਧਰ (ਇਕਬਾਲ ਸਿੰਘ ਉੱਭੀ)**-ਸਥਾਨਕ ਪ੍ਰੈਸ ਕਲੱਬ ਵਿਖੇ ਪੱਤਰਕਾਰ ਸੰਮੇਲਨ ਦੌਰਾਨ ਪੱਤਰਕਾਰਾਂ ਨਾਲ ਗੱਲ ਕਰਦਿਆਂ ਹੋਸੰਨਾ ਪੰਜਾਬੀ ਮਨਿਸਟਰੀ ਅਤੇ ਕ੍ਰਿਸਚਨ ਪਾਸਟਰ ਐਸੋਸੀਏਸ਼ਨ ਦੇ ਪ੍ਰਧਾਨ ਪਾਸਟਰ ਐਂਥਨੀ ਮਸੀਹ, ਯੂਨਾਈਟਡ ਪਾਸਟਰ ਐਸੋਸੀਏਸ਼ਨ ਦੇ ਪ੍ਰਧਾਨ ਅਸ਼ਵਨੀ ਕੁਮਾਰ, ਪੰਜਾਬ ਕ੍ਰਿਸਚੀਅਨ ਮੂਵਮੈਂਟ ਦੇ ਪ੍ਰਧਾਨ ਹਮੀਦ ਮਸੀਹ, ਯੂਨਾਈਟਡ ਪੀਪਲਸ ਲੀਗ ਦੇ ਪ੍ਰਧਾਨ ਸਨਾਵਰ ਭੱਟੀ, ਸੰਤ ਵਿਜੈ, ਸੁਰਜੀਤ ਥਾਪਰ ਤੋਂ ਇਲਾਵਾ ਕਈ ਬਿਸ਼ਪ, ਪਾਸਟਰ ਸਾਹਿਬਾਨ ਨੇ ਕਿਹਾ ਕਿ ਪਿਛਲੇ ਕੁਝ ਮਹੀਨਿਆਂ ਤੋਂ ਮਨੀਪੁਰ ਵਿੱਚ ਜੋ ਇਸਾਈ ਭਾਈਚਾਰੇ ਦੇ ਲੋਕਾਂ ਉਪਰ ਅੱਤਿਆਚਾਰ ਅਤੇ ਅਨਮਨੁੱਖੀ ਤਸ਼ੱਦਦ ਹੋ ਰਿਹਾ, ਸੈਂਕੜੇ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਅਤੇ 250 ਤੋਂ ਵੱਧ ਚਰਚਾ ਅਤੇ ਹਜ਼ਾਰਾਂ ਕ੍ਰਿਸਚੀਅਨ ਲੋਕਾਂ ਦੇ ਘਰਾਂ ਅਤੇ ਬਸਤੀਆਂ ਨੂੰ ਭੰਨ ਤੋੜ ਕੇ ਅੱਗ ਦੇ ਹਵਾਲੇ ਕਰ ਦਿੱਤਾ ਗਿਆ,ਪਰ ਉਥੇ ਦੀ ਭਾਜਪਾ ਸਰਕਾਰ ਨੇ ਕੋਈ ਵੀ ਸਖਤ ਕਦਮ ਨਹੀਂ ਉਠਾਏ , ਉਲਟਾ ਜਿਨ੍ਹਾਂ ਲੋਕਾਂ ਨੇ ਇਹ ਕੁਝ ਕੀਤਾ ਉਨ੍ਹਾਂ ਵਿਅਕਤੀਆਂ ਨੂੰ ਬਚਾਉਣ ਵਿੱਚ ਭਾਜਪਾ ਮੌਜੂਦਾ ਸਰਕਾਰ ਲੱਗੀ ਹੋਈ ਹੈ। 4 ਮਈ ਨੂੰ ਵੀ ਉਥੇ ਦੀਆਂ ਐਸ.ਟੀ. ਸਮਾਜ ਦੀ ਔਰਤਾਂ ਨੂੰ ਜੋ ਇਸਾਈ ਧਰਮ ਨਾਲ ਸਬੰਧ ਰਖਦੀਆਂ ਸਨ ਉਨ੍ਹਾਂ ਨੂੰ ਨੰਗਾ ਕਰਕੇ ਸੜਕਾਂ ਉੱਤੇ ਘੁਮਾਇਆ ਗਿਆ। ਹਜ਼ਾਰਾਂ ਦੀ ਭੀੜ ਵਲੋਂ ਉਨ੍ਹਾਂ ਨਾਲ ਜੋ ਕੁਝ ਕੀਤਾ ਬੜਾ ਸ਼ਰਮਨਾਕ ਸੀ। ਪਰ ਕੇਂਦਰ ਭਾਜਪਾ ਸਰਕਾਰ ਅਜੇ ਵੀ ਮਨੀਪੁਰ ਦੇ ਐਸ.ਟੀ. ਸਮਾਜ ਨੂੰ ਇਨਸਾਫ ਦਿਲਾਉਣ ਵਿੱਚ ਅਸਫਲ ਦਿਖਾਈ ਦੇ ਰਹੀ ਹੈ। ਜਦ ਕਿ ਮਨੀਪੁਰ ਵਿੱਚ ਆਏ ਦਿਨ ਹਿੰਸਾ ਵਧਦੀ ਜਾ ਰਹੀ ਹੈ। ਭਾਜਪਾ ਸਰਕਾਰ ਅਜੇ ਵੀ ਸੁੱਤੀ ਪਈ ਹੈ। ਸੁੱਤੀ ਸਰਕਾਰ ਨੂੰ ਜਗਾਉਣ ਲਈ 9 ਅਗਸਤ ਨੂੰ ਭਾਰਤ ਬੰਦ ਦੀ ਕਾਲ ਦਿੱਤੀ ਜਾ ਰਹੀ ਹੈ। ਸਮੂਹ ਮਸੀਹ ਭਾਈਚਾਰਾ ਅਤੇ ਧਾਰਮਕ, ਸਮਾਜਕ ਅਤੇ ਰਾਜਨੀਤਕ ਜਥੇਬੰਦੀਆਂ ਵੱਲੋਂ ਜਦ ਤੱਕ ਮਨੀਪੁਰ ਦੇ ਲੋਕਾਂ ਨੂੰ ਇਨਸਾਫ ਨਹੀਂ ਮਿਲ ਜਾਂਦਾ ਤਦ ਤੱਕ ਮਨੀਪੁਰ ਇਨਸਾਫ ਮੋਰਚਾ ਮਨੀਪੁਰ ਦੇ ਲੋਕਾਂ ਲਈ ਸੰਘਰਸ਼ ਕਰਦਾ ਰਹੇਗਾ।

## ਦੋ ਪਿਸਟਲ ਤੇ ਜ਼ਿੰਦਾ ਕਾਰਤੂਸਾਂ ਸਮੇਤ ਦੋ ਵਿਅਕਤੀ ਗ੍ਰਿਫਤਾਰ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਅਮਨ ਸ਼ਾਂਤੀ ਕਾਇਮ ਰੱਖਣ ਲਈ ਗੈਂਗਸਟਰਾਂ ਅਤੇ ਗੁੰਡਾ ਅਨਸਰਾਂ ਖਿਲਾਫ ਵਿੱਢੀ ਮੁਹਿੰਮ ਤਹਿਤ ਏ ਐਸ ਆਈ ਹੰਸ ਰਾਜ ਥਾਣਾ ਮਾਡਲ ਟਾਊਨ ਹੁਸ਼ਿਆਰਪੁਰ ਨੇ ਸਮੇਤ ਸਾਥੀ ਕਮਚਾਰੀਆਂ ਨਾਲ ਰੇਲਵੇ ਫਾਟਕ ਫਗਵਾੜਾ ਰੋਡ ਤੇ ਨਾਕਾਬੰਦੀ ਕੀਤੀ ਹੋਈ ਸੀ ਤਾਂ ਫਗਵਾੜਾ ਸਾਇਡ ਤੋਂ ਆ ਰਹੀ ਇੱਕ ਚਿੱਟੇ ਰੰਗ ਦੀ ਕਾਰ ਨੰਬਰ ਨੂੰ ਰੋਕ ਕੇ ਚੈਕ ਕੀਤਾ ਤਾਂ ਕਾਰ ਵਿੱਚ ਸਵਾਰ ਕਾਰ ਚਾਲਕ ਰੋਹਿਤ ਉਰਫ ਮਾਹਲਾ ਪੁੱਤਰ ਅੱਛਰਜੀਤ ਵਾਸੀ ਮੁਹੱਲਾ ਮਾਊਂਟ ਐਵੀਨਿਊ ਦੀ ਤਲਾਸ਼ੀ ਕਰਨ 'ਤੇ ਉਸ ਦੀ ਪੈਂਟ ਵਿੱਚੋਂ ਇੱਕ ਪਿਸਤੌਲ 32 ਬੋਰ ਸਮੇਤ 3 ਰੌਂਦ ਜ਼ਿੰਦਾ 32 ਬੋਰ ਅਤੇ ਦਲਜਿੰਦਰ ਸਿੰਘ ਉਰਫ ਜਿੰਦਰੀ ਪੁੱਤਰ ਸ਼ਿਵਰਾਮ ਪਾਲ ਵਾਸੀ ਸੁਤੈਹਰੀ ਖੁਰਦ ਥਾਣਾ ਮਾਡਲ ਟਾਊਨ ਹੁਸ਼ਿਆਰਪੁਰ ਦੀ ਪੈਂਟ ਦੀ ਜੇਬ ਵਿੱਚੋਂ 2 ਰੌਂਦ ਜ਼ਿੰਦਾ 32 ਬੋਰ ਬਰਾਮਦ ਹੋਏ ਜਿਸ 'ਤੇ ਥਾਣਾ ਮਾਡਲ ਟਾਊਨ ਹੁਸ਼ਿਆਰਪੁਰ ਵਿਖੇ ਮੁਕੱਦਮਾ ਦਰਜ ਕਰਕੇ ਪੁੱਛਗਿੱਛ ਕੀਤੀ ਗਈ । ਉਕਤ ਵਿਅਕਤੀਆਂ ਰੋਹਿਤ ਉਰਫ ਮਾਹਲਾ ਅਤੇ ਦਲਜਿੰਦਰ ਸਿੰਘ ਉਰਫ ਜਿੰਦਰੀ ਨੇ ਦੱਸਿਆ ਕਿ 29 ਜੁਲਾਈ ਨੂੰ ਤੁਲਸੀ ਨਗਰ ਹੁਸ਼ਿਆਰਪੁਰ ਵਿਖੇ ਉਨ੍ਹਾਂ ਦਾ ਝਗੜਾ ਸੰਜੀਵ ਕੁਮਾਰ ਪੁੱਤਰ ਉਂਕਾਰ ਸਿੰਘ ਵਾਸੀ ਮਕਾਨ ਨੰ 103/06 ਮੁਹੱਲਾ ਤੁਲਸੀ ਨਾਲ ਹੋ ਗਿਆ ਸੀ ਤਾਂ ਰੋਹਿਤ ਉਰਫ ਮਾਹਲਾ ਨੇ ਆਪਣੇ ਪਿਸਤੌਲ ਤੋਂ ਇਲਾਵਾ ਦੂਸਰੇ ਹੋਰ ਪਿਸਤੌਲ 32 ਬੋਰ ਨਾਲ ਵੀ ਫਾਇਰ ਕੀਤਾ ਸੀ । ਜਿਸ ਦੇ ਸੰਬੰਧ ਵਿੱਚ ਪਹਿਲਾਂ ਹੀ ਸੰਜੀਵ ਕੁਮਾਰ ਪੁੱਤਰ ਉਂਕਾਰ ਸਿੰਘ ਵਾਸੀ ਮਕਾਨ ਨੰ 103/06 ਮੁਹੱਲਾ ਤੁਲਸੀ ਨਗਰ 'ਤੇ ਮੁਕੱਦਮਾ ਦਰਜ ਸੀ ਦੇ ਸਬੰਧ ਵਿੱਚ ਅੱਜ ਇਨ੍ਹਾਂ ਦੋਵਾਂ ਦੋਸ਼ੀਆਨ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਰੋਹਿਤ ਉਰਫ ਮਾਹਲਾ ਪਾਸੋਂ ਇਸ ਫਾਇਰ ਕਰਨ ਦੀ ਘਟਨਾ ਵਿੱਚ ਵਰਤਿਆ ਗਿਆ ਪਿਸਤੌਲ 32 ਬੋਰ ਸਮੇਤ 14 ਜ਼ਿੰਦਾ ਰੌਂਦ 32 ਬੋਰ ਵੀ ਬ੍ਰਾਮਦ ਕੀਤੇ ਗਏ ਹਨ । ਇਸ ਤੋਂ ਇਲਾਵਾ ਉਕਤ ਵਿਅਕਤੀਆਂ ਨੇ ਪੁੱਛਗਿੱਛ ਦੌਰਾਨ ਦੋਸ਼ੀਆਨ ਰੋਹਿਤ ਉਰਫ ਮਾਹਲਾ ਅਤੇ ਦਲਜਿੰਦਰ ਸਿੰਘ ਉਰਫ ਜਿੰਦਰੀ ਨੇ ਸੁੰਦਰ ਨਗਰ ਥਾਣਾ ਮਾਡਲ ਟਾਊਨ ਹੁਸ਼ਿਆਰਪੁਰ ਵਿਖੇ ਆਪਣੇ ਸਾਥੀਆਂ ਸੁਖਵਿੰਦਰ ਸਿੰਘ ਉਰਫ ਸੁੱਖਾ ਪੁੱਤਰ ਨੰਦ ਲਾਲ ਵਾਸੀ ਨਿਊ ਫਤਿਹਗੜ੍ਹ ਵਗੈਰਾ ਨਾਲ ਮਿਲ ਕੇ ਮਨਪ੍ਰੀਤ ਸਿੰਘ ਜੰਮੂ ਗੁੱਜਰ ਪੁੱਤਰ ਬਲਰਾਮ ਸਿੰਘ ਵਾਸੀ ਨਿਊ ਫਤਿਹਗੜ੍ਹ 'ਤੇ ਮਾਰ ਦੇਣ ਦੀ ਨੀਅਤ ਨਾਲ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰਕੇ ਸੱਟਾਂ ਮਾਰੀਆਂ ਸਨ ਜਿਸ ਦੇ ਸੰਬੰਧ ਵਿੱਚ ਥਾਣਾ ਮਾਡਲ ਟਾਊਨ ਹੁਸ਼ਿਆਰਪੁਰ ਵਿਖੇ ਮੁਕੱਦਮਾ ਦਰਜ ਹੈ। ਅਧਿਕਾਰੀਆਂ ਨੇ ਦੱਸਿਆ ਕਿ ਦੋਸ਼ੀਆਨ ਨੂੰ ਅੱਜ ਪੁਲਸ ਹਿਰਾਸਤ ਖਤਮ ਹੋਣ 'ਤੇ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਹਾਸਲ ਕਰਕੇ ਇਨ੍ਹਾਂ ਦੇ ਹੋਰ ਸਾਥੀਆਂ ਦੇ ਟਿਕਾਣਿਆਂ ਦਾ ਪਤਾ ਕਰਕੇ ਉਨ੍ਹਾਂ ਨੂੰ ਵੀ ਗ੍ਰਿਫਤਾਰ ਕੀਤਾ ਜਾਵੇਗਾ ਅਤੇ ਇਨ੍ਹਾਂ ਪਾਸੋਂ ਹੋਰ ਵੀ ਹਥਿਆਰਾਂ ਦੀ ਰਿਕਵਰੀ ਹੋਣ ਦੀ ਸੰਭਾਵਨਾ ਹੈ ਅਤੇ ਦੋਸ਼ੀਆਨ ਪਾਸੋਂ ਬਰਾਮਦ ਹੋਈ ਕਾਰ ਸੰਬੰਧੀ ਵੀ ਪੁੱਛਗਿੱਛ ਕੀਤੀ ਜਾ ਰਹੀ ਹੈ ਕਿ ਇਹ ਉਨ੍ਹਾਂ ਨੂੰ ਕਿਸ ਨੇ ਮੁਹੱਈਆ ਕਰਵਾਈ ਹੈ

## ਹਰਿਆਣਾ 'ਚ ਸਾਈਬਰ ਅਪਰਾਧੀਆਂ 'ਤੇ ਕੱਸੀ ਨਕੇਲ

**ਚੰਡੀਗੜ੍ਹ, (ਕ੍ਰਿਸ਼ਨ ਗਰਗ )** - ਹਰਿਆਣਾ 'ਚ ਸਾਈਬਰ ਕ੍ਰਾਇਮ ਮਾਮਲਿਆਂ ਨਾਲ ਨਜਿੱਠਣ ਲਈ ਪੁਲਸ ਲਗਾਤਾਰ ਕਾਰਵਾਈ ਕਰਦੀ ਹੈ। ਨੂਹ ਜ਼ਿਲ੍ਹੇ 'ਚ ਸਾਈਬਰ ਕ੍ਰਾਇਮ ਨੂੰ ਆਪਣਾ ਪੇਸ਼ਾ ਬਣਾਉਣ ਵਾਲੇ ਦੋਸ਼ੀਆਂ 'ਤੇ ਨਕੇਲ ਕੱਸਣ ਲਈ ਹਰਿਆਣਾ ਪੁਲਸ ਵੱਡੇ ਪੈਮਾਨੇ 'ਤੇ ਕਾਰਵਾਈ ਕਰ ਰਹੀ ਹੈ। ਅਪ੍ਰੈਲ ਮਹੀਨੇ 'ਚ ਪੁਲਸ ਨੇ ਨੂਹ 'ਚ ਸਾਈਬਰ ਜਾਲਸਾਜ਼ਾਂ ਦੇ ਠਿਕਾਣਿਆਂ 'ਤੇ ਇਕੱਠੇ ਰੇਡ ਕਰ ਪੂਰੇ ਦੇਸ਼ 'ਚ ਲਗਭਗ 100 ਕਰੋੜ ਰੁਪਏ ਦੀ ਸਾਈਬਰ ਠੱਗੀ ਦਾ ਖੁਲਾਸਾ ਕੀਤਾ ਸੀ। ਇਹ ਭਾਰਤ 'ਚ ਆਪਣੀ ਤਰ੍ਹਾਂ ਦੀ ਹੁਣ ਤੱਕ ਸਭ ਤੋਂ ਵੱਡੀ ਛਾਪੇਮਾਰੀ ਸੀ ਅਤੇ ਇਸ ਵਿਚ ਕੁੱਲ 5,000 ਜਵਾਨ ਅਤੇ ਅਧਿਕਾਰੀ ਸ਼ਾਮਲ ਸਨ। ਉਨ੍ਹਾਂ ਨੂਹ ਜ਼ਿਲ੍ਹੇ ਦੇ 14 ਪਿੰਡਾਂ 'ਚ ਫੈਲੇ 320 ਸਾਈਬਰ ਅਪਰਾਧੀਆਂ ਦੇ ਠਿਕਾਣਿਆਂ 'ਤੇ ਛਾਪਾ ਮਾਰਿਆ। ਛਾਪੇਮਾਰੀ ਦੌਰਾਨ 65 ਸਾਈਬਰ ਅਪਰਾਧੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ ਹੋਰ 25 ਸਾਈਬਰ ਅਪਰਾਧੀਆਂ ਨੂੰ ਛਾਪੇਮਾਰੀ ਤੋਂ ਪਹਿਲਾਂ ਅਤੇ ਛਾਪੇਮਾਰੀ ਦੇ ਬਾਅਦ ਦੇ ਸਮੇਂ ਵਿਚ ਗ੍ਰਿਫਤਾਰ ਕੀਤਾ ਗਿਆ। ਇਸ ਦੌਰਾਨ 66 ਮੋਬਾਇਲ ਡਿਵਾਇਸ ਅਤੇ 2 ਮਾਈਕਰੋ ਏ ਟੀ ਐਮ ਮਸ਼ੀਨਾਂ ਸਮੇਤ ਵੱਡੀ ਗਿਣਤੀ 'ਚ ਆਈ ਟੀ ਡਿਵਾਇਸ ਜ਼ਬਤ ਕੀਤੇ ਗਏ। 739 ਫਰਜ਼ੀ ਸਿਮ, 307 ਫਰਜ਼ੀ ਬੈਂਕ ਖਾਤੇ ਅਤੇ 199 ਯੂ ਪੀ ਆਈ ਹੈਂਡਲ ਦੇ ਵੇਰਵੇ ਸਮੇਤ ਕਈ ਫਰਜ਼ੀ ਦਸਤਾਵੇਜ਼ਾਂ ਦਾ ਖੁਲਾਸਾ ਹੋਇਆ। ਉਨ੍ਹਾ ਕਿਹਾ ਕਿ ਪਿਛਲੇ ਦਿਨੀਂ ਨੂਹ 'ਚ ਹੋਈ ਹਿੰਸਾ ਦੀ ਆੜ 'ਚ ਇਸ ਛਾਪੇਮਾਰੀ ਦੌਰਾਨ ਜੁਟਾਏ ਗਏ ਸਬੂਤਾਂ ਨੂੰ ਮਿਟਾਉਣ ਦੀ ਕੋਸ਼ਿਸ਼ ਕੀਤੀ ਗਈ ਅਤੇ ਸਾਈਬਰ ਪੁਲਸ ਸਟੇਸ਼ਨ 'ਤੇ ਯੋਜਨਾਬੱਧ ਹਮਲਾ ਕੀਤਾ ਗਿਆ। ਨੂਹ ਦਾ ਇਹ ਸਾਈਬਰ ਪੁਲਸ ਸਟੇਸ਼ਨ ਦੋ ਸਾਲ ਪਹਿਲਾਂ ਹੀ ਬਣ ਕੇ ਤਿਆਰ ਹੋਇਆ ਹੈ। ਸਾਈਬਰ ਸਟੇਸ਼ਨ 'ਚ ਵੱਡੇ ਪੈਮਾਨੇ 'ਤੇ ਧੋਖਾਧੜੀ ਅਤੇ ਦੂਜੇ ਅਪਰਾਧਿਕ ਦਸਤਾਵੇਜ਼ ਸਨ ਅਤੇ ਦੋਸ਼ੀਆਂ ਦਾ ਮਕਸਦ ਇਨ੍ਹਾਂ ਨੂੰ ਬਰਬਾਦ ਕਰਨਾ ਸੀ।

## ਕੈਬਨਿਟ ਮੰਤਰੀ ਨੇ ਗਊਸ਼ਾਲਾ 'ਚ ਲਗਾਏ ਪੌਦੇ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਕੈਬਨਿਟ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਅੱਜ ਸ੍ਰੀ ਹਿੰਦੂ ਗਊ ਰਕਸ਼ਣੀ ਗਊਸ਼ਾਲਾ ਵਿਚ ਵਣ ਮਹਾਉਤਸਵ ਦੌਰਾਨ ਵਣ ਵਿਭਾਗ ਦੇ ਸਹਿਯੋਗ ਨਾਲ ਪੌਦੇ ਲਗਾਏ। ਇਸ ਮੌਕੇ ਉਨ੍ਹਾਂ ਨਾਲ ਮੇਅਰ ਸੁਰਿੰਦਰ ਕੁਮਾਰ, ਚੇਅਰਮੈਨ ਨਗਰ ਸੁਧਾਰ ਟਰੱਸਟ ਹੁਸ਼ਿਆਰਪੁਰ ਹਰਮੀਤ ਸਿੰਘ ਔਲਖ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ ਅਤੇ ਡਿਪਟੀ ਮੇਅਰ ਰਣਜੀਤ ਚੌਧਰੀ ਵੀ ਮੌਜੂਦ ਸਨ। ਕੈਬਨਿਟ ਮੰਤਰੀ ਨੇ ਹੋਰ ਪਤਵੰਤਿਆਂ ਨਾਲ ਗਊਸ਼ਾਲਾ ਵਿਚ ਪੌਦੇ ਲਗਾਉਂਦੇ ਹੋਏ ਲੋਕਾਂ ਨੂੰ ਮਾਨਸੂਨ ਮੌਸਮ ਦੌਰਾਨ ਵੱਧ ਤੋਂ ਵੱਧ ਪੌਦੇ ਲਗਾਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਵਾਤਾਵਰਣ ਨੂੰ ਬਚਾਉਣ ਲਈ ਵੱਧ ਤੋਂ ਵੱਧ ਪੌਦੇ ਲਗਾਏ ਜਾਣ। ਉਨ੍ਹਾਂ ਕਿਹਾ ਕਿ ਪੌਦੇ ਲਗਾਉਣ ਦੇ ਨਾਲ-ਨਾਲ ਉਨ੍ਹਾਂ ਦੀ ਦੇਖਭਾਲ ਕਰਕੇ ਉਨ੍ਹਾਂ ਨੂੰ ਸੁਰੱਖਿਅਤ ਵੀ ਰੱਖਣਾ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਵਾਤਾਵਰਣ ਦੇ ਸੰਤੁਲਨ ਨੂੰ ਬਣਾਉਣ ਲਈ ਵੱਧ ਤੋਂ ਵੱਧ ਪੌਦੇ ਲਗਾਉਣ ਦੀ ਜ਼ਰੂਰਤ ਹੈ।

ਜਿੰਪਾ ਨੇ ਲੋਕਾਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਉਹ ਆਪਣੇ ਬੱਚਿਆਂ ਦੇ ਜਨਮ ਦਿਨ ਅਤੇ ਬਜ਼ੁਰਗਾਂ ਦੀ ਯਾਦ ਵਿਚ ਪੌਦੇ ਲਗਾਉਣ। ਉਨ੍ਹਾਂ ਕਿਹਾ ਕਿ ਪੌਦੇ ਲਗਾਉਣ ਤੋਂ ਬਾਅਦ ਘੱਟ ਤੋਂ ਘੱਟ ਤਿੰਨ ਜਾਂ ਚਾਰ ਸਾਲ ਪੌਦਿਆਂ ਦੀ ਦੇਖਭਾਲ ਜ਼ਰੂਰ ਕਰਨ। ਇਸ ਮੌਕੇ ਡੀ.ਐਫ.ਓ ਹੁਸ਼ਿਆਰਪੁਰ ਅਨਿਲ ਯਾਦਵ, ਕੌਂਸਲਰ ਵਿਜੇ ਅਗਰਵਾਲ, ਜਸਪਾਲ ਸਿੰਘ ਚੇਚੀ, ਪ੍ਰਦੀਪ ਬਿੱਟੂ, ਬਲਵਿੰਦਰ ਬਿੰਦੀ, ਮੋਨਿਕਾ ਕਤਨਾ, ਮੁਖੀ ਰਾਮ, ਮੋਹਿਤ ਸੈਣੀ, ਵਣ ਰੇਂਜ ਅਫ਼ਸਰ ਜਤਿੰਦਰ ਸਿੰਘ ਰਾਣਾ, ਖਰੈਤੀ ਲਾਲ ਕਤਨਾ, ਚਤੁਰ ਭੂਸ਼ਨ ਜੋਸ਼ੀ, ਵਰਿੰਦਰ ਵੈਦ, ਸੁਮੇਸ਼ ਸੋਨੀ, ਹਰੀਸ਼ ਸੈਣੀ, ਅਜੇ ਵਰਮਾ, ਕਾਮਰੇਡ ਗੰਗਾ ਪ੍ਰਸਾਦ, ਚੰਦਨ ਲੱਕੀ ਤੋਂ ਇਲਾਵਾ ਹੋਰ ਪਤਵੰਤੇ ਵੀ ਮੌਜੂਦ ਸਨ।

## ਮੈਡੀਕਲ ਸਟੋਰ ਮਾਲਕ ਤੋਂ ਸਕੂਟੀ ਤੇ ਨਕਦੀ ਲੁੱਟੀ

**ਟਾਂਡਾ ਉੜਮੁੜ ,(ਜਸਵਿੰਦਰ ਸੰਧੂ, ਉਂਕਾਰ ਸਿੰਘ )**-ਬੀਤੀ ਰਾਤ ਕਰੀਬ 10 ਵਜੇ ਰਜਿੰਦਰ ਮੈਡੀਕਲ ਸਟੋਰ ਦਾ ਮਾਲਕ ਚੈਨਦੀਪ ਸਿੰਘ ਅਤੇ ਉਸ ਦਾ ਚਾਚਾ ਸਵਰਨ ਸਿੰਘ ਮੈਡੀਕਲ ਸਟੋਰ ਬੰਦ ਕਰਕੇ ਆਪਣੇ ਘਰ ਵੱਲ ਆ ਰਹੇ ਸਨ ਤਾਂ ਮੋਟਰਸਾਈਕਲ 'ਤੇ ਸਵਾਰ ਤਿੰਨ ਨਕਾਬਪੋਸ਼ ਲੁਟੇਰੇ ਪਿਸਤੌਲ ਦੀ ਨੋਕ 'ਤੇ ਉਨ੍ਹਾਂ ਤੋਂ ਸਕੂਟੀ ਅਤੇ ਨਕਦੀ ਲੁੱਟ ਕੇ ਫਰਾਰ ਹੋ ਗਏ ।

ਚੈਨਦੀਪ ਸਿੰਘ ਨੇ ਦੱਸਿਆ ਕਿ ਜਦੋਂ ਉਹ ਰਾਤ 10 ਵਜੇ ਆਪਣਾ ਮੈਡੀਕਲ ਸਟੋਰ ਬੰਦ ਕਰਕੇ ਆਪਣੇ ਚਾਚੇ ਨਾਲ ਸਕੂਟੀ 'ਤੇ ਘਰ ਜਾ ਰਿਹਾ ਸੀ ਤਾਂ ਸਪਲੈਂਡਰ ਮੋਟਰਸਾਈਕਲ 'ਤੇ ਸਵਾਰ ਤਿੰਨ ਨਕਾਬਪੋਸ਼ ਲੁਟੇਰਿਆਂ ਨੇ ਪਿਸਤੌਲ ਦੀ ਨੋਕ 'ਤੇ ਸਾਡੀ ਸਕੂਟੀ ਖੋਹ ਲਈ, ਜਿਸ 'ਚ ਦੁਕਾਨ ਦੀ ਸੇਲ ਦੇ ਲਗਭਗ 40 ਹਜ਼ਾਰ ਰੁਪਏ ਅਤੇ ਜ਼ਰੂਰੀ ਦਸਤਾਵੇਜ਼ ਸਨ। ਇਹ ਘਟਨਾ ਸੀ.ਸੀ.ਟੀ.ਵੀ ਕੈਮਰੇ 'ਚ ਕੈਦ ਹੋ ਗਈ। ਜਿਸ ਦੀ ਜਾਣਕਾਰੀ ਟਾਂਡਾ ਪੁਲਸ ਨੂੰ ਦਿੱਤੀ ਗਈ। ਮਾਮਲਾ ਦਰਜ ਕਰਨ ਤੋਂ ਬਾਅਦ ਏ.ਐਸ.ਆਈ ਜਸਵੀਰ ਸਿੰਘ ਨੇ ਸਕੂਟੀ ਦੀ ਭਾਲ ਸ਼ੁਰੂ ਕਰ ਦਿੱਤੀ ਅਤੇ ਰਾਤ ਕਰੀਬ 1 ਵਜੇ ਖੱਖਾ ਰੇਲਵੇ ਫਾਟਕ ਨੇੜੇ ਸਕੂਟੀ ਮਿਲੀ ਪਰ ਡਿੱਗੀ ਵਿਚੋਂ ਪੈਸੇ ਅਤੇ ਜ਼ਰੂਰੀ ਕਾਗਜ਼ਾਤ ਨਹੀਂ ਮਿਲੇ। ਪੁਲਸ ਨੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ ।

## ਲੁੱਟਾਂ-ਖੋਹਾਂ ਵਾਲੇ ਤਿੰਨ ਦੋਸ਼ੀ ਗ੍ਰਿਫਤਾਰ



**ਅੱਡਾ ਸਰਾਂ/ਟਾਂਡਾ ਉੜਮੁੜ (ਜਸਵੀਰ ਕਾਜਲ, ਜਸਵਿੰਦਰ ਸੰਧੂ, ਉਂਕਾਰ ਸਿੰਘ)**- ਸਰਬਜੀਤ ਸਿੰਘ ਬਾਹੀਆ ਐਸ.ਪੀ. (ਡੀ) ਹੁਸ਼ਿਆਰਪੁਰ ਦੀ ਅਗਵਾਈ 'ਚ ਥਾਣਾ ਟਾਂਡਾ ਅਧੀਨ ਆਉਂਦੇ ਏਰੀਆ ਵਿਚ ਲੁੱਟਾਂ ਖੋਹਾਂ ਕਰਨ ਵਾਲੇ / ਮਾੜੇ ਅਨਸਰਾਂ ਨੂੰ ਗ੍ਰਿਫਤਾਰ ਕਰਨ ਲਈ 12 ਜੂਨ ਨੂੰ ਹਰ ਰੋਜ਼ ਦੀ ਤਰ੍ਹਾਂ ਮਹੇਸ਼ ਕੁਮਾਰ ਆਪਣੇ ਹੋਰ ਸਾਥੀਆਂ ਨਾਲ ਛੋਟਾ ਹਾਥੀ ਟੈਂਪੂ 'ਤੇ ਸਵਾਰ ਹੋ ਕੇ 04:00/04:15 ਵਜੇ ਸਵੇਰੇ ਸਬਜ਼ੀ ਮੰਡੀ ਹੁਸ਼ਿਆਰਪੁਰ ਤੋਂ ਸਬਜ਼ੀ ਲੈਣ ਚੱਲੇ ਸੀ ਤਾਂ ਜਦੋਂ ਇਹ ਗੁਰਦੁਆਰਾ ਸ੍ਰੀ ਅਨੁਭਵ ਪ੍ਰਕਾਸ਼ ਅੱਡਾ ਸਰਾਂ ਪੁੱਜੇ ਤਾਂ ਇਨ੍ਹਾਂ ਪਾਸ ਇੱਕ ਕਾਰ ਰੰਗ ਚਿੱਟਾ ਆ ਕੇ ਰੁਕੀ ਜਿਸ ਵਿੱਚੋਂ ਚਾਰ ਨੌਜਵਾਨ ਉੱਤਰੇ ਜਿਨ੍ਹਾਂ ਨੇ ਮਹੇਸ਼ ਕੁਮਾਰ ਅਤੇ ਇਸ ਦੇ ਸਾਥੀਆਂ ਪਾਸੋਂ ਦਾਤਰ ਧੌਣ 'ਤੇ ਰੱਖ ਕੇ ਕਰੀਬ 39,000 ਰੁਪਏ ਦੀ ਲੁੱਟ ਖੋਹ ਕੀਤੀ ਸੀ । ਜਿਸ 'ਤੇ ਮੁਕੱਦਮਾ ਥਾਣਾ ਟਾਂਡਾ ਰਜਿਸਟਰ ਕੀਤਾ ਗਿਆ। ਜੋ 5 ਅਗਸਤ ਨੂੰ ਏ.ਐਸ.ਆਈ. ਰਾਜੇਸ਼ ਕੁਮਾਰ ਇੰਚਾਰਜ ਚੌਂਕੀ ਸਰਾਂ ਸਮੇਤ ਪੁਲਸ ਪਾਰਟੀ ਨੇ ਉਕਤ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਦੋਸ਼ੀਆਂ ਅਮਨਦੀਪ ਉਰਫ ਅਮਨ ਪੁੱਤਰ ਸੱਤਪਾਲ ਵਾਸੀ ਮਹਿਰਮਪੁਰ ਥਾਣਾ ਔੜ ਜ਼ਿਲਾ ਸ਼ਹੀਦ ਭਗਤ ਸਿੰਘ ਨਗਰ, ਰਾਜਪ੍ਰੀਤ ਉਰਫ ਸੂਰਜ ਪੁੱਤਰ ਦਿਲਬਾਗ ਸਿੰਘ ਵਾਸੀ ਬੇਗੋਵਾਲ ਥਾਣਾ ਔੜ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ , ਸਤਨਾਮ ਉਰਫ ਸੱਤੀ ਪੁੱਤਰ ਸਿੰਦਰਪਾਲ ਵਾਸੀ ਔੜ ਥਾਣਾ ਔੜ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਜਿਨ੍ਹਾਂ ਨੂੰ ਮਾਣਯੋਗ ਅਦਾਲਤ ਵਿੱਚ ਪੇਸ਼ ਕਰਕੇ ਪੁਲਸ ਰਿਮਾਂਡ 2 ਦਿਨ ਹਾਸਲ ਕੀਤਾ ਗਿਆ।

## ਜੀ ਆਰ ਡੀ ਇੰਟਰਨੈਸ਼ਨਲ ਸਕੂਲ 'ਚ ਤੀਆਂ ਦਾ ਤਿਉਹਾਰ ਮਨਾਇਆ



**ਟਾਂਡਾ ਉੜਮੁੜ, ( ਉਂਕਾਰ ਸਿੰਘ, ਜਸਵਿੰਦਰ ਸੰਧੂ )**- ਸ੍ਰੀ ਗੁਰੂ ਰਾਮਦਾਸ ਜੀ ਸੇਵਾ-ਸਿਮਰਨ ਸੁਸਾਇਟੀ ਵੱਲੋਂ ਚਲਾਏ ਜਾ ਰਹੇ ਜੀ.ਆਰ.ਡੀ ਇੰਟਰਨੈਸ਼ਨਲ ਸਕੂਲ ਟਾਂਡਾ ਵਿਖੇ ਸਾਉਣ ਮਹੀਨੇ ਦਾ ਪ੍ਰਮੁੱਖ ਧੀਆਂ ਦਾ ਤਿਉਹਾਰ ਮਨਾਇਆ ਗਿਆ। ਸੰਸਥਾ ਦੇ ਮੈਨੇਜਿੰਗ ਡਾਇਰੈਕਟਰ ਬਿਕਰਮ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਮੈਨੇਜਰ ਸਰਬਜੀਤ ਸਿੰਘ ਮੋਮੀ ਦੀ ਅਗਵਾਈ ਤੇ ਪ੍ਰਿੰਸੀਪਲ ਅਮਨਦੀਪ ਕੌਰ ਢਿੱਲੋਂ ਦੀ ਦੇਖ-ਰੇਖ ਕਰਵਾਏ ਗਏ ਇਸ ਪ੍ਰੋਗਰਾਮ ਦਾ ਉਦਘਾਟਨ ਸੰਸਥਾ ਦੀ ਚੇਅਰਪਰਸਨ ਪ੍ਰਦੀਪ ਕੌਰ ਨੇ ਕਰਦੇ ਹੋਏ ਸਮੂਹ ਸਟਾਫ ਅਤੇ ਸਕੂਲ ਦੇ ਬੱਚਿਆਂ ਨੂੰ ਮੁਬਾਰਕਬਾਦ ਦਿੰਦੇ ਹੋਏ ਕਿਹਾ ਕਿ ਅਜਿਹੇ ਤਿਉਹਾਰ ਸਾਨੂੰ ਆਪਣੇ ਅਮੀਰ ਪੰਜਾਬੀ ਸੱਭਿਆਚਾਰ ਤੇ ਵਿਰਸੇ ਨਾਲ ਜੋੜਨ ਦਾ ਕੰਮ ਕਰਦੇ ਹਨ, ਇਸ ਲਈ ਸਾਨੂੰ ਅਜਿਹੇ ਤਿਉਹਾਰ ਪੂਰੇ ਉਤਸ਼ਾਹ ਨਾਲ ਮਨਾਉਣੇ ਚਾਹੀਦੇ ਹਨ। ਇਸ ਮੌਕੇ ਮੈਨੇਜਰ ਸਰਬਜੀਤ ਸਿੰਘ ਮੋਮੀ ਤੇ ਪ੍ਰਿੰਸੀਪਲ ਅਮਨਦੀਪ ਕੌਰ ਨੇ ਕਿਹਾ ਕਿ ਸਾਨੂੰ ਆਪਣੇ ਅਮੀਰ ਸੱਭਿਆਚਾਰ ਨੂੰ ਹਮੇਸ਼ਾ ਹੀ ਯਾਦ ਰੱਖ ਕੇ ਪੰਜਾਬੀ ਵਿਰਸੇ ਨਾਲ ਜੁੜਦੇ ਹੋਏ ਨੈਤਿਕ ਕਦਰਾਂ ਕੀਮਤਾਂ ਨੂੰ ਨਿਭਾਉਣਾ ਚਾਹੀਦਾ ਹੈ। ਇਸ ਮੌਕੇ ਦਲਜਿੰਦਰ ਕੌਰ, ਪ੍ਰਿੰਸੀਪਲ ਰੇਨੂੰ ਬਾਲਾ, ਲਵਲੀ ਸੈਣੀ, ਤਜਿੰਦਰ ਕੌਰ, ਬਲਜੀਤ ਕੌਰ, ਗੁਰਪ੍ਰੀਤ ਕੌਰ, ਮਨਦੀਪ ਕੌਰ, ਮਨਜੀਤ ਕੌਰ, ਮਨਪ੍ਰੀਤ ਕੌਰ, ਰਾਜਵਿੰਦਰ ਕੌਰ, ਰਾਜਵੀਰ ਕੌਰ, ਕਸ਼ਮੀਰ ਕੌਰ, ਨੂਰੀ ਸੈਣੀ, ਰਜਨੀ ਸੈਣੀ, ਸਿਮਰਨਜੀਤ ਕੌਰ, ਸੀਮਾ ਜਾਜਾ, ਹਰਜੀਤ ਕੌਰ ਆਦਿ ਵੀ ਹਾਜ਼ਰ ਸਨ।

## ਪੰਜਾਬ ਨੇ ਖੇਤੀਬਾੜੀ ਬੁਨਿਆਦੀ ਢਾਂਚਾ ਫੰਡ ਸਕੀਮ ਅਧੀਨ ਦੂਜਾ ਸਥਾਨ ਕੀਤਾ ਹਾਸਲ : ਜੌੜਾਮਾਜਰਾ

**ਚੰਡੀਗੜ੍ਹ, (ਗੁਰਜੀਤ ਬਿੱਲਾ)**-ਪੰਜਾਬ ਨੇ ਖੇਤੀਬਾੜੀ ਬੁਨਿਆਦੀ ਢਾਂਚਾ ਫੰਡ (ਏ.ਆਈ.ਐਫ) ਸਕੀਮ ਅਧੀਨ ਖੇਤੀ ਉਪਜ ਤੋਂ ਬਾਅਦ ਦੇ ਪ੍ਰਬੰਧਨ ਸਬੰਧੀ ਪ੍ਰਾਜੈਕਟਾਂ ਅਤੇ ਸਾਂਝੀ ਖੇਤੀ ਸੰਪਤੀਆਂ ਲਈ ਸਭ ਤੋਂ ਵੱਧ ਅਰਜ਼ੀਆਂ ਨੂੰ ਪ੍ਰਵਾਨਗੀ ਦੇ ਕੇ ਦੇਸ਼ ਭਰ ਵਿੱਚੋਂ ਦੂਜਾ ਸਥਾਨ ਪ੍ਰਾਪਤ ਕੀਤਾ ਹੈ। ਬਾਗਬਾਨੀ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਇਸ ਵਿੱਤੀ ਵਰ੍ਹੇ ਦੌਰਾਨ ਏ.ਆਈ.ਐਫ ਸਕੀਮ ਤਹਿਤ ਸੂਬੇ ਵੱਲੋਂ ਕੀਤੀ ਬੇਮਿਸਾਲ ਪ੍ਰਗਤੀ 'ਤੇ ਤਸੱਲੀ ਦਾ ਪ੍ਰਗਟਾਵਾ ਕਰਦਿਆਂ ਦੱਸਿਆ ਕਿ 31 ਜੁਲਾਈ ਤੱਕ ਪੰਜਾਬ ਨੇ ਕੁੱਲ 4745 ਅਰਜ਼ੀਆਂ ਪ੍ਰਵਾਨ ਕਰਕੇ ਦੇਸ਼ ਭਰ ਵਿੱਚੋਂ ਦੂਜਾ ਸਥਾਨ ਹਾਸਲ ਕੀਤਾ ਹੈ। ਉਨ੍ਹਾ ਦੱਸਿਆ ਕਿ ਅਰਜ਼ੀਆਂ ਨੂੰ ਪ੍ਰਵਾਨਗੀ ਦੇਣ ਦੇ ਮਾਮਲੇ 'ਚ ਸਿਖਰਲੇ ਪੰਜ ਸੂਬਿਆਂ 'ਚ ਮੱਧ ਪ੍ਰਦੇਸ਼ (6316 ਅਰਜ਼ੀਆਂ), ਪੰਜਾਬ (4745), ਮਹਾਰਾਸ਼ਟਰ (4178), ਉੱਤਰ ਪ੍ਰਦੇਸ਼ (2244) ਅਤੇ ਕਰਨਾਟਕ (2029 ਅਰਜ਼ੀਆਂ) ਸ਼ਾਮਲ ਹਨ। ਹੋਰ ਵੇਰਵੇ ਸਾਂਝੇ ਕਰਦਿਆਂ ਚੇਤਨ ਸਿੰਘ ਜੌੜਾਮਾਜਰਾ ਨੇ ਕਿਹਾ ਕਿ ਪੰਜਾਬ ਨੇ ਪ੍ਰਵਾਨ ਕੀਤੀ ਕੁੱਲ ਰਾਸ਼ੀ ਦੇ ਮਾਮਲੇ 'ਚ ਹਰਿਆਣਾ ਨੂੰ ਪਛਾੜ ਦਿੱਤਾ ਹੈ ਅਤੇ ਹਰਿਆਣਾ ਦੇ 1316 ਕਰੋੜ ਰੁਪਏ ਦੇ ਮੁਕਾਬਲੇ 1395 ਕਰੋੜ ਰੁਪਏ ਮਨਜ਼ੂਰ ਕਰਨ ਨਾਲ ਪੰਜਾਬ ਹੁਣ ਦੇਸ਼ ਭਰ ਵਿੱਚ 9ਵੇਂ ਸਥਾਨ 'ਤੇ ਹੈ। ਉਨ੍ਹਾਂ ਦੱਸਿਆ ਕਿ ਏ.ਆਈ.ਐਫ ਦੀ ਸਹਾਇਤਾ ਨਾਲ ਸੂਬੇ ਵਿੱਚ ਕਈ ਕਸਟਮ ਹਾਇਰਿੰਗ ਸੈਂਟਰ, ਪ੍ਰਾਇਮਰੀ ਪ੍ਰੋਸੈਸਿੰਗ ਯੂਨਿਟ, ਸਟੋਰੇਜ ਸਟਰੱਕਚਰ, ਕੋਲਡ ਸਟੋਰ ਆਦਿ ਸਥਾਪਿਤ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਸਮੁੱਚੇ ਦੇਸ਼ 'ਚ ਇਸ ਸਕੀਮ ਤਹਿਤ ਵਿੱਤੀ ਸਹੂਲਤ ਲਈ ਕੁੱਲ 1 ਲੱਖ ਕਰੋੜ ਰੁਪਏ ਰਾਖਵੇਂ ਰੱਖੇ ਗਏ ਹਨ ਜਿਸ ਵਿੱਚੋਂ ਪੰਜਾਬ ਲਈ 4713 ਕਰੋੜ ਰੁਪਏ ਰੱਖੇ ਗਏ ਹਨ। ਉਨ੍ਹਾਂ ਦੱਸਿਆ ਕਿ ਸਕੀਮ ਦੇ ਲਾਭਾਂ ਨੂੰ ਵੱਖ-ਵੱਖ ਸਬਸਿਡੀਆਂ ਨਾਲ ਜੋੜਿਆ ਜਾ ਸਕਦਾ ਹੈ ਅਤੇ ਹਰੇਕ ਲਾਭਪਾਤਰੀ 25 ਪ੍ਰਾਜੈਕਟ ਸਥਾਪਤ ਕਰ ਸਕਦਾ ਹੈ। ਜੌੜਾਮਾਜਰਾ ਨੇ ਖੇਤੀਬਾੜੀ ਅਤੇ ਬਾਗਬਾਨੀ ਖੇਤਰਾਂ ਨੂੰ ਹੋਰ ਉਚਾਈਆਂ ਵੱਲ ਲਿਜਾਣ ਲਈ ਸੂਬੇ ਦੇ ਕਿਸਾਨਾਂ ਅਤੇ ਭਾਈਵਾਲਾਂ ਦੀ ਸਰਗਰਮ ਭਾਗੀਦਾਰੀ ਅਤੇ ਸਮਰਪਣ ਭਾਵਨਾ ਲਈ ਉਨ੍ਹਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਖ-ਵੱਖ ਪਹਿਲ ਕਦਮੀਆਂ ਅਤੇ ਸਕੀਮਾਂ ਰਾਹੀਂ ਕਿਸਾਨਾਂ ਨੂੰ ਸਮਰੱਥ ਬਣਾ ਕੇ ਸੂਬੇ ਵਿੱਚ ਖੇਤੀ ਵਿਕਾਸ ਨੂੰ ਹੁਲਾਰਾ ਦੇਣ ਲਈ ਵਚਨਬੱਧ ਹੈ।

## ਦੇਸ਼ ਵਾਸੀਆਂ ਵੱਲੋਂ ਰਾਹਲੂ ਨੂੰ ਦਿੱਤੇ ਪਿਆਰ ਕਾਰਨ ਭਾਜਪਾ ਬੁਖਲਾਈ : ਗਿਲਜੀਆਂ




**ਟਾਂਡਾ ਉੜਮੁੜ, (ਜਸਵਿੰਦਰ ਸੰਧੂ ਉਂਕਾਰ ਸਿੰਘ )**-ਬਲਾਕ ਪ੍ਰਧਾਨ ਅਵਤਾਰ ਸਿੰਘ ਖੋਖਰ ਅਤੇ ਯੂਥ ਪ੍ਰਧਾਨ ਲੱਬਾ ਜਹੂਰਾ ਦੀ ਅਗਵਾਈ ਹੇਠ ਹੋਈ ਮੀਟਿੰਗ ਦੌਰਾਨ ਸਾਬਕਾ ਕੈਬਨਿਟ ਮੰਤਰੀ ਸੰਗਤ ਸਿੰਘ ਗਿਲਜੀਆਂ ਸਮੇਤ ਸਮੂਹ ਵਰਕਰਾਂ ਨੇ ਲੱਡੂ ਵੰਡ ਕੇ ਖੁਸ਼ੀ ਮਨਾਈ। ਗਿਲਜੀਆਂ ਨੇ ਕਿਹਾ ਕਿ ਦੇਸ਼ 'ਚ ਸੱਚ ਦੀ ਜਿੱਤ ਹੋਈ ਹੈ, ਜਿਸ ਤਰ੍ਹਾਂ ਭਾਜਪਾ ਨੇ ਵਿਰੋਧੀ ਧਿਰ ਦੇ ਬਹੁਤ ਵੱਡੇ ਨੇਤਾ ਰਾਹੁਲ ਗਾਂਧੀ ਨੂੰ ਸੰਸਦ 'ਚੋਂ ਇਕ ਯੋਜਨਾਬੱਧ ਤਰੀਕੇ ਨਾਲ ਬਾਹਰ ਕਰਨ ਦੀ ਯੋਜਨਾ ਬਣਾਈ ਸੀ। ਸੁਪਰੀਮ ਕੋਰਟ ਨੇ ਉਸ ਨੂੰ ਗਲਤ ਪਾਇਆ ਹੈ ਇਹ ਸਿੱਧ ਕਰ ਦਿੱਤਾ ਹੈ ਕਿ ਸੱਚ ਦੀ ਜਿੱਤ ਇਕ ਦਿਨ ਜਰੂਰ ਹੁੰਦੀ ਹੈ। ਰਾਹੁਲ ਗਾਂਧੀ ਦੀ ਸਜਾ 'ਤੇ ਰੋਕ ਲਾਉਣੀ ਨਫਰਤ ਵਿਰੁੱਧ ਪਿਆਰ ਦੀ ਜਿੱਤ ਹੈ। ਉਨ੍ਹਾਂ ਦੱਸਿਆ ਕਿ ਭਾਰਤ ਜੋੜੋ ਯਾਤਰਾ ਦੀ ਸਫਲਤਾ ਅਤੇ ਦੇਸ਼ ਵਾਸੀਆਂ ਵੱਲੋਂ ਰਾਹੁਲ ਗਾਂਧੀ ਨੂੰ ਦਿੱਤੇ ਪਿਆਰ ਕਾਰਨ ਭਾਜਪਾ ਬੌਖਲਾਈ ਹੋਈ ਹੈ। ਵਰਕਰਾਂ ਨੇ ਰਾਹੁਲ ਗਾਂਧੀ ਜ਼ਿੰਦਾਬਾਦ ਦੇ ਨਾਅਰੇ ਲਾਏ।

ਸਾਰੇ ਨੇਤਾਵਾਂ ਨੇ ਇਕ ਦੂਜੇ ਨੂੰ ਮਠਿਆਈਆਂ ਖੁਆਈਆਂ। ਇਸ ਮੌਕੇ ਨਗਰ ਕੌਂਸਲ ਪ੍ਰਧਾਨ ਗੁਰਸੇਵਕ ਮਾਰਸ਼ਲ, ਡਿੰਪੀ ਖੋਸਲਾ, ਦੇਸ ਰਾਜ ਡੋਗਰਾ, ਜੋਗਿੰਦਰ ਸਿੰਘ ਗਿਲਜੀਆਂ, ਪੰਕਜ ਸਚਦੇਵਾ, ਰਾਜੇਸ਼ ਲਾਡੀ, ਸੁਖਵਿੰਦਰ ਜੀਤ ਸਿੰਘ ਬੀਰਾ, ਵਿਪਨ ਮਰਵਾਹਾ, ਵਿਨੋਦ ਸੁੰਦਰੀ, ਆਸ਼ੂ ਵੈਦ, ਡਾ.ਬਲਦੇਵ ਰਾਜ, ਜਸਵਿੰਦਰ ਕਾਕਾ, ਪਰਵਿੰਦਰ ਸਾਬੀ, ਰਵੀਸਨ, ਬ੍ਰਹਮ ਸੈਣੀ, ਲਖਵੀਰ ਸਿੰਘ ਲੱਖੀ, ਰਵਿੰਦਰਪਾਲ ਸਿੰਘ ਗੋਰਾ, ਕ੍ਰਿਸ਼ਨ ਬਿੱਟੂ, ਸੁਖਰਾਜ ਸਿੱਧੂ, ਮੁਕੇਸ਼ ਮੰਨਾ, ਕੁਲਦੀਪ ਸਿੰਘ ਦੇਹਰੀਵਾਲ, ਪਰਮਜੀਤ ਬਾਬੂ, ਪਿੰਕੀ ਸੰਗਰ, ਮਲਕੀਤ ਸਿੰਘ, ਜਰਨੈਲ ਜਾਜਾ, ਗੁਰਦੀਪ ਸਿੰਘ ਬੈਂਚਾ, ਸਤਨਾਮ ਸਿੰਘ ਖਰਲ ਖੁਰਦ, ਪੰਚ ਮੁਖਤਿਆਰ ਸਿੰਘ ਖੁੱਡਾ, ਗੁਰਮੁਖ ਸਿੰਘ, ਰੂਪ ਲਾਲ ਹਾਜ਼ਰ ਸਨ।

## ਸੀਨੀਅਰ ਸੈਕੰਡਰੀ ਸਕੂਲ ਲੜਕੀਆਂ ਵਿਖੇ ਮਾਂ ਦੇ ਦੁੱਧ ਦੀ ਮਹੱਤਤਾ ਸੰਬੰਧੀ ਸੈਮੀਨਾਰ




**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**- ਅੱਜ ਸੀਨੀਅਰ ਸੈਕੰਡਰੀ ਸਕੂਲ ਲੜਕੀਆਂ ਸੁਲਤਾਨਪੁਰ ਲੋਧੀ ਵਿਖੇ ਰੋਟਰੀ ਕਲੱਬ, ਸੁਲਤਾਨਪੁਰ ਲੋਧੀ ਦੇ ਪ੍ਰਧਾਨ ਡਾ. ਹਰਜੀਤ ਸਿੰਘ, ਸੁਲਤਾਨਪੁਰ ਲੋਧੀ ਹੋਲੀ ਸਿਟੀ ਦੇ ਪ੍ਰਧਾਨ ਸੰਦੀਪ ਕੌਰ ਥਿੰਦ, ਇਨਰਵੀਲ ਕਲੱਬ ਸੁਲਤਾਨਪੁਰ ਲੋਧੀ ਦੇ ਪ੍ਰਧਾਨ ਸਤਵੰਤ ਕੌਰ ਜੰਮੂ ਦੇ ਉਚੇਚੇ ਸਹਿਯੋਗ ਨਾਲ 'ਮਾਂ ਦੇ ਦੁੱਧ ਦੀ ਮਹੱਤਤਾ' ਵਿਸ਼ੇ 'ਤੇ ਇੱਕ ਵਿਸ਼ੇਸ਼ ਸੈਮੀਨਾਰ ਕਰਵਾਇਆ ਗਿਆ ਜਿਸ ਵਿੱਚ ਰੋਟਰੀ ਕਲੱਬ ਦੇ ਪ੍ਰਧਾਨ ਡਾ. ਹਰਜੀਤ ਸਿੰਘ ਨੇ ਸਕੂਲ ਸਟਾਫ ਅਤੇ ਵਿਦਿਆਰਥਣਾਂ ਨੂੰ ਇਸ ਵਿਸ਼ੇ 'ਤੇ ਭਰਪੂਰ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਮਾਂ ਦੇ ਦੁੱਧ ਵਿਚ ਅਣਗਿਣਤ ਅਜਿਹੇ ਅੰਸ਼ ਹੁੰਦੇ ਹਨ ਜੋ ਕਿ ਪਹਿਲੇ 6 ਮਹੀਨੇ ਤੱਕ ਬੱਚੇ ਨੂੰ ਕਿਸੇ ਵੀ ਬਿਮਾਰੀ ਦਾ ਸ਼ਿਕਾਰ ਨਹੀਂ ਹੋਣ ਦਿੰਦੇ। ਮਾਂ ਦਾ ਦੁੱਧ ਪੀਣ ਵਾਲੇ ਬੱਚੇ ਨੂੰ ਮੋਟਾਪਾ, ਦਮਾ, ਸ਼ੂਗਰ ਆਦਿ ਬਿਮਾਰੀਆਂ ਹੋਣ ਦੇ ਚਾਂਸ ਘਟ ਜਾਂਦੇ ਹਨ। ਇਨਰਵੀਲ ਕਲੱਬ ਦੇ ਪ੍ਰਧਾਨ ਸੰਦੀਪ ਕੌਰ ਥਿੰਦ ਨੇ ਦੱਸਿਆ ਕਿ ਜਿੱਥੇ ਮਾਂ ਦਾ ਦੁੱਧ ਬੱਚੇ ਦੀ ਸਿਹਤ ਲਈ ਲਾਭਕਾਰੀ ਹੁੰਦਾ ਹੈ ਉਥੇ ਇਹ ਮਾਂ ਦੀ ਸਿਹਤ ਨੂੰ ਬਿਮਾਰੀਆਂ ਤੋਂ ਬਚਾਉਂਦਾ ਹੈ। ਮਾਂ ਆਪਣੇ ਬੱਚੇ ਨੂੰ ਜਿੰਨਾ ਜ਼ਿਆਦਾ ਆਪਣਾ ਦੁੱਧ ਪਿਲਾਏਗੀ ਓਨਾ ਹੀ ਬੱਚਾ ਆਪਣੀ ਮਾਂ ਦੇ ਸਰੀਰ ਨੂੰ ਫਿੱਟ ਰੱਖਣ ਵਿਚ ਸਹਿਯੋਗ ਕਰੇਗਾ । ਡਾਕਟਰ ਸੁਖਵਿੰਦਰ ਕੌਰ ਨੇ ਦੱਸਿਆ ਕਿ ਜੋ ਵੀ ਸਰਕਾਰ ਵੱਲੋਂ ਸਕੂਲਾਂ ਵਿਚ ਆਇਰਨ ਦੀਆ ਗੋਲੀਆਂ ਦਿੱਤੀਆਂ ਜਾਂਦੀਆਂ ਹਨ ਉਹ ਹਰ ਇਕ ਲੜਕੀ ਨੂੰ ਜ਼ਰੂਰ ਖਾਣੀ ਚਾਹੀਦੀ ਹੈ । ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਮਨਜੀਤ ਕੌਰ ਜੱਜ ਨੇ ਰੋਟਰੀ ਕਲੱਬ ਸੁਲਤਾਨਪੁਰ ਲੋਧੀ, ਇਨਰਵੀਲ ਕਲੱਬ ਸੁਲਤਾਨਪੁਰ ਲੋਧੀ, ਹੋਲੀ ਸਿਟੀ ਕਲੱਬ ਸੁਲਤਾਨਪੁਰ ਲੋਧੀ ਦੇ ਪ੍ਰਧਾਨ, ਸਕੱਤਰ ਅਤੇ ਕਲੱਬ ਦੇ ਮੈਂਬਰ ਸਹਿਬਾਨ ਨੂੰ ਜੀ ਆਇਆਂ ਕਿਹਾ ਤੇ ਧੰਨਵਾਦ ਕੀਤਾ। ਸਟੇਜ ਸੰਚਾਲਨ ਦੀ ਭੂਮਿਕਾ ਮਾਸਟਰ ਬਲਦੇਵ ਸਿੰਘ ਟੀਟਾ ਨੇ ਨਿਭਾਈ। ਇਸ ਮੌਕੇ ਰਮਿੰਦਰ ਕੌਰ ਸਾਬਕਾ ਪ੍ਰਧਾਨ, ਸਕੱਤਰ ਜਸਪਾਲ ਕੌਰ, ਸਕੱਤਰ ਡਾ. ਸਿਮਰਨ ਵਾਹੀ, ਰੋਟ ਕੁਲਵੰਤ ਸਿੰਘ, ਰੋਟ ਜਗਦੇਵ ਸਿੰਘ, ਰੋਟ ਅਮਿਤਾਭ ਸੇਠੀ, ਸਿਮਰਪ੍ਰੀਤ ਕੌਰ, ਵੰਦਨਾ ਗੁਪਤਾ, ਵੀਨਾ ਪ੍ਰੈਸ਼ਰ ਆਦਿ ਵੀ ਹਾਜ਼ਰ ਸਨ।

## ਭਗਤ ਪੂਰਨ ਸਿੰਘ ਨੂੰ ਖ਼ੂਨਦਾਨ ਕਰਕੇ ਦਿੱਤੀ ਸ਼ਰਧਾਂਜਲੀ




**ਨਵਾਂਸ਼ਹਿਰ (ਮਨੋਜ ਲਾਡੀ)**- ਮਨੁੱਖੀ ਸੇਵਾ ਦੇ ਪੈਗੰਬਰ ਭਗਤ ਪੂਰਨ ਸਿੰਘ (ਬਾਨੀ ਪਿੰਗਲਵਾੜਾ ਸ੍ਰੀ ਅੰਮ੍ਰਿਤਸਰ) ਦੀ ਬਰਸੀ 'ਤੇ ਸਾਲਾਨਾ ਯਾਦਗਾਰੀ ਸਵੈ-ਇੱਛਕ ਖੂਨਦਾਨ ਕੈਂਪ ਸਥਾਨਕ ਬੀ.ਡੀ.ਸੀ ਬਲੱਡ ਸੈਂਟਰ ਨਵਾਂਸ਼ਹਿਰ ਵਿਖੇ ਲਗਾਇਆ ਗਿਆ। ਇਸ ਬਲੱਡ ਸੈਂਟਰ ਦਾ ਸ਼ੁੱਭ ਉਦਘਾਟਨ ਭਗਤ ਜੀ ਨੇ 13 ਅਪ੍ਰੈਲ 1992 ਨੂੰ ਕੀਤਾ ਸੀ। ਬੀ.ਡੀ.ਸੀ ਬਲੱਡ ਸੈਂਟਰ ਦੇ ਪ੍ਰਧਾਨ ਐਸ.ਕੇ.ਸਰੀਨ, ਸਕੱਤਰ ਜੇ.ਐਸ.ਗਿੱਦਾ, ਕੈਸ਼ੀਅਰ ਪ੍ਰਵੇਸ਼ ਕੁਮਾਰ, ਡਾਇਰੈਕਟਰ ਪੀ.ਆਰ.ਕਾਲੀਆ, ਮੈਨੇਜਰ ਮਨਮੀਤ ਸਿੰਘ, ਬੀ.ਟੀ.ਓ ਡਾ. ਅਜੈ ਬੱਗਾ, ਡਾ.ਦਿਆਲ ਸਰੂਪ, ਰਾਜਿੰਦਰ ਠਾਕੁਰ ਟੀ.ਐਸ, ਰਾਜੀਵ ਕੁਮਾਰ ਐਲ.ਟੀ, ਪ੍ਰਿਅੰਕਾ ਸ਼ਰਮਾ ਸਟਾਫ ਨਰਸ ਅਤੇ ਸਟਾਫ ਨੇ ਭਗਤ ਪੂਰਨ ਸਿੰਘ ਦੀ ਤਸਵੀਰ ਅੱਗੇ ਫੁੱਲਾਂ ਦੀਆਂ ਪੰਖੜੀਆਂ ਅਰਪਿਤ ਕਰਕੇ ਮਹਾਨ ਪੈਗੰਬਰ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਖੂਨਦਾਨੀਆਂ ਦੇ ਬੈਜ ਲਗਾ ਕੇ ਉਨ੍ਹਾਂ ਦਾ ਸਨਮਾਨ ਕੀਤਾ ਗਿਆ । ਐਸ ਕੇ ਸਰੀਨ ਨੇ ਭਗਤ ਜੀ ਨੂੰ ਯਾਦ ਕਰਦਿਆਂ ਆਖਿਆ ਕਿ ਅਪ੍ਰੈਲ 1992 ਵਿੱਚ ਬੀ.ਡੀ.ਸੀ ਬਲੱਡ ਸੈਂਟਰ ਦਾ ਉਦਘਾਟਨ ਕਰਨ ਉਪਰੰਤ ਉਹ ਉਸੇ ਸਾਲ ਅਗਸਤ 'ਚ ਸਰੀਰਕ ਤੌਰ 'ਤੇ ਇਸ ਸੰਸਾਰ ਨੂੰ ਅਲਵਿਦਾ ਆਖ ਗਏ ਸਨ। ਉਨ੍ਹਾਂ ਦੀ ਚਰਨ ਛੋਹ ਪ੍ਰਾਪਤ ਦਿਨ-ਰਾਤ ਅਧਾਰਤ ਖੂਨਦਾਨ ਸੇਵਾ ਹੁਣ 32ਵੇਂ ਸਾਲ ਵਿੱਚ ਪ੍ਰਵੇਸ਼ ਕਰ ਗਈ ਹੈ। ਲਾਈਫ ਮੈਂਬਰਾਂ, ਮੈਂਬਰ ਸੰਸਥਾਵਾਂ, ਖੂਨਦਾਨੀ ਪ੍ਰੇਰਕਾਂ, ਰੈਗੂਲਰ ਖੂਨਦਾਨੀਆਂ, ਦੇਸ਼-ਪ੍ਰਦੇਸ਼ ਵਸਦੇ ਸ਼ੁੱਭਚਿੰਤਕਾਂ ਅਤੇ ਬੀ.ਡੀ.ਸੀ ਸਟਾਫ ਦਾ ਸਹਿਯੋਗ ਹੀ ਇਸ ਸੇਵਾ ਦਾ ਅਧਾਰ ਹੈ। ਡਾ ਅਜੇ ਬੱਗਾ ਬੀ.ਟੀ.ਓ ਨੇ ਦੱਸਿਆ ਕਿ 18 ਤੋਂ 65 ਸਾਲ ਤੱਕ ਦੀ ਉਮਰ ਦੇ ਤੰਦਰੁਸਤ ਵਿਅਕਤੀ ਤਿੰਨ ਮਹੀਨੇ ਬਾਅਦ ਖੂਨਦਾਨ ਕਰ ਸਕਦੇ ਹਨ। ਉਨ੍ਹਾ ਨੇ ਡੇਂਗੂ ਤੇ ਅੱਖਾਂ ਦੇ ਫਲੂ ਸੀਜ਼ਨ 'ਚ ਆਮ ਪਬਲਿਕ ਨੂੰ ਸਾਵਧਾਨੀਆਂ ਵਰਤਣ ਦੀ ਅਪੀਲ ਕੀਤੀ।

## ਕੋਟਲੀ ਨੇੜੇ ਸੜਕ ਹਾਦਸੇ 'ਚ ਦੋ ਔਰਤਾਂ ਜ਼ਖ਼ਮੀ

**ਟਾਂਡਾ ਉੜਮੁੜ (ਜਸਵਿੰਦਰ ਸੰਧੂ , ਉਂਕਾਰ ਸਿੰਘ)**-ਟਾਂਡਾ-ਸ੍ਰੀ ਹਰਗੋਬਿੰਦ ਰੋਡ 'ਤੇ ਪਿੰਡ ਕੋਟਲੀ ਨੇੜੇ ਸਕੂਟੀ ਅਤੇ ਕਾਰ ਦੀ ਟੱਕਰ 'ਚ ਇਕ ਔਰਤ ਅਤੇ ਉਸ ਦੀ ਸੱਸ ਜ਼ਖ਼ਮੀ ਹੋ ਗਏ। ਇਹ ਹਾਦਸਾ ਸਵੇਰੇ 11 ਵਜੇ ਦੇ ਕਰੀਬ ਉਸ ਸਮੇਂ ਵਾਪਰਿਆ ਜਦੋਂ ਮਹਿੰਦਰ ਕੌਰ ਪਤਨੀ ਅਮਰਜੀਤ ਸਿੰਘ ਅਤੇ ਉਸ ਦੀ ਨੂੰਹ ਗੁਰਜੀਤ ਕੌਰ ਵਾਸੀ ਖੱਖਾਂ ਆਪਣੇ ਪਿੰਡ ਤੋਂ ਪੁਲ ਪੁਖਤਾ ਗੁਰਦੁਆਰੇ ਵਿਖੇ ਮੱਥਾ ਟੇਕਣ ਜਾ ਰਹੀਆਂ ਸਨ ਕਿ ਜਦੋਂ ਉਹ ਪਿੰਡ ਕੋਟਲੀ ਨੇੜੇ ਪਹੁੰਚੇ ਤਾਂ ਉਲਟ ਦਿਸ਼ਾ ਤੋਂ ਆ ਰਹੀ ਕਾਰ ਨਾਲ ਉਨ੍ਹਾਂ ਦੀ ਟੱਕਰ ਹੋ ਗਈ, ਜਿਸ ਕਾਰਨ ਦੋਵੇਂ ਔਰਤਾਂ ਗੰਭੀਰ ਜ਼ਖ਼ਮੀ ਹੋ ਗਈਆਂ ਅਤੇ ਉਨ੍ਹਾਂ ਨੂੰ ਸਰਕਾਰੀ ਹਸਪਤਾਲ ਟਾਂਡਾ ਵਿਖੇ ਪਹੁੰਚਾਇਆ ਗਿਆ। ਟਾਂਡਾ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਹਾਦਸੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

## ਦਾਊਂ ਸਕੂਲ ਨੇ ਨਿਪੁੰਨਤਾ ਖੋਜ ਪ੍ਰੀਖਿਆ 'ਚ ਮਾਰੀ ਬਾਜ਼ੀ



**ਮੋਹਾਲੀ (ਗੁਰਜੀਤ ਬਿੱਲਾ)**- ਸਰਕਾਰੀ ਹਾਈ ਸਕੂਲ ਦੀ ਵਿਦਿਆਰਥਣ ਜਸਪ੍ਰੀਤ ਕੌਰ ਨੇ ਪੰਜਾਬ ਰਾਜ ਨਿਪੁੰਨਤਾ ਖੋਜ ਪ੍ਰੀਖਿਆ 'ਚ ਜ਼ਿਲ੍ਹੇ 'ਚੋਂ ਪਹਿਲੇ ਨੰਬਰ 'ਤੇ ਆ ਕੇ ਆਪਣੇ ਸਕੂਲ, ਮਾਪਿਆਂ ਅਤੇ ਪਿੰਡ ਦਾ ਨਾਂਅ ਰੌਸ਼ਨ ਕੀਤਾ। ਮੁੱਖ ਅਧਿਆਪਕਾ ਕਿਰਨ ਕੁਮਾਰੀ ਨੇ ਦੱਸਿਆ ਕਿ ਜਸਪ੍ਰੀਤ ਕੌਰ ਦੀ ਇਸ ਪ੍ਰਾਪਤੀ ਦਾ ਸਿਹਰਾ ਸਕੂਲ ਦੇ ਅਧਿਆਪਕਾਂ ਅਤੇ ਮਾਪਿਆਂ ਵੱਲ ਜਾਂਦਾ ਹੈ। ਸਕੂਲ ਦੀ ਐਸ ਐਮ ਸੀ ਕਮੇਟੀ, ਪਿੰਡ ਦੀ ਪੰਚਾਇਤ ਦੇ ਸਰਪੰਚ ਅਜਮੇਰ ਸਿੰਘ ਨੇ ਜਸਪ੍ਰੀਤ ਕੌਰ ਦੀ ਇਸ ਪ੍ਰਾਪਤੀ 'ਤੇ ਸ਼ੁੱਭਕਾਮਨਾਵਾਂ ਦਿੱਤੀਆਂ । ਸਾਨੂੰ ਅਪਣੇ ਅਜਿਹੇ ਹੋਣਹਾਰ ਵਿਦਿਆਰਥੀਆਂ ਉਪਰ ਮਾਣ ਹੈ।

## ਵਿਦਿਆਰਥਣ ਨੇ ਪ੍ਰੀਖਿਆ 'ਚ ਚੋਟੀ ਦਾ ਸਥਾਨ ਹਾਸਲ ਕੀਤਾ

**ਜਲੰਧਰ ( ਇਕਬਾਲ ਸਿੰਘ ਉੱਭੀ )** ਪੀ.ਸੀ.ਐਮ.ਐਸ.ਡੀ. ਕਾਲਜ ਫਾਰ ਵੂਮੈਨ ਦੀ ਯੂਨੀਵਰਸਿਟੀ ਦੇ ਚੋਟੀ ਦੇ ਰੈਂਕਰ ਪੈਦਾ ਕਰਨ ਦੀ ਪਰੰਪਰਾ ਹ। ਇਸ ਪਰੰਪਰਾ ਨੂੰ ਕਾਇਮ ਰੱਖਦਿਆਂ ਐਮਬੀਈਆਈਟੀ ਸਮੈਸਟਰ ਦੂਜੇ ਦੇ ਵਿਦਿਆਰਥੀਆਂ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਪ੍ਰੀਖਿਆ ਸ਼ਾਨਦਾਰ ਪ੍ਰਦਰਸ਼ਨ ਕਰਕੇ ਸੰਸਥਾ ਦਾ ਨਾਂਅ ਰੌਸ਼ਨ ਕੀਤਾ ਹੈ। ਅਰਪਨਜੋਤ ਕੌਰ ਨੇ 388/500 ਅੰਕ (78%) ਪ੍ਰਾਪਤ ਕਰਕੇ ਯੂਨੀਵਰਸਿਟੀ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ। ਸਿਮਰਨ ਸੋਨਿਕ ਨੇ 350/500 ਅੰਕ (70%) ਪ੍ਰਾਪਤ ਕੀਤੇ। ਇਸ ਮੌਕੇ 'ਤੇ ਪ੍ਰਧਾਨ ਨਰੇਸ਼ ਬੁਧੀਆ , ਸੀਨੀਅਰ ਮੀਤ ਪ੍ਰਧਾਨ ਵਿਨੋਦ ਦਾਦਾ , ਪ੍ਰਬੰਧਕਾਂ ਦੇ ਹੋਰ ਮੈਂਬਰਾਂ ਅਤੇ ਪ੍ਰਿੰਸੀਪਲ ਡਾ. ਪੂਜਾ ਪਰਾਸ਼ਰ ਨੇ ਪ੍ਰਾਪਤੀਆਂ ਕਰਨ ਵਾਲਿਆਂ ਦੀ ਸ਼ਲਾਘਾ ਕੀਤੀ ਤਾਂ ਜੋ ਉਹ ਨਵੀਆਂ ਚੁਣੌਤੀਆਂ ਨੂੰ ਅਪਨਾਉਂਦੇ ਰਹਿਣ, ਕਦੇ ਵੀ ਸਿੱਖਣਾ ਨਾ ਛੱਡਣ ਅਤੇ ਆਪਣੇ ਲਈ ਇੱਕ ਬਿਹਤਰ ਸਥਾਨ ਬਣਾਉਣ।

## ਸਰਕਾਰੀ ਕਾਲਜ 'ਚ ਪੌਦੇ ਲਗਾਏ ਤੇ ਵੰਡੇ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਸਰਕਾਰੀ ਕਾਲਜ ਹੁਸ਼ਿਆਰਪੁਰ ਵਿਖੇ ਕਾਲਜ ਪ੍ਰਿੰਸੀਪਲ ਜੋਗੇਸ਼ ਦੀ ਅਗਵਾਈ ਵਿੱਚ ਰੈੱਡ ਰਿਬਨ ਕਲੱਬ ਅਤੇ ਐਨ.ਐਸ.ਐਸ. ਇੰਚਾਰਜ ਪ੍ਰੋ. ਵਿਜੇ ਕੁਮਾਰ ਦੇ ਸਹਿਯੋਗ ਨਾਲ "ਮੇਰੀ ਮਿੱਟੀ ਮੇਰਾ ਦੇਸ਼" ਸਮਾਰੋਹ ਦੇ ਤਹਿਤ ਵਿਦਿਆਰਥੀਆਂ ਨੂੰ ਆਪਣੇ ਦੇਸ਼ ਨਾਲ ਪ੍ਰੇਮ ਕਰਨ ਅਤੇ ਆਪਣੀ ਮਿੱਟੀ ਨਾਲ ਜੁੜਨ ਦੇ ਲਈ ਪ੍ਰੇਰਿਤ ਕੀਤਾ ਗਿਆ। ਪ੍ਰੋ. ਵਿਜੇ ਕੁਮਾਰ ਨੇ ਵਿਦਿਆਰਥੀਆਂ ਨੂੰ ਦੇਸ਼ ਅਤੇ ਦੇਸ਼ ਦੀ ਮਿੱਟੀ ਨਾਲ ਜੁੜ ਕੇ ਆਪਣੇ ਫਰਜ਼ਾਂ ਨੂੰ ਨਿਭਾਉਣ ਲਈ ਪ੍ਰੇਰਿਤ ਕੀਤਾ। ਉਹ ਬੱਚਿਆਂ ਨੂੰ ਪੌਦੇ ਵੰਡ ਰਹੇ ਹਨ ਤਾਂ ਕਿ ਉਹ ਆਪਣੇ ਘਰਾਂ ਦੇ ਆਲੇ-ਦੁਆਲੇ ਪੌਦੇ ਲਗਾਉਣ ਅਤੇ ਵਾਤਾਵਰਣ ਸਾਫ ਬਣ ਸਕੇ, ਸਾਨੂੰ ਆਕਸੀਜਨ ਦੀ ਕਮੀ ਨਾ ਰਹੇ ਅਤੇ ਧਰਤੀ ਨੂੰ ਹਰਿਆ-ਭਰਿਆ ਅਤੇ ਸਵਰਗ ਵਰਗਾ ਬਣਾਇਆ ਜਾ ਸਕੇ। ਵਿਦਿਆਰਥੀਆਂ ਨੂੰ ਸਰਟੀਫਿਕੇਟ ਵੰਡ ਕੇ ਉਤਸ਼ਾਹਿਤ ਕੀਤਾ ਗਿਆ ਤਾਂ ਕਿ ਉਹ ਸਮਾਰੋਹ ਨਾਲ ਜੁੜ ਕੇ ਆਪਣਾ ਫਰਜ਼ ਨਿਭਾ ਸਕਣ।

## ਨਸ਼ਾਖੋਰੀ ਤੇ ਇਲਾਜ ਬਾਰੇ ਜਾਗਰੂਕਤਾ ਸੈਮੀਨਾਰ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਡਿਪਟੀ ਮੈਡੀਕਲ ਕਮਿਸ਼ਨਰ ਹੁਸ਼ਿਆਰਪੁਰ ਦੇ ਹੁਕਮਾਂ ਅਨੁਸਾਰ ਜ਼ਿਲ੍ਹਾ ਨਸ਼ਾ ਮੁਕਤੀ ਮੁੜ ਵਸੇਬਾ ਕੇਂਦਰ ਅਤੇ ਓ.ਓ.ਏ.ਟੀ. ਕਲੀਨਿਕ ਹੁਸ਼ਿਆਰਪੁਰ ਵੱਲੋਂ ਸਰਕਾਰੀ ਸਮਾਰਟ ਸੀਨੀਅਰ ਸੈਕੰਡਰੀ ਸਕੂਲ ਪਿੱਪਲਾਂਵਾਲਾ ਹੁਸ਼ਿਆਰਪੁਰ ਵਿਖੇ ਪ੍ਰਿੰਸੀਪਲ ਹਰਜਿੰਦਰ ਕੌਰ ਦੀ ਪ੍ਰਧਾਨਗੀ ਹੇਠ ਇਕ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ। ਇਸ ਮੌਕੇ ਪ੍ਰਸ਼ਾਂਤ ਆਦੀਆ ਕੌਂਸਲਰ, ਸੰਦੀਪ ਕੁਮਾਰੀ ਸਾਇਕੋਲੋਜਿਸਟ ਕੌਂਸਲਰ ਰਿਸੋਰਸ ਪਰਸਨ ਵਜੋਂ ਹਾਜ਼ਰ ਹੋਏ। ਇਸ ਮੌਕੇ ਨਸ਼ਾਖੋਰੀ ਦੇ ਮਾੜੇ ਪ੍ਰਭਾਵਾਂ ਤੇ ਇਲਾਜ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੰਦਿਆਂ ਕਿਹਾ ਕਿ ਸਿਹਤ ਅਤੇ ਪਰਵਾਰ ਭਲਾਈ ਵਿਭਾਗ ਪੰਜਾਬ ਵੱਲੋਂ ਨਸ਼ਾਖੋਰੀ ਦਾ ਇਲਾਜ ਮੁਫਤ ਕੀਤਾ ਜਾਂਦਾ ਹੈ। ਜਿਸ ਲਈ ਹੁਸ਼ਿਆਰਪੁਰ ਵਿਖੇ 2 ਨਸ਼ਾ ਮੁਕਤੀ ਕੇਂਦਰ, 1 ਪੁਨਰਵਾਸ ਕੇਂਦਰ ਅਤੇ 17 ਓ.ਓ.ਏ.ਟੀ. ਕਲੀਨਿਕ ਹਨ ਜਿਥੇ ਮੁਫਤ ਇਲਾਜ ਕੀਤਾ ਜਾਂਦਾ ਹੈ। ਇਸ ਮੌਕੇ ਬੱਚਿਆਂ ਨੂੰ ਨਸ਼ਾ ਮੁਕਤ ਰਹਿਣ ਦੀ ਸਹੁੰ ਵੀ ਚੁਕਾਈ ਗਈ। ਇਸ ਮੌਕੇ ਗੁਰਪ੍ਰਤਾਪ ਸਿੰਘ ਤੇ ਹੋਰ ਆਦਿ ਹਾਜ਼ਰ ਸਨ।

## ਇਪਟਾ ਵੱਲੋਂ ਮਨੀਪੁਰ ਘਟਨਾਵਾਂ ਖਿਲਾਫ਼ ਰੋਸ ਪ੍ਰਦਰਸ਼ਨ

**ਮੁਹਾਲੀ (ਗੁਰਜੀਤ ਬਿੱਲਾ)**-ਇਪਟਾ, ਪੰਜਾਬ ਵੱਲੋਂ ਆਪਣੀ ਸਮਾਜਿਕ ਅਤੇ ਇਖ਼ਲਾਕੀ ਜ਼ੁੰਮੇਵਾਰੀ ਸਮਝਦਿਆਂ ਮਨੀਪੁਰ 'ਚ ਨਿਰੰਤਰ ਵਾਪਰ ਰਹੀਆਂ ਸ਼ਰਮਨਾਕ ਅਤੇ ਅਣ-ਮਨੁੱਖੀ ਘਟਨਾਵਾਂ ਖਿਲਾਫ਼ ਜ਼ਿਲ੍ਹਾ ਪੱਧਰ 'ਤੇ ਹਮਖਿਆਲ ਜੱਥੇਬੰਦੀਆਂ ਨਾਲ ਮਿਲ ਕੇ ਰੋਹ ਤੇ ਰੋਸ ਪ੍ਰਦਰਸ਼ਨ ਕੀਤੇ ਗਏ। ਇਪਟਾ ਪੰਜਾਬ ਦੇ ਪ੍ਰਧਾਨ ਸੰਜੀਵਨ ਸਿੰਘ ਅਤੇ ਜਨਰਲ ਸਕੱਤਰ ਇੰਦਰਜੀਤ ਰੂਪੋਵਾਲੀ ਨੇ ਕਿਹਾ ਇਨਾਂ ਰੋਹ ਤੇ ਰੋਸ ਪ੍ਰਦਰਸ਼ਨਾ ਮੌਕੇ ਮਨੀਪੁਰ ਦੇ ਕਾਂਗਪੋਕਪੀ ਜ਼ਿਲ੍ਹੇ ਵਿਚ ਵਹਿਸ਼ੀ ਦਰਿੰਦਿਆਂ ਵੱਲੋਂ ਦੋ ਕਬਾਇਲੀ ਬੱਚੀਆਂ ਨੂੰ ਸ਼ਰੇਆਮ ਨਿਰਵਸਤਰ ਕਰਕੇ ਘੁੰਮਾਉਣ ਦੀ ਘਟਨਾ ਨੂੰ ਸ਼ਰਮਨਾਕ ਅਤੇ ਅਣ-ਮਨੁੱਖੀ ਕਰਾਰ ਦਿੰਦੇ ਦੋਸ਼ੀਆਂ ਖਿਲਾਫ਼ ਸਖ਼ਤ ਤੋਂ ਸਖ਼ਤ ਕਾਰਵਈ ਕਰਕੇ ਮਿਸਾਲੀ ਸਜ਼ਾ ਦੇਣ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਆਉਂਦੇ ਦਿਨਾ 'ਚ ਵੀ ਰਹਿੰਦੀਆਂ ਇਪਟਾ ਦੀਆਂ ਜ਼ਿਲਾ ਇਕਾਈਆਂ ਵੱਲੋਂ ਮਨੀਪੁਰ ਦੀਆਂ ਘਟਨਾਵਾਂ ਖਿਲਾਫ਼ ਪ੍ਰਦਰਸ਼ਨ ਜਾਰੀ ਰਹਿਣਗੇ।

## 72ਵਾਂ ਜਨਮ ਦਿਨ ਮਨਾਇਆ

**ਫਿਲੌਰ, (ਨਿਰਮਲ)**-ਮਾਂ ਵੈਸ਼ਨੂੰ ਦਰਬਾਰ ਦੁੱਖ ਖੰਡਨ ਨਿਵਾਸ ਮੌਰੋਂ ਦੇ ਗੱਦੀਨਸ਼ੀਨ ਮਾਤਾ ਸਵਰਨ ਦੇਵਾ (ਯੂ ਕੇ) ਦਾ 72ਵਾਂ ਜਨਮ ਦਿਨ ਇੱਛਾ ਪੂਰਨ ਸ਼ਨੀ ਮੰਦਰ ਅੱਪਰਾ ਵਿਖੇ ਮੁੱਖ ਸੇਵਾਦਾਰ ਪੰਡਤ ਕਿਸ਼ੋਰ ਕੁਮਾਰ ਸ਼ਾਸ਼ਤਰੀ ਦੀ ਅਗਵਾਈ ਹੇਠ ਪੂਰਨ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਸੰਗਤਾਂ ਦੀ ਹਾਜਰੀ 'ਚ ਕੇਕ ਕੱਟਿਆ ਗਿਆ ਤੇ ਮਾਤਾ ਦੀ ਲੰਬੀ ਉਮਰ ਦੀ ਕਾਮਨਾ ਕੀਤੀ ਗਈ। ਇਸ ਮੌਕੇ ਬੋਲਦਿਆਂ



ਪੰਡਿਤ ਕਿਸ਼ੋਰ ਕੁਮਾਰ ਸ਼ਾਸ਼ਤਰੀ ਮੁੱਖ ਸੇਵਾਦਾਰ ਇੱਛਾ ਪੂਰਨ ਸ਼ਨੀ ਮੰਦਰ ਅੱਪਰਾ ਨੇ ਕਿਹਾ ਕਿ ਮਾਤਾ ਸਵਰਨ ਦੇਵਾ ਜੀ ਹਮੇਸ਼ਾ ਹੀ ਲੋੜਵੰਦਾਂ ਦੀ ਮਦਦ ਲਈ ਤਤਪਰ ਰਹਿੰਦੇ ਹਨ। ਉਹ ਹਰ ਸਮੇ ਸਮਾਜ ਸੇਵਾ ਦੇ ਕਾਰਜਾਂ ਲਈ ਉਤਾਵਲੇ ਰਹਿੰਦੇ ਹਨ। ਉਨਾਂ ਕਾਮਨਾ ਕੀਤੀ ਕਿ ਮਾਤਾ ਜੀ ਹਮੇਸ਼ਾ ਹੀ ਤੰਦਰੁਸਤ ਰਹਿ ਕੇ ਸਮਾਜ ਵਿੱਚ ਵਿਚਰਦੇ ਰਹਿਣ।

# 3 ਨਸ਼ਾ ਤਸਕਰ 3 ਕੁਇੰਟਲ ਡੋਡੇ ਚੂਰਾ-ਪੋਸਤ ਸਮੇਤ ਕਾਬੂ



**ਗੁਰਾਇਆ (ਬਿੰਦਰ ਸੁਮਨ)**-ਮੁਖਵਿੰਦਰ ਸਿੰਘ ਭੁੱਲਰ, ਸੀਨੀਅਰ ਪੁਲਸ ਕਪਤਾਨ, ਜਲੰਧਰ (ਦਿਹਾਤੀ) ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਮਾਜ ਦੇ ਭੈੜੇ ਅਨੁਸਰਾਂ/ਨਸ਼ਾ ਤਸਕਰਾਂ ਖਿਲਾਫ ਚਲਾਈ ਵਿਸ਼ੇਸ਼ ਮੁਹਿੰਮ ਤਹਿਤ ਮਨਪ੍ਰੀਤ ਸਿੰਘ, ਪੁਲਸ ਕਪਤਾਨ ਤਫਤੀਸ਼ ਜਲੰਧਰ ਦਿਹਾਤੀ ਅਤੇ ਜਗਦੀਸ਼ ਰਾਜ, ਉਪ ਪੁਲਸ ਕਪਤਾਨ, ਸਬ- ਡਵੀਜ਼ਨ ਫਿਲੌਰ ਦੀ ਅਗਵਾਈ ਹੇਠ ਇੰਸਪੈਕਟਰ ਸੁਰਿੰਦਰ ਕੁਮਾਰ ਮੁੱਖ ਅਫਸਰ ਥਾਣਾ ਗੁਰਾਇਆ ਦੀ ਟੀਮ ਵੱਲੋਂ 3 ਕੁਇੰਟਲ ਡੋਡੇ ਚੂਰਾ ਪੋਸਤ (ਕੁੱਲ 20 ਬੋਰੀਆਂ 15/15 ਕਿਲੋਗ੍ਰਾਮ) ਬਰਾਮਦ ਕਰਕੇ 3 ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕਰਨ 'ਚ ਕਾਮਯਾਬੀ ਹਾਸਲ ਕੀਤੀ ਹੈ। ਜਗਦੀਸ਼ ਰਾਜ, ਉਪ ਪੁਲਸ ਕਪਤਾਨ ਸਬ ਡਵੀਜ਼ਨ ਫਿਲੌਰ ਜ਼ਿਲ੍ਹਾ ਜਲੰਧਰ ਦਿਹਾਤੀ ਨੇ ਦੱਸਿਆ ਕਿ 3 ਅਗਸਤ ਨੂੰ ਇੰਸਪੈਕਟਰ ਸੁਰਿੰਦਰ ਕੁਮਾਰ ਮੁੱਖ ਅਫਸਰ ਥਾਣਾ ਗੁਰਾਇਆ ਜ਼ਿਲ੍ਹਾ ਜਲੰਧਰ ਦਿਹਾਤੀ ਦੀ ਪੁਲਸ ਪਾਰਟੀ ਤੇ ਐਸ ਆਈ ਜਗਦੀਸ਼ ਰਾਜ ਥਾਣਾ ਗੁਰਾਇਆ ਨੇ ਸਮੇਤ ਸਾਥੀ ਕਰਮਚਾਰੀਆਂ ਦੇ ਮੇਨ ਹਾਈਵੇ ਪਿੰਡ ਚਚਰਾੜੀ ਤੋਂ ਸੁਸ਼ਾਂਤ ਕਾਲਸਨ ਪੁੱਤਰ ਸੁਰੇਸ਼ ਕੁਮਾਰ ਵਾਸੀ ਪਿੰਡ ਸੀਲਾ ਖੇੜੀ ਥਾਣਾ ਸਫੀਦੋਂ ਜ਼ਿਲ੍ਹਾ ਜੀਂਦ (ਹਰਿਆਣਾ), ਪਰਮਜੀਤ ਸਿੰਘ ਉਰਫ ਪੰਮਾ ਪੁੱਤਰ ਇੰਦਰਜੀਤ ਸਿੰਘ ਵਾਸੀ ਪਿੰਡ ਭਾਮੀਆਂ ਕਲਾਂ ਥਾਣਾ ਜਮਾਲਪੁਰ ਜ਼ਿਲ੍ਹਾ ਲੁਧਿਆਣਾ ਅਤੇ ਅਕਸ਼ੈ ਪੁੱਤਰ ਸਤਿਆਵਾਨ ਵਾਸੀ ਪਿੰਡ ਸੀਲਾ ਖੇੜੀ ਥਾਣਾ ਸਫੀਦੋਂ ਜ਼ਿਲ੍ਹਾ ਜੀਂਦ (ਹਰਿਆਣਾ) ਨੂੰ ਕਾਬੂ ਕਰਕੇ ਕੈਂਟਰ ਵਿੱਚੋਂ ਸੇਬਾਂ ਦੀਆਂ ਪੇਟੀਆਂ ਦੇ ਪਿੱਛੇ ਲੁਕਾ ਕੇ ਰੱਖੇ ਹੋਏ 3 ਕੁਇੰਟਲ ਡੋਡੇ ਚੂਰਾ ਪੋਸਤ (ਕੁੱਲ 20 ਬੋਰੀਆਂ 15/15 ਕਿਲੋਗ੍ਰਾਮ) ਬਰਾਮਦ ਕੀਤੇ। ਜਿਸ 'ਤੇ ਐਸ ਆਈ ਜਗਦੀਸ਼ ਰਾਜ ਥਾਣਾ ਗੁਰਾਇਆ ਨੇ ਮੁਕੱਦਮਾ ਦਰਜ ਰਜਿਸਟਰ ਕਰਕੇ ਮੁਢਲੀ ਤਫਤੀਸ਼ ਅਮਲ 'ਚ ਲਿਆਂਦੀ। ਇਲਾਕਾ ਮੈਜਿਸਟਰੇਟ ਫਿਲੌਰ ਦੀ ਅਦਾਲਤ 'ਚ ਪੇਸ਼ ਕਰਕੇ ਦੋਸ਼ੀਆਂ ਦਾ ਪੁਲਸ ਰਿਮਾਂਡ ਹਾਸਲ ਕੀਤਾ ਗਿਆ ਹੈ। ਦੋਸ਼ੀਆਨ ਉਕਤਾਨ ਪਾਸੋਂ ਹੋਰ ਪੁੱਛਗਿੱਛ ਕੀਤੀ ਜਾ ਰਹੀ ਹੈ ਕਿ ਉਹ ਇਹ ਭਾਰੀ ਮਾਤਰਾ 'ਚ ਡੋਡੇ ਚੂਰਾ ਪੋਸਤ ਜੰਮੂ ਤੋਂ ਕਿਸ ਵਿਅਕਤੀ ਪਾਸੋਂ ਲੈ ਕੇ ਆਏ ਸਨ ਅਤੇ ਅੱਗੇ ਕਿਸ ਕਿਸ ਨੂੰ ਵੇਚਣੇ ਸਨ ਅਤੇ ਇਨ੍ਹਾਂ ਦੇ ਹੋਰ ਨਸ਼ਾ ਤਸਕਰਾਂ ਨਾਲ ਲਿੰਕ ਹੋਣ ਸੰਬੰਧੀ ਤਫਤੀਸ਼ ਕੀਤੀ ਜਾ ਰਹੀ ਹੈ। ਦੌਰਾਨੇ ਤਫਤੀਸ਼ ਦੋਸ਼ੀ ਪਰਮਜੀਤ ਸਿੰਘ ਉਰਫ ਪੰਮਾ ਨੇ ਦੱਸਿਆ ਕਿ ਉਸ ਨੇ ਇਹ ਡੋਡੇ ਚੂਰਾ ਪੋਸਤ ਯਕੂਬ ਮੁਹੰਮਦ ਵਾਸੀ ਸਪੋਰ, ਸ੍ਰੀਨਗਰ ਦੇ ਲਾਗੇ ਤੋਂ ਲੈ ਕੇ ਆਇਆ ਸੀ ਅਤੇ ਪਹਿਲਾਂ ਵੀ ਇਹ ਕਾਫੀ ਭਾਰੀ ਮਾਤਰਾ ਵਿੱਚ ਡੋਡੇ ਚੂਰਾ ਪੋਸਤ ਲਿਆ ਕੇ ਵੇਚ ਚੁੱਕਾ ਹੈ।

# ਸੀ ਸੀ ਟੀ ਵੀ ਕੈਮਰਿਆਂ ਦਾ ਕੈਬਨਿਟ ਮੰਤਰੀ ਦੀ ਪਤਨੀ ਨੇ ਕੀਤਾ ਉਦਘਾਟਨ



**ਕਰਤਾਰਪੁਰ (ਹਰਮੇਸ਼ ਦੱਤ)** - ਨਸ਼ਾ ਤਸਕਰਾਂ ਤੇ ਲੁੱਟਖੋਹਾਂ ਦੀਆਂ ਘਟਨਾਵਾਂ ਨੂੰ ਦੇਖਦੇ ਹੋਏ ਪਿੰਡ ਦਿਆਲਪੁਰ ਵਿਖੇ ਸਰਪੰਚ ਹਰਜਿੰਦਰ ਸਿੰਘ ਰਾਜਾ ਦੀ ਦੇਖ ਰੇਖ ਹੇਠ ਐਂਟਰੀ ਪੁਆਇੰਟਾਂ 'ਤੇ ਸੀ.ਸੀ.ਟੀ.ਵੀ.ਕੈਮਰੇ ਲਗਾਏ ਗਏ ਜਿਸ ਦਾ ਉਦਘਾਟਨ ਹਰਪ੍ਰੀਤ ਕੌਰ ਧਰਮ ਪਤਨੀ ਕੈਬਨਿਟ ਮੰਤਰੀ ਬਲਕਾਰ ਸਿੰਘ ਪੰਜਾਬ ਸਰਕਾਰ ਦੁਆਰਾ ਕੀਤਾ ਗਿਆ। ਇਸ ਮੌਕੇ ਉਨ੍ਹਾ ਨੇ ਗ੍ਰਾਮ ਪੰਚਾਇਤ, ਸਾਰੇ ਪੰਜਾਬ ਸਪੋਰਟਸ ਕਲੱਬ ਅਤੇ ਐਨ ਆਰ ਆਈਜ਼ ਦੀ ਪ੍ਰਸੰਸਾ ਕਰਦੇ ਹੋਏ ਕਿਹਾ ਕਿ ਹਰ ਪਿੰਡ ਵਿੱਚ ਇਸ ਤਰ੍ਹਾਂ ਦੇ ਸੀ.ਸੀ.ਟੀ.ਵੀ.ਕੈਮਰੇ ਲੱਗਣੇ ਚਾਹੀਦੇ ਹਨ। ਇਸ ਨਾਲ ਲੁਟਾਖੋਹਾਂ ਦੀਆਂ ਘਟਨਾਵਾਂ ਨੂੰ ਰੋਕਣ ਲਈ ਸਹਾਇਤਾ ਮਿਲ ਸਕਦੀ ਹੈ। ਇਸ ਮੌਕੇ ਪੰਜਾਬ ਸਪੋਰਟਸ ਕਲੱਬ ਦੇ ਪ੍ਰਧਾਨ ਅਵਤਾਰ ਸਿੰਘ ਸ਼ਾਹ, ਸਰਪੰਚ ਹਰਜਿੰਦਰ ਸਿੰਘ ਰਾਜਾ, ਵਿਨੋਦ ਕਮਾਰ ਘੁੱਗ, ਸਸ਼ੋਭਿਤ ਵੀਰ ਸਿੰਘ, ਸੁਰਿੰਦਰ ਪਾਲ ਪ੍ਰਧਾਨ ਨਗਰ ਕੌਂਸਲ, ਕੌਂਸਲਰ ਅਮਰਜੀਤ ਕੌਰ, ਰਾਜਵਿੰਦਰ ਕੌਰ, ਸੰਤੋਖ ਸਿੰਘ ਖੱਖ, ਅਸ਼ਵਨੀ ਕਮਾਰ ਸੇਠ, ਕਮਲੇਸ਼ ਕੌਰ, ਕਸ਼ਮੀਰੀ ਲਾਲ, ਸੁਰਜੀਤ ਕੌਰ, ਕਾਲਾ ਕਾਹਲਮਾਂ, ਭੂਲੂ ਢਾਹ, ਮਨਪ੍ਰੀਤ ਸਿੰਘ ਧੁਪੜ, ਪ੍ਰਧਾਨ ਗੁਰਚਰਨ ਸਿੰਘ ਧੁਪੜ, ਦਿਲਬਾਗ ਸਿੰਘ ਭਲਵਾਨ, ਨੰਬਰਦਾਰ ਕਰਨੈਲ ਸਿੰਘ ਫੌਜੀ, ਅਵਤਾਰ ਸਿੰਘ ਫੌਜੀ, ਅਮਿਤ ਆਸ਼ੂ, ਭਿੰਦਾ ਖੱਖ, ਹਰਦੀਪ ਸਿੰਘ ਆਦਿ ਹਾਜ਼ਰ ਸਨ।

# ਸੀਨੀਅਰ ਸੈਕੰਡਰੀ ਸਕੂਲ ਲੋਦੀਪੁਰ 'ਚ ਮਨਾਇਆ ਤੀਆਂ ਦਾ ਮੇਲਾ



**ਸ੍ਰੀ ਅਨੰਦਪੁਰ ਸਾਹਿਬ(ਅਰਵਿੰਦਰ ਸਿੰਘ ਬਿੰਦੀ)**- ਸਰਕਾਰੀ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਲੋਦੀਪੁਰ ਵਿਖੇ ਤੀਆਂ ਦਾ ਤਿਉਹਾਰ ਮਨਾਇਆ ਗਿਆ। ਇਸ ਸਮਾਗਮ ਦੇ ਮੁੱਖ ਮਹਿਮਾਨ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਮਾਤਾ ਬਲਵਿੰਦਰ ਕੌਰ ਸਨ। ਸਕੂਲ ਪ੍ਰਿੰਸੀਪਲ ਅਵਤਾਰ ਸਿੰਘ ਦੜੌਲੀ ਨੇ ਸਭ ਨੂੰ ਜੀ ਆਇਆਂ ਆਖਿਆ ਤੇ ਸਮੂਹ ਸਟਾਫ ਤੇ ਬੱਚਿਆਂ ਨੂੰ ਇਸ ਤਿਉਹਾਰ ਦੀਆਂ ਸ਼ੁੱਭਕਾਮਨਾਵਾਂ ਦਿੱਤੀਆਂ। ਸਮਾਗਮ 'ਚ ਸਕੂਲ ਵਿਦਿਆਰਥੀਆਂ ਵੱਲੋਂ ਸੱਭਿਆਚਾਰਕ ਪ੍ਰੋਗਰਾਮ ਕੀਤਾ ਗਿਆ, ਜਿਸ ਵਿੱਚ ਗਿੱਧਾ, ਭੰਗੜਾ, ਬੋਲੀਆਂ ਅਤੇ ਕੋਰਿਓਗ੍ਰਾਫੀ ਦੀਆਂ ਪੇਸ਼ਕਾਰੀਆਂ ਸਨ। ਰਵਾਇਤੀ ਖਾਣੇ ਦਾ ਲੰਗਰ ਵਰਤਾਇਆ ਗਿਆ। ਸਕੂਲ 'ਚ ਸਮਾਜ ਸੇਵੀ ਇੰਦਰਜੀਤ ਕੌਰ ਅਤੇ ਤਲਵਿੰਦਰ ਸਿੰਘ ਦੜੌਲੀ ਉਚੇਚੇ ਤੌਰ 'ਤੇ ਪਹੁੰਚੇ ਤੇ ਉਨ੍ਹਾਂ ਲੋੜੀਂਦੇ ਵਿਦਿਆਰਥੀਆਂ ਨੂੰ ਬੂਟ ਤੇ ਸਮੱਗਰੀ ਵੰਡੀ। ਬੁਲਾਰਿਆਂ ਨੇ ਸਾਉਣ ਮਹੀਨੇ ਤੀਆਂ ਦਾ ਤਿਉਹਾਰ ਮਨਾਉਣ ਵਾਲੇ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਵਡਮੁੱਲੀ ਜਾਣਕਾਰੀ ਦਿੱਤੀ। ਇਸ ਮੌਕੇ ਲੈਕ. ਚਰਨਜੀਤ ਸਿੰਘ, ਤਪਿੰਦਰ ਕੌਰ, ਬਲਜੀਤ ਕੌਰ, ਗੁਰਪ੍ਰੀਤ ਕੌਰ, ਮਨਿੰਦਰ ਕੌਰ, ਬਲਕਾਰ ਸਿੰਘ, ਮੁਕੇਸ਼ ਕੁਮਾਰ, ਚੇਅਰਮੈਨ ਐਸ ਐਮ ਸੀ ਪ੍ਰਮੋਦ ਕੁਮਾਰ, ਜਸਵਿੰਦਰ ਸਿੰਘ ਬਾਠ, ਅਜਵਿੰਦਰ ਕੌਰ, ਸੁਖਵਿੰਦਰ ਕੌਰ, ਰਾਜਵੀਰ ਕੌਰ, ਪ੍ਰੇਹਾ, ਸੰਦੀਪਾ, ਕਮਲਜੀਤ ਕੌਰ, ਕਮਲਪ੍ਰੀਤ ਸਿੰਘ, ਹਰਸਿਮਰਨ ਸਿੰਘ, ਸੁਰਿੰਦਰਪਾਲ ਸਿੰਘ, ਨਿਰਮਲ ਸਿੰਘ, ਅਮਰਜੀਤ ਸਿੰਘ, ਗੁਰਮੇਲ ਸਿੰਘ, ਅੰਮ੍ਰਿਤਪਾਲ ਸਿੰਘ, ਵਰੁਣ ਕੁਮਾਰ, ਰਮਾ ਰਾਣੀ, ਸਰਨਜੀਤ ਕੌਰ, ਸੀਮਾ ਰਾਣੀ, ਗੁਰਪ੍ਰੀਤ ਕੌਰ, ਸੋਨੀਆ ਰਾਣੀ, ਰਜਨੀ, ਗੁਰਨੈਬ ਸਿੰਘ, ਲਖਵੀਰ ਸਿੰਘ, ਸੁਸ਼ੀਲ ਕੁਮਾਰ, ਗੁਰਪ੍ਰੀਤ ਸਿੰਘ, ਰੀਨਾ, ਕੁਲਜਿੰਦਰ ਕੌਰ, ਚਰਨਜੀਤ ਕੌਰ, ਤੇਜਵੰਤ ਕੌਰ, ਦਵਿੰਦਰ ਕੌਰ, ਨਿਰਮਲ ਆਦਿ ਹਾਜ਼ਰ ਸਨ।

## ਡੇਂਗੂ ਬੁਖਾਰ ਬਾਰੇ ਕੀਤਾ ਜਾਗਰੂਕ



**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**-ਸਿਵਲ ਸਰਜਨ ਜਲੰਧਰ ਦੇ ਦਿਸ਼ਾ ਨਿਰਦੇਸ਼ ਅਤੇ ਐਸ ਐਮ ਓ ਡਾ: ਰਿਚਰਡ ਓਹਰੀ ਦੀ ਅਗਵਾਈ ਹੇਠ ਪੁਲਸ ਚੌਂਕੀ ਲਾਹਧੜਾ ਵਿਖੇ ਚੈਕਿੰਗ ਕੀਤੀ ਗਈ। ਜਿੱਥੇ ਕੋਈ ਵੀ ਲਾਰਵਾ ਨਹੀਂ ਪਾਇਆ ਗਿਆ। ਇਸ ਮੌਕੇ ਅੰਮ੍ਰਿਤਪਾਲ ਹੈਲਥ ਇੰਸਪੈਕਟਰ ਨੇ ਪੁਲਸ ਅਧਿਕਾਰੀਆਂ ਨੂੰ ਡੇਂਗੂ ਬੁਖਾਰ ਫੈਲਣ ਤੇ ਉਸਦੇ ਲੱਛਣ ਅਤੇ ਇਲਾਜ ਸੰਬੰਧੀ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਡੇਂਗੂ ਬੁਖਾਰ ਮੱਛਰ ਦੇ ਕੱਟਣ ਨਾਲ ਹੁੰਦਾ ਹੈ। ਇਹ ਮੱਛਰ ਖੜੇ ਅਤੇ ਸਾਫ ਪਾਣੀ ਵਿਚ ਪਾਇਆ ਜਾਂਦਾ ਹੈ। ਮੱਛਰ ਦੇ ਕੱਟਣ ਨਾਲ ਤੇਜ ਬੁਖਾਰ, ਸਿਰ ਦਰਦ, ਮਾਂਸਪੇਸ਼ੀਆਂ 'ਚ ਦਰਦ, ਚਮੜੀ 'ਤੇ ਦਾਣੇ ਅਤੇ ਅੱਖਾਂ ਦੇ ਪਿਛਲੇ ਹਿੱਸੇ ਵਿੱਚ ਦਰਦ ਇਸ ਦੇ ਮੁੱਖ ਲੱਛਣ ਹਨ। ਇਸ ਮੌਕੇ ਗੁਰਮੀਤ ਸਿੰਘ, ਸੰਦੀਪ ਸਲਾਰੀਆ, ਵਿਜੇ ਕੁਮਾਰ, ਰਾਜਿੰਦਰ ਕੁਮਾਰ, ਸੁੱਖਵਿੰਦਰ ਪਾਲ, ਮਲਟੀਪਰਪਜ ਹੈਲਥ ਵਰਕਰ ਹਾਜ਼ਰ ਸਨ।

## ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਦੇ ਕੇ ਜੀ ਵਿੰਗ 'ਚ ਐਕਟੀਵਿਟੀ

**ਕਪੂਰਥਲਾ ( ਹਨੀ )** ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਵਿਖੇ ਪ੍ਰਿੰਸੀਪਲ ਪ੍ਰਬਦੀਪ ਕੌਰ ਮੋਗਾ ਦੀ ਅਗਵਾਈ ਹੇਠ ਕੇ .ਜੀ ਵਿੰਗ ਦੇ ਵਿਦਿਆਰਥੀਆਂ ਲਈ ਵਧੀਆ ਸਪਰਸ਼ ਅਤੇ ਮਾੜੇ ਸਪਰਸ਼ 'ਤੇ ਐਕਟੀਵੀਟੀ ਕਰਵਾਈ ਗਈ । ਜਿਸ ਵਿੱਚ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਬੋਡੀ ਪਾਰਟ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਕਿਸ ਬੋਡੀ ਪਾਰਟ ਦਾ ਸਪਰਸ਼ ਵਧੀਆ ਹੁੰਦਾ ਹੈ ਅਤੇ ਕਿਸ ਬੋਡੀ ਪਾਰਟ ਦਾ ਸਪਰਸ਼ ਮਾੜਾ ਹੁੰਦਾ ਹੈ। ਸਕੂਲ ਦੇ ਪ੍ਰਧਾਨ ਮੈਡਮ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਅੱਜ ਕੱਲ੍ਹ ਦੇ ਮਾਹੌਲ ਵਿੱਚ ਸਾਰੇ ਹੀ ਬੱਚਿਆਂ ਨੂੰ ਇਸ ਸੰਬੰਧੀ ਜਾਣਕਾਰੀ ਹੋਣਾ ਬਹੁਤ ਜਰੂਰੀ ਹੈ, ਤਾਂ ਜੋ ਲੜਕੀਆਂ ਅਤੇ ਲੜਕਿਆ ਦੇ ਹੋ ਰਹੇ ਸ਼ੋਸ਼ਣ ਨੂੰ ਰੋਕਿਆ ਜਾ ਸਕੇ ।

## ਰਾਹੁਲ ਗਾਂਧੀ ਦੇ ਹੱਕ 'ਚ ਫੈਸਲੇ ਦੀ ਖੁਸ਼ੀ 'ਚ ਲੱਡੂ ਵੰਡੇ

**ਫਿਲੌਰ (ਨਿਰਮਲ)**- ਸੁਪਰੀਮ ਕੋਰਟ ਵੱਲੋਂ ਕਾਂਗਰਸ ਪਾਰਟੀ ਦੇ ਨੇਤਾ ਰਾਹੁਲ ਗਾਂਧੀ ਦੇ ਹੱਕ ਵਿੱਚ ਫੈਸਲਾ ਸੁਣਾਇਆ ਗਿਆ ਹੈ। ਉਸ ਸਬੰਧੀ ਫਿਲੌਰ ਵਿਖੇ ਨੰਬਰਦਾਰ ਯੂਨੀਅਨ ਦੇ ਪ੍ਰਧਾਨ ਅਤੇ ਸੀਨੀਅਰ ਕਾਂਗਰਸੀ ਆਗੂ ਸੁਖਦੇਵ ਸਿੰਘ ਔਲਖ, ਚੇਅਰਮੈਨ ਬਲਾਕ ਸੰਮਤੀ ਦਵਿੰਦਰ ਸਿੰਘ ਲਸਾੜਾ ਅਤੇ ਕਾਂਗਰਸ ਬਲਾਕ ਪ੍ਰਧਾਨ ਗੁਰਾਇਆ ਰਾਕੇਸ ਦੁੱਗਲ ਦੀ ਅਗਵਾਈ ਹੇਠ ਲੱਡੂ ਵੰਡੇ ਗਏ। ਇਸ ਮੌਕੇ ਆਗੂਆਂ ਨੇ ਕਿਹਾ ਕਿ ਮਾਨਯੋਗ ਸੁਪਰੀਮ ਕੋਰਟ ਨੇ ਜੋ ਫੈਸਲਾ ਸੁਣਾਇਆ ਹੈ ਜਿਸ ਵਿੱਚ ਰਾਹੁਲ ਗਾਂਧੀ ਦੀ ਸਦੱਸਿਅਤਾ ਨੂੰ ਬਹਾਲ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਬੀ.ਜੇ.ਪੀ ਦੀਆਂ ਬੱਚਕਾਨਾ ਹਰਕਤਾਂ ਤੋਂ ਬਾਅਦ ਵੀ ਭਾਰਤ ਦੀ ਸੁਪਰੀਮ ਕੋਰਟ ਨੇ ਇਕ ਵਾਰ ਫਿਰ ਸਾਬਿਤ ਕਰ ਦਿੱਤਾ ਹੈ ਕਿ ਹਿੰਦੁਸਤਾਨ ਵਿਤ ਲੋਕਤੰਤਰ ਜਿੰਦਾ ਹੈ। ਰਾਹੁਲ ਗਾਂਧੀ ਜੋ ਕਾਂਗਰਸ ਪਾਰਟੀ ਦੇ ਹਰਮਨ ਪਿਆਰੇ ਨੇਤਾ ਹਨ, ਜਿੰਨ੍ਹਾਂ ਨੇ ਕੰਨਿਆ ਕੁਮਾਰੀ ਤੋਂ ਕਸ਼ਮੀਰ ਤੱਕ ਪੈਦਲ ਯਾਤਰਾ ਕਰਦੇ ਹੋਏ ਹਿੰਦੁਸਤਾਨ ਦੇ ਹਰ ਸ਼ਖਸ਼ ਦੇ ਦਿਲ ਨੂੰ ਮੋਹ ਲਿਆ ਹੈ। ਸੁਪਰੀਮ ਕੋਰਟ ਦਾ ਫੈਸਲਾ ਆਉਂਦੇ ਹੀ ਭਾਰਤ ਵਿਚ ਖੁਸ਼ੀ ਦੀ ਲਹਿਰ ਦੌੜ ਪਈ। ਇਸ ਦਰਮਿਆਨ ਫਿਲੌਰ ਸ਼ਹਿਰ ਵਿਖੇ ਖੁਸ਼ੀ 'ਚ ਲੱਡੂ ਵੰਡੇ ਗਏ ਅਤੇ ਕਾਂਗਰਸ ਪਾਰਟੀ ਅਤੇ ਰਾਹੁਲ ਗਾਂਧੀ ਜ਼ਿੰਦਾਬਾਦ ਦੇ ਨਾਅਰੇ ਲਗਾਏ ਗਏ।

## ਗੁੰਮ ਹੋਏ ਮੋਬਾਇਲ ਫੋਨ ਮਾਲਕਾਂ ਨੂੰ ਸੌਂਪੇ

**ਨਵਾਂਸ਼ਹਿਰ ( ਮਨੋਜ ਲਾਡੀ)** ਜ਼ਿਲ੍ਹਾ ਪੁਲਸ ਮੁਖੀ ਡਾ. ਅਖਿਲ ਚੌਧਰੀ ਆਈ. ਪੀ ਐੱਸ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਨੇ ਵੱਖ ਵੱਖ ਵਿਅਕਤੀਆਂ ਦੇ ਗੁੰਮ ਹੋਏ ਮੋਬਾਈਲ ਫੋਨ ਤਕਨੀਕੀ ਜਾਂਚ ਰਾਹੀਂ ਅਸਲ ਮਾਲਕਾਂ ਦੇ ਹਵਾਲੇ ਕੀਤੇ। ਉਨਾਂ ਜ਼ਿਲ੍ਹਾ ਪੁਲਸ ਦਫਤਰ ਵਿਖੇ 28 ਵਿਅਕਤੀਆ ਨੂੰ ਉਨਾਂ ਦੇ ਫੋਨ ਭੇਟ ਕੀਤੇ ।ਉਨ੍ਹਾਂ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਜ਼ਿਲ੍ਹਾ ਦੇ ਪੁਲਸ ਥਾਣਿਆਂ ਅਤੇ ਸਾਂਝ ਕੇਂਦਰਾਂ 'ਚ ਆਮ ਜਨਤਾ ਵਲੋਂ ਉਨਾਂ ਦੇ ਮੋਬਾਈਲ ਗੁੰਮ ਹੋਣ ਸੰਬਧੀ ਕਾਫੀ ਸ਼ਿਕਾਇਤ ਪ੍ਰਾਪਤ ਹੋਈਆਂ ਸਨ। ਇਨ੍ਹਾਂ ਸ਼ਿਕਾਇਤਾਂ 'ਤੇ ਕੰਮ ਕਰਦੇ ਹੋਏ ਮੋਬਾਈਲ ਨੂੰ ਟਰੇਸ ਕਰਨ ਲਈ ਤਕਨੀਕੀ ਸੈਲ ਦੀ ਸਹਾਇਤਾ ਨਾਲ ਇੱਕ ਸਪੈਸ਼ਲ ਮੁਹਿੰਮ ਚਲਾਈ ਗਈ ਅਤੇ ਆਮ ਜਨਤਾ ਦੇ ਗੁੰਮ ਹੋਏ 28 ਮੋਬਾਈਲ ਫੋਨਾਂ ਨੂੰ ਟ੍ਰੇਸ ਕਰਨ ਵਿੱਚ ਸਫਲਤਾ ਹਾਸਲ ਕੀਤੀ । ਸੀਨੀਅਰ ਕਪਤਾਨ ਪੁਲਸ ਸਹੀਦ ਭਗਤ ਸਿੰਘ ਨਗਰ ਵਲੋ ਇਹ ਮੋਬਾਈਲ ਫੋਨ ਉਨ੍ਹਾਂ ਦੇ ਮਾਲਕਾਂ ਦੇ ਹਵਾਲੇ ਕੀਤੇ ਅਤੇ ਆਮ ਪਬਲਿਕ ਨੇ ਜ਼ਿਲ੍ਹਾ ਪੁਲਸ ਵਲੋਂ ਕੀਤੇ ਗਏ ਇਸ ਕੰਮ ਦੀ ਕਾਫੀ ਸ਼ਲਾਘਾ ਕੀਤੀ ਗਈ। ਇਸ ਮੌਕੇ ਡਾ .ਮੁਕੇਸ ਕੁਮਾਰ ਐਸ .ਪੀ ਸ਼ਹੀਦ ਭਗਤ ਸਿੰਘ ਨਗਰ ਵੀ ਹਾਜਰ ਸਨ।

## ਪੀ ਸੀ ਐੱਮ ਐੱਸ ਡੀ ਕਾਲਜ ਦਾ ਬੀ ਬੀ ਐੱਫ ਨਤੀਜਾ ਬੇਮਿਸਾਲ ਰਿਹਾ

**ਜਲੰਧਰ ( ਇਕਬਾਲ ਸਿੰਘ ਉੱਭੀ )** ਪੀ.ਸੀ.ਐਮ.ਐਸ.ਡੀ ਕਾਲਜ ਫਾਰ ਵੂਮੈਨ ਦੇ ਕਾਸਮੈਟੋਲੋਜੀ ਵਿਭਾਗ ਦੀਆਂ ਵਿਦਿਆਰਥਣਾਂ ਨੇ ਯੂਜੀਸੀ ਵੱਲੋਂ ਕਮਿਊਨਿਟੀ ਕਾਲਜਾਂ ਅਧੀਨ ਘੋਸ਼ਿਤ ਬਿਊਟੀ ਐਂਡ ਬਾਡੀ ਫਿਟਨੈਸ ਕੋਰਸ ਸਮੈਸਟਰ ਦੂਜੇ ਦੇ ਨਤੀਜੇ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ । ਕਸ਼ਿਸ਼ ਭਾਟੀਆ ਨੇ 95% ਅੰਕ ਲੈ ਕੇ ਪਹਿਲਾ, ਰੋਸ਼ਨੀ ਨੇ 94% ਅੰਕ ਲੈ ਕੇ ਦੂਜਾ ਤੇ ਗਾਰਗੀ ਨੇ 92% ਅੰਕ ਲੈ ਕੇ ਤੀਜਾ ਸਥਾਨ ਹਾਸਲ ਕੀਤਾ। ਪੀਸੀਐਮ ਐਸ.ਡੀ.ਕਾਲਜ ਇਹ ਕੋਰਸ ਕਰਾਉਣ ਵਾਲਾ ਇਕਲੌਤਾ ਲੜਕੀਆਂ ਦਾ ਕਾਲਜ ਹੈ। ਇਸ ਕੋਰਸ ਦੀ ਯੋਗਤਾ 10+2 (ਕੋਈ ਵੀ ਸਟਰੀਮ) ਹੈ ਅਤੇ ਇਸ ਵਿੱਚ ਦਾਖਲੇ ਲਈ ਕੋਈ ਉਮਰ ਸੀਮਾ ਨਹੀਂ ਹੈ। ਇਹ ਕੋਰਸ ਵਿਸ਼ੇਸ਼ ਤੌਰ 'ਤੇ ਹੁਨਰ ਵਿਕਾਸ 'ਤੇ ਅਧਾਰਤ ਹੈ ਤਾਂ ਜੋ ਵਿਦਿਆਰਥੀਆਂ ਨੂੰ ਰੁਜਗਾਰ ਅਤੇ ਉੱਦਮ ਲਈ ਤਿਆਰ ਕੀਤਾ ਜਾ ਸਕੇ। ਇਸ ਮੌਕੇ 'ਤੇ ਪ੍ਰਧਾਨ ਨਰੇਸ਼ ਬੁਧੀਆ, ਸੀਨੀਅਰ ਮੀਤ ਪ੍ਰਧਾਨ ਵਿਨੋਦ ਦਾਦਾ , ਮੈਨੇਜਮੈਂਟ ਕਮੇਟੀ ਦੇ ਹੋਰ ਮੈਂਬਰ ਅਤੇ ਕਾਲਜ ਦੇ ਪ੍ਰਿੰਸੀਪਲ ਪ੍ਰੋ.(ਡਾ.) ਪੂਜਾ ਪਰਾਸ਼ਰ ਨੇ ਵਿਦਿਆਰਥੀਆਂ ਨੂੰ ਇਹਨਾਂ ਪ੍ਰਾਪਤੀਆਂ ਲਈ ਵਧਾਈ ਦਿੱਤੀ ਅਤੇ ਉਨ੍ਹਾਂ ਦੇ

# ਸੇਂਟ ਸੋਲਜਰ 'ਚ ਕਵਿਤਾ ਤੇ ਫੈਂਸੀ ਡਰੈੱਸ ਮੁਕਾਬਲਾ



**ਜਲੰਧਰ, (ਇਕਬਾਲ ਸਿੰਘ ਉੱਭੀ)**- ਸੇਂਟ ਸੋਲਜਰ ਇਲੀਟ ਸਕੂਲ, ਜਲੰਧਰ ਵਿਹਾਰ ਬ੍ਰਾਂਚ 'ਚ ਵਿਦਿਆਰਥੀਆਂ ਲਈ ਕਵਿਤਾ ਉਚਾਰਨ ਕਮ ਫੈਂਸੀ ਡਰੈੱਸ ਮੁਕਾਬਲਾ ਕਰਵਾਇਆ ਗਿਆ, ਜਿਸ ਵਿਚ ਪ੍ਰਿੰਸੀਪਲ ਸ੍ਰੀਮਤੀ ਗੀਤੂ ਚਾਵਲਾ ਦੀ ਅਗਵਾਈ ਹੇਠ ਪ੍ਰੀ ਵਿੰਗ ਕਲਾਸਾਂ ਦੇ ਵਿਦਿਆਰਥੀਆਂ ਨੇ ਸੰਸਥਾ 'ਚ ਪੰਜਾਬੀ ਮੁਟਿਆਰ, ਗੱਭਰੂ, ਰੁੱਖ, ਫੁੱਲ, ਫਲ, ਪੰਛੀ ਬਣਕੇ ਭਾਗ ਲਿਆ। ਇਸ ਮੌਕੇ ਵਿਦਿਆਰਥੀਆਂ ਨੇ ਆਪਣੀਆਂ ਕਵਿਤਾਵਾਂ ਰਾਹੀਂ ਵਾਤਾਵਰਨ ਨੂੰ ਬਚਾਉਣ ਲਈ ਵੱਧ ਤੋਂ ਵੱਧ ਰੁੱਖ ਲਗਾਉਣ, ਪਾਣੀ ਬਚਾਉਣ, ਪੰਛੀਆਂ ਲਈ ਪਾਣੀ ਸੰਭਾਲਣ ਦਾ ਸੰਦੇਸ਼ ਦਿੱਤਾ। ਇਸ ਤੋਂ ਇਲਾਵਾ ਵਿਦਿਆਰਥੀਆਂ ਨੇ ਡਾਂਸ, ਗਰੁੱਪ ਡਾਂਸ, ਭੰਗੜਾ ਅਤੇ ਗਿੱਧਾ ਪੇਸ਼ ਕੀਤਾ। ਪ੍ਰਿੰਸੀਪਲ ਸ੍ਰੀਮਤੀ ਗੀਤੂ ਚਾਵਲਾ ਨੇ ਵਿਦਿਆਰਥੀਆਂ ਦੀ ਪ੍ਰਤਿਭਾ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਨੂੰ ਸਨਮਾਨਿਤ ਕਰਦਿਆਂ ਕਿਹਾ ਕਿ ਅਜਿਹੇ ਮੁਕਾਬਲੇ ਨੌਜਵਾਨ ਵਿਦਿਆਰਥੀਆਂ ਦੇ ਆਤਮ ਵਿਸ਼ਵਾਸ਼ ਅਤੇ ਪ੍ਰਤਿਭਾ ਨੂੰ ਨਿਖਾਰਨ ਲਈ ਬਹੁਤ ਜ਼ਰੂਰੀ ਹਨ। ਵਿਦਿਆਰਥੀਆਂ ਦੀ ਸ਼ਲਾਘਾ ਕਰਦਿਆਂ ਵਾਈਸ ਚੇਅਰਪਰਸਨ ਸ੍ਰੀਮਤੀ ਸੰਗੀਤਾ ਚੋਪੜਾ ਨੇ ਉਨ੍ਹਾਂ ਨੂੰ ਸ਼ੁੱਭਕਾਮਨਾਵਾਂ ਦਿੱਤੀਆਂ।

# ਪਬਲਿਕ ਸੇਵਾ ਡੈਮੋਕ੍ਰੇਟਿਕ ਫਰੰਟ ਦਾ ਹੋਇਆ ਗਠਨ



**ਫਗਵਾੜਾ ( ਡਾ. ਰਮਨ, ਢੱਡਾ)**- ਸ਼ਹਿਰ ਦੇ ਮੋਹਤਬਰ ਵਿਅਕਤੀਆਂ ਦੀ ਇਕ ਮੀਟਿੰਗ ਬਹਾਦਰ ਸਿੰਘ ਸਾਬਕਾ ਸਰਪੰਚ ਸੰਗਤਪੁਰ ਦੇ ਦਫਤਰ ਵਿਖੇ ਹੋਈ। ਇਸ ਦੌਰਾਨ ਸਰਬ ਸੰਮਤੀ ਨਾਲ ਪਬਲਿਕ ਸੇਵਾ ਡੈਮੋਕ੍ਰੇਟਿਕ ਫਰੰਟ ਦਾ ਗਠਨ ਕੀਤਾ ਗਿਆ। ਜਿਸ ਦੀ ਅੱਠ ਮੈਂਬਰੀ ਕਮੇਟੀ ਦੀ ਚੋਣ ਕਰਦੇ ਹੋਏ ਬਹਾਦਰ ਸਿੰਘ ਸੰਗਤਪੁਰ, ਜਥੇਦਾਰ ਸਰੂਪ ਸਿੰਘ ਖਲਵਾੜਾ, ਪਰਮਿੰਦਰ ਸਿੰਘ ਜੰਡੂ, ਮਧੁਸੂਦਨ ਸਿੰਘ ਸੰਘਾ, ਬਲਬੀਰ ਸਿੰਘ ਗੰਢਮ, ਹਰਵੇਲ ਸਿੰਘ, ਸੋਹਨ ਲਾਲ ਬਘਾਣਾ ਅਤੇ ਗੁਰਮੁਖ ਸਿੰਘ ਚਾਨਾ ਨੂੰ ਕਮੇਟੀ ਮੈਂਬਰ ਐਲਾਨਿਆ ਗਿਆ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬਹਾਦਰ ਸਿੰਘ ਸੰਗਤਪੁਰ ਅਤੇ ਜਥੇਦਾਰ ਸਰੂਪ ਸਿੰਘ ਖਲਵਾੜਾ ਨੇ ਦੱਸਿਆ ਕਿ ਇਸ ਫਰੰਟ ਦਾ ਮੁੱਖ ਮੰਤਵ ਸਮਾਜਿਕ ਕੁਰੀਤੀਆਂ ਖਿਲਾਫ ਆਵਾਜ਼ ਬੁਲੰਦ ਕਰਨਾ, ਨਸ਼ਿਆਂ ਦੇ ਕੋਹੜ ਪ੍ਰਤੀ ਨੌਜਵਾਨਾਂ ਨੂੰ ਜਾਗਰੁਕ ਕਰਨਾ, ਟੁੱਟਦੇ ਪਰਵਾਰਾਂ ਨੂੰ ਬਚਾਉਣ ਲਈ ਘਰੇਲੂ ਮਸਲਿਆਂ ਦਾ ਹਲ ਕਰਵਾਉਣਾ, ਮਜਲੂਮਾਂ ਉੱਪਰ ਸਰਕਾਰੀ ਅਤਿਆਚਾਰ ਅਤੇ ਲੱਕ ਤੋੜਵੀਂ ਮਹਿੰਗਾਈ ਦਾ ਵਿਰੋਧ, ਔਰਤਾਂ ਤੇ ਬੱਚਿਆਂ ਦੇ ਹੱਕਾਂ ਦੀ ਰਾਖੀ ਕਰਨਾ ਹੋਵੇਗਾ। ਉਹਨਾਂ ਦੱਸਿਆ ਕਿ ਇਹ ਜੱਥੇਬੰਦੀ ਜਾਤੀ ਅਤੇ ਧਰਮ ਤੋਂ ਉੱਪਰ ਉੱਠ ਕੇ ਹਰ ਧਰਮ, ਪੰਥ ਤੇ ਫਿਰਕੇ ਨੂੰ ਨਾਲ ਲੈ ਕੇ ਚੱਲੇਗੀ। ਕਿਸੇ ਵੀ ਸਿਆਸੀ ਧਿਰ ਨਾਲ ਜੱਥੇਬੰਦੀ ਦਾ ਕੋਈ ਸਰੋਕਾਰ ਨਹੀਂ ਹੋਵੇਗਾ। ਜੱਥੇਬੰਦੀ ਪੂਰੀ ਤਰ੍ਹਾਂ ਨਾਲ ਲੋਕ ਸੇਵਾ ਨੂੰ ਸਮਰਪਿਤ ਹੋਵੇਗੀ। ਉਹਨਾਂ ਦੱਸਿਆ ਕਿ ਅਗਲੀ ਮੀਟਿੰਗ ਵਿਚ ਅਹੁਦੇਦਾਰਾਂ ਦੀ ਚੋਣ ਕੀਤੀ ਜਾਵੇਗੀ।

# 'ਸਿਵਲ ਹਸਪਤਾਲ ਬਚਾਓ ਸੰਘਰਸ਼ ਕਮੇਟੀ' ਦੀ ਚੋਣ

**ਫਿਲੌਰ (ਨਿਰਮਲ)**- ਸਿਵਲ ਹਸਪਤਾਲ ਬਚਾਓ ਸੰਘਰਸ਼ ਕਮੇਟੀ ਦੀ ਮੀਟਿੰਗ ਮੁਹੱਲਾ ਸੰਤੋਖਪੁਰਾ ਫਿਲੌਰ ਵਿਖੇ ਹੋਈ। ਇਹ ਮੀਟਿੰਗ ਮਨਦੀਪ ਕੌਰ, ਮਾਸਟਰ ਹੰਸ ਰਾਜ, ਡਾ ਸੰਦੀਪ, ਡਾ.ਅਸ਼ੋਕ , ਸਰਬਜੀਤ, ਸੀਤਾ ਰਾਣੀ, ਸਰੋਜ ਰਾਣੀ ,ਦਵਿੰਦਰ ਕਾਕਾ, ਰਾਮ ਪਾਲ, ਸਰਬਜੀਤ ਕੈਲੇ ,ਕਮਲਾ ਦੇਵੀ, ਪੂਜਾ ਕੁਮਾਰੀ ਦੀ ਅਗਵਾਈ ਵਿੱਚ ਹੋਈ। ਮੀਟਿੰਗ ਵਿੱਚ ਸਿਵਲ ਹਸਪਤਾਲ ਬਚਾਓ ਸੰਘਰਸ਼ ਕਮੇਟੀ ਦੇ ਆਗੂ ਸਰਬਜੀਤ ਭੱਟੀਆਂ, ਜਰਨੈਲ ਫਿਲੌਰ, ਵਿਸ਼ਾਲ ਖਹਿਰਾ, ਪਰਸ਼ੋਤਮ ਫਿਲੌਰ ਸ਼ਾਮਿਲ ਹੋਏ। ਆਗੂਆ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਦੇਸ਼ ਦੀਆਂ ਸਿਹਤ ਸਹੂਲਤਾਂ ਦਾ ਪਾਜ ਨਿਕਲਿਆ ਪਿਆ ਹੈ ਅਤੇ ਸੂਬੇ ਦੀ ਸਰਕਾਰ ਆਮ ਲੋਕਾਂ ਨੂੰ ਬੇਵਕੂਫ ਬਣਾਉਣ ਦਾ ਲਗਾਤਾਰ ਯਤਨ ਕਰ ਰਹੀਆਂ ਹਨ। ਡਿਸਪੈਂਸਰੀਆਂ ਬੰਦ ਕਰਕੇ ਮੁਹੱਲਾ ਕਲੀਨਿਕ ਖੋਲੇ ਜਾ ਰਹੇ ਹਨ। ਸਰਕਾਰੀ ਹਸਪਤਾਲਾਂ ਦੇ ਹਾਲਾਤ ਬੱਦਤਰ ਹਨ। ਆਗੂਆਂ ਨੇ ਕਿ ਫਿਲੌਰ ਸਿਵਲ ਹਸਪਤਾਲ ਨੂੰ ਬਚਾਉਣ ਲਈ 11 ਅਗਸਤ ਨੂੰ ਵੱਡੀ ਗਿਣਤੀ ਵਿੱਚ ਆਉਣ ਦੀ ਅਪੀਲ ਕੀਤੀ। ਅੱਜ ਦੀ ਮੀਟਿੰਗ ਦਾ ਮਹੱਤਵਪੂਰਣ ਅੰਗ ਇਹ ਰਿਹਾ ਕਿ ਔਰਤਾਂ ਨੇ ਆਪ ਮੁਹਾਰੇ ਉੱਠ ਕੇ ਕਮੇਟੀ ਵਿੱਚ ਆਉਣ ਦੀ ਪਹਿਲਕਦਮੀ ਕੀਤੀ ਤੇ ਉਪਰੰਤ 13 ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ, ਜਿਸ ਵਿੱਚ 6 ਔਰਤਾਂ ਚੁਣੀਆਂ ਗਈਆਂ। ਔਰਤਾਂ ਵਿੱਚ ਇਸ ਸੰਘਰਸ਼ ਨੂੰ ਲੈ ਕੇ ਅਥਾਹ ਜੋਸ ਦੇਖਣ ਨੂੰ ਮਿਲ ਰਿਹਾ ਅਤੇ ਉਨ੍ਹਾਂ ਨੇ ਕਿਹਾ ਕਿ ਅਸੀਂ ਖੁਦ ਇਸ ਮੀਟਿੰਗ ਦੀ ਅਗਵਾਈ ਕਰਾਂਗੇ। ਕਮੇਟੀ 'ਚ ਮਨਦੀਪ ਕੌਰ, ਸੀਤਾ ਰਾਣੀ ,ਸਰੋਜ ਰਾਣੀ, ਦਵਿੰਦਰ ਕਾਕਾ, ਰਾਮ ਪਾਲ ,ਸਰਬਜੀਤ, ਕਮਲਾ ਦੇਵੀ, ਅਵਤਾਰ ਦਾਦਰਾ ,ਪੂਜਾ, ਪੂਜਾ ਕੁਮਾਰੀ, ਬਲਵਿੰਦਰ ਸਿੰਘ ,ਕੁਲਵਿੰਦਰ ਸਿੰਘ ਸੌਰਵ ਫਿਲੌਰ ਚੁਣੇ ਗਏ।

# ਡਿਪਟੀ ਕਮਿਸ਼ਨਰ ਨੇ ਤਾਜੋਵਾਲ ਬੰਨ੍ਹ ਦਾ ਕੀਤਾ ਦੌਰਾ



**ਨਵਾਂਸ਼ਹਿਰ, (ਮਨੋਜ ਲਾਡੀ, ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਪਿੰਡ ਤਾਜੋਵਾਲ ਵਿਖੇ ਦਰਿਆ 'ਤੇ ਬਣਾਏ ਗਏ ਬੰਨ੍ਹ ਦਾ ਦੌਰਾ ਕੀਤਾ ਅਤੇ ਪ੍ਰਬੰਧਾਂ ਦਾ ਜਾਇਜ਼ਾ ਲਿਆ। ਇਸ ਮੌਕੇ ਉਨ੍ਹਾਂ ਦੇ ਨਾਲ ਵਧੀਕ ਡਿਪਟੀ ਕਮਿਸ਼ਨਰ (ਜ) ਰਾਜੀਵ ਵਰਮਾ ਵੀ ਮੌਜੂਦ ਸਨ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਉਨ੍ਹਾਂ ਵਲੋਂ ਤਾਜੋਵਾਲ ਵਿਖੇ ਸਤਲੁਜ ਦਰਿਆ ਦੇ ਕਿਨਾਰੇ ਬਣਾਇਆ ਗਿਆ ਬੰਨ ਪੂਰੀ ਤਰ੍ਹਾਂ ਨਾਲ ਸੁਰੱਖਿਅਤ ਹੈ ਅਤੇ ਇਸ ਨੂੰ ਹੋਰ ਵੀ ਮਜ਼ਬੂਤ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਪਾਣੀ ਦੇ ਬਹਾਅ ਦੇ ਕਾਰਨ ਦਰਿਆ ਵਿੱਚ ਬਹਿੰਦਾ ਹੋਇਆ ਪਾਣੀ ਸਿੱਧੇ ਤੌਰ 'ਤੇ ਬੰਨ੍ਹ ਦੇ ਨਾਲ ਟਕਰਾਅ ਕੇ ਅੱਗੇ ਵਧਦਾ ਹੈ, ਜਿਸਦੇ ਕਾਰਨ ਬੰਨ ਦੇ ਉਪਰ ਜ਼ਿਆਦਾ ਜ਼ੋਰ ਪੈਂਦਾ ਹੈ। ਉਨ੍ਹਾਂ ਕਿਹਾ ਕਿ ਸਬੰਧਤ ਵਿਭਾਗ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਉਹ ਸਮੇਂ-ਸਮੇਂ 'ਤੇ ਇਸ ਬੰਨ੍ਹ ਦਾ ਨਰੀਖਣ ਕਰਦੇ ਰਹਿਣ। ਉਨ੍ਹਾਂ ਦੱਸਿਆ ਕਿ ਫਿਲਹਾਲ ਇਸ ਬੰਨ ਨੂੰ ਬੋਰਿਆਂ ਅਤੇ ਜਾਲ ਰਾਹੀਂ ਹੋਰ ਵੀ ਮਜ਼ਬੂਤ ਕੀਤਾ ਜਾ ਰਿਹਾ ਹੈ, ਤਾਂ ਜੋ ਜੇਕਰ ਪਾਣੀ ਪਿਛੋਂ ਜ਼ਿਆਦਾ ਮਾਤਰਾ ਵਿੱਚ ਆਉਂਦਾ ਹੈ ਤਾਂ ਬੰਨ 'ਤੇ ਕਿਸੇ ਤਰ੍ਹਾਂ ਦਾ ਕੋਈ ਅਸਰ ਨਾ ਹੋਵੇ ਅਤੇ ਪਾਣੀ ਬੰਨ ਦੇ ਨਾਲ ਟਕਰਾਉਂਦਾ ਹੋਇਆ ਅੱਗੇ ਨਿਕਲ ਜਾਵੇ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਉਨ੍ਹਾਂ ਵਲੋਂ ਦਰਿਆ ਦੇ ਨਾਲ ਲੱਗਦੇ ਮੀਂਹ ਨਾਲ ਪ੍ਰਭਾਵਿਤ ਇਲਾਕਿਆਂ ਦਾ ਵੀ ਦੌਰਾ ਕੀਤਾ ਗਿਆ ਹੈ ਅਤੇ ਸਬੰਧਤ ਵਿਭਾਗ ਦੇ ਅਧਿਆਕਰੀਆਂ ਨੂੰ ਸਮੇਂ ਸਿਰ ਗਿਰਦਾਵਰੀ ਦਾ ਕੰਮ ਮੁਕੰਮਲ ਕਰਕੇ ਰਿਪੋਰਟ ਭੇਜਣ ਸਬੰਧੀ ਨਿਰਦੇਸ਼ ਦਿੱਤੇ ਗਏ ਹਨ।

# ਬੇਲਾ ਕਾਲਜ ਦੇ ਵਿਦਿਆਰਥੀ ਨੇ 'ਹੈਸ਼ਟੈਗ ਕਲਾਕਾਰ ਆਰਟਸ' 'ਚ ਕੀਤਾ ਬਿਹਤਰੀਨ ਪ੍ਰਦਰਸ਼ਨ



**ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)**-ਅਮਰ ਸ਼ਹੀਦ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਮੈਮੋਰੀਅਲ ਕਾਲਜ ਬੇਲਾ ਦੇ ਬੀ.ਏ ਭਾਗ ਦੂਜਾ ਦੇ ਵਿਦਿਆਰਥੀ ਲਵਪ੍ਰੀਤ ਸਿੰਘ ਨੇ "ਹੈਸ਼ਟੈਗ ਕਲਾਕਾਰ ਆਰਟਸ" ਵਿੱਚ ਬਿਹਤਰੀਨ ਪ੍ਰਦਰਸ਼ਨ ਕਰਦਿਆਂ ਸੰਸਥਾ ਦੀ ਝੋਲੀ ਇੱਕ ਬੇਹੱਦ ਮਾਣਮੱਤੀ ਪ੍ਰਾਪਤੀ ਪਾਈ ਹੈ। ਇਸ ਸੰਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੰਦਿਆਂ ਕਾਲਜ ਪ੍ਰਿੰਸੀਪਲ ਡਾ.ਸਤਵੰਤ ਕੌਰ ਸ਼ਾਹੀ ਨੇ ਦੱਸਿਆ ਕਿ ਇਸ ਮੁਕਾਬਲੇ ਵਿੱਚ ਪੂਰੇ ਭਾਰਤ ਵਿੱਚੋਂ ਕੁੱਲ 84000 ਕਲਾਕਾਰਾਂ ਨੇ ਭਾਗ ਲਿਆ, ਜਿਨ੍ਹਾਂ ਵਿੱਚੋਂ 500 ਕਲਾਕਾਰਾਂ ਨੂੰ ਫਾਈਨਲ ਮੁਕਾਬਲੇ ਵਿੱਚ ਆਪਣੀ ਕਲਾ ਦਾ ਲੋਹਾ ਮਨਵਾਉਣ ਲਈ ਸੱਦਾ ਦਿੱਤਾ ਗਿਆ। ਉਹਨਾਂ ਦੱਸਿਆ ਕਿ ਇਹਨਾਂ 500 ਵਿਦਿਆਰਥੀਆਂ ਵਿੱਚ ਪੂਰੇ ਦੇਸ਼ ਵਿੱਚ ਲਵਪ੍ਰੀਤ ਸਿੰਘ ਨੇ 6ਵਾਂ ਸਥਾਨ ਅਤੇ ਪੂਰੇ ਪੰਜਾਬ ਵਿੱਚ ਪਹਿਲਾ ਸਥਾਨ ਹਾਸਿਲ ਕੀਤਾ। ਕਰਨਾਟਕ ਵਿਖੇ ਹੋਏ ਇਹਨਾਂ ਮੁਕਾਬਲਿਆਂ ਵਿੱਚ ਭਾਗ ਲੈਣ ਵਾਲਾ ਲਵਪ੍ਰੀਤ ਸਿੰਘ ਦਿਵਆਂਗ ਹੈ ਅਤੇ ਉਸਨੇ ਕਲਾਕ੍ਰਿਤੀ ਪੈਰਾਂ ਨਾਲ ਬਣਾਈ ਹੈ, ਪ੍ਰੰਤੂ ਉਸ ਦੇ ਕਲਾ ਪ੍ਰਤੀ ਸਮਰਪਣ ਅਤੇ ਮਿਹਨਤ ਨੇ ਉਸਨੂੰ ਅਤੇ ਸੰਸਥਾ ਨੂੰ ਇਸ ਮੁਕਾਬਲੇ ਦੀ ਪਹਿਲੀ ਸਫ਼ ਵਿੱਚ ਸ਼ੁਮਾਰ ਕਰ ਦਿੱਤਾ ਹੈ। ਵਿਦਿਆਰਥੀ ਦੇ ਨਾਂਅ ਆਪਣੇ ਸੰਦੇਸ਼ ਵਿੱਚ ਕਾਲਜ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸੰਗਤ ਸਿੰਘ ਲੌਂਗੀਆ ਨੇ ਕਿਹਾ ਕਿ ਇਹ ਪ੍ਰਾਪਤੀ ਆਪਣੇ ਆਪ ਵਿੱਚ ਅਹਿਮ ਹੈ ਅਤੇ ਹੈਸ਼ਟੈਗ ਕਲਾਕਾਰ ਮੈਗਜ਼ੀਨ ਦੇ ਆਰਟ ਐਡੀਸਨ ਵਿੱਚ ਦੂਜੇ ਪੇਜ਼ ਤੇ ਇਸ ਕਲਾਕ੍ਰਿਤੀ ਦਾ ਸ਼ੁਮਾਰ ਹੋਣਾ ਇੱਕ ਬੇਹੱਦ ਪ੍ਰਸ਼ੰਸਾ ਯੋਗ ਪ੍ਰਾਪਤੀ ਹੈ। ਇਸ ਮੌਕੇ ਸਕੱਤਰ ਜਗਵਿੰਦਰ ਸਿੰਘ ਪੰਮੀ ਨੇ ਵੀ ਲਵਪ੍ਰੀਤ ਸਿੰਘ ਦੀ ਵਡਿਆਈ ਕੀਤੀ ਅਤੇ ਉਸਦੇ ਪੂਰੇ ਪਰਵਾਰ ਨੂੰ ਇਸ ਵੱਡੀ ਕਾਮਯਾਬੀ ਦੇ ਲਈ ਮੁਬਾਰਕਬਾਦ ਦਿੱਤੀ। ਕਾਲਜ ਪ੍ਰਬੰਧਕ ਕਮੇਟੀ ਦੇ ਮੈਨੇਜਰ ਸੁਖਵਿੰਦਰ ਸਿੰਘ ਵਿਸਕੀ ਨੇ ਵਿਸ਼ੇਸ਼ ਤੌਰ ਤੇ ਲਵਪ੍ਰੀਤ ਸਿੰਘ ਨੂੰ ਹਰ ਸੰਭਵ ਮੱਦਦ ਲਈ ਭਰੋਸਾ ਦਿੱਤਾ। ਕਾਲਜ ਵੱਲੋਂ ਇਸ ਮੌਕੇ ਲਵਪ੍ਰੀਤ ਸਿੰਘ ਅਤੇ ਉਸਦੇ ਪਰਵਾਰ ਦਾ ਸਨਮਾਨ ਕੀਤਾ ਗਿਆ। ਲਵਪ੍ਰੀਤ ਸਿੰਘ ਨੇ ਇਸ ਕਾਮਯਾਬੀ ਲਈ ਆਪਣੀ ਸੰਸਥਾ ਅਤੇ ਅਧਿਆਪਕਾਂ ਦਾ ਸਹਿਯੋਗ ਲਈ ਧੰਨਵਾਦ ਕੀਤਾ। ਇਸ ਮੌਕੇ ਡਾ. ਮਮਤਾ ਅਰੋੜਾ, ਸਹਾਇਕ ਪ੍ਰੋਫੈਸਰ ਸੁਨੀਤਾ ਰਾਣੀ, ਸਹਾਇਕ ਪ੍ਰੋਫੈਸਰ ਲੈਫਟੀਨੈਂਟ ਪ੍ਰਿਤਪਾਲ ਸਿੰਘ, ਸਹਾਇਕ ਪ੍ਰੋਫੈਸਰ ਅਮਰਜੀਤ ਸਿੰਘ ਅਤੇ ਸਹਾਇਕ ਪ੍ਰੋਫੈਸਰ ਇਸ਼ੂ ਬਾਲਾ ਮੌਜੂਦ ਸਨ।

# ਸਰਕਾਰ ਚਿਰਾਂ ਤੋਂ ਲਟਕ ਰਹੀਆਂ ਮੰਗਾਂ ਨੂੰ ਪਹਿਲ ਦੇ ਆਧਾਰ 'ਤੇ ਮੰਨੇ : ਨੰਬਰਦਾਰ ਯੂਨੀਅਨ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ )**- ਨੰਬਰਦਾਰ ਯੂਨੀਅਨ 643 ਦੇ ਜ਼ਿਲ੍ਹਾ ਜਲੰਧਰ ਪ੍ਰਧਾਨ ਅਤੇ ਸੀਨੀਅਰ ਮੀਤ ਪ੍ਰਧਾਨ ਪੰਜਾਬ ਲਾਇਨ ਅਸ਼ੋਕ ਸੰਧੂ ਨੰਬਰਦਾਰ ਨੂਰਮਹਿਲ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਹੈੱਡ ਆਫਿਸ ਤਹਿਸੀਲ ਕੰਪਲੈਕਸ ਨੂਰਮਹਿਲ ਵਿਖੇ 15 ਅਗਸਤ ਆਜਾਦੀ ਦਿਹਾੜਾ ਮਨਾਉਣ ਵਾਸਤੇ ਵਿਸ਼ੇਸ਼ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿੱਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਪਾਸੋਂ ਜੋਰਦਾਰ ਆਵਾਜ ਵਿੱਚ ਮੰਗ ਕੀਤੀ ਗਈ ਕਿ ਸਰਕਾਰ ਨੰਬਰਦਾਰਾਂ ਦੀਆਂ ਚਿਰ ਕਾਲ ਤੋਂ ਲਟਕ ਰਹੀਆਂ ਮੰਗਾਂ ਨੂੰ ਪਹਿਲ ਦੇ ਆਧਾਰ ਮੰਨੇ, ਦੇਰ ਸਵੇਰੇ ਪੰਜਾਬ ਸਰਕਾਰ ਦੇ ਹਿੱਤ ਵਿੱਚ ਨਹੀਂ ਪੰਜਾਬ ਦੇ 35000 ਨੰਬਰਦਾਰ ਅਤੇ ਉਹਨਾਂ ਹੱਕ ਵਿੱਚ ਖੜ੍ਹਨ ਵਾਲੇ ਲੋਕ ਰੋਸ ਵਜੋਂ ਆਉਂਦੀਆਂ ਇਲੈਕਸ਼ਨਾਂ ਵਿੱਚ ਸਰਕਾਰ ਦਾ ਮਜਬੂਰਨ ਤਖਤਾ ਪਲਟ ਦੇਣਗੇ। ਨੰਬਰਦਾਰ ਜੱਥੇਬੰਦੀ ਦੇ ਆਗੂ ਸਕੱਤਰ ਜਨਰਲ ਸੁਰਿੰਦਰ ਪਾਲ ਸਿੰਘ ਸ਼ਿੰਦਾ, ਕੈਸ਼ੀਅਰ ਰਾਮ ਦਾਸ ਬਾਲੂ, ਪ੍ਰੈਸ ਸਕੱਤਰ ਤਰਸੇਮ ਲਾਲ, ਪੀ.ਆਰ.ਓ ਜਗਨ ਨਾਥ ਚਾਹਲ, ਸਲਾਹਕਾਰ ਗੁਰਪਾਲ ਸਿੰਘ ਸੈਦੋਵਾਲ ਨੇ ਕਿਹਾ ਕਿ ਸਰਕਾਰ ਨੰਬਰਦਾਰ ਵੱਲੋਂ ਬਣਾਏ ਗਏ ਸਰਬਰਾਹ ਨੂੰ ਪੱਕਿਆਂ ਤੌਰ 'ਤੇ ਨੰਬਰਦਾਰ ਨਿਯੁਕਤ ਕੀਤੇ ਜਾਣ ਸੰਬੰਧੀ ਕਾਨੂੰਨ ਬਣਾਏ। ਨੰਬਰਦਾਰਾਂ ਦੇ ਡੋਪ ਟੈਸਟ ਕਰਵਾਉਣ ਲਈ ਹੁਕਮ ਦੇਣ ਵਾਲੇ ਡੀ.ਸੀ ਨਵਾਂਸ਼ਹਿਰ ਦੀ ਵੀ ਨਿੰਦਾ ਕੀਤੀ। ਨੰਬਰਦਾਰਾਂ ਨੇ ਫੈਸਲਾ ਕੀਤਾ ਕਿ ਇਸ ਹੁਕਮ ਨੂੰ ਕੋਰਟ ਵਿੱਚ ਲਿਜਾਇਆ ਜਾਵੇਗਾ। ਇਸ ਮੌਕੇ ਨੂਰਮਹਿਲ ਦੇ ਨਿਰਮਾਣ ਅਧੀਨ ਸੀ.ਸੈ. ਸਰਕਾਰੀ ਸਕੂਲ ਨੂੰ ਜਾਣ ਬੁੱਝ ਕੇ ਮੁਕੰਮਲ ਨਾ ਕਰਵਾਉਣ ਵਿੱਚ ਹਲਕਾ ਵਿਧਾਇਕ ਨਕੋਦਰ ਸ੍ਰੀਮਤੀ ਇੰਦਰਜੀਤ ਕੌਰ ਮਾਨ ਨੂੰ ਜ਼ਿੰਮੇਵਾਰ ਠਹਿਰਾਇਆ ਗਿਆ। ਇਸ ਮੌਕੇ ਨੰਬਰਦਾਰ ਯੂਨੀਅਨ ਦੇ ਸਿਪਾਹਸਿਲਾਰ ਚਰਨਜੀਤ ਸਿੰਘ ਉੱਪਲ ਭੂਪਾ, ਮਹਿਲਾ ਨੰਬਰਦਾਰ ਦਲਜੀਤ ਕੌਰ ਜੰਡਿਆਲਾ, ਦਿਲਾਵਰ ਸਿੰਘ ਗੁਮਟਾਲੀ, ਮਹਿੰਗਾ ਰਾਮ ਫਤਿਹਪੁਰ, ਜਰਨੈਲ ਸਿੰਘ ਗਦਰਾ, ਸਰਧਾ ਰਾਮ ਲਖਨਪਾਲ, ਪਰਮਜੀਤ ਸਿੰਘ ਬਿਲਗਾ, ਮਹਿੰਦਰ ਸਿੰਘ ਧੰਨੀ ਪਿੰਡ, ਹਰਭਜਨ ਸਿੰਘ ਭੰਡਾਲ ਬੂਟਾ, ਪ੍ਰੇਮ ਚੰਦ ਮੁਆਈ, ਆਤਮਾ ਰਾਮ ਭੰਡਾਲ ਬੂਟਾ, ਅਮਰੀਕ ਸਿੰਘ ਧੰਨੀ ਪਿੰਡ, ਲਖਬੀਰ ਸਿੰਘ ਅਜਤਾਨੀ, ਸੌਦਾਗਰ ਸਿੰਘ ਸੰਘੇ ਜਾਗੀਰ, ਸੁਖਦੇਵ ਸਿੰਘ ਸਾਬਕਾ ਸਰਪੰਚ ਹਰਦੋਸੇਖ, ਕਸਮੀਰੀ ਲਾਲ ਤਲਵਣ, ਸੀਤਲ ਦਾਸ ਰਾਜੋਵਾਲ, ਤੇਜੂ ਰਾਮ ਭੰਡਾਲ, ਸਮਾਜ ਸੇਵੀ ਸੀਤਾ ਰਾਮ ਸੋਖਲ, ਲਾਇਨਜ ਕਲੱਬ ਦੇ ਅਫਸਰ ਲਾਇਨ ਬਬਿਤਾ ਸੰਧੂ, ਲਾਇਨ ਆਂਚਲ ਸੰਧੂ ਸੋਖਲ, ਲਾਇਨ ਦਿਨਕਰ ਜਸਪ੍ਰੀਤ ਕੌਰ ਸੰਧੂ ਤੋਂ ਇਲਾਵਾ ਹੋਰ ਪਤਵੰਤੇ ਸੱਜਣ ਵੀ ਹਾਜਰ ਹੋਏ ਜਿੰਨ੍ਹਾਂ ਨੇ 15 ਅਗਸਤ ਦੇ ਕੌਮੀ ਦਿਹਾੜੇ ਨੂੰ ਸ਼ਰਧਾ ਭਾਵ ਨਾਲ ਮਨਾਉਣ ਦਾ ਹਲਫ ਲਿਆ ਅਤੇ ਮਨੀਪੁਰ ਕਾਂਡ, ਸਰਕਾਰੀ ਸਕੂਲ ਨੂੰ ਨੇਪੜੇ ਨਾ ਚਾੜਨ ਦੀ ਕਰੜੇ ਸਬਦਾਂ ਵਿੱਚ ਨਿੰਦਾ ਕੀਤੀ। ਉਪਰੰਤ ਮਨੀਪੁਰ ਕਾਂਡ ਦੇ ਦੋਸੀਆਂ ਅਤੇ ਇਸ ਘਟਨਾ ਪ੍ਰਤੀ ਚੁੱਪੀ ਧਾਰਨ ਕਰਨ ਵਾਲਿਆਂ ਦਾ ਪੁਤਲਾ ਵੀ ਫੂਕਿਆ।

# ਨੰਨ੍ਹੇ ਆਈਵੀਅਨਜ਼ ਲਈ ਫੈਂਸੀ ਡਰੈੱਸ ਗਤੀਵਿਧੀ ਕਰਵਾਈ




**ਜਲੰਧਰ ( ਇਕਬਾਲ ਸਿੰਘ ਉੱਭੀ )** - ਆਈਵੀ ਵਰਲਡ ਸਕੂਲ ਵਿਖੇ ਨੰਨ੍ਹੇ ਆਈਵੀਅਨਜ਼ ਲਈ ਫੈਂਸੀ ਡਰੈੱਸ ਗਤੀਵਿਧੀ ਦਾ ਆਯੋਜਨ ਕੀਤਾ ਗਿਆ। ਸਕੂਲ ਆਪਣੀਆਂ ਨਿੱਕੀਆਂ ਕਰੂੰਬਲਾਂ ਨੂੰ ਵੱਖ-ਵੱਖ ਢੰਗ ਨਾਲ ਗਤੀਵਿਧੀਆਂ ਦੇ ਰੂਪ ਵਿੱਚ ਪਾਣੀ ਦੇ ਕੇ ਜੜ੍ਹਾਂ ਮਜ਼ਬੂਤ ਕਰਨ ਲਈ ਵੱਖ-ਵੱਖ ਗਤੀਵਿਧੀਆਂ ਦਾ ਆਯੋਜਨ ਕਰਦੀ ਰਹਿੰਦੀ ਹੈ। ਅਜਿਹੀ ਹੀ ਇੱਕ ਗਤੀਵਿਧੀ ਨੰਨ੍ਹੇ ਆਈਵੀਅਨਜ਼ ਲਈ ਫੈਂਸੀ ਡਰੈੱਸ ਦੇ ਰੂਪ ਵਿੱਚ ਆਯੋਜਿਤ ਕੀਤੀ ਗਈ। ਜਿਸ ਵਿੱਚ ਨੰਨ੍ਹੇ ਆਈਵੀਅਨਜ਼ ਨੇ ਆਪਣੇ ਮਨਪਸੰਦ ਨਾਇਕ (ਹੀਰੋ) ਦੇ ਰੂਪ ਵਿੱਚ ਆਪਣੇ ਆਪ ਨੂੰ ਤਿਆਰ ਕੀਤਾ ਅਤੇ ਉਹਨਾਂ ਦੇ ਡਾਇਲਗਜ਼ ਨੂੰ ਆਪਣੀ ਆਵਾਜ਼ ਦਿੱਤੀ। ਇਸ ਗਤੀਵਿਧੀ ਦਾ ਉਦੇਸ਼ ਨੰਨ੍ਹੇ ਆਈਵੀਅਨਜ਼ ਵਿੱਚ ਸਵੈ-ਪ੍ਰਗਟਾਵੇ ਦੀ ਭਾਵਨਾ ਪੈਦਾ ਕਰਨਾ ਸੀ। ਵਾਸਲ ਐਜੂਕੇਸ਼ਨਲ ਸੁਸਾਇਟੀ ਦੇ ਪ੍ਰਧਾਨ ਸ਼੍ਰੀ ਕੇ. ਕੇ. ਵਾਸਲ, ਚੇਅਰਮੈਨ ਸੰਜੀਵ ਵਾਸਲ, ਮੀਤ ਪ੍ਰਧਾਨ ਸ਼੍ਰੀਮਤੀ ਈਨਾ ਵਾਸਲ, ਸੀ.ਈ.ਓ. ਰਾਘਵ ਵਾਸਲ ਅਤੇ ਡਾਇਰੈਕਟਰ ਸ਼੍ਰੀਮਤੀ ਅਦਿੱਤੀ ਵਾਸਲ ਨੇ ਵਿਦਿਆਰਥੀਆਂ ਦੇ ਹੁਨਰ ਅਤੇ ਉਹਨਾਂ ਦੇ ਪ੍ਰਦਰਸ਼ਨ ਦੀ ਸ਼ਲਾਘਾ ਕੀਤੀ। ਸਕੂਲ ਦੇ ਸੀਨੀਅਰ ਪ੍ਰਿੰਸੀਪਲ ਸ਼੍ਰੀਮਤੀ ਐੱਸ ਚੌਹਾਨ ਨੇ ਨੰਨ੍ਹੇ ਆਈਵੀਅਨਜ਼ ਦੀ ਮੁਕਾਬਲੇ ਪ੍ਰਤੀ ਉਤਸ਼ਾਹ ਦੇਖ ਕੇ ਅਤੇ ਵਧੀਆ ਪ੍ਰਦਰਸ਼ਨ ਦੀ ਪ੍ਰਸ਼ੰਸਾ ਕੀਤੀ।

# ਪੁੱਤਰ ਦੇ ਜਨਮ ਦਿਨ 'ਤੇ ਮਨਿੰਦਰ ਸਿੰਘ ਨੇ ਸਕੂਲ ਨੂੰ ਪੱਖਾ ਭੇਟ ਕੀਤਾ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**-ਮਨਿੰਦਰ ਸਿੰਘ ਵਾਸੀ ਗੱਜਪੁਰ ਨੇ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਗੱਜਪੁਰ ਵਿੱਚ ਐਲ ਕੇ ਜੀ ਜਮਾਤ ਵਿੱਚ ਪੜਦੇ ਆਪਣੇ ਪੁੱਤਰ ਜੰਗਵੀਰ ਸਿੰਘ ਦੇ ਜਨਮ ਦਿਨ ਮੌਕੇ ਸਕੂਲ ਨੂੰ ਇੱਕ ਪੱਖਾ ਭੇਟ ਕੀਤਾ । ਸਕੂਲ ਇੰਚਾਰਜ ਬਲਵਿੰਦਰ ਸਿੰਘ ਲੋਦੀਪੁਰ ਨੇ ਜੰਗਵੀਰ ਦੇ ਮਾਤਾ ਪਿਤਾ ਦਾ ਜਿਥੇ ਧੰਨਵਾਦ ਕੀਤਾ ਉਥੇ ਹੀ ਕਿਹਾ ਕਿ ਮਨਿੰਦਰ ਸਿੰਘ ਨੇ ਗਰਮੀ ਦੇ ਮੌਸਮ ਨੂੰ ਦੇਖਦੇ ਹੋਏ ਅਪਣੀ ਨੇਕ ਕਮਾਈ ਵਿੱਚੋ ਸਕੂਲ ਨੂੰ ਪੱਖਾ ਭੇਟ ਕੀਤਾ ਹੈ ਤੇ ਉਹਨਾਂ ਆਸ ਕੀਤੀ ਕਿ ਇਸੀ ਤਰ੍ਹਾਂ ਪਿੰਡ ਵਾਸੀ ਅਤੇ ਬੱਚਿਆਂ ਦੇ ਮਾਤਾ ਪਿਤਾ ਸਕੂਲ ਦੇ ਕੰਮਾ ਵਿੱਚ ਸਹਿਯੋਗ ਕਰਦੇ ਰਹਿਣਗੇ । ਇਸ ਮੌਕੇ ਸਕੂਲ ਅਧਿਆਪਕ ਜਰਨੈਲ ਸਿੰਘ ਹਰੀਵਾਲ,ਹਰਦੀਪ ਕੌਰ,ਮਨਫਤਿਹ ਸਿੰਘ ਆਦਿ ਹਾਜਰ ਸਨ ।



# ਹੜ੍ਹ ਪੀੜਤਾਂ ਦੀ ਸਹਾਇਤਾ ਲਈ ਰਾਸ਼ਨ ਸਮਗਰੀ ਭੇਜੀ



**ਬਿਲਗਾ (ਵਿਜੇ ਕੁਮਾਰ)**- ਬਾਬਾ ਬਸਾਊ ਵੈਲਫੇਅਰ ਸੁਸਾਇਟੀ ਰਜਿ. ਫਰਵਾਲਾ ਤੇ ਸਮੂਹ ਪਿੰਡ ਵਾਸੀਆਂ ਵੱਲੋਂ ਹੜ੍ਹ ਪੀੜਤਾਂ ਦੀ ਜੀਰੋ ਗਰਾਊਂਡ ਤੋਂ ਪਹੁੰਚ ਕੇ ਮਦਦ ਕੀਤੀ ਗਈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸਾਬਕਾ ਸਰਪੰਚ ਕਮਲੇਸ਼ ਕੁਮਾਰ ਨੇ ਦੱਸਿਆ ਕਿ ਇਸ ਵਾਰ ਪੰਜਾਬ ਵਿੱਚ ਹੜ੍ਹਾਂ ਨੇ ਜੋ ਤਬਾਹੀ ਮਚਾਈ ਹੈ ਇਸ ਦੀ ਭਰਵਾਈ ਕਰਨਾ ਬਹੁਤ ਹੀ ਮੁਸ਼ਕਲ ਹੈ ਪਰੰਤੂ ਪਰ ਫਿਰ ਵੀ ਪੰਜਾਬੀ ਭਰਾ ਮੋਢੇ ਨਾਲ ਮੋਢਾ ਜੋੜ ਕੇ ਪੀੜਤ ਪਰਵਾਰਾਂ ਦੀ ਮਦਦ ਕਰਨ ਲਈ ਦਿਨ ਰਾਤ ਇੱਕ ਕਰ ਰਹੇ ਹਨ ਅਤੇ ਉਨ੍ਹਾਂ ਪਰਵਾਰਾਂ ਨੂੰ ਹਰ ਸੰਭਵ ਸਹਾਇਤਾ ਪਹੁੰਚਾ ਰਹੇ ਹਨ। ਇਸ ਨੂੰ ਮੁੱਖ ਰੱਖਦਿਆਂ ਬਾਬਾ ਬਸਾਊ ਵੈਲਫੇਅਰ ਸੁਸਾਇਟੀ ਫਰਵਾਲਾ ਦੇ ਸਹਿਯੋਗ ਨਾਲ ਹੜ੍ਹ ਪੀੜਤਾਂ ਇਲਾਕੇ ਵਿੱਚ ਰਾਹਤ ਸਮੱਗਰੀ ਭੇਜੀ ਗਈ ਜਿਸ ਵਿੱਚ ਪੀਣ ਵਾਲਾ ਪਾਣੀ, ਬਿਸਕੁਟ, ਪਸ਼ਸ਼ਆਂ ਵਾਸਤੇ ਹਰਾ ਚਾਰਾ ਦਾ ਪ੍ਰਬੰਧ ਕੀਤਾ ਗਿਆ। ਇਸ ਮੌਕੇ ਪ੍ਰਧਾਨ ਬਲਜਿੰਦਰ ਸਿੰਘ, ਵਾਇਸ ਪ੍ਰਧਾਨ ਬਲਿਹਾਰ ਸਿੰਘ, ਜਨਰਲ ਸਕੱਤਰ ਮਾਸਟਰ ਮੰਗਤ ਰਾਮ, ਕੈਸ਼ੀਅਰ ਰਕੇਸ਼ ਕੁਮਾਰ, ਮੀਤ ਪ੍ਰਧਾਨ ਪ੍ਰਭਦੀਪ ਸਿੰਘ, ਰਾਮ ਤੀਰਥ, ਪ੍ਰੈਸ ਸਕੱਤਰ ਕਮਲੇਸ਼ ਕੁਮਾਰ, ਅਮਨ ਕੁਮਾਰ, ਨਵਜੋਤ ਸਿੰਘ, ਜਸਵੀਰ ਕੁਮਾਰ, ਬਲਿਹਾਰ ਸਿੰਘ, ਅਮਰੀਕ ਮਾਸਟਰ ਕਮੇਟੀ ਅਹੁਦੇਦਾਰਾਂ ਤੇ ਮੈਂਬਰ ਇਨ੍ਹਾਂ ਤੋਂ ਇਲਾਵਾ ਵਰਿੰਦਰ ਸਿੰਘ, ਬੂਟਾ ਨੰਬਰਦਾਰ, ਸੰਤੋਖ ਸਿੰਘ, ਰਕੇਸ਼ ਕੁਮਾਰ ਆਦਿ ਹਾਜ਼ਰ ਸਨ।

# ਚਹਿਲ ਵੱਲੋਂ ਨਸ਼ਾਖੋਰੀ ਦੀ ਰਿਪੋਰਟ 'ਤੇ ਗੰਭੀਰ ਚਿੰਤਾ, ਰਾਜਪਾਲ ਨੂੰ ਲਿਖਿਆ ਪੱਤਰ

**ਜਲੰਧਰ ( ਸ਼ੈਲੀ ਐਲਬਰਟ)** - ਸਤਨਾਮ ਸਿੰਘ ਚਹਿਲ ਕਾਰਜਕਾਰੀ ਨਿਰਦੇਸ਼ਕ ਨਾਰਥ ਅਮਰੀਕਨ ਪੰਜਾਬੀ ਐਸੋਸੀਏਸ਼ਨ (ਨਾਪਾ) ਨੇ ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਬਾਰੇ ਸੰਸਦੀ ਸਥਾਈ ਕਮੇਟੀ ਵੱਲੋਂ ਜਾਰੀ ਕੀਤੀ ਗਈ ਨਸ਼ਾਖੋਰੀ ਦੀ ਰਿਪੋਰਟ 'ਤੇ ਗੰਭੀਰ ਚਿੰਤਾ ਪ੍ਰਗਟ ਕਰਦਿਆਂ ਇਸ ਤੱਥ 'ਤੇ ਦੁੱਖ ਪ੍ਰਗਟ ਕੀਤਾ ਹੈ ਕਿ ਨਸ਼ਾਖੋਰੀ ਦਾ ਖਤਰਾ ਪੈਦਾ ਹੋ ਗਿਆ ਹੈ।

ਜਿਹੜਾ ਭਾਰਤ ਵਿੱਚ ਬਾਲਗਾਂ, ਨੌਜਵਾਨਾਂ ਅਤੇ ਇੱਥੋਂ ਤੱਕ ਕਿ ਬੱਚਿਆਂ ਵਿੱਚ ਵੀ ਤੇਜ਼ੀ ਨਾਲ ਫੈਲ ਰਿਹਾ ਹੈ । ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪ੍ਰੋਹਿਤ ਨੂੰ ਭੇਜੇ ਇੱਕ ਪੱਤਰ ਵਿੱਚ ਕਿਹਾ ਗਿਆ ਹੈ ਕਿ ਪੰਜਾਬ ਪਿਛਲੇ ਕਈ ਸਾਲਾਂ ਤੋਂ ਨਸ਼ਿਆਂ ਦੇ ਵਿਨਾਸ਼ਕਾਰੀ ਪ੍ਰਭਾਵਾਂ ਨਾਲ ਜੂਝ ਰਿਹਾ ਹੈ। । ਸਰਕਾਰ, ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਅਤੇ ਗੈਰ-ਸਰਕਾਰੀ ਸੰਸਥਾਵਾਂ ਦੁਆਰਾ ਕੀਤੇ ਗਏ ਵੱਖ-ਵੱਖ ਯਤਨਾਂ ਦੇ ਬਾਵਜੂਦ, ਇਹ ਸਮੱਸਿਆ ਬਰਕਰਾਰ ਹੈ ਅਤੇ ਰਾਜ ਭਰ ਵਿੱਚ ਅਣਗਿਣਤ ਵਿਅਕਤੀਆਂ ਅਤੇ ਪਰਵਾਰਾਂ ਦੀਆਂ ਜ਼ਿੰਦਗੀਆਂ ਤੇ ਤਬਾਹੀ ਮਚਾ ਰਹੀ ਹੈ । ਨਸ਼ੇ ਦੀ ਮਹਾਂਮਾਰੀ ਨੇ ਸਰੀਰਿਕ ਤੇ ਬਹੁਤ ਜ਼ਿਆਦਾ ਨੁਕਸਾਨਦੇਹ ਪ੍ਰਭਾਵ ਪਾਇਆ ਹੈ। ਅਤੇ ਸਾਡੇ ਨੌਜਵਾਨਾਂ ਦੀ ਮਾਨਸਿਕ ਸਿਹਤ, ਸਾਡੇ ਸਮਾਜ ਦੀ ਰੀੜ੍ਹ ਦੀ ਹੱਡੀ ਹੈ। ਬਹੁਤ ਸਾਰੇ ਹੋਣਹਾਰ ਨੌਜਵਾਨਾਂ ਦੀ ਜ਼ਿੰਦਗੀ ਨਸ਼ਾਖੋਰੀ ਕਾਰਨ ਘਟ ਗਈ ਹੈ ਜਾਂ ਸਥਾਈ ਤੌਰ ਤੇ ਨੁਕਸਾਨੀ ਗਈ ਹੈ, ਜਿਸ ਨਾਲ ਬੇਰੁਜ਼ਗਾਰੀ, ਟੁੱਟੇ ਪਰਵਾਰ, ਅਤੇ ਸਾਡੇ ਰਾਜ ਲਈ ਉਤਪਾਦਕ ਸੰਭਾਵਨਾਵਾਂ ਦਾ ਨੁਕਸਾਨ ਹੋਇਆ ਹੈ।। ਇਸ ਤੋਂ ਇਲਾਵਾ, ਨਸ਼ਿਆਂ ਦੀ ਵਿਆਪਕ ਉਪਲਬਧਤਾ ਅਤੇ ਖਪਤ ਨੇ ਅਪਰਾਧਿਕ ਗਤੀਵਿਧੀਆਂ ਨੂੰ ਵਧਾਇਆ ਹੈ, ਜਿਸ ਨਾਲ ਕੁਝ ਖੇਤਰਾਂ ਵਿੱਚ ਹਿੰਸਾ ਅਤੇ ਅਸਥਿਰਤਾ ਵਿੱਚ ਵਾਧਾ ਹੋਇਆ ਹੈ। ਇਹ ਨਾ ਸਿਰਫ਼ ਸਾਡੇ ਨਾਗਰਿਕਾਂ ਦੀ ਸੁਰੱਖਿਆ ਨੂੰ ਪ੍ਰਭਾਵਤ ਕਰਦਾ ਹੈ, ਸਗੋਂ ਸੰਭਾਵੀ ਨਿਵੇਸ਼ਕਾਂ ਨੂੰ ਵੀ ਰੋਕਦਾ ਹੈ ਅਤੇ ਪੰਜਾਬ ਦੇ ਸਮੁੱਚੇ ਵਿਕਾਸ ਅਤੇ ਵਿਕਾਸ ਨੂੰ ਰੋਕਦਾ ਹੈ। ਚਾਹਲ ਨੇ ਰਾਜਪਾਲ ਨੂੰ ਅਪੀਲ ਕੀਤੀ ਕਿ ਉਹ ਇਸ ਮੁੱਦੇ ਨੂੰ ਤੁਰੰਤ ਹੱਲ ਕਰਨ ਲਈ ਦਲੇਰ ਅਤੇ ਵਿਆਪਕ ਕਦਮ ਚੁੱਕਣ । ਨਸ਼ੀਲੇ ਪਦਾਰਥਾਂ ਦੇ ਤਸਕਰਾਂ ਅਤੇ ਵਿਤਰਕਾਂ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਫੜਨ ਦੀ ਸਮਰੱਥਾ ਵਧਾਉਣ ਲਈ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਲੋੜੀਂਦੇ ਸਰੋਤ ਅਤੇ ਸਿਖਲਾਈ ਪ੍ਰਦਾਨ ਕਰਨੀ ਚਾਹੀਦੀ ਹੈ।। ਜਦੋਂ ਤੱਕ ਪੰਜਾਬ ਸਰਕਾਰ ਪੁਲਿਸ ਵਿਭਾਗ ਵਿੱਚ ਕਾਲੀਆਂ ਭੇਡਾਂ ਦੀ ਸ਼ਨਾਖਤ ਨਹੀਂ ਕਰੇਗੀ, ਉਦੋਂ ਤੱਕ ਨਸ਼ਿਆਂ ਦੀ ਅਲਾਮਤ ਨੂੰ ਖਤਮ ਨਹੀਂ ਕੀਤਾ ਜਾ ਸਕਦਾ। ਚਾਹਲ ਨੇ ਅੱਗੇ ਕਿਹਾ ਕਿ ਪੰਜਾਬ ਸਰਕਾਰ ਨਸ਼ਿਆਂ ਨਾਲ ਸੰਘਰਸ਼ ਕਰ ਰਹੇ ਲੋਕਾਂ ਦੀ ਸਹਾਇਤਾ ਲਈ ਵਧੇਰੇ ਮੁੜ ਵਸੇਬਾ ਅਤੇ ਇਲਾਜ ਕੇਂਦਰਾਂ ਵਿੱਚ ਨਿਵੇਸ਼ ਕਰੇ ਅਤੇ ਉਨ੍ਹਾਂ ਨੂੰ ਉਸਾਰੂ ਨਾਗਰਿਕ ਵਜੋਂ ਸਮਾਜ ਵਿੱਚ ਮੁੜ ਜੁੜਣ ਵਿੱਚ ਮਦਦ ਕਰੇ। ਨਸ਼ਿਆਂ ਦੇ ਹਾਨੀਕਾਰਕ ਪ੍ਰਭਾਵਾਂ ਬਾਰੇ ਜਾਗਰੂਕਤਾ ਪੈਦਾ ਕਰਨ ਅਤੇ ਨਸ਼ਾ ਮੁਕਤ ਜੀਵਨ ਸ਼ੈਲੀ ਨੂੰ ਉਤਸ਼ਾਹਿਤ ਕਰਨ ਲਈ ਕਮਿਊਨਿਟੀ-ਅਧਾਰਿਤ ਵਿਦਿਅਕ ਪ੍ਰੋਗਰਾਮਾਂ ਨੂੰ ਲਾਗੂ ਕਰਨਾ।ਉਨਾਂ ਅੱਗੇ ਕਿਹਾ ਕਿ ਪੰਜਾਬ ਸਰਕਾਰ ਨੂੰ ਸਰਹੱਦਾਂ ਪਾਰੋਂ ਨਸ਼ਿਆਂ ਦੀ ਤਸਕਰੀ ਨੂੰ ਰੋਕਣ ਲਈ ਗੁਆਂਢੀ ਰਾਜਾਂ ਨਾਲ ਵੀ ਸਹਿਯੋਗ ਕਾਇਮ ਕਰਨਾ ਚਾਹੀਦਾ ਹੈ ਅਤੇ ਨਸ਼ਿਆਂ ਦੇ ਕਾਰੋਬਾਰ ਵਿਰੁੱਧ ਇਕਜੁੱਟ ਮੋਰਚਾ ਬਣਾਉਣਾ ਚਾਹੀਦਾ ਹੈ। ਨਸ਼ੇ. ਰਾਜ ਸਰਕਾਰ ਨੂੰ ਵੀ ਚਾਹੀਦਾ ਹੈ ਕਿ ਉਹ ਸੂਬੇ ਅੰਦਰ ਨਸ਼ਿਆਂ ਦੀ ਖੇਤੀ ਅਤੇ ਪੈਦਾਵਾਰ ਨੂੰ ਖ਼ਤਮ ਕਰਨ ਲਈ ਸਖ਼ਤ ਕਦਮ ਚੁੱਕਣ, ਇਹ ਯਕੀਨੀ ਬਣਾਉਣ ਲਈ ਕਿ ਪੰਜਾਬ ਨੂੰ ਨਸ਼ਿਆਂ ਦੇ ਸਰੋਤ ਵਜੋਂ ਵਰਤਿਆ ਨਾ ਜਾਵੇ।ਇਸ ਪੱਤਰ ਵਿੱਚ ਚਹਿਲ ਨੇ ਕਿਹਾ ਕਿ ਪੰਜਾਬ ਵਿੱਚ ਨਸ਼ਿਆਂ ਦੀ ਸਮੱਸਿਆ ਲਈ ਸਾਰੇ ਹਿੱਸੇਦਾਰਾਂ ਦੇ ਸਾਂਝੇ ਯਤਨਾਂ ਦੀ ਲੋੜ ਹੈ ਅਤੇ ਉਨ੍ਹਾਂ ਦੀ ਅਗਵਾਈ ਅਤੇ ਸਹਿਯੋਗ ਦੀ ਬੇਨਤੀ ਕੀਤੀ ਹੈ ਕਿ ਉਹ ਲੋੜੀਂਦੇ ਕਾਰਜਾਂ ਵਿੱਚ ਤਾਲਮੇਲ ਕਰਨ ਅਤੇ ਇਹ ਯਕੀਨੀ ਬਣਾਉਣ ਲਈ ਕਿ ਨਸ਼ਿਆਂ ਦੀ ਅਲਾਮਤ ਨੂੰ ਸਾਡੇ ਸਮਾਜ ਵਿੱਚੋਂ ਖ਼ਤਮ ਕੀਤਾ ਜਾਵੇ, ਜਿਸ ਨਾਲ ਪੰਜਾਬ ਦਾ ਉੱਜਵਲ ਅਤੇ ਖੁਸ਼ਹਾਲ ਭਵਿੱਖ ਹੋਵੇ। ਆਪਣੀ ਪ੍ਰੈਸ ਰਿਲੀਜ਼ ਵਿੱਚ ਚਾਹਲ ਨੇ ਕਿਹਾ ਕਿ ਇਹ ਸਮਾਂ ਹੈ ਕਿ ਨਸ਼ੇ ਦੀ ਸਮੱਸਿਆ ਲਈ ਇੱਕ ਨਵੀਂ ਪਹੁੰਚ ਅਜ਼ਮਾਈ ਜਾਵੇ। ਜਿਹੜੇ ਨਸ਼ੇ ਦੀ ਵਰਤੋਂ ਕਰਨਾ ਚਾਹੁੰਦੇ ਹਨ ਉਹ ਜਾਣਦੇ ਹਨ ਕਿ ਉਹ ਕਿੱਥੋਂ ਪ੍ਰਾਪਤ ਕਰਨੇ ਹਨ। ਅਜੇ ਤੱਕ ਕੋਈ ਵੀ ਕਾਨੂੰਨ ਉਨ੍ਹਾਂ ਨੂੰ ਨੱਥ ਨਹੀਂ ਪਾ ਸਕਿਆ ਹੈ। ਨਸ਼ੀਲੇ ਪਦਾਰਥਾਂ ਨੂੰ ਕਾਨੂੰਨੀ, ਨਿਯੰਤ੍ਰਿਤ ਅਤੇ ਲਾਗੂ ਕਰੋ। ਚਾਹਲ ਨੇ ਕਿਹਾ ਕਿ ਉਹ ਪੈਸਾ ਖਰਚ ਕਰੋ ਜੋ ਸਿੱਖਿਆ, ਸਿਹਤ ਸੰਭਾਲ ਅਤੇ ਮੁੜ ਵਸੇਬੇ ਤੇ ਰੋਕਥਾਮ ਵਾਲੇ ਕਾਨੂੰਨਾਂ ਲਈ ਜਾਣਾ ਸੀ ।

# ਨਸ਼ਾ ਵਿਰੋਧੀ ਕਮੇਟੀ ਮੈਂਬਰ ਦੀ ਹੱਤਿਆ ਪੰਜਾਬ ਸਰਕਾਰ ਦੇ ਗਲੇ ਦੀ ਬਣੇਗੀ ਹੱਡੀ : ਰੁਲਦੂ ਸਿੰਘ



**ਮਾਨਸਾ (ਆਤਮਾ ਸਿੰਘ ਪਮਾਰ)**

ਨਸ਼ਿਆਂ ਖਿਲਾਫ਼ ਚੱਲ ਰਹੇ ਪੱਕੇ ਧਰਨੇ ਦੀ ਅਗਵਾਈ 'ਚ ਪੰਜਾਬ ਕਿਸਾਨ ਯੂਨੀਅਨ ਦੀ ਲੀਡਰਸ਼ਿਪ ਵੱਲੋਂ ਕੀਤੀ ਗਈ। ਇਸ ਸਮੇਂ ਵੱਖ-ਵੱਖ ਬੁਲਾਰਿਆਂ ਵੱਲੋਂ ਨਸ਼ਾ ਤਸਕਰਾਂ ਦੁਆਰਾ ਫ਼ਰੀਦਕੋਟ ਵਿਖੇ ਦਿਨ ਦਿਹਾੜੇ ਕੀਤੇ ਕਤਲ ਦੀ ਨਿਖੇਧੀ ਕੀਤੀ ਗਈ। ਪੰਜਾਬ ਕਿਸਾਨ ਯੂਨੀਅਨ ਦੇ ਪ੍ਰਮੁੱਖ ਆਗੂ ਰੁਲਦੂ ਸਿੰਘ ਮਾਨਸਾ ਨੇ ਕਿਹਾ ਕਿ ਸਮੇਂ ਸਮੇਂ ਤੇ ਸਮਾਜਿਕ ਬੁਰਾਈਆਂ ਨੂੰ ਜੜ੍ਹੋਂ ਪੁੱਟਣ ਲਈ ਲੋਕ ਸੰਘਰਸ਼ ਕਰਦੇ ਆਏ ਹਨ ਤੇ ਲੋਕ ਅੰਦੋਲਨਾਂ ਦੀ ਅਗਵਾਈ ਕਰਦੇ ਆਗੂਆਂ ਤੇ ਸੱਤਾਧਾਰੀ ਪਾਰਟੀਆਂ ਝੂਠੇ ਪਰਚੇ ਪਾ ਕੇ ਜੇਲ੍ਹਾਂ ਵਿੱਚ ਡੱਕਦੀਆਂ ਰਹੀਆਂ ਹਨ, ਅੰਦੋਲਨਕਾਰੀ ਸੰਘਰਸ਼ਾਂ ਸਦਕਾ ਹੀ ਆਗੂ ਬਰੀ ਵੀ ਹੁੰਦੇ ਰਹੇ ਹਨ। ਉਨ੍ਹਾਂ ਕਿਹਾ ਕੇਂਦਰ ਦੀ ਫਾਸ਼ਿਸ਼ਟ ਸਰਕਾਰ ਜਾਤ-ਪਾਤ, ਧਰਮ, ਮੰਦਰ ਮਸਜਿਦ ਦੇ ਆਪਸੀ ਪਾੜੇ ਪਾ ਕੇ ਜੋ ਕਾਂਡ ਮਨੀਪੁਰ, ਹਰਿਆਣਾ 'ਚ ਦੁਹਰਾਅ ਚੁੱਕੀ ਹੈ, ਹੁਣ ਪੰਜਾਬ ਦੀ ਧਰਤੀ 'ਤੇ ਫੈਲਾਉਣ ਦੀ ਤਾਕ ਵਿੱਚ ਹੈ, ਜਿਸਨੂੰ ਕਿਸੇ ਕੀਮਤ 'ਤੇ ਬਰਦਾਸ਼ਤ ਨਹੀਂ ਕੀਤੇ ਅਤੇ ਨਾ ਹੀ ਇਸ ਤਰ੍ਹਾਂ ਦੇ ਹਾਲਾਤ ਪੈਦਾ ਹੋਣ ਦਿੱਤੇ ਜਾਣਗੇ। ਸੂਬਾ ਆਗੂ ਗੁਰਜੰਟ ਸਿੰਘ ਮਾਨਸਾ, ਸੀਨੀਅਰ ਮੀਤ ਪਰਧਾਨ ਗੋਰਾ ਸਿੰਘ ਭੈਣੀ, ਜ਼ਿਲ੍ਹਾ ਪ੍ਰਧਾਨ ਰਾਮਫਲ ਚੱਕ ਅਲੀਸ਼ੇਰ, ਜਨਰਲ ਸਕੱਤਰ ਪੰਜਾਬ ਸਿੰਘ ਅਕਲੀਆ, ਪ੍ਰੈੱਸ ਸਕੱਤਰ ਨਰਿੰਦਰ ਕੌਰ ਬੁਰਜ ਹਮੀਰਾ ਨੇ ਕਿਹਾ ਕਿ 14 ਅਗਸਤ ਦੀ ਨਸ਼ਾ ਵਿਰੋਧੀ ਰੈਲੀ ਦੌਰਾਨ ਪੰਜਾਬ ਕਿਸਾਨ ਯੂਨੀਅਨ ਦੇ ਆਗੂ ਅਤੇ ਵਰਕਰ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਨਗੇ ਤੇ ਲੋਕ ਦੋਖੀ ਤਾਕਤਾਂ ਤੋਂ ਜ਼ਿਲ੍ਹਾ ਪ੍ਰਸ਼ਾਸਨ ਨੂੰ ਚੌਕਸ ਰਹਿੰਦਿਆਂ ਆਪਣੀ ਡਿਊਟੀ ਤਨਦੇਹੀ ਤੇ ਇਮਾਨਦਾਰੀ ਨਾਲ ਕਰਨੀ ਚਾਹੀਦੀ ਹੈ। ਧਰਨੇ ਨੂੰ ਭੋਲਾ ਸਮਾਓ, ਅਮਰੀਕ ਕੋਟ ਧਰਮੂ, ਜਸਪਾਲ ਸਿੰਘ ਉੱਭਾ, ਇਕਬਾਲ ਸਿੰਘ ਫਫੜੇ, ਹਰਜਿੰਦਰ ਸਿੰਘ ਮਾਨਸਾਹੀਆ, ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਕ੍ਰਿਸ਼ਨ ਚੌਹਾਨ, ਭਰਾਤਰੀ ਜਥੇਬੰਦੀ ਡਕੌਂਦਾ (ਬੁਰਜ ਗਿੱਲ) ਦੇ ਆਗੂ ਮਹਿੰਦਰ ਸਿੰਘ ਭੈਣੀਬਾਘਾ, ਜਮਹੂਰੀ ਕਿਸਾਨ ਸਭਾ ਦੇ ਮੇਜਰ ਦੂਲੋਵਾਲ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਭਜਨ ਸਿੰਘ ਘੁੰਮਣ ਆਦਿ ਆਗੂਆਂ ਨੇ ਵੀ ਸੰਬੋਧਨ ਕੀਤਾ।

# ਕਾਂਗਰਸੀਆਂ ਵੱਲੋਂ ਮਨੀਪੁਰ 'ਚ ਹੋ ਰਹੇ ਅੱਤਿਆਚਾਰ ਨੂੰ ਲੈ ਕੇ ਰੋਸ ਪ੍ਰਦਰਸ਼ਨ




**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਸ਼ਨੀਵਾਰ ਨੂੰ ਮਨੀਪੁਰ ਵਿੱਚ ਔਰਤਾਂ ਤੇ ਬੱਚਿਆ ਉੱਤੇ ਹੋ ਰਹੇ ਅੱਤਿਆਚਾਰ ਨੂੰ ਲੈ ਕੇ ਉਨ੍ਹਾਂ ਲਈ ਇੰਨਸਾਫ ਦੀ ਮੰਗ ਕਰਨ ਲਈ ਕੇਂਦਰ ਸਰਕਾਰ ਖਿਲਾਫ ਕਮੇਟੀ ਘਰ ਫਿਰੋਜ਼ਪੁਰ ਪਾਰਕ ਦੇ ਬਾਹਰ ਰੋਸ ਪ੍ਰਦਰਸ਼ਨ ਕੀਤਾ ਗਿਆ ਹੈ।ਇਹ ਰੋਸ ਪ੍ਰਦਰਸ਼ਨ ਬੀਬੀ ਇੰਦਰਜੀਤ ਸਿੰਘ ਖੋਸਾ ਪਤਨੀ ਪਰਮਿੰਦਰ ਸਿੰਘ ਪਿੰਕੀ ਸਾਬਕਾ ਐੱਮ ਐੱਲ ਏ ਫਿਰੋਜ਼ਪੁਰ ਸ਼ਹਿਰੀ ਦੀ ਅਗਵਾਈ ਵਿੱਚ ਕੀਤਾ ਗਿਆ, ਜਿਸ ਵਿੱਚ ਬਲਜੀਤ ਬਾਂਗੜ, ਹਰਜਿੰਦਰ ਢੀਂਡਸਾ, ਰੋਹਿਤ ਗਰੋਵਰ ਪ੍ਰਧਾਨ ਨਗਰ ਕੌਂਸਲ ਫਿਰੋਜ਼ਪੁਰ ਤੇ ਨਗਰ ਕੌਂਸਲਰ ਦੇ ਐੱਮ ਸੀ ਰਿੰਪੀ, ਪਰਵੀਨ, ਸ਼ਿਵਾਨੀ, ਮਨਜੀਤ ਕੌਰ, ਊਸ਼ਾ ਚੋਪੜਾ, ਮਨਦੀਪ ਕੌਰ, ਸੁਖਵਿੰਦਰ ਕੌਰ, ਬੋਹੜ ਸਿੰਘ, ਪਰਮਿੰਦਰ ਸਿੰਘ ਹਾਂਡਾ, ਮਿਸਲ ਗਾਚਲੀ, ਰਿਸ਼ੀ ਸ਼ਰਮਾ, ਸਤਨਾਮ ਸਿੰਘ, ਗੱਬਰ, ਵਿਜੈ ਗੋਰੀਆ, ਯਾਕੂਬ ਭੱਟੀ, ਡਾਲੀ, ਸੋਨੂੰ, ਰਜਿੰਦਰ ਸਿੱਪੀ, ਬੱਬੂ ਪ੍ਰਧਾਨ, ਮਾਨ ਐੱਮ ਸੀ, ਬਲਬੀਰ ਬਾਠ, ਜਸਵਿੰਦਰ ਸਿੰਘ ਅਟਾਰੀ, ਮੁੱਖਾ ਐੱਮ ਸੀ, ਰਾਜੂ ਗੱਠੜ, ਰਾਜੂ ਐੱਮ ਸੀ ਅਤੇ ਲੰਗਰ ਸੇਵਾ ਸੁਸਾਇਟੀ ਊਧਮ ਸਿੰਘ ਗਲੋਬਲ, ਪਾਸਟਰ ਮੋਰਗਨ ਤੇ ਪਾਸਟਰ ਅਕਬਰ ਅਤੇ ਹੋਰ ਸਮਾਜਿਕ ਸੰਸਥਾਵਾਂ ਨੇ ਹਿੱਸਾ ਲਿਆ।

# ਖਰੜ ਟੋਲ ਪਲਾਜ਼ਾ ਦੀਆਂ ਵਧੀਕੀਆਂ ਵਿਰੁੱਧ 20 ਤੋਂ ਪੱਕਾ ਧਰਨਾ ਲੱਗੇਗਾ : ਬੀ ਕੇ ਯੂ (ਦੋਆਬਾ)



**ਸਮਰਾਲਾ (ਸੁਰਜੀਤ ਸਿੰਘ)**-ਭਾਰਤੀ ਕਿਸਾਨ ਯੂਨੀਅਨ (ਦੋਆਬਾ) ਦੀ ਮਹੀਨਾਵਾਰ ਮੀਟਿੰਗ ਸਥਾਨਕ ਗੁਰਦੁਆਰਾ ਗੁਰੂ ਗੋਬਿੰਦ ਸਿੰਘ ਵਿਖੇ ਯੂਨੀਅਨ ਦੇ ਲੁਧਿਆਣਾ ਜ਼ਿਲ੍ਹਾ ਪ੍ਰਧਾਨ ਬਲਵੀਰ ਸਿੰਘ ਖੀਰਨੀਆਂ, ਬਲਜੀਤ ਸਿੰਘ ਮੱਲਮਾਜਰਾ ਪ੍ਰਧਾਨ ਸਮਰਾਲਾ, ਜੀਵਨ ਸਿੰਘ ਮੱਲਮਾਜਰਾ ਜਨਰਲ ਸਕੱਤਰ ਅਤੇ ਜ਼ਿਲ੍ਹਾ ਜਨਰਲ ਸਕੱਤਰ ਜਰਨੈਲ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੌਰਾਨ ਕਿਸਾਨ ਨੇਤਾ ਜਸਵੀਰ ਸਿੰਘ ਮੱਕੜ ਸਮਰਾਲਾ ਵੱਲੋਂ ਸੂਬਾ ਪ੍ਰਧਾਨ ਭਾਰਤੀ ਕਿਸਾਨ ਯੂਨੀਅਨ ਦੁਆਬਾ ਨੇ ਮਨਜੀਤ ਸਿੰਘ ਰਾਏ, ਹਰਭਜਨ ਸਿੰਘ ਬਾਜਵਾ ਮੀਤ ਪ੍ਰਧਾਨ, ਇੰਦਰਵੀਰ ਸਿੰਘ ਕਾਦੀਆਂ ਮਾਲਵਾ ਜ਼ੋਨ ਮੀਤ ਪ੍ਰਧਾਨ ਲੁਧਿਆਣਾ ਅਤੇ ਉਨ੍ਹਾਂ ਦੀ ਟੀਮ ਨੂੰ ਆਪਣੇ ਗ੍ਰਹਿ ਵਿਖੇ ਪਹੁੰਚਣ 'ਤੇ ਕੀਤੇ ਵਿਸ਼ੇਸ਼ ਸਨਮਾਨ ਦੀ ਸ਼ਲਾਘਾ ਕੀਤੀ। ਮੀਟਿੰਗ 'ਚ ਵਿਚਾਰ ਕੀਤਾ ਗਿਆ ਕਿ ਖਰੜ ਟੋਲ ਪਲਾਜ਼ਾ ਵਾਲੇ ਆਪਣੀ ਮਨਮਾਨੀ ਕਰਦੇ ਹਨ ਅਤੇ ਟੋਲ ਪਲਾਜ਼ਾ 'ਤੇ ਕੰਮ ਕਰਨ ਵਾਲੇ ਵਰਕਰ ਲੋਕਾਂ ਨਾਲ ਬਦਤਮੀਜ਼ੀ ਨਾਲ ਪੇਸ਼ ਆਉਂਦੇ ਹਨ। ਕਿਉਂਕਿ ਇਹ ਕਿਸਾਨਾਂ ਅਤੇ ਕਿਸਾਨ ਯੂਨੀਅਨ ਦੇ ਮੈਂਬਰਾਂ ਨੂੰ ਬਹੁਤ ਪ੍ਰੇਸ਼ਾਨ ਕਰਦੇ ਹਨ। ਉਨ੍ਹਾਂ ਤੋਂ ਜਬਰੀ ਟੋਲ ਵਸੂਲਦੇ ਹਨ। ਉਨ੍ਹਾਂ ਦੀ ਇਸ ਧੱਕੇਸ਼ਾਹੀ ਵਿਰੁੱਧ 20 ਅਗਸਤ ਨੂੰ ਪੱਕਾ ਧਰਨਾ ਲਾਇਆ ਜਾਵੇਗਾ। ਉਨ੍ਹਾਂ ਕਿਹਾ ਪਿਛਲੇ ਦਿਨੀਂ ਪੰਜਾਬ ਦੇ ਕਿਸਾਨਾਂ ਅਤੇ ਆਮ ਲੋਕਾਂ ਦੇ ਬਰਸਾਤ ਕਰਕੇ ਹੋਏ ਨੁਕਸਾਨ ਦੀ ਭਰਪਾਈ ਸਰਕਾਰ ਕੋਲੋਂ ਕਰਵਾਉਣ ਲਈ ਵਚਨਬੱਧ ਹੈ। ਇਸ ਮੌਕੇ ਬਲਬੀਰ ਸਿੰਘ ਖੀਰਨੀਆਂ ਪ੍ਰਧਾਨ ਜ਼ਿਲ੍ਹਾ, ਜਰਨੈਲ ਸਿੰਘ ਜ਼ਿਲ੍ਹਾ ਜਨਰਲ ਸਕੱਤਰ, ਗੁਰਪ੍ਰੀਤ ਸਿੰਘ ਜ਼ਿਲ੍ਹਾ ਮੀਤ ਪ੍ਰਧਾਨ, ਬਲਜੀਤ ਸਿੰਘ ਬਲਾਕ ਪ੍ਰਧਾਨ, ਬੇਅੰਤ ਸਿੰਘ ਕੋਟਲਾ ਸ਼ਮਸ਼ਪੁਰ, ਹੁਸ਼ਿਆਰ ਸਿੰਘ ਬੌਂਦਲੀ, ਸੁਖਵੀਰ ਸਿੰਘ ਪਾਲ ਮਾਜਰਾ, ਪ੍ਰੇਮ ਸਿੰਘ ਗੋਸਲਾਂ, ਅਮਰਜੀਤ ਸਿੰਘ ਟੋਡਰਪੁਰ, ਜੀਤ ਸਿੰਘ ਟੋਡਰਪੁਰ, ਕਸ਼ਮੀਰਾ ਸਿੰਘ ਮਾਛੀਵਾੜਾ ਸਾਹਿਬ, ਨਛੱਤਰ ਸਿੰਘ ਮਾਛੀਵਾੜਾ ਸਾਹਿਬ, ਮਨਜੀਤ ਸਿੰਘ ਗੜ੍ਹੀ ਤਰਖਾਣਾ, ਗੁਰਜੀਤ ਸਿੰਘ ਕੋਟਲਾ ਸ਼ਮਸ਼ਪੁਰ, ਬਿੱਕਰ ਸਿੰਘ ਪ੍ਰਧਾਨ ਕੋਟਲਾ ਸ਼ਮਸ਼ਪੁਰ, ਹੁਸ਼ਿਆਰ ਸਿੰਘ ਬੰਬਾ, ਜਸਵੰਤ ਸਿੰਘ ਟੋਡਰਪੁਰ, ਕਰਨੈਲ ਸਿੰਘ ਮੱਲ ਮਾਜਰਾ, ਮਿਤਰਪਾਲ ਸਿੰਘ ਲਵਲੀ ਸਮਰਾਲਾ, ਜਸਦੇਵ ਸਿੰਘ ਸਮਰਾਲਾ, ਜੀਵਨ ਸਿੰਘ ਮੱਲ ਮਾਜਰਾ ਸੈਕਟਰੀ ਅਤੇ ਗੁਰਪ੍ਰੀਤ ਸਿੰਘ ਸੰਗਤਪੁਰਾ ਆਦਿ ਹਾਜ਼ਰ ਸਨ।

## ਕਾਤਰਾਂ

### ਬਾਬਾ ਫਰੀਦ ਮੇਲੇ 'ਤੇ ਇਸ ਵਾਰ ਖਰਚੇ ਜਾਣਗੇ 30 ਲੱਖ ਰੁਪਏ : ਸੇਖੋਂ



**ਫ਼ਰੀਦਕੋਟ (ਐਲਿਗਜੈਂਡਰ ਡਿਸੂਜ਼ਾ)**-ਪੰਜਾਬ ਦੀ ਜਵਾਨੀ ਨੂੰ ਖੇਡਾਂ ਪ੍ਰਤੀ ਉਤਸ਼ਾਹਤ ਕਰਨ ਦੇ ਮੰਤਵ ਨਾਲ ਇਸ ਵਾਰ ਮਨਾਏ ਜਾਣ ਵਾਲੇ ਬਾਬਾ ਫਰੀਦ ਮੇਲੇ ਦੌਰਾਨ ਖੇਡਾਂ ਤੇ 10 ਲੱਖ ਰੁਪਏ ਖਰਚੇ ਜਾਣਗੇ। ਇਸ ਗੱਲ ਦਾ ਪ੍ਰਗਟਾਵਾ ਕਰਦਿਆਂ ਵਿਧਾਇਕ ਫ਼ਰੀਦਕੋਟ ਗੁਰਦਿੱਤ ਸਿੰਘ ਸੇਖੋਂ ਨੇ ਦੱਸਿਆ ਕਿ ਇਸ ਵਾਰ ਮੇਲੇ 'ਤੇ 20 ਲੱਖ ਦੀ ਬਜਾਏ 30 ਲੱਖ ਰੁਪਏ ਖਰਚ ਕੀਤਾ ਜਾਵੇਗਾ। ਉਨ੍ਹਾ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਵਿੱਚ ਖੇਡ ਸੱਭਿਆਚਾਰ ਨੂੰ ਉਤਸ਼ਾਹਤ ਕਰਨ ਲਈ ਭਰਪੂਰ ਯਤਨ ਕਰ ਰਹੀ ਹੈ, ਜਿਸ ਤਹਿਤ ਜਿੱਥੇ ਇਸ ਮੇਲੇ 'ਤੇ ਵੱਡੇ ਪੱਧਰ 'ਤੇ ਖੇਡ ਮੁਕਾਬਲਿਆਂ ਦਾ ਆਯੋਜਨ ਕੀਤਾ ਜਾ ਰਿਹਾ ਹੈ, ਉਥੇ ਖਿਡਾਰੀਆਂ ਨੂੰ ਸਰਵਪੱਖੀ ਵਿਕਾਸ ਲਈ ਵੀ ਕੋਈ ਕਮੀ ਨਹੀਂ ਛੱਡੀ ਜਾਏਗੀ। ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਦੀ ਪਹਿਲਕਦਮੀ ਨਾਲ ਨੌਜਵਾਨ ਪੀੜ੍ਹੀ ਨੂੰ ਖੇਡਾਂ ਦੇ ਖੇਤਰ ਵਿੱਚ ਨਵੇਂ ਆਯਾਮ ਸਥਾਪਤ ਕਰਨ ਦੇ ਮੌਕੇ ਮਿਲਣਗੇ ਤੇ ਸੂਬੇ ਦੇ ਨੌਜਵਾਨ ਖਿਡਾਰੀ ਰਾਜ, ਰਾਸ਼ਟਰੀ ਤੇ ਅੰਤਰ-ਰਾਸ਼ਟਰੀ ਪੱਧਰ 'ਤੇ ਆਪਣੀ ਖੇਡ ਦਾ ਲੋਹਾ ਮਨਵਾ ਕੇ ਪੰਜਾਬ ਦਾ ਨਾਮ ਰੌਸ਼ਨ ਕਰਨਗੇ। ਉਨ੍ਹਾ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਬਾਬਾ ਫਰੀਦ ਆਗਮਨ ਪੁਰਬ ਤੇ ਵੱਖ ਵੱਖ ਖੇਡ ਮੁਕਾਬਲੇ ਹੋਣਗੇ।

### ਅਗਲੀ ਸੁਣਵਾਈ ਤੱਕ ਵਾਰਡ 29 ਦੀ ਚੋਣ 'ਤੇ ਰੋਕ



**ਅਮਲੋਹ, ਮੰਡੀ ਗੋਬਿੰਦਗੜ੍ਹ (ਲਖਵੀਰ ਸਿੰਘ, ਹਰਚਰਨ ਉਪਲ)**-ਪੰਜਾਬ ਸਰਕਾਰ ਵੱਲੋਂ ਪੰਜਾਬ ਦੀਆਂ ਨਗਰ ਕੌਂਸਲਾਂ ਸਮੇਤ ਹੋਰ ਚੋਣਾਂ ਦਾ ਨੋਟੀਫਿਕੇਸ਼ਨ ਜਾਰੀ ਕਰਨ ਤੋਂ ਬਾਅਦ ਲੋਹਾ ਨਗਰੀ ਦੇ ਵਾਰਡ ਨੰ: 29 ਦੀ ਚੋਣ ਨੂੰ ਲੈ ਕੇ ਰਾਜਨੀਤੀ ਗਰਮਾ ਗਈ ਹੈ, ਕਿਉਂਕਿ ਵਾਰਡ ਨੰ: 29 ਦੀਆਂ 2021 'ਚ ਹੋਈਆਂ ਚੋਣਾਂ 'ਚ ਵਾਰਡ ਤੋਂ ਅਜ਼ਾਦ ਉਮੀਦਵਾਰ ਜਿੱਤੇ ਰਘਵੀਰ ਸਿੰਘ ਦੀ ਚੋਣ ਨੂੰ ਕਾਂਗਰਸੀ ਉਮੀਦਵਾਰ ਹਰਜਿੰਦਰ ਸਿੰਘ ਰਾਜੂ ਨੇ ਉਪ ਮੰਡਲ ਮੈਜਿਸਟ੍ਰੇਟ ਦੀ ਅਦਾਲਤ 'ਚ ਚੁਣੌਤੀ ਦਿੱਤੀ ਸੀ। ਇਸ 'ਤੇ ਸੁਣਵਾਈ ਦੌਰਾਨ ਅਜ਼ਾਦ ਉਮੀਦਵਾਰ ਰਘਵੀਰ ਸਿੰਘ ਦੀ ਚੋਣ ਨੂੰ ਰੱਦ ਕਰ ਦਿੱਤਾ। ਰੱਦ ਹੋਣ ਤੋਂ ਬਾਅਦ ਰਘਵੀਰ ਸਿੰਘ ਨੇ ਆਪਣੇ ਨਾਂਅ 'ਤੇ ਕੋਈ ਵੀ ਜਾਇਦਾਦ ਨਾ ਹੋਣ ਦੀ ਦਲੀਲ ਦੇ ਕੇ ਮਾਣਯੋਗ ਹਾਈਕੋਰਟ 'ਚ ਐਫ ਏ ਓ 826-2021 ਦਾਖਲ ਕੀਤੀ ਸੀ। ਇਸ 'ਤੇ ਮਾਣਯੋਗ ਜੱਜ ਕਰਮਜੀਤ ਸਿੰਘ ਨੇ 1 ਅਗਸਤ ਨੂੰ ਵਾਰਡ ਨੰ: 29 ਦੀ ਚੋਣ 'ਤੇ ਅਗਲੀ ਸੁਣਵਾਈ ਤੱਕ ਪਾਬੰਦੀ ਲਗਾਉਂਦੇ ਹੋਏ ਮਾਮਲੇ ਨਾਲ ਸੰਬੰਧਤ ਸਾਰਾ ਰਿਕਾਰਡ ਅਗਲੀ ਸੁਣਵਾਈ 17 ਅਗਸਤ ਨੂੰ ਹਰ ਹਾਲ 'ਚ ਪੇਸ਼ ਕਰਨਾ ਯਕੀਨੀ ਬਣਾਉਣ ਦੇ ਹੁਕਮ ਜਾਰੀ ਕੀਤੇ ਹਨ। ਉਧਰ ਇਸ ਮਾਮਲੇ ਸੰਬੰਧੀ ਕਾਂਗਰਸੀ ਉਮੀਦਵਾਰ ਹਰਜਿੰਦਰ ਸਿੰਘ ਰਾਜੂ ਵੱਲੋਂ ਦਾਇਰ ਸੀ ਓ ਸੀ ਪੀ 9772023 ਦੀ ਸੁਣਵਾਈ ਦੌਰਾਨ ਮਾਣਯੋਗ ਜੱਜ ਅਰਵਿੰਦਰ ਸਿੰਘ ਸਾਂਗਵਾਨ ਨੇ 3 ਅਗਸਤ ਨੂੰ ਫੈਸਲਾ ਸੁਣਾਉਂਦੇ ਹੋਏ ਸੰਬੰਧਤ ਵਿਭਾਗਾਂ ਵੱਲੋਂ ਜਾਰੀ ਨੋਟੀਫਿਕੇਸ਼ਨ ਅਨੁਸਾਰ ਚੋਣ ਆਯੋਗ ਨਵੰਬਰ 'ਚ ਚੋਣਾਂ ਕਰਵਾਏਗਾ।

### ਵਾਤਾਵਰਨ ਸੰਭਾਲ 'ਚ ਕਿਸਾਨ ਵਡਮੁੱਲਾ ਯੋਗਦਾਨ ਪਾ ਰਹੇ : ਧਾਮੀ



**ਕੋਟਕਪੂਰਾ (ਰਛਪਾਲ ਭੁੱਲਰ)**-ਵਾਤਵਰਣ ਪ੍ਰਤੀ ਸਮਰਪਤ ਭਾਵ ਨਾਲ ਕੰਮ ਕਰਨ ਵਾਲੀ ਸੰਸਥਾ ਮਿਸ਼ਨ ਇੱਕ ਕਦਮ ਕੁਦਰਤ ਵੱਲ ਵੱਲੋਂ ਕਿਸਾਨਾਂ ਨੂੰ ਵਾਤਾਵਰਨ ਪ੍ਰਤੀ ਜਾਗਰੂਕ ਕਰਦੇ ਹੋਏ ਕਿਸਾਨਾਂ ਨੂੰ ਆਪਣੇ ਖੇਤਾਂ ਵਿੱਚ ਬੂਟੇ ਲਾਉਣ ਲਈ ਪ੍ਰੇਰਤ ਕੀਤਾ ਜਾ ਰਿਹਾ ਹੈ। ਇਸੇ ਲੜੀ ਤਹਿਤ ਪਿੰਡ ਲਾਲੇਆਣਾ ਵਿਖੇ ਲਾਡੀ ਸੰਧੂ ਤੇ ਸਰਬਣ ਸਿੰਘ ਸੰਧੂ ਨੂੰ 200 ਦੇ ਕਰੀਬ ਬੂਟੇ ਦਿੱਤੇ ਗਏ। ਕਿਸਾਨ ਭਰਾਵਾਂ ਵੱਲੋਂ ਬੂਟਿਆਂ ਦੀ ਸੰਭਾਲ ਦਾ ਪੂਰਾ ਭਰੋਸਾ ਦਿੱਤਾ ਗਿਆ। ਸੰਸਥਾਂ ਦੇ ਮੁਖੀ ਧਰਮਪ੍ਰੀਤ ਸਿੰਘ ਧਾਮੀ ਵੱਲੋਂ ਦੱਸਿਆ ਗਿਆ ਕਿ ਹੋਰ ਵੱਖ-ਵੱਖ ਪਿੰਡਾਂ ਵਿੱਚ ਕਿਸਾਨਾਂ ਨੂੰ ਵਾਤਾਵਰਨ ਸੰਭਾਲ ਪ੍ਰਤੀ ਜੋੜਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਖੇਤਾਂ ਵਿੱਚ ਉਗਾਏ ਜਾਣ ਵਾਲੇ ਬੂਟੇ ਆਸਾਨੀ ਨਾਲ ਵਧਦੇ ਹਨ, ਨਾਲ ਹੀ ਉਨ੍ਹਾਂ ਦੀ ਸੰਭਾਲ ਵੀ ਘੱਟ ਕਰਨੀ ਪੈਂਦੀ ਹੈ। ਇਸ ਸੇਵਾ ਲਈ ਜਸਵਿੰਦਰ ਸਿੰਘ ਖਾਲਸਾ ਤੇ ਸੁਖਮੰਦਰ ਸਿੰਘ ਵੱਲੋਂ ਕਿਸਾਨ ਭਰਾਵਾਂ ਦੀ ਬੂਟੇ ਲਾਉਣ ਵਿੱਚ ਮਦਦ ਕੀਤੀ ਗਈ।

# ਰਿਟਾਇਰਡ ਰੈਵੀਨਿਊ ਕਾਨੂੰਨਗੋ, ਪਟਵਾਰੀ ਵੈੱਲਫੇਅਰ ਐਸੋਸੀਏਸ਼ਨ ਦੀ ਮੀਟਿੰਗ



**ਮੋਗਾ (ਅਮਰਜੀਤ ਬੱਬਰੀ)**

ਦੀ ਰਿਟਾਇਰਡ ਰੈਵੀਨਿਊ ਕਾਨੂੰਨਗੋ ਪਟਵਾਰੀ ਵੈਲਫੇਅਰ ਐਸੋਸੀਏਸ਼ਨ ਦੀ ਮੀਟਿੰਗ ਮੱਘਰ ਸਿੰਘ ਚਾਹਿਲ ਜ਼ਿਲ੍ਹਾ ਪ੍ਰਧਾਨ ਦੀ ਪ੍ਰਧਾਨਗੀ ਹੇਠ ਗੁਰਦੁਆਰਾ ਸਾਹਿਬ ਬੀਬੀ ਕਾਹਨ ਕੌਰ ਵਿਖੇ ਹੋਈ। ਮੀਟਿੰਗ 'ਚ ਸਮੁੱਚੇ ਐਸੋਸੀਏਸ਼ਨ ਮੈਂਬਰ ਸ਼ਾਮਲ ਹੋਏ ਤੇ ਸਰਕਾਰ ਤੋਂ ਬਕਾਇਆ ਰਹਿੰਦੀਆਂ ਡੀ ਏ ਦੀਆਂ ਕਿਸ਼ਤਾਂ ਜਾਰੀ ਕਰਨ ਦੀ ਮੰਗ ਕੀਤੀ ਗਈ। ਡਿਪਟੀ ਕਮਿਸ਼ਨਰ ਨਾਲ ਹੋਈ ਐਸੋਸੀਏਸ਼ਨ ਦੀ ਮੀਟਿੰਗ 'ਚ ਦਿੱਤੇ ਗਏ ਮੰਗ ਪੱਤਰ 'ਚੋਂ ਰਹਿੰਦੀਆਂ ਮੰਗਾਂ ਨੂੰ ਤੁਰੰਤ ਲਾਗੂ ਕਰਨ ਦੀ ਮੰਗ ਕੀਤੀ ਗਈ। ਜਿਸ ਵਿੱਚ ਖਜ਼ਾਨਾ ਦਫਤਰ, ਸਿਵਲ ਸਰਜਨ ਦਫਤਰ ਤੇ ਪੈਨਸ਼ਨਰਜ਼ ਨਾਲ ਸੰਬੰਧਤ ਬੈਂਕਾਂ ਦੇ ਮੁਲਾਜ਼ਮਾਂ ਵੱਲੋਂ ਉਨ੍ਹਾ ਦੇ ਦਫਤਰ ਨਾਲ ਸੰਬੰਧਤ ਰਿਟਾਇਰਡ ਸਾਥੀਆਂ ਦੇ ਕੰਮਕਾਜ ਸੰਬੰਧੀ ਉਨ੍ਹਾਂ ਨੂੰ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਜਿਵੇਂ ਪੈਨਸ਼ਨਰਜ਼ ਦੇ ਬਕਾਇਆ ਬਿੱਲ, ਮੈਡੀਕਲ ਬਿੱਲ ਅਤੇ ਐਲ ਟੀ ਸੀ ਦੇ ਮਿਲਣ ਸੰਬੰਧੀ ਆਦਿ । ਇਸ ਸੰਬੰਧੀ ਜੋ 6 ਜੂਨ ਨੂੰ ਡਿਪਟੀ ਕਮਿਸ਼ਨਰ ਨੂੰ ਮਿਲ ਕੇ ਮੰਗ ਪੱਤਰ ਦਿੱਤਾ ਗਿਆ ਸੀ ਕਿ ਉਸ ਨੂੰ ਪੂਰਨ ਤੌਰ 'ਤੇ ਲਾਗੂ ਕੀਤਾ ਜਾਵੇ। ਸਾਥੀਆਂ ਦੇ ਬਕਾਇਆ ਮੈਡੀਕਲ ਬਿੱਲਾਂ ਦਾ ਤਰੁੰਤ ਨਿਪਟਾਰਾ ਕੀਤਾ ਜਾਵੇ। ਦੋ ਸੌ ਰੁਪਏ ਪ੍ਰਤੀ ਮਹੀਨਾ ਡਿਵੈਲਪਮੈਂਟ ਟੈਕਸ ਲਗਾ ਕੇ ਸਰਕਾਰ ਵੱਲੋਂ ਨਜਾਇਜ਼ ਬੋਝ ਪਾਉਣਾ ਸਰਕਾਰ ਦੀ ਪੈਨਸ਼ਨਰਜ਼ ਨਾਲ ਘੋਰ ਬੇਇਨਸਾਫੀ ਹੈ। ਪੰਜਾਬ ਸਰਕਾਰ ਦਾ ਗ੍ਰਾਫ ਦਿਨੋ ਦਿਨ ਡਿਗਦਾ ਜਾ ਰਿਹਾ ਹੈ। ਕੋਈ ਵੀ ਦਫਤਰੀ ਕੰਮ ਰਿਸ਼ਵਤ ਦਿੱਤੇ ਬਗੈਰ ਕਲੀਅਰ ਨਹੀਂ ਹੁੰਦਾ। ਡਰੱਗ ਦਾ ਧੰਦਾ ਪੰਜਾਬ ਦੇ ਹਰ ਪਿੰਡ, ਗਲੀ, ਸ਼ਹਿਰ ਦੇ ਕੋਨੇ-ਕੋਨੇ 'ਚ ਫੈਲਿਆ ਹੋਇਆ ਹੈ। ਆਮ ਲੋਕ ਤੇ ਪੈਨਸ਼ਨਰਜ਼ ਆਪਣੇ ਆਪ ਨੂੰ ਠੱਗਿਆ ਮਹਿਸੂਸ ਕਰਦੇ ਹਨ। ਮੀਟਿੰਗ ਦੌਰਾਨ ਹਰੀਕ੍ਰਿਸ਼ਨ ਸਿੰਘ ਜਨਰਲ ਸਕੱਤਰ, ਗੁਰਮੇਲ ਸਿੰਘ ਖਜ਼ਾਨਚੀ, ਨਾਇਬ ਸਿੰਘ ਮੱਲ੍ਹੀ ਸਹਾਇਕ ਸਕੱਤਰ, ਗੁਰਮੇਲ ਸਿੰਘ ਗੋਂਦਾਰਾ ਪ੍ਰੈਸ ਸਕੱਤਰ, ਬਲਦੇਵ ਸਿੰਘ ਪ੍ਰਚਾਰ ਸਕੱਤਰ, ਸੁਖਦੇਵ ਸਿੰਘ ਖੋਸਾ ਦਫਤਰ ਸਕੱਤਰ, ਨਾਇਬ ਸਿੰਘ ਸੰਗਠਨ ਸਕੱਤਰ, ਠਾਣਾ ਸਿੰਘ ਮੀਤ ਪ੍ਰਧਾਨ, ਬਲਦੇਵ ਸਿੰਘ ਮੀਤ ਪ੍ਰਧਾਨ, ਹਰਚਰਨ ਪਾਲ ਸਿੰਘ ਮੀਤ ਪ੍ਰਧਾਨ, ਗੁਰਚਰਨ ਸਿੰਘ ਮੀਤ ਪ੍ਰਧਾਨ, ਗੁਰਚਰਨ ਸਿੰਘ ਛਾਬੜਾ ਅਡੀਟਰ, ਮੱਖਣਜੀਤ ਕਾਨੂੰਨੀ ਸਕੱਤਰ, ਪ੍ਰੀਤਮ ਸਿੰਘ ਘੋਲੀਆ, ਗੁਰਮੇਲ ਸਿੰਘ ਰਖਾਲਾ, ਜਸਵੰਤ ਸਿੰਘ ਭਾਊ, ਪ੍ਰਲਾਦ ਸਿੰਘ, ਪਦਾਰਥ ਸਿੰਘ, ਕਮਲੇਸ਼ ਕੁਮਾਰ, ਦਰਸ਼ਨ ਸਿੰਘ ਬਰਾੜ, ਬਲਵਿੰਦਰ ਸਿੰਘ ਖੋਸਾ, ਬਲਦੇਵ ਕੁਮਾਰ ਸੇਖਾ, ਲਖਵਿੰਦਰ ਸਿੰਘ, ਕੁਲਵੰਤ ਸਿੰਘ ਕੁੱਸਾ, ਗੁਰਦੋਰ ਸਿੰਘ, ਸੰਤੋਖ ਸਿੰਘ, ਪਦਾਰਥ ਸਿੰਘ, ਗੁਰਮੀਤ ਸਿੰਘ ਸੰਘਾ, ਸੁਖਦੇਵ ਸਿੰਘ ਸਮਾਲਸਰ, ਕੁਲਵੰਤ ਸਿੰਘ ਕੁੱਸਾ ਸਾਰੇ ਪਟਵਾਰੀ ਅਤੇ ਸਰਜੀਤ ਸਿੰਘ ਕਾਨੂੰਨਗੋ, ਬਲਵਿੰਦਰ ਸਿੰਘ ਪੁਰਬਾ, ਲਖਵੀਰ ਸਿੰਘ, ਗੁਰਦੇਵ ਸਿੰਘ, ਮੁਲਖਰਾਜ, ਰਤਨ ਸਿੰਘ ਗਿੱਲ, ਗੁਰਨਾਮ ਸਿੰਘ, ਗੁਰਮੀਤ ਸਿੰਘ ਘੋਲੀਆ ਸਾਰੇ ਕਾਨੂੰਨਗੋ ਮੈਂਬਰ ਸ਼ਾਮਲ ਹੋਏ।

# ਬੀ ਬੀ ਐੱਸ ਬੀ ਕਾਨਵੈਂਟ ਸਕੂਲ 'ਚ ਤੀਆਂ ਦੀਆਂ ਰੌਣਕਾਂ



**ਜਗਰਾਉਂ (ਨਛੱਤਰ ਸੰਧੂ, ਅਮਿਤ ਖੰਨਾ)**-ਕਸਬੇ ਦੇ ਬੀ. ਬੀ. ਐੱਸ. ਬੀ. ਕਾਨਵੈਂਟ ਸਕੂਲ ਸਿੱਧਵਾਂ ਬੇਟ ਵਿਖੇ ਹਰ ਸਾਲ ਦੀ ਤਰ੍ਹਾਂ ਤੀਆਂ ਦਾ ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਰਾਜ ਰਾਣੀ, ਕਮਲੇਸ਼ ਬਾਵਾ, ਉਰਮਿਲਾ ਦੇਵੀ ਅਤੇ ਸੋਨੂੰ ਸੱਗੜ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਸਕੂਲ ਪ੍ਰਿੰਸੀਪਲ ਮੋਨਾ ਠਾਕੁਰ ਦੀ ਅਗਵਾਈ ਹੇਠ ਸਕੂਲ ਦੇ ਹਾਲ ਨੂੰ ਬਾਗ, ਫੁਲਕਾਰੀਆਂ, ਹੱਥੀਂ ਕੱਢੀਆਂ ਚਾਦਰਾਂ, ਦਰੀਆਂ ਆਦਿ ਪੁਰਾਤਨ ਸਾਜ਼ੋ ਸਾਮਾਨ ਨਾਲ ਸ਼ਿੰਗਾਰਿਆ ਗਿਆ। ਸਕੂਲ ਸਟੇਜ 'ਤੇ ਪੰਜਾਬੀ ਵਿਰਸੇ ਨੂੰ ਦਰਸਾਉਂਦਾ ਹੋਇਆ ਸੀਨ ਪੇਸ਼ ਕੀਤਾ ਗਿਆ ਜਿਸ ਵਿੱਚ ਚਰਖੇ, ਚੁੱਲ੍ਹੇ, ਪਿੱਤਲ ਦੇ ਭਾਂਡੇ, ਖੂਹ, ਚੂੜੀਆਂ ਆਦਿ ਨਾਲ ਇਕ ਮੇਲੇ ਦਾ ਦ੍ਰਿਸ਼ ਪੇਸ਼ ਕੀਤਾ ਗਿਆ। ਛੇਵੀਂ ਤੋਂ ਲੈ ਕੇ ਬਾਰ੍ਹਵੀਂ ਤੱਕ ਦੀਆਂ ਕੁੜੀਆਂ ਨੇ ਇਸ ਤਿਉਹਾਰ 'ਚ ਹਿੱਸਾ ਲਿਆ ਅਤੇ ਬੱਚੇ ਘੱਗਰੇ, ਫੁਲਕਾਰੀਆਂ, ਸੱਗੀ ਫੁੱਲ ਆਦਿ ਪੰਜਾਬੀ ਪੁਰਾਤਨ ਪਹਿਰਾਵੇ 'ਚ ਬੜੇ ਹੀ ਸੁੰਦਰ ਲੱਗ ਰਹੇ ਸਨ। ਸਕੂਲ ਅਧਿਆਪਕਾਵਾਂ ਵੀ ਪੰਜਾਬੀ ਪੁਰਾਤਨ ਪਹਿਰਾਵੇ 'ਚ ਆਈਆਂ ਹੋਈਆਂ ਸਨ। ਸਮਾਗਮ 'ਚ ਵੱਖ-ਵੱਖ ਤਰ੍ਹਾਂ ਦੇ ਮੁਕਾਬਲੇ ਕਰਵਾਏ ਗਏ ਜਿਨ੍ਹਾਂ 'ਚ ਨੌਵੀਂ ਤੋਂ ਬਾਰ੍ਹਵੀਂ ਜਮਾਤ ਦੇ ਮੁਕਾਬਲਿਆਂ 'ਚ ਮਿਸ ਤੀਜ ਦਾ ਖਿਤਾਬ ਅਵਸਿਮਰਨ ਕੌਰ, ਪਹਿਲਾ ਰਨਰਅਪ ਜਪਨੀਤ ਕੌਰ, ਦੂਜਾ ਰਨਰਅਪ ਰੋਬਿਨ ਜੱਸੀ। ਬੈਸਟ ਡਰੈਸ ਅਰਸ਼ਪ੍ਰੀਤ ਕੌਰ ਅਤੇ ਅਰਸ਼ਵੀਰ ਕੌਰ ਨੇ ਹਾਸਲ ਕੀਤਾ। ਇਸੇ ਤਰ੍ਹਾਂ ਟੇਲੈਂਟ ਹੰਟ 'ਚ ਵੀ ਬੱਚਿਆਂ ਨੇ ਵਧੀਆ ਪੇਸ਼ਕਾਰੀ ਕੀਤੀ। ਛੇਵੀਂ ਤੋਂ ਅੱਠਵੀਂ ਜਮਾਤ ਦੇ ਮੁਕਾਬਲਿਆਂ 'ਚ ਮਿਸ ਸਾਵਨ ਪ੍ਰਿੰਸਸ ਦਾ ਖਿਤਾਬ ਪ੍ਰਭਲੀਨ ਕੌਰ, ਪਹਿਲਾ ਰਨਰਅਪ ਮਨਵੀਰ ਕੌਰ, ਦੂਜਾ ਰਨਰਅਪ ਅਮਾਨਤਪ੍ਰੀਤ ਕੌਰ ਨੇ ਹਾਸਲ ਕੀਤਾ। ਦੂਜੀ ਤੋਂ ਪੰਜਵੀਂ ਜਮਾਤ ਦੇ ਮੁਕਾਬਲਿਆਂ 'ਚ ਮਿਸ ਤੀਜ ਦਾ ਖਿਤਾਬ ਹਰਸੀਰਤ ਕੌਰ, ਪਹਿਲਾ ਰਨਰਅਪ ਨਵਨੀਤ ਕੌਰ, ਦੂਜਾ ਰਨਰਅਪ ਜੈਸਮੀਨ ਕੌਰ ਨੇ ਹਾਸਲ ਕੀਤਾ। ਮਿਸ ਗੋਰਜੀਅਸ ਰਾਜਵੀਰ ਕੌਰ ਅਤੇ ਸੋਲੋ ਡਾਂਸ 'ਚ ਮਹਿਕਪ੍ਰੀਤ ਕੌਰ, ਹਰਨੂਰ ਕੌਰ, ਮਨਸੀਰਤ ਕੌਰ ਅਤੇ ਸੁਖਪ੍ਰੀਤ ਕੌਰ ਨੇ ਬਿਹਤਰੀਨ ਪੇਸ਼ਕਾਰੀ ਨਾਲ ਸਭ ਦਾ ਮਨ ਮੋਹ ਲਿਆ। ਇਸ ਮੌਕੇ ਪ੍ਰਿੰਸੀਪਲ ਵੱਲੋਂ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਸਕੂਲ ਮੈਨੇਜਮੈਂਟ ਮੈਂਬਰ ਚੇਅਰਮੈਨ ਸਨੀ ਅਰੋੜਾ, ਵਾਈਸ ਚੇਅਰਮੈਨ ਰਜਿੰਦਰ ਕੁਮਾਰ ਬਾਵਾ, ਪ੍ਰੈਜ਼ੀਡੈਂਟ ਹਰੀਕ੍ਰਿਸ਼ਨ ਭਗਵਾਨ ਦਾਸ, ਮੈਨੇਜਿੰਗ ਡਾਇਰੈਕਟਰ ਸ਼ਾਮ ਸੁੰਦਰ ਭਾਰਦਵਾਜ, ਅਡਵਾਈਜ਼ਰ ਰਾਜੀਵ ਸੱਗੜ ਅਤੇ ਜਨਰਲ ਸੈਕਟਰੀ ਅੰਜੂ ਬਾਲਾ ਹਾਜ਼ਰ ਸਨ।

# ਸੀ ਐਚ ਸੀ ਮੱਖੂ ਵਿਖੇ ਮਾਂ ਦੇ ਦੁੱਧ ਦੀ ਮਹੱਤਤਾ ਸੰਬੰਧੀ ਕੈਂਪ



**ਮੱਖੂ (ਰਛਪਾਲ ਸਿੰਘ ਸੰਧੂ)**-ਸਿਹਤ ਵਿਭਾਗ ਵੱਲੋਂ 1 ਤੋਂ 7 ਅਗਸਤ ਤੱਕ ਮਾਂ ਦੇ ਦੁੱਧ ਦੀ ਮਹੱਤਤਾ ਸੰਬੰਧੀ ਜਾਗਰੂਕਤਾ ਹਫਤਾ ਮਨਾਇਆ ਜਾ ਰਿਹਾ ਹੈ। ਇਸ ਸੰਬੰਧ ਵਿੱਚ ਸੀ ਐਚ ਸੀ ਮੱਖੂ ਵਿਖੇ ਐੱਸ ਐਮ ਓ ਡਾ. ਅੰਜੂ ਪਾਲ ਦੀ ਅਗਵਾਈ ਹੇਠ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ। ਇਸ ਮੌਕੇ ਸੀ ਐਚ ਓ ਹਰਮਿੰਦਰ ਕੌਰ, ਐਲ ਐਚ ਵੀ ਸੁਦੇਸ਼ ਕੁਮਾਰੀ ਨੇ ਮਾਂ ਦੇ ਦੁੱਧ ਦੀ ਮਹੱਤਤਾ ਦੱਸਦੇ ਹੋਏ ਕਿਹਾ ਕਿ ਮਾਂ ਦਾ ਦੁੱਧ ਵਡਮੁੱਲੀ ਅਤੇ ਅਣਮੁੱਲੀ ਦਾਤ ਹੈ। ਮਾਂ ਦਾ ਪਹਿਲਾ ਪੀਲਾ ਗਾੜ੍ਹਾ ਦੁੱਧ ਬੱਚੇ ਦੇ ਸਿਹਤ ਲਈ ਸਭ ਤੋਂ ਵੱਧ ਜ਼ਰੂਰੀ ਹੁੰਦਾ ਹੈ। ਪਹਿਲੇ 6 ਮਹੀਨੇ ਤੱਕ ਬੱਚੇ ਨੂੰ ਸਿਰਫ ਮਾਂ ਦਾ ਦੁੱਧ ਹੀ ਪਿਲਾਉਣਾ ਚਾਹੀਦਾ ਹੈ। ਦੁੱਧ ਦੇ ਪੌਸ਼ਟਿਕ ਤੱਤਾਂ ਨਾਲ ਬੱਚਾ ਬਿਮਾਰੀਆਂ ਨਾਲ ਲੜਨ ਦੀ ਤਾਕਤ ਹਾਸਲ ਕਰਦਾ ਹੈ। ਮਾਂ ਦੇ ਦੁੱਧ ਨਾਲ ਬੱਚੇ ਨੂੰ ਪ੍ਰੋਟੀਨ, ਖਣਿਜ ਪਦਾਰਥ ਤੇ ਵਿਟਾਮਿਨਜ਼ ਦੀ ਮਾਤਰਾ ਸੰਪੂਰਨ ਰੂਪ 'ਚ ਮਿਲਦੀ ਹੈ। ਐੱਸ ਐਮ ਓ ਡਾ. ਅੰਜੂ ਪਾਲ ਨੇ ਕਿਹਾ ਕਿ ਨਵ-ਜੰਮੇ ਬੱਚੇ ਨੂੰ 6 ਮਹੀਨੇ ਮਾਂ ਦਾ ਦੁੱਧ ਪਿਲਾਉਣ ਨਾਲ ਬੱਚੇ ਦੇ ਨਾਲ ਨਾਲ ਮਾਂ ਲਈ ਵੀ ਫਾਇਦੇਮੰਦ ਹੁੰਦਾ ਹੈ। ਮਾਂ 'ਚ ਅਨੀਮੀਆ ਦੇ ਜੋਖਮ ਨੂੰ ਘਟਾਉਂਦਾ ਹੈ । ਇਸ ਮੌਕੇ ਡਾ. ਜਸਵਿੰਦਰ ਸਿੰਘ ਕਾਲੜਾ, ਡਾ. ਰਮਿੰਦਰ ਪਾਲ ਸਿੰਘ, ਡਾ. ਰਜਿੰਦਰ ਪਾਲ ਸਿੰਘ, ਡਾ. ਸੁਮਨ, ਵਰਿੰਦਰ ਕੁਮਾਰ ਸੀਨੀਅਰ ਫਾਰਮੇਸੀ ਅਫਸਰ, ਆਸ਼ਾ ਵਰਕਰ ਕਾਜਲ, ਸੁਮਨ ਆਦਿ ਹਾਜ਼ਰ ਸਨ।

# ਸਲਾਈਟ ਲੌਂਗੋਵਾਲ ਨੇ ਸਮਝੌਤਾ ਪੱਤਰ 'ਤੇ ਕੀਤੇ ਹਸਤਾਖਰ

**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**

ਅਖਿਲ ਭਾਰਤੀ ਸਿੱਖਿਆ ਸਮਾਗਮ 2023 ਦੇ ਮੌਕੇ ਰਾਸ਼ਟਰੀ ਸਿੱਖਿਆ ਨੀਤੀ-2020 ਦੀ ਤੀਜੀ ਵਰ੍ਹੇਗੰਢ ਮਨਾਉਂਦੇ ਹੋਏ ਸੰਤ ਲੌਂਗੋਵਾਲ ਇੰਸਟੀਚਿਊਟ ਆਫ ਇੰਜੀਨੀਅਰਿੰਗ ਅਤੇ ਟੈਕਨਾਲੋਜੀ, ਲੌਂਗੋਵਾਲ ਨੇ ਇੰਡੀਅਨ ਇੰਸਟੀਚਿਊਟ ਆਫ ਟੈਕਨਾਲੋਜੀ ਜੰਮੂ ਅਤੇ ਨੈਸ਼ਨਲ ਇੰਸਟੀਚਿਊਟ ਆਫ ਟੈਕਨਾਲੋਜੀ ਦਿੱਲੀ ਨਾਲ ਸਮਝੌਤਾ ਪੱਤਰਾਂ (ਐਮ ਓ ਯੂ) 'ਤੇ ਹਸਤਾਖਰ ਕਰਕੇ ਅਕਾਦਮਿਕ ਸਹਿਯੋਗ ਅਤੇ ਗਿਆਨ ਦੇ ਆਦਾਨ-ਪ੍ਰਦਾਨ ਨੂੰ ਉਤਸ਼ਾਹਤ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਚੁੱਕਿਆ। ਸਮਝੌਤਿਆਂ 'ਤੇ ਅਧਿਕਾਰਤ ਦਸਤਖਤ ਪ੍ਰੋ. ਮਨੀਕਾਂਤ ਪਾਸਵਾਨ, ਡਾਇਰੈਕਟਰ ਸਲਾਈਟ ਅਤੇ ਸੰਬੰਧਤ ਸੰਸਥਾਵਾਂ ਦੇ ਡਾਇਰੈਕਟਰਾਂ ਪ੍ਰੋ. ਮਨੋਜ ਸਿੰਘ ਗੌੜ, ਡਾਇਰੈਕਟਰ ਆਈ ਆਈ ਟੀ ਜੰਮੂ ਅਤੇ ਡਾ. ਅਜੇ ਕੁਮਾਰ ਸ਼ਰਮਾ, ਡਾਇਰੈਕਟਰ, ਐਨ ਆਈ ਟੀ ਦਿੱਲੀ ਨੇ ਪ੍ਰੋ. ਜੇ ਐਸ ਢਿੱਲੋਂ, ਡੀਨ (ਅਕਾਦਮਿਕ), ਪ੍ਰੋ. ਜੇ ਐਸ ਉਭੀ, ਐਸੋਸੀਏਟ ਡੀਨ (ਅਕਾਦਮਿਕ ਯੋਜਨਾ) ਅਤੇ ਡਾ. ਚਰਨਜੀਵ ਗੁਪਤਾ, ਐਸੋਸੀਏਟ ਪ੍ਰੋਫੈਸਰ ਦੀ ਮੌਜੂਦਗੀ 'ਚ ਕੀਤੇ। ਇਹ ਸਮਾਗਮ ਅਕਾਦਮਿਕ ਸਹਿਯੋਗ ਨੂੰ ਮਜ਼ਬੂਤ ਕਰਨ ਅਤੇ ਸਿੱਖਿਆ ਤੇ ਖੋਜ ਦੀਆਂ ਸਰਹੱਦਾਂ ਨੂੰ ਅੱਗੇ ਵਧਾਉਣ ਲਈ ਸਾਂਝੀ ਵਚਨਬੱਧਤਾ ਦੇ ਇੱਕ ਪਲ ਨੂੰ ਚਿੰਨ੍ਹਿਤ ਕਰਦਾ ਹੈ। ਸਮਝੌਤਿਆਂ ਦਾ ਉਦੇਸ਼ ਇੱਕ ਸਾਂਝਾ ਫੈਕਲਟੀ ਮਹਾਰਤ ਪੂਲ ਬਣਾਉਣਾ ਹੈ ਜੋ ਭਾਈਵਾਲ ਸੰਸਥਾਵਾਂ ਨੂੰ ਗਿਆਨ ਅਤੇ ਅਕਾਦਮਿਕ ਸਰੋਤ ਸਾਂਝੇ ਕਰਨ ਲਈ ਉਤਸ਼ਾਹਤ ਕਰੇਗਾ। ਅਕਾਦਮਿਕ ਉੱਤਮਤਾ ਅਤੇ ਅੰਤਰ-ਅਨੁਸ਼ਾਸਨੀ ਸਹਿਯੋਗ ਦੇ ਸੱਭਿਆਚਾਰ ਨੂੰ ਉਤਸ਼ਾਹਤ ਕਰਨ ਲਈ, ਇੱਕ ਯੂਨੀਵਰਸਿਟੀ ਦੇ ਫੈਕਲਟੀ ਮੈਂਬਰ ਕਲਾਸਾਂ ਨੂੰ ਪੜ੍ਹਾਉਣ, ਸਹਿਯੋਗੀ ਖੋਜ ਕਰਨ ਅਤੇ ਸਾਂਝੇ ਪ੍ਰੋਜੈਕਟ ਪ੍ਰਸਤਾਵਾਂ ਨੂੰ ਪੇਸ ਕਰਨ ਲਈ ਦੂਜੀ ਸੰਸਥਾ ਨੂੰ ਆਪਣੀ ਮੁਹਾਰਤ ਦਾਨ ਕਰਨਗੇ।

# ਬੂੜਾ ਗੁੱਜਰ ਤੇ ਮੜ੍ਹ ਮੱਲੂ ਵਿਖੇ ਔਰਤਾਂ ਤੇ ਬੱਚਿਆਂ 'ਚ ਅਨੀਮੀਆ ਦੀ ਜਾਂਚ ਲਈ ਕੈਂਪ



**ਮੁਕਤਸਰ (ਸ਼ਮਿੰਦਰਪਾਲ, ਪੂਜਾ)**-ਸਿਹਤ ਵਿਭਾਗ ਅਤੇ ਸਮਾਜਕ ਸੁਰੱਖਿਆ ਤੇ ਬਾਲ ਵਿਕਾਸ ਵਿਭਾਗ ਵੱਲੋਂ ਅਨੀਮੀਆ ਮੁਕਤ ਪੰਜਾਬ ਅਭਿਆਨ ਪੂਰੇ ਰਾਜ 'ਚ ਚਲਾਇਆ ਜਾ ਰਿਹਾ ਹੈ ਜਿਸ ਤਹਿਤ ਔਰਤਾਂ ਅਤੇ ਬੱਚਿਆਂ 'ਚ ਅਨੀਮੀਆ ਦੀ ਜਾਂਚ ਅਤੇ ਪੌਸ਼ਟਿਕ ਖੁਰਾਕ ਲੈਣ ਸੰਬੰਧੀ ਗਤੀਵਿਧੀਆਂ ਕੀਤੀ ਜਾ ਰਹੀਆਂ ਹਨ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਸੀ ਐਚ ਸੀ ਚੱਕ ਸ਼ੇਰੇਵਾਲਾ ਦੇ ਬੀ ਈ ਈ ਮਨਬੀਰ ਸਿੰਘ ਨੇ ਦੱਸਿਆ ਕਿ ਸਿਵਲ ਸਰਜਨ ਡਾ. ਰੀਟਾ ਬਾਲਾ ਦੇ ਦਿਸ਼ਾ ਨਿਰਦੇਸ਼ਾਂ ਅਤੇ ਐਸ ਐਮ ਓ ਡਾ. ਕੁਲਤਾਰ ਸਿੰਘ ਦੀ ਅਗਵਾਈ ਹੇਠ ਬਲਾਕ ਦੇ ਵੱਖ-ਵੱਖ ਪਿੰਡਾਂ 'ਚ ਇਸ ਮੁਹਿੰਮ ਤਹਿਤ ਕੈਂਪ ਲਗਾਏ ਜਾ ਰਹੇ ਹਨ। ਬੂੜਾ ਗੁੱਜਰ, ਮੜ੍ਹ ਮੱਲੂ, ਰਹੂੜਿਆਂ ਵਾਲੀ, ਝਬੇਲਵਾਲੀ, ਫੱਤਣਵਾਲਾ, ਆਦਿ ਵਿਖੇ ਲਗਾਏ ਕੈਂਪ ਦੌਰਾਨ ਗਰਭਵਤੀ ਔਰਤਾਂ, ਦੁੱਧ ਪਿਲਾਉਣ ਵਾਲੀਆਂ ਮਾਵਾਂ ਅਤੇ ਬੱਚਿਆਂ ਦੀ ਜਾਂਚ ਕੀਤੀ ਗਈ ਅਤੇ ਖੂਨ ਦੀ ਘਾਟ ਪੂਰੀ ਕਰਨ ਲਈ ਪੂਰਕ ਆਹਾਰ ਲੈਣ ਬਾਰੇ ਜਾਗਰੂਕ ਕੀਤਾ ਗਿਆ। ਇਸ ਮੌਕੇ ਏ ਐਨ ਐਮ ਗੁਰਵਿੰਦਰ ਕੌਰ, ਰਾਜਿੰਦਰ ਕੌਰ, ਸੀ ਐਚ ਓ ਹਰਪ੍ਰੀਤ ਸਿੰਘ, ਕੁਮਾਰ, ਵੱਖ-ਵੱਖ ਸਿਹਤ ਕੇਂਦਰਾਂ 'ਤੇ ਨਿਯੁਕਤ ਏ ਐਨ ਐਮ, ਸੀ ਐਚ ਓ, ਆਸ਼ਾ ਫੇਸਿਲੀਟੇਟਰ, ਆਸ਼ਾ ਵਰਕਰ ਅਤੇ ਆਂਗਣਵਾੜੀ ਵਰਕਰ ਮੌਜੂਦ ਸਨ।

# ਸੇਂਟ ਜੇਵੀਅਰਸ ਸਕੂਲ ਨੇ ਤਾਇਕਵਾਂਡੋ ਚੈਂਪੀਅਨਸ਼ਿਪ 'ਚ ਮਾਰੀਆਂ ਮੱਲਾਂ




**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਬੀਤੇ ਦਿਨੀਂ ਕਪੂਰਥਲਾ ਵਿਖੇ ਹੋਈ ਪੰਜਾਬ ਸਟੇਟ ਸਬ-ਜੂਨੀਅਰ, ਕੈਡੇਟ ਜੂਨੀਅਰ, ਤਾਇਕਵਾਂਡੋ ਚੈਂਪੀਅਨਸ਼ਿਪ-2023 ਦੀਆਂ ਖੇਡਾਂ 'ਚ ਸੇਂਟ ਜੇਵੀਅਰਸ ਇੰਟਰਨੈਸ਼ਨਲ ਸਕੂਲ ਅਤਾਲਾਂ ਨੇ ਆਪਣਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਸ ਨਾਲ ਹੀ ਹਰ ਵਾਰ ਦੀ ਤਰ੍ਹਾਂ ਸਕੂਲ ਦੇ ਬੱਚਿਆਂ ਨੇ ਪੰਜਾਬ ਟੀਮ ਵਜੋਂ ਸੇਂਟ ਜੇਵੀਅਰਸ ਇੰਟਰਨੈਸ਼ਨਲ ਸਕੂਲ ਅਤਾਲਾਂ ਦੇ ਤਜਰਬੇਕਾਰ ਤੇ ਮਿਹਨਤੀ ਕੋਚ ਇੰਦਰ ਕੁਮਾਰ (ਪਟਿਆਲਾ) ਦੀ ਅਗਵਾਈ ਹੇਠ ਵੱਖ ਵੱਖ ਸਕੂਲਾਂ ਨੂੰ ਪਛਾੜਦੇ ਹੋਏ ਗੋਲਡ ਤੇ ਬ੍ਰੋਨਜ਼ ਤੇ ਸਿਲਵਰ ਮੈਡਲ ਹਾਸਲ ਕਰਕੇ ਖੇਡ ਦੇ ਮੈਦਾਨ 'ਚ ਮੱਲਾਂ ਮਾਰੀਆਂ ਹਨ, ਜੋ ਸਕੂਲ ਦੀ ਮੈਨੇਜਮੈਂਟ ਤੇ ਕੋਚ ਇੰਦਰ ਕੁਮਾਰ ਦੀ ਮਿਹਨਤ ਦਾ ਸਬੂਤ ਹੈ। ਇਸ ਸੰਬੰਧੀ ਮੀਡੀਆ ਨਾਲ ਗੱਲ ਕਰਦੇ ਹੋਏ ਸਕੂਲ ਦੇ ਮੁਖੀ ਅਰਨਵ ਸਰਕਾਰ ਨੇ ਦੱਸਿਆ ਕਿ ਇਨ੍ਹਾਂ ਖੇਡਾਂ ਵਿੱਚ ਮਨਜੋਤ ਸਿੰਘ ਪੁੱਤਰ ਕੁਲਜਿੰਦਰ ਸਿੰਘ (ਸਮਾਣਾ) ਨੇ ਗੋਲਡ ਮੈਡਲ ਤੇ ਮਨਵਜੋਤ ਸਿੰਘ ਪੁੱਤਰ ਹਰਮਿੰਦਰ ਸਿੰਘ (ਧੂਹੜ) ਨੇ ਸਿਲਵਰ ਤੇ ਹਸਨਪ੍ਰੀਤ ਕੌਰ ਪੁੱਤਰੀ ਜਸਪਾਲ ਸਿੰਘ (ਮੁਨਸ਼ੀਵਾਲਾ), ਨਵਜੋਤ ਸਿੰਘ ਪੁੱਤਰ ਅਮਰੀਕ ਸਿੰਘ (ਨਿਆਲ), ਮਨਮੀਤ ਸਿੰਘ ਪੁੱਤਰ ਗੁਰਦੀਪ ਸਿੰਘ (ਬਰਾਸ) ਨੇ ਬਰੋਨਜ਼ ਮੈਡਲ ਹਾਸਲ ਕਰਕੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ। ਇਸ ਮੌਕੇ ਸਕੂਲ ਪ੍ਰਬੰਧਕ ਅਨਿੰਦਆ ਸਰਕਾਰ, ਬੰਦਨਾ ਸਰਕਾਰ ਤੇ ਤਨੁਸਰੀ ਸਰਕਾਰ ਅਤੇ ਸਾਰੇ ਸਕੂਲ ਸਟਾਫ ਨੇ ਬੱਚਿਆਂ ਦਾ ਸਕੂਲ ਪਹੁੰਚਣ 'ਤੇ ਨਿੱਘਾ ਸਵਾਗਤ ਕੀਤਾ ਤੇ ਉਨ੍ਹਾਂ ਨੂੰ ਮੁਬਾਰਕਬਾਦ ਦਿੱਤੀ ਅਤੇ ਭਵਿੱਖ ਵਿੱਚ ਹੋਰ ਵੀ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਦੱਸਿਆ ਕਿ ਮਨਜੋਤ ਸਿੰਘ ਸਮਾਣਾ ਦੇ ਗੋਲਡ ਮੈਡਲ ਜਿੱਤਣ ਉਪਰੰਤ ਹੁਣ ਉਸ ਦੀ ਨੈਸ਼ਨਲ ਤਾਇਕਵਾਂਡੋ ਚੈਂਪੀਅਨਸ਼ਿਪ ਲਈ ਵੀ ਚੋਣ ਹੋਈ ਹੈ।

# ਯੂ ਕੇ ਇੰਟਰਨੈਸ਼ਨਲ ਸਕੂਲ 'ਚ ਬੈਚ ਸਮਾਰੋਹ



**ਧਰਮਕੋਟ(ਪੱਤਰਕਾਰ ਗੁਰਦੀਪ ਸਿੰਘ ਭੁੱਲਰ)**

ਯੂ ਕੇ ਇੰਟਰਨੈਸ਼ਨਲ ਸਕੂਲ 'ਚ ਅੱਜ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਤੋਂ ਲੈ ਕੇ +2 ਦੇ ਅਲੱਗ ਅਲੱਗ ਹਾਊਸਾਂ ਦੇ ਵਿਦਿਆਰਥੀਆਂ 'ਚ ਬੈਚ ਸਮਾਰੋਹ ਕਰਵਾਇਆ ਗਿਆ। ਜਿਸ ਵਿੱਚ ਚਾਰੇ ਹਾਊਸਾਂ ਦੇ ਵਿਦਿਆਰਥੀਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਇਸ ਕੰਪੀਟੀਸ਼ਨ 'ਚ ਬੱਚਿਆਂ ਦੀ ਇੰਟਰਵਿਊ ਲਈ ਗਈ। ਬੱਚਿਆਂ ਨੂੰ ਉਨ੍ਹਾਂ ਦੀ ਕਾਬਲੀਅਤ ਦੁਆਰਾ ਹੈਡ, ਵਾਇਸ ਹੈਡ, ਸਪੋਰਟਸ ਕੈਪਟਨ ਚੁਣਿਆ ਗਿਆ। ਇਸ ਕੰਪੀਟੀਸ਼ਨ ਤੋਂ ਪਹਿਲਾਂ ਬੱਚਿਆਂ ਦੀ ਅਸੈਂਬਲੀ ਕਰਵਾਈ ਗਈ। ਇਸ ਅਸੈਂਬਲੀ 'ਚ ਪ੍ਰਿੰਸੀਪਲ ਸ਼ਵੇਤਾ ਸ਼ਰਮਾ ਨੇ ਬੱਚਿਆ ਨੂੰ ਬੈਚ ਦਿੱਤੇ। ਜਿਨ੍ਹਾਂ ਨੇ ਆਪਣੀ ਕਾਬਲੀਅਤ ਸਦਕਾ ਇਹ ਬੈਚ ਪ੍ਰਾਪਤ ਕੀਤੇ ਉਨ੍ਹਾਂ 'ਚੋਂ ਹੈਡ ਬੁਆਏ ਹਰਮਨਦੀਪ ਸਿੰਘ, ਹੈਡ ਗਰਲ ਨਵਜੋਤ ਕੌਰ, ਵਾਇਸ ਹੈਡ ਕਰਮਵੀਰ ਸਿੰਘ, ਤਕਦੀਰ ਕੌਰ, ਸਪੋਰਟਸ ਕੈਪਟਨ ਅਮਨਦੀਪ, ਹਰਸ਼ਿਤ ਹਾਊਸ ਨੇ ਆਪਣੀ ਜ਼ਿੰਮੇਵਾਰੀ ਨਿਭਾਉਣ ਲਈ ਬੈਚ ਪ੍ਰਾਪਤ ਕੀਤੇ । ਇਸ ਮੌਕੇ ਪ੍ਰਿੰਸੀਪਲ ਸ਼ਵੇਤਾ ਸ਼ਰਮਾ ਨੇ ਬੱਚਿਆਂ ਦੀ ਸ਼ਲਾਘਾ ਕੀਤੀ ਜਿਨ੍ਹਾਂ ਨੇ ਬਹੁਤ ਹੀ ਵਧੀਆ ਢੰਗ ਨਾਲ ਇੰਟਰਵਿਊ ਦਿੱਤੇ ਅਤੇ ਆਪਣੀ ਜ਼ਿੰਮੇਵਾਰੀ ਨਿਭਾਉਣ ਦਾ ਪ੍ਰਣ ਲਿਆ। ਇਸ ਮੌਕੇ ਸਕੂਲ ਪ੍ਰਬੰਧਕ ਕਮੇਟੀ ਮੈਂਬਰ ਰਾਣਾ ਬਾਸੀ, ਕੁਲਵੰਤ ਸਿੰਘ ਚੀਮਾ, ਬਲਿਹਾਰ ਸਿੰਘ, ਬਲਕਾਰ ਸਿੰਘ ਨੇ ਬੱਚਿਆਂ ਨੂੰ ਵਧਾਈ ਦਿੱਤੀ ਅਤੇ ਹੋਰ ਮਿਹਨਤ ਕਰਨ ਦੇ ਲਈ ਪ੍ਰੇਰਿਆ।

# ਰਾਹੁਲ ਨੂੰ ਰਾਹਤ ਮਿਲਣ 'ਤੇ ਕਾਂਗਰਸੀਆਂ ਨੇ ਵੰਡੇ ਲੱਡੂ

**ਅਮਲੋਹ (ਲਖਵੀਰ ਸਿੰਘ, ਹਰਚਰਨ ਉਪਲ)**-ਮਾਣਯੋਗ ਸੁਪਰੀਮ ਕੋਰਟ ਵੱਲੋਂ ਕਾਂਗਰਸ ਪਾਰਟੀ ਦੇ ਸੀਨੀਅਰ ਨੇਤਾ ਰਾਹੁਲ ਗਾਂਧੀ ਦੀ ਸਜ਼ਾ 'ਤੇ ਰੋਕ ਲਗਾਉਣ ਅਤੇ ਉਨ੍ਹਾ ਦੀ ਸੰਸਦ ਮੈਂਬਰਸ਼ਿਪ ਬਹਾਲ ਕੀਤੇ ਜਾਣ ਦੇ ਫੈਸਲੇ ਦਾ ਸਵਾਗਤ ਕਰਦੇ ਹੋਏ ਕਾਂਗਰਸੀ ਆਗੂਆਂ ਅਤੇ ਵਰਕਰਾਂ ਵੱਲੋਂ ਸਾਬਕਾ ਕੈਬਨਿਟ ਮੰਤਰੀ ਕਾਕਾ ਰਣਦੀਪ ਸਿੰਘ ਨਾਭਾ ਦੇ ਦਫਤਰ ਅਮਲੋਹ ਵਿਖੇ ਲੱਡੂ ਵੰਡੇ ਗਏ ਅਤੇ ਖੁਸ਼ੀ ਦਾ ਇਜ਼ਹਾਰ ਕੀਤਾ ਗਿਆ ਤੇ ਕਿਹਾ ਕਿ ਇਹ ਸਚਾਈ ਦੀ ਜਿੱਤ ਹੋਈ ਹੈ। ਇਸ ਮੌਕੇ ਜਗਜੀਤ ਸਿੰਘ ਮਛਰਾਈ, ਮਹਿੰਦਰ ਪਜਨੀ, ਬੀਬੀ ਹਰਮਿੰਦਰਪਾਲ ਕੌਰ, ਬਲਵੀਰ ਸਿੰਘ ਮਿੰਟੂ, ਰਾਕੇਸ਼ ਕੁਮਾਰ ਗੋਗੀ, ਸ਼ਿਵ ਕੁਮਾਰ ਗਰਗ, ਸੁਰਿੰਦਰ ਜਿੰਦਲ, ਸ਼ਸ਼ੀ ਸ਼ਰਮਾ, ਪਰਮਜੀਤ ਭੱਦਲਥੂਹਾ, ਜਵਾਹਰ ਭੱਦਲਥੂਹਾ, ਸ਼ਿੰਦਰਮੋਹਨ ਪੁਰੀ, ਪਾਖਰ ਘੁਟੀਡ, ਗੁਰਮੀਤ ਸੰਧੀ, ਉਮੇਸ਼ ਮਿੰਟਾ, ਜਸਵੰਤ ਰਾਏ ਸ਼ਰਮਾ, ਜਗਰੂਪ ਸਮਸਪੁਰ, ਲਵਪ੍ਰੀਤ ਸਿੰਘ ਕਾਹਨਪੁਰਾ ਪ੍ਰਧਾਨ ਯੂਥ ਕਾਂਗਰਸ, ਸੁੱਖਾ ਖੁੰਮਣਾ, ਮਨਪ੍ਰੀਤ ਸਿੰਘ ਮਿੰਟਾ ਦਫਤਰ ਇੰਚਾਰਜ ਆਦਿ ਮੌਜੂਦ ਸਨ



# ਸਹਿਬਾਜ਼ ਬਰਾੜ ਦਾ ਸਕਾਲਰਸ਼ਿਪ ਮਿਲਣ 'ਤੇ ਜ਼ਿਲ੍ਹਾ ਪੁਲਸ ਮੁਖੀ ਵੱਲੋਂ ਸਨਮਾਨ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਦੁਨੀਆ 'ਤੇ ਇਕੱਲੇ ਪਿਤਾ ਨੂੰ ਹੀ ਅਜਿਹਾ ਮਾਣ ਹੈ ਕਿ ਉਹ ਆਪਣੇ ਨਾਲੋਂ ਆਪਣੇ ਪੁੱਤ ਦੀ ਹੋਰ ਜ਼ਿਆਦਾ ਤਰੱਕੀ ਚਾਹੁੰਦਾ ਹੈ, ਜਦੋਂਕਿ ਸਮਾਜ ਦੇ ਹੋਰ ਸਭ ਰਿਸ਼ਤੇ ਅਜਿਹਾ ਨਹੀਂ ਕਰਦੇ। ਮੋਗਾ ਜ਼ਿਲ੍ਹੇ ਦੇ ਸੀ.ਆਈ.ਏ. ਸਟਾਫ਼ ਬਾਘਾ ਪੁਰਾਣਾ ਵਿਖੇ ਤਾਇਨਾਤ ਸਬ ਇੰਸਪੈਕਟਰ ਤਰਸੇਮ ਸਿੰਘ ਦੇ ਪੁੱਤਰ ਸਹਿਬਾਜ਼ ਸਿੰਘ ਬਰਾੜ ਨੇ ਐੱਮ.ਬੀ.ਬੀ.ਐੱਸ. ਦੀ ਪੜ੍ਹਾਈ ਕਰਦਿਆਂ ਐੱਚ.ਡੀ.ਐੱਫ਼.ਸੀ. ਬੈਂਕ ਤੇ ਪੰਜਾਬ ਪੁਲਸ ਤੋਂ ਵਿਸ਼ੇਸ਼ ਸਕਾਲਰਸ਼ਿਪ ਪ੍ਰਾਪਤ ਕਰਕੇ ਜਿੱਥੇ ਆਪਣੇ ਪਰਿਵਾਰ ਦਾ ਨਾਮ ਉੱਚਾ ਕੀਤਾ ਹੈ, ਉੱਥੇ ਇਹ ਵੀ ਦਰਸਾ ਦਿੱਤਾ ਕਿ ਜੇਕਰ ਮਨ ਵਿੱਚ ਕੋਈ ਟੀਚਾ ਮਿੱਥ ਕੇ ਕੰਮ ਕੀਤਾ ਜਾਵੇ ਤਾਂ ਕੋਈ ਵੀ ਮੰਜ਼ਿਲ ਦੂਰ ਨਹੀਂ ਹੁੰਦੀ। ਜ਼ਿਲ੍ਹਾ ਪੁਲਸ ਮੁਖੀ ਜੇ. ਇਲਨਚੇਲੀਅਨ ਨੇ ਸਹਿਬਾਜ਼ ਬਰਾੜ ਦਾ ਸਨਮਾਨ ਕਰਦਿਆਂ ਕਿਹਾ ਕਿ ਪੜ੍ਹਾਈ ਮਨੁੱਖ ਦਾ ਤੀਜਾ ਨੇਤਰ ਹੈ। ਉਨ੍ਹਾ ਕਿਹਾ ਕਿ ਵਿੱਦਿਆ ਤੋਂ ਬਿਨਾਂ ਮਨੁੱਖ ਅਧੂਰਾ ਹੈ। ਉਨ੍ਹਾ ਕਿਹਾ ਕਿ ਸਹਿਬਾਜ਼ ਦੀ ਤਰ੍ਹਾਂ ਵਿਦਿਆਰਥੀਆਂ ਨੂੰ ਟੀਚਾ ਮਿੱਥ ਕੇ ਪੜ੍ਹਾਈ ਕਰਨੀ ਚਾਹੀਦੀ ਹੈ। ਇਸ ਮੌਕੇ ਐੱਸ.ਪੀ.ਐੱਚ. ਮਨਮੀਤ ਸਿੰਘ ਢਿੱਲੋਂ, ਐੱਸ.ਪੀ.ਡੀ. ਅਜੈਰਾਜ ਸਿੰਘ, ਦਲਜੀਤ ਸਿੰਘ ਮੁਖੀ ਸੀ.ਆਈ.ਏ. ਸਟਾਫ਼ ਬਾਘਾ ਪੁਰਾਣਾ, ਤਰਸੇਮ ਸਿੰਘ ਬਰਾੜ ਸਬ ਇੰਸਪੈਕਟਰ ਹਾਜ਼ਰ ਸਨ।

# ਭਾਸ਼ਾ ਵਿਭਾਗ ਵੱਲੋਂ ਪੰਜਾਬੀ ਸਾਹਿਤ ਸਿਰਜਣ ਤੇ ਕਵਿਤਾ ਗਾਇਨ ਮੁਕਾਬਲੇ



**ਮੋਗਾ (ਅਮਰਜੀਤ ਬੱਬਰੀ)**-ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ ਦੀ ਅਗਵਾਈ 'ਚ ਜ਼ਿਲ੍ਹਾ ਭਾਸ਼ਾ ਦਫ਼ਤਰ ਮੋਗਾ ਵੱਲੋਂ ਜ਼ਿਲ੍ਹਾ ਸਿੱਖਿਆ ਤੇ ਸਿਖਲਾਈ ਸੰਸਥਾ ਮੋਗਾ ਦੇ ਸਹਿਯੋਗ ਨਾਲ ਸਾਲਾਨਾ ਜ਼ਿਲ੍ਹਾ ਪੱਧਰੀ ਪੰਜਾਬੀ ਸਾਹਿਤ ਸਿਰਜਣ ਤੇ ਕਵਿਤਾ ਗਾਇਨ ਮੁਕਾਬਲੇ-2023 ਕਰਵਾਏ ਗਏ, ਜਿਨ੍ਹਾਂ ਵਿੱਚ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਵੱਲੋਂ ਵਧ-ਚੜ੍ਹ ਕੇ ਹਿੱਸਾ ਲਿਆ ਗਿਆ। ਇਸ ਮੌਕੇ ਅਵਤਾਰ ਸਿੰਘ ਕਰੀਰ (ਰਿਟਾ. ਪ੍ਰਿੰਸੀਪਲ), ਉੱਘੇ ਸਮਾਜਸੇਵੀ ਬਲਵਿੰਦਰ ਸਿੰਘ (ਰਿਟਾ. ਲੈਕਚਰਾਰ ਸਰਕਾਰੀ ਪੌਲੀਟੈਕਨੀਕਲ ਕਾਲਜ ਜੀ.ਟੀ.ਬੀ.ਗੜ੍ਹ) ਤੇ ਡਾ. ਰਾਜਬਿੰਦਰ ਸਿੰਘ ਲੈਕਚਰਾਰ ਡਾਇਟ ਮੋਗਾ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਸ਼ਾਮਲ ਹੋਏ। ਮੰਚ ਸੰਚਾਲਨ ਦੀ ਭੂਮਿਕਾ ਚਰਨਜੀਤ ਸਿੰਘ ਸਮਾਲਸਰ (ਮੁੱਖ ਅਧਿਆਪਕ) ਨੇ ਬਾਖ਼ੂਬੀ ਨਿਭਾਉਂਦਿਆਂ ਭਾਸ਼ਾ ਵਿਭਾਗ ਪੰਜਾਬ ਵੱਲੋਂ ਕਰਵਾਏ ਜਾਂਦੇ ਇਨ੍ਹਾਂ ਮੁਕਾਬਲਿਆਂ ਦੀ ਸਾਰਥਕਤਾ ਬਾਰੇ ਚਾਨਣਾ ਪਾਇਆ। ਜ਼ਿਲ੍ਹਾ ਭਾਸ਼ਾ ਅਫ਼ਸਰ ਮੋਗਾ ਡਾ. ਅਜੀਤਪਾਲ ਸਿੰਘ ਨੇ ਆਏ ਹੋਏ ਮਹਿਮਾਨਾਂ, ਅਧਿਆਪਕਾਂ ਤੇ ਪ੍ਰਤੀਯੋਗੀਆਂ ਨੂੰ ਜੀ ਆਇਆਂ ਆਖਦਿਆਂ ਕਿਹਾ ਕਿ ਭਾਸ਼ਾ ਵਿਭਾਗ ਦੁਆਰਾ ਕੀਤੀ ਜਾਂਦੀ ਇਸ ਪ੍ਰਤੀਯੋਗਤਾ ਦਾ ਉਦੇਸ਼ ਵਿਦਿਆਰਥੀਆਂ ਅੰਦਰ ਸਾਹਿਤ ਰਚਨਾ ਤੇ ਸਾਹਿਤਕ ਗਾਇਕੀ ਦੀ ਪ੍ਰਤਿਭਾ ਨੂੰ ਨਿਖਾਰਨਾ ਅਤੇ ਉਨ੍ਹਾਂ ਨੂੰ ਚੰਗੇਰੇ ਜੀਵਨ ਮੁੱਲਾਂ ਨਾਲ ਜੋੜਨਾ ਹੈ। ਇਸ ਮੌਕੇ ਵਿਦਿਆਰਥੀਆਂ ਦੇ ਲੇਖ ਰਚਨਾ, ਕਹਾਣੀ ਰਚਨਾ, ਕਾਵਿ ਰਚਨਾ ਤੇ ਕਵਿਤਾ ਗਾਇਨ ਮੁਕਾਬਲੇ ਕਰਵਾਏ ਗਏ ਤੇ ਜੇਤੂ ਵਿਦਿਆਰਥੀਆਂ ਨੂੰ ਨਕਦ ਇਨਾਮਾਂ ਤੇ ਸਰਟੀਫਿਕੇਟਾਂ ਨਾਲ ਸਨਮਾਨਤ ਕੀਤਾ ਗਿਆ। ਇਨ੍ਹਾਂ ਮੁਕਾਬਲਿਆਂ 'ਚ ਜੱਜਮੈਂਟ ਦੀ ਭੂਮਿਕਾ ਪੰਜਾਬੀ ਲੈਕਚਰਾਰ ਤੇਜਿੰਦਰ ਸਿੰਘ ਜਸ਼ਨ ਸਟੇਟ ਐਵਾਰਡੀ, (ਸਰਕਾਰੀ ਸੀਨੀ. ਸੈਕੰ. ਸਕੂਲ, ਖੁਖਰਾਣਾ) ਅੰਗਰੇਜ਼ੀ ਮਾਸਟਰ ਧਰਮਜੀਤ ਸਿੰਘ (ਸਰਕਾਰੀ ਸੀਨੀ. ਸੈਕੰ. ਸਕੂਲ (ਮੁੰਡੇ) ਬੱਧਨੀ ਕਲਾਂ) ਤੇ ਐੱਸ. ਐੱਸ. ਮਾਸਟਰ ਜਸਵਿੰਦਰ ਕੁਮਾਰ (ਸਰਕਾਰੀ ਸੀਨੀ. ਸੈਕੰ. ਸਕੂਲ, ਕੈਲਾ, ਮੋਗਾ) ਵੱਲੋਂ ਬਾਖ਼ੂਬੀ ਨਿਭਾਈ ਗਈ। ਇਸ ਮੌਕੇ ਅਵਤਾਰ ਸਿੰਘ ਕਰੀਰ ਦੀ ਪੁਸਤਕ 'ਗਿਆਨ ਤੇ ਵਿਗਿਆਨ' ਅਤੇ ਸਰਕਾਰੀ ਹਾਈ ਸਕੂਲ ਮੰਗੇਵਾਲ ਦਾ ਸਾਲਾਨਾ ਮੈਗਜ਼ੀਨ 'ਉਡਾਰੀਆਂ' ਦਾ ਲੋਕ ਅਰਪਣ ਕੀਤਾ ਗਿਆ। ਬਲਵਿੰਦਰ ਸਿੰਘ ਨੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਆਉਣ ਵਾਲੇ ਭਵਿੱਖ 'ਚ ਹੋਰ ਬੁਲੰਦੀਆਂ ਛੂਹਣ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ। ਡਾ. ਰਾਜਬਿੰਦਰ ਸਿੰਘ ਨੇ ਕਿਹਾ ਕਿ ਡਾਇਟ ਮੋਗਾ ਵੱਲੋਂ ਭਾਸ਼ਾ ਵਿਭਾਗ ਨੂੰ ਭਵਿੱਖ ਵਿੱਚ ਹੋਣ ਵਾਲੇ ਸਮਾਗਮਾਂ 'ਚ ਵੀ ਹਰ ਤਰ੍ਹਾਂ ਨਾਲ ਭਰਪੂਰ ਸਹਿਯੋਗ ਦਿੱਤਾ ਜਾਵੇਗਾ। ਇਸ ਮੌਕੇ ਨਵਦੀਪ ਸਿੰਘ ਜੂਨੀਅਰ ਸਹਾਇਕ, ਵੱਖ-ਵੱਖ ਸਕੂਲਾਂ ਤੋਂ ਵਿਦਿਆਰਥੀਆਂ ਨਾਲ ਆਏ ਅਧਿਆਪਕ ਸਾਹਿਬਾਨ ਤੇ ਮਾਪੇ ਸ਼ਾਮਲ ਸਨ।

# ਕਾਮਰਸ ਐਸੋਸੀਏਸ਼ਨ ਵੱਲੋਂ ਅਹੁਦੇਦਾਰਾਂ ਦੀ ਚੋਣ



**ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਮਾਤਾ ਗੁਜਰੀ ਕਾਲਜ ਦੇ ਪੋਸਟ ਗਰੈਜੂਏਟ ਕਾਮਰਸ ਵਿਭਾਗ ਵੱਲੋਂ ਸੈਸ਼ਨ 2023-2024 ਲਈ ਕਾਮਰਸ ਐਸੋਸੀਏਸ਼ਨ ਦੀ ਚੋਣ ਕੀਤੀ ਗਈ। ਕਾਮਰਸ ਵਿਭਾਗ ਦੇ ਮੁਖੀ ਡਾ. ਬਿਕਰਮਜੀਤ ਸਿੰਘ ਨੇ ਦੱਸਿਆ ਕਿ ਕਾਮਰਸ ਐਸੋਸੀਏਸ਼ਨ ਦੇ ਅਹੁਦੇਦਾਰਾਂ ਦੀ ਚੋਣ ਸੁਸਾਇਟੀ ਦੇ ਨਿਰਧਾਰਤ ਮਾਪਦੰਡਾਂ ਅਨੁਸਾਰ ਕੀਤੀ ਗਈ ਹੈ। ਇਸ ਚੋਣ ਵਿੱਚ ਕਾਮਰਸ ਵਿਭਾਗ ਦੀ ਐੱਮ.ਕਾਮ. ਭਾਗ-ਦੂਸਰਾ ਦੀ ਹੋਣਹਾਰ ਵਿਦਿਆਰਥਣ ਕਵਿਤਾ ਨੂੰ ਪ੍ਰਧਾਨ, ਅਮਨਪ੍ਰੀਤ ਕੌਰ ਤੇ ਜੈਸਮੀਨ ਕੌਰ ਨੂੰ ਸਕੱਤਰ, ਅੰਮ੍ਰਿਤ ਸਿੰਘ, ਦਲਵਿੰਦਰ ਸਿੰਘ ਤੇ ਗਗਨਪ੍ਰੀਤ ਕੌਰ ਨੂੰ ਜੁਆਇੰਟ ਸਕੱਤਰ, ਰਮਨਪ੍ਰੀਤ ਕੌਰ ਤੇ ਓਮ ਪ੍ਰਕਾਸ਼ ਨੂੰ ਕੈਸ਼ੀਅਰ ਅਤੇ ਸਨੀ ਸਿੰਘ ਤੇ ਮਹਿਕ ਸੂਦ ਨੂੰ ਪ੍ਰੈੱਸ ਸਕੱਤਰ ਘੋਸ਼ਿਤ ਕੀਤਾ ਗਿਆ। ਇਸ ਮੌਕੇ ਕਾਮਰਸ ਵਿਭਾਗ ਦੇ ਪ੍ਰੋ. ਮੁਹੰਮਦ ਅਨਵਰ ਨੇ ਧੰਨਵਾਦ ਦਾ ਮਤਾ ਪੇਸ਼ ਕਰਦਿਆਂ ਕਾਮਰਸ ਐਸੋਸੀਏਸ਼ਨ ਦੇ ਅਹੁਦੇਦਾਰਾਂ ਨੂੰ ਮੁਬਾਰਕਬਾਦ ਦਿੱਤੀ। ਇਸ ਮੌਕੇ ਕਾਲਜ ਗਵਰਨਿੰਗ ਬਾਡੀ ਦੇ ਐਡੀਸ਼ਨਲ ਸਕੱਤਰ ਜਗਦੀਪ ਸਿੰਘ ਚੀਮਾ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਅਵਤਾਰ ਸਿੰਘ ਰਿਆ ਨੇ ਕਾਮਰਸ ਐਸੋਸੀਏਸ਼ਨ ਲਈ ਨਵੇਂ ਚੁਣੇ ਗਏ ਅਹੁਦੇਦਾਰਾਂ ਨੂੰ ਵਿਸ਼ੇਸ਼ ਤੌਰ 'ਤੇ ਵਧਾਈ ਦਿੱਤੀ ਤੇ ਉਨ੍ਹਾਂ ਨੂੰ ਆਪਣੀ ਜ਼ਿੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾਉਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਕਾਮਰਸ ਐਸੋਸੀਏਸ਼ਨ ਲਈ ਨਵੇਂ ਚੁਣੇ ਗਏ ਅਹੁਦੇਦਾਰਾਂ ਨੂੰ ਸ਼ੁੱਭ-ਕਾਮਨਾਵਾਂ ਦਿੱਤੀਆਂ।

# ਖੇਤੀਬਾੜੀ ਮੰਤਰੀ ਵੱਲੋਂ ਮਾਝੇ ਦੇ ਖੇਤੀ ਅਧਿਕਾਰੀਆਂ ਨਾਲ ਮੀਟਿੰਗ

## ਹੜ੍ਹਾਂ ਨਾਲ ਪ੍ਰਭਾਵਿਤ ਕਿਰਸਾਨੀ ਦੀ ਮਦਦ ਲਈ ਦਿਨ-ਰਾਤ ਇਕ ਕਰਨ ਦੀ ਕੀਤੀ ਹਦਾਇਤ



ਅੰਮ੍ਰਿਤਸਰ (ਨਰਿੰਦਰਜੀਤ ਸਿੰਘ)-ਖੇਤੀਬਾੜੀ ਵਿਭਾਗ ਦੇ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਮਾਝੇ ਦੇ ਖੇਤੀ ਅਧਿਕਾਰੀਆਂ ਨਾਲ ਗੱਲਬਾਤ ਕਰਦੇ ਸੱਦਾ ਦਿੱਤਾ ਕਿ ਪੰਜਾਬ ਦੇ ਕਿਸਾਨਾਂ ਨੂੰ ਰਵਾਇਤੀ ਫਸਲੀ ਚੱਕਰ ਵਿਚੋਂ ਕੱਢਕੇ ਸਹਾਇਕ ਧੰਦਿਆਂ ਨਾਲ ਜੋੜਿਆ ਜਾਵੇ। ਉਨ੍ਹਾਂ ਕਿਹਾ ਕਿ ਕਣਕ-ਝੋਨੇ ਦਾ ਫਸਲੀ ਚੱਕਰ ਕਿਸਾਨਾਂ ਨੂੰ ਆਰਥਿਕ ਤੌਰ ਉਤੇ ਉਨ੍ਹਾਂ ਖੁਸ਼ਹਾਲ ਨਹੀਂ ਕਰ ਸਕਦਾ, ਜਿੰਨਾ ਕਿ ਸਹਾਇਕ ਧੰਦੇ, ਕਿਉਂਕਿ ਹਰੇਕ ਘਰ ਦਾ ਰੋਜ਼ਾਨਾ ਖਰਚਾ ਹੈ, ਜਿਸ ਨੂੰ ਸਹਾਇਕ ਧੰਦਿਆਂ ਦੀ ਮਦਦ ਨਾਲ ਹੀ ਪੂਰਾ ਕੀਤਾ ਜਾ ਸਕਦਾ ਹੈ।

ਖੇਤੀ ਮੰਤਰੀ ਨੇ ਅਧਿਕਾਰੀਆਂ ਨੂੰ ਕਿਹਾ ਕਿ ਪੰਜਾਬ ਦੀ ਆਰਥਿਕਤਾ ਪੂਰੀ ਤਰਾਂ ਖੇਤੀ ਨਾਲ ਜੁੜੀ ਹੋਈ ਹੈ, ਜੇਕਰ ਪੰਜਾਬ ਦਾ ਕਿਸਾਨ ਖੁਸ਼ਹਾਲ ਹੁੰਦਾ ਹੈ ਤਾਂ ਹਰੇਕ ਵਰਗ ਚਾਹੇ ਉਹ ਵਪਾਰੀ ਹੋਵੇ, ਸਨਅਤਕਾਰ ਹੋਵੇ, ਦੁਕਾਨਦਾਰ ਹੋਵੇ ਜਾਂ ਕਿਰਤੀ ਲੋਕ, ਹਰੇਕ ਦੀ ਜੇਬ ਵਿਚ ਪੈਸਾ ਆਉਂਦਾ ਹੈ, ਇਸ ਲਈ ਰਾਜ ਦੇ ਕਿਸਾਨਾਂ ਨੂੰ ਖੁਸ਼ਹਾਲ ਕਰਨਾ ਸਾਡੀ ਤਰਜੀਹ ਹੈ। ਉਨ੍ਹਾਂ ਅੰਮ੍ਰਿਤਸਰ ਤੇ ਤਰਨਤਾਰਨ ਜ਼ਿਲਿਆਂ ਦੇ ਖੇਤੀ ਅਧਿਕਾਰੀਆਂ ਨਾਲ ਗੱਲਬਾਤ ਕਰਦੇ ਕਿਹਾ ਕਿ ਦੋਵਾਂ ਜ਼ਿਲਿਆਂ ਵਿਚੋਂ ਘੱਟੋ ਘੱਟ 3000 ਕਿਸਾਨਾਂ ਨੂੰ ਰਵਾਇਤੀ ਖੇਤੀ ਵਿਚੋਂ ਕੱਢ ਕੇ ਸਹਾਇਕ ਧੰਦਿਆਂ ਨਾਲ ਜੋੜਨ ਦਾ ਟੀਚਾ ਦਿੱਤਾ ਤੇ ਕਿਹਾ ਕਿ ਜੇਕਰ ਤੁਸੀਂ ਇਹ ਕੰਮ ਕਰ ਦਿੰਦੇ ਹੋਏ ਤਾਂ ਇਨ੍ਹਾਂ ਕਿਸਾਨਾਂ ਦੀ ਸਫਲਤਾ ਵੇਖ ਹੋਰ ਕਿਸਾਨ ਆਪਣੇ ਆਪ ਸਹਾਇਕ ਧੰਦਿਆਂ ਵੱਲ ਖਿੱਚੇ ਜਾਣਗੇ, ਜੋ ਕਿ ਕੇਵਲ ਉਨ੍ਹਾਂ ਨੂੰ ਖੁਸ਼ਹਾਲ ਨਹੀਂ ਕਰਨਗੇ, ਬਲਿਕ ਸਮੁੱਚੇ ਇਲਾਕੇ ਵਿਚ ਆਰਥਿਕ ਖੁਸ਼ਹਾਲੀ ਆਵੇਗੀ।

ਹੜ੍ਹਾਂ ਨਾਲ ਪ੍ਰਭਾਵਿਤ ਹੋਈਆਂ ਫਸਲਾਂ ਦਾ ਬਿਓਰਾ ਦਿੰਦੇ ਖੇਤੀ ਮੰਤਰੀ ਨੇ ਦੱਸਿਆ ਕਿ ਫਿਲਹਾਲ ਵਿਸ਼ੇਸ਼ ਗਿਰਦਾਵਰੀ ਚੱਲ ਰਹੀ ਹੈ, ਪਰ ਹੁਣ ਤੱਕ ਪ੍ਰਾਪਤ ਸੂਚਨਾ ਅਨੁਸਾਰ ਅੰਮ੍ਰਿਤਸਰ ਜ਼ਿਲ੍ਹੇ ਦੀ ਕਰੀਬ 5000 ਏਕੜ ਫਸਲ ਹੜ੍ਹਾਂ ਨਾਲ ਪ੍ਰਭਾਵਿਤ ਹੋਈ ਹੈ, ਜਿਸ ਵਿਚੋਂ ਚਾਰ ਹਜ਼ਾਰ ਏਕੜ ਰਕਬਾ ਇਕੱਲਾ ਅਜਨਾਲਾ ਤਹਿਸੀਲ ਦਾ ਹੈ।

ਇਸੇ ਤਰਾਂ ਤਰਨਤਾਰਨ ਜਿਲ੍ਹੇ ਵਿਚ 14125 ਹੈਕਟੇਅਰ ਰਕਬਾ ਹੜ੍ਹਾਂ ਨਾਲ ਪ੍ਰਭਾਵਿਤ ਹੋਇਆ ਹੈ, ਜਿਸ ਵਿਚੋਂ 12700 ਹੈਕਟੇਅਰ ਰਕਬਾ ਬਾਸਮਤੀ ਤੇ ਝੋਨੇ ਦਾ ਹੈ। ਖੇਤੀ ਮੰਤਰੀ ਨੇ 15 ਅਗਸਤ ਤੱਕ ਸਾਰੇ ਪ੍ਰਭਾਵਿਤ ਇਲਾਕੇ ਦੀ ਗਿਰਦਾਵਰੀ ਪੂਰੀ ਕਰਨ ਦਾ ਹਦਾਇਤ ਕਰਦੇ ਕਿਹਾ ਕਿ ਮੁੱਖ ਮਤੰਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਰਕਾਰ ਵੱਲੋਂ ਹਰੇਕ ਪ੍ਰਭਾਵਿਤ ਵਿਅਕਤੀਆਂ ਨੂੰ ਮੁਆਵਜ਼ਾ ਦਿੱਤਾ ਜਾਵੇਗਾ, ਇਸ ਲਈ ਇਹ ਕੰਮ ਤਰਜੀਹ ਅਧਾਰ ਉਤੇ ਪੂਰਾ ਕੀਤਾ ਜਾਵੇ। ਉਨਾਂ ਹੜ੍ਹ ਪ੍ਰਭਾਵਿਤ ਕਿਸਾਨਾਂ, ਖੇਤ ਮਜ਼ਦੂਰਾਂ ਤੇ ਆਮ ਲੋਕਾਂ ਦੀ ਵੱਧ ਤੋਂ ਵੱਧ ਮਦਦ ਕਰਨ ਦੀ ਅਪੀਲ ਵੀ ਅਧਿਕਾਰੀਆਂ ਨੂੰ ਕੀਤੀ। ਇਸ ਮੌਕੇ ਡਿਪਟੀ ਕਮਿਸ਼ਨਰ ਅਮਿਤ ਤਲਵਾੜ, ਵਧੀਕ ਡਿਪਟੀ ਕਮਿਸ਼ਨਰ ਸ੍ਰੀ ਹਰਪ੍ਰੀਤ ਸਿੰਘ, ਐਸ ਡੀ ਐਮ ਮਨਕੰਵਲ ਸਿੰਘ ਚਾਹਲ, ਮੁੱਖ ਖੇਤੀਬਾੜੀ ਅਧਿਕਾਰੀ ਅੰਮ੍ਰਿਤਸਰ ਜਤਿੰਦਰ ਸਿੰਘ ਗਿੱਲ, ਮੁੱਖ ਖੇਤੀਬਾੜੀ ਅਧਿਕਾਰੀ ਤਰਨਤਾਰਨ ਹਰਪਾਲ ਸਿੰਘ, ਜਿਲ੍ਹਾ ਸਿਖਲਾਈ ਅਫਸਰ ਕੁਲਦੀਪ ਸਿੰਘ ਮੱਤੇਵਾਲ, ਵਿਸ਼ਾ ਮਾਹਿਰ ਗੁਰਦੇਵ ਸਿੰਘ ਦਾਸੂਵਾਲ, ਡਿਪਟੀ ਡਾਇਰੈਕਟਰ ਨਵਰਾਜ ਸਿੰਘ ਸੰਧੂ, ਡਿਪਟੀ ਡਾਇਰੈਕਟਰ ਪਸ਼ੂ ਪਾਲਣ ਸ. ਦਵਿੰਦਰ ਸਿੰਘ, ਡਿਪਟੀ ਡਾਇਰੈਕਟਰ ਮੱਛੀ ਪਾਲਣ ਸ. ਹਰਦੇਵ ਸਿੰਘ ਅਤੇ ਹੋਰ ਸੀਨੀਅਰ ਅਧਿਕਾਰੀ ਹਾਜ਼ਰ ਸਨ।

# ਆਸਟ੍ਰੇਲੀਆ ਦੀ ਅਦਾਲਤ ਵੱਲੋਂ ਸਿੱਖਾਂ ਦੇ ਹੱਕ 'ਚ ਫੈਸਲਾ ਸ਼ਲਾਘਾਯੋਗ: ਧਾਮੀ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਆਸਟ੍ਰੇਲੀਆ ਦੀ ਕੁਈਨਜ਼ਲੈਂਡ ਉੱਚ ਅਦਾਲਤ ਵੱਲੋਂ ਸਿੱਖ ਕਕਾਰ ਕਿਰਪਾਨ ਸਬੰਧੀ ਚੱਲ ਰਹੇ ਇਕ ਕੇਸ ਵਿਚ ਸਿੱਖਾਂ ਦੇ ਹੱਕ 'ਚ ਫੈਸਲਾ ਦੇਣ ਦਾ ਸਵਾਗਤ ਕੀਤਾ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਕਿਰਪਾਨ ਸਿੱਖਾਂ ਦੇ ਪੰਜ ਕਕਾਰਾਂ ਦਾ ਇਕ ਅਹਿਮ ਹਿੱਸਾ ਹੈ, ਜਿਸ ਨੂੰ ਅੰਮ੍ਰਿਤਧਾਰੀ ਸਿੱਖ ਹਮੇਸ਼ਾ ਆਪਣੇ ਅੰਗ ਸੰਗ ਰੱਖਣ ਲਈ ਪਾਬੰਦ ਹਨ। ਇਹ ਚੰਗੀ ਗੱਲ ਹੈ ਕਿ ਆਸਟ੍ਰੇਲੀਆ 'ਚ ਸਿੱਖਾਂ ਦੀ ਧਾਰਮਿਕ ਆਜ਼ਾਦੀ ਨਾਲ ਜੁੜੇ ਇਸ ਮਸਲੇ ਦਾ ਹੱਲ ਸਿੱਖ ਭਾਵਨਾਵਾਂ ਅਨੁਸਾਰ ਕਰਕੇ ਅਦਾਲਤ ਨੇ ਇਕ ਮਿਸਾਲ ਕਾਇਮ ਕੀਤੀ ਹੈ। ਉਨ੍ਹਾਂ ਇਸ ਮਸਲੇ 'ਤੇ ਜ਼ੋਰਦਾਰ ਪੈਰਵਾਈ ਕਰਨ ਲਈ ਸਿੱਖ ਪਰਿਵਾਰ ਅਤੇ ਆਸਟ੍ਰੇਲੀਆ ਦੀ ਸਿੱਖ ਸੰਗਤ ਦੇ ਯਤਨਾਂ ਦੀ ਸ਼ਲਾਘਾ ਕਰਦਿਆਂ ਆਸ ਪ੍ਰਗਟਾਈ ਕਿ ਵਿਸ਼ਵ ਭਰ ਵਿਚ ਸਿੱਖਾਂ ਨਾਲ ਸਬੰਧਤ ਮਸਲਿਆਂ ਦੀ ਪੈਰਵਾਈ ਹਰ ਦੇਸ਼ ਦੀਆਂ ਸੰਗਤਾਂ ਜ਼ੋਰਦਾਰ ਢੰਗ ਨਾਲ ਕਰਨਗੀਆਂ। ਦੱਸਣਯੋਗ ਹੈ ਕਿ ਬੀਤੇ ਸਮੇਂ ਇਕ ਵਿਤਕਰੇ ਭਰੇ ਕਾਨੂੰਨ ਤਹਿਤ ਆਸਟ੍ਰੇਲੀਆ ਦੇ ਕੁਈਨਜ਼ਲੈਂਡ ਸੂਬੇ ਦੀ ਸਰਕਾਰ ਵੱਲੋਂ ਸਿੱਖ ਵਿਦਿਆਰਥੀਆਂ ਨੂੰ ਸਕੂਲ ਅੰਦਰ ਕਿਰਪਾਨ ਪਹਿਨਣ 'ਤੇ ਰੋਕ ਲਗਾ ਦਿੱਤੀ ਗਈ ਸੀ, ਜਿਸ ਨੂੰ ਆਸਟ੍ਰੇਲੀਆ ਦੀ ਸਿੱਖ ਸੰਗਤ ਨੇ ਅਦਾਲਤ ਵਿਚ ਚੁਣੌਤੀ ਦਿੱਤੀ ਸੀ। ਇਸ ਮਾਮਲੇ ਵਿਚ ਅਦਾਲਤ ਨੇ ਸਕੂਲ ਅੰਦਰ ਸਿੱਖ ਕਿਰਪਾਨ 'ਤੇ ਬੰਦਸ਼ ਨੂੰ 'ਰੇਸ਼ੀਅਲ ਡਿਸਕ੍ਰਿਮੀਨੇਸ਼ਨ ਐਕਟ' ਤਹਿਤ ਗੈਰ-ਸੰਵਿਧਾਨਕ ਮੰਨਦਿਆਂ ਰੋਕ ਨੂੰ ਰੱਦ ਕਰ ਦਿੱਤਾ ਹੈ, ਜਿਸ ਨਾਲ ਹੁਣ ਅੰਮ੍ਰਿਤਧਾਰੀ ਸਿੱਖ ਵਿਦਿਆਰਥੀ ਆਪਣੇ ਧਰਮ ਦੇ ਨਿਯਮਾਂ ਅਨੁਸਾਰ ਕਿਰਪਾਨ ਪਹਿਨ ਸਕਣਗੇ।

# ਰਿਸ਼ਵਤ ਲੈਣ ਦੇ ਦੋਸ਼ ਹੇਠ ਚੌਕੀ ਇੰਚਾਰਜ ਅਤੇ ਏ ਐੱਸ ਆਈ ਮੁਅੱਤਲ



ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਪੰਜਾਬ ਸਰਕਾਰ ਵੱਲੋਂ ਭ੍ਰਿਸ਼ਟਾਚਾਰ ਨੂੰ ਰੋਕਣ ਲਈ ਸਖ਼ਤ ਮੁਹਿੰਮ ਛੇੜੀ ਗਈ ਹੈ। ਹੁਣ ਤੱਕ ਸੈਂਕੜੇ ਅਧਿਕਾਰੀਆਂ ਨੂੰ ਰਿਸ਼ਵਤ ਲੈਣ ਦੇ ਮਾਮਲੇ 'ਚ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ, ਪ੍ਰੰਤੂ ਇਸ ਦੇ ਬਾਵਜੂਦ ਕੁਝ ਕੁ ਸਰਕਾਰੀ ਅਧਿਕਾਰੀ ਸਰੇਆਮ ਰਿਸ਼ਵਤ ਲੈ ਕੇ ਆਮ ਜਨਤਾ ਨੂੰ ਪ੍ਰੇਸ਼ਾਨ ਤੇ ਸਰਕਾਰ ਦੀਆਂ ਅੱਖਾਂ 'ਚ ਘੱਟਾ ਪਾਉਣੋਂ ਬਾਜ਼ ਨਹੀਂ ਆ ਰਹੇ। ਰਿਸ਼ਵਤ ਲੈਣ ਦਾ ਇੱਕ ਹੋਰ ਮਾਮਲਾ ਹਲਕਾ ਖੇਮਕਰਨ ਦੇ ਥਾਣਾ ਵਲਟੋਹਾ ਅਧੀਨ ਆਉਂਦੀ ਪੁਲਸ ਚੌਕੀ ਘਰਿਆਲਾ ਤੋਂ ਸਾਹਮਣੇ ਆਇਆ ਹੈ, ਜਿੱਥੇ ਕਿਸੇ ਝਗੜੇ ਦੇ ਕੇਸ 'ਚ ਕਥਿਤ ਤੌਰ 'ਤੇ ਰਿਸ਼ਵਤ ਲੈਣ ਤੋਂ ਬਾਅਦ ਵੀ ਨਾਮਜ਼ਦ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਨ ਤੋਂ ਟਾਲਾ ਵੱਟ ਰਹੇ ਪੁਲਸ ਅਧਿਕਾਰੀ ਦੀ ਆਡੀਓ ਰਿਕਾਰਡਿੰਗ ਸ਼ੋਸ਼ਲ ਮੀਡੀਆ 'ਤੇ ਖੂਬ ਵਾਇਰਲ ਹੋ ਰਹੀ ਹੈ।

ਇਕੱਤਰ ਹੋਈ ਜਾਣਕਾਰੀ ਅਨੁਸਾਰ ਪਿੰਡ ਰਾਮ ਖਾਰਾ ਨਿਵਾਸੀ ਅਵਤਾਰ ਸਿੰਘ ਪੁੱਤਰ ਨਿਸ਼ਾਨ ਸਿੰਘ ਨੂੰ ਉਸ ਦੀ ਜ਼ਮੀਨ 'ਚ ਬੰਦ ਪਈ ਪੁਲੀ ਦਾ ਬੰਨ੍ਹ ਖੋਲਣ ਤੋਂ ਰੋਕਣ 'ਤੇ 6 ਵਿਅਕਤੀਆਂ ਨੇ ਹਥਿਆਰਾਂ ਨਾਲ ਸੱਟਾਂ ਮਾਰ ਕੇ ਜ਼ਖਮੀ ਕਰ ਦਿੱਤਾ ਸੀ, ਜਿਸ ਸਬੰਧੀ ਪੁਲਸ ਚੌਕੀ ਘਰਿਆਲਾ ਵੱਲੋਂ ਅਵਤਾਰ ਸਿੰਘ ਦੀ ਸ਼ਿਕਾਇਤ 'ਤੇ 6 ਹਮਲਾਵਰਾਂ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਸੀ, ਪ੍ਰੰਤੂ ਕਥਿਤ ਤੌਰ ਤੇ ਕਾਫੀ ਸਮਾਂ ਬੀਤ ਜਾਣ ਦੇ ਬਾਵਜੂਦ ਪੁਲਸ ਵੱਲੋਂ ਹਮਲਾਵਰਾਂ ਨੂੰ ਗ੍ਰਿਫ਼ਤਾਰ ਨਾ ਕਰਨ ਮਗਰੋਂ ਪੀੜਤ ਧਿਰ ਵੱਲੋਂ ਇੱਕ ਆਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਕਰ ਦਿੱਤੀ ਗਈ, ਜਿਸ 'ਚ ਪੁਲਸ ਚੌਕੀ ਘਰਿਆਲਾ ਦੇ ਇੰਚਾਰਜ ਨਿਰਮਲ ਸਿੰਘ ਅਤੇ ਪੀੜਤ ਧਿਰ ਦਾ ਰਿਸ਼ਤੇਦਾਰ ਖਾਰਾ ਪਿੰਡ ਦੇ ਝਗੜੇ ਸਬੰਧੀ ਗੱਲਬਾਤ ਕਰਦੇ ਸੁਣਾਈ ਦੇ ਰਹੇ ਹਨ। ਲਗਭਗ 4 ਮਿੰਟ 30 ਸੈਕਿੰਡ ਦੀ ਵਾਇਰਲ ਆਡੀਓ 'ਚ ਚੌਕੀ ਇੰਚਾਰਜ ਘਰਿਆਲਾ ਨਿਰਮਲ ਸਿੰਘ ਪੀੜਤ ਧਿਰ ਦੇ ਰਿਸ਼ਤੇਦਾਰ ਨੂੰ ਕਹਿੰਦੇ ਹਨ ਕਿ ਤੁਸੀਂ ਅੱਜ ਮੇਰੀ ਚੌਕੀ ਆ ਕੇ ਸੰਤਰੀ ਕੋਲ ਏਐੱਸਆਈ ਗੁਰਦਿਆਲ ਸਿੰਘ ਖਿਲਾਫ ਪਰਚਾ ਕਰਵਾਉਣ ਦੀ ਗੱਲ ਆਖ ਕੇ ਗਏ ਹੋ। ਇਸ ਤੋਂ ਬਾਅਦ ਪੀੜਤ ਧਿਰ ਦਾ ਰਿਸ਼ਤੇਦਾਰ ਕਹਿੰਦਾ ਹੈ ਕਿ ਏਐੱਸਆਈ ਨੇ ਸਾਡੇ ਤੋਂ 30 ਹਜ਼ਾਰ ਰੁਪਏ ਲਏ ਹਨ, ਜਿਸ 'ਤੇ ਚੌਕੀ ਇੰਚਾਰਜ ਕਹਿੰਦੇ ਹਨ ਕਿ ਫਿਰ ਕੀ ਹੋ ਗਿਆ। ਇਸ ਤੋਂ ਬਾਅਦ ਪੀੜਤ ਧਿਰ ਦਾ ਨਜ਼ਦੀਕੀ ਚੌਕੀ ਇੰਚਾਰਜ ਨੂੰ ਸਵਾਲ ਪੁੱਛਦਾ ਹੈ ਕਿ ਕੀ ਏਐੱਸਆਈ ਪੈਸੇ ਲੈ ਸਕਦਾ ਤਾਂ ਅੱਗੋਂ ਚੌਕੀ ਇੰਚਾਰਜ ਕਹਿੰਦੇ ਸੁਣਾਈ ਦਿੰਦੇ ਹਨ ਕਿ ਤੁਸੀਂ ਕਹਿ ਦਿਉ ਕਿ ਨਿਰਮਲ ਸਿੰਘ ਨੇ ਲਏ ਹਨ।

ਪੀੜਤ ਧਿਰ ਦਾ ਨਜ਼ਦੀਕੀ ਕਹਿੰਦਾ ਹੈ ਕਿ ਤੁਸੀਂ ਸਿਰਫ ਪੰਜ ਹਜ਼ਾਰ ਲਏ ਹਨ। ਇਸ ਤੋਂ ਬਾਅਦ ਜਦੋਂ ਪੀੜਤ ਧਿਰ ਦਾ ਨਜ਼ਦੀਕੀ ਕਹਿੰਦਾ ਹੈ ਕਿ ਇਨ੍ਹੇ ਐੱਸਐੱਚਓ ਦੇ ਨਾਮ 'ਤੇ ਸਾਡੇ ਤੋਂ ਦਸ ਹਜ਼ਾਰ ਰੁਪਏ ਲਏ ਹਨ ਤਾਂ ਚੌਕੀ ਇੰਚਾਰਜ ਕਹਿੰਦੇ ਹਨ ਕਿ ਐੱਸਐੱਚਓ ਜਾ ਕੇ ਖਸਮਾਂ ਨੂੰ ਖਾਵੇ, ਸਾਡੀ ਮਰਜ਼ੀ ਅਸੀਂ ਐੱਸਐੱਚਓ ਨੂੰ ਹਿੱਸਾ ਦਈਏ ਜਾਂ ਨਾ ਦਈਏ। ਇਸ ਤੋਂ ਬਾਅਦ ਚੌਕੀ ਇੰਚਾਰਜ ਪੀੜਤ ਧਿਰ ਨਾਲ ਸਬੰਧਤ ਵਿਅਕਤੀ ਨੂੰ ਖੁੱਲ੍ਹਾ ਚੈਲੰਜ ਕਰਦਿਆਂ ਕਹਿੰਦਾ ਹੈ ਕਿ ਤੂੰ ਕਰਵਾ ਲਾ ਜਿਹੜਾ ਪਰਚਾ ਕਰਵਾਉਣਾ। ਉੱਧਰ ਇਸ ਮਾਮਲੇ ਸੰਬੰਧੀ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਡੀਐਸਪੀ ਜਸਪਾਲ ਸਿੰਘ ਨੇ ਕਿਹਾ ਕਿ ਵਾਇਰਲ ਆਡੀਓ ਸੰਬੰਧੀ ਜਾਣਕਾਰੀ ਮਿਲਣ ਮਗਰੋਂ ਚੌਕੀ ਇੰਚਾਰਜ ਸਮੇਤ ਏਐੱਸਆਈ ਗੁਰਦਿਆਲ ਸਿੰਘ ਨੂੰ ਸਸਪੈਂਡ ਕਰਕੇ ਮਾਮਲੇ ਦੀ ਜਾਂਚ ਸ਼ੁਰੂ ਕੀਤੀ ਜਾ ਚੁੱਕੀ ਹੈ।

# 'ਮੰਗਾਂ ਨੂੰ ਲੈ ਕੇ ਕਿਸਾਨ ਮਜ਼ਦੂਰ ਜਥੇਬੰਦੀ ਵੱਲੋਂ ਔਰਤਾਂ ਦੀਆਂ ਕਨਵੈਨਸ਼ਨਾਂ ਸ਼ੁਰੂ



ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)-ਉੱਤਰ ਭਾਰਤ ਦੀਆਂ 16 ਜਥੇਬੰਦੀਆਂ ਵੱਲੋਂ ਤਾਲਮੇਲ ਕਮੇਟੀ ਦੇ ਮੈਂਬਰ ਸਰਵਣ ਸਿੰਘ ਪੰਧੇਰ, ਸੁਰਜੀਤ ਸਿੰਘ ਫੂਲ, ਜਸਵਿੰਦਰ ਸਿੰਘ ਲੌਂਗੋਵਾਲ ਅਤੇ ਅਮਰਜੀਤ ਸਿੰਘ ਮੋਹੜੀ ਵੱਲੋ ਪਿਛਲੇ ਦਿਨੀਂ ਜਥੇਬੰਦੀਆ ਦੀ ਮੀਟਿੰਗ ਵਿੱਚ ਹੜ੍ਹਾਂ ਦੇ ਮੁਆਵਜ਼ੇ ਤੇ ਕੇਂਦਰ ਸਰਕਾਰ ਵਲੋਂ ਪੈਕੇਜ ਨਾ ਦੇਣ ਕਰਕੇ ਅਤੇ ਹੋਰ ਮੰਗਾਂ ਨੂੰ ਲੈ ਕੇ 22 ਅਗਸਤ ਨੂੰ ਚੰਡੀਗੜ੍ਹ ਵੱਲ ਟਰੈਕਟਰਾਂ ਟਰਾਲੀਆਂ ਨਾਲ ਕੂਚ ਦਾ ਫੈਸਲਾ ਕੀਤਾ ਗਿਆ ਸੀ। ਇਸ ਮੋਰਚੇ ਦੀਆਂ ਤਿਆਰੀਆਂ ਦੇ ਚਲਦੇ ਪੰਜਾਬ ਵਿਚ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵੱਲੋਂ ਔਰਤਾਂ ਦੀਆਂ ਕਨਵੈਨਸਨਾਂ ਕਰਕੇ ਤਿਆਰੀਆਂ ਸ਼ੁਰੂ ਕਰਦੇ ਹੋਏ ਜਥੇਬੰਦੀ ਦੇ ਸੀਨੀਅਰ ਆਗੂ ਸਰਵਣ ਸਿੰਘ ਪੰਧੇਰ, ਜ਼ਿਲ੍ਹਾ ਪ੍ਰਧਾਨ ਰਣਜੀਤ ਸਿੰਘ ਕਲੇਰ ਬਾਲਾ, ਸੂਬਾ ਆਗੂ ਜਰਮਨਜੀਤ ਬੰਡਾਲਾ ਦੀ ਅਗਵਾਈ ਵਿੱਚ ਜ਼ਿਲ੍ਹਾ ਅੰਮ੍ਰਿਤਸਰ ਵੱਲੋਂ ਪਿੰਡ ਰਮਾਣਾਚੱਕ ਵਿੱਚ ਔਰਤਾਂ ਦੀ ਵੱਡੀ ਕਨਵੈਨਸ਼ਨ ਕੀਤੀ ਗਈ। ਉਨ੍ਹਾਂ ਮੰਗ ਕੀਤੀ ਕਿ ਸਰਕਾਰ ਪੂਰੇ ਉੱਤਰ ਭਾਰਤ ਵਿਚ ਹੜ੍ਹਾਂ ਨਾਲ ਹੋਏ ਨੁਕਸਾਨ ਦਾ ਕੇਂਦਰ ਸਰਕਾਰ 50 ਹਜ਼ਾਰ ਕਰੋੜ ਰੁਪਏ ਦਾ ਵਿਸ਼ੇਸ਼ ਪੈਕੇਜ ਦੀ ਮੰਗ, ਘੱਗਰ ਪਲਾਨ ਮੁਤਾਬਕ ਸਾਰੇ ਦਰਿਆਵਾਂ ਦਾ ਪੱਕਾ ਹੱਲ ਕਰਨ, ਮਾਰੀਆਂ ਗਈਆਂ ਫਸਲਾਂ ਦਾ 50 ਹਜ਼ਾਰ ਪ੍ਰਤੀ ਏਕੜ ਮੁਆਵਜ਼ਾ, ਮਾਰੇ ਗਏ ਪਸ਼ੂ ਧਨ ਦਾ 1 ਲੱਖ ਰੁਪਏ ਮੁਆਵਜ਼ਾ, ਜਿਨ੍ਹਾਂ ਖੇਤਾਂ ਵਿੱਚ ਹੜ੍ਹਾਂ ਕਾਰਨ ਰੇਤ ਭਰ ਗਈ ਹੈ ਉਨ੍ਹਾਂ ਦੀ ਮਾਈਨਿੰਗ ਦਾ ਪ੍ਰਬੰਧ, ਬੋਰਵੈਲ ਦੇ ਨੁਕਸਾਨ ਦਾ ਮੁਆਵਜ਼ਾ, ਰੁੜ੍ਹ ਗਏ ਖੇਤਾਂ ਦਾ ਸਪੈਸ਼ਲ ਪੈਕੇਜ,1 ਸਾਲ ਲਈ ਸਾਰੇ ਕਰਜ਼ੇ ਮੁਆਫ ਕੀਤੇ ਜਾਣ ਅਤੇ ਵਿਆਜ ਮਾਫ ਕੀਤਾ ਜਾਵੇ, ਐੱਮਐੱਸਪੀ ਗਰੰਟੀ ਕਨੂੰਨ ਬਣਾਉਣ ਅਤੇ ਮਨਰੇਗਾ ਸਕੀਮ ਤੁਰੰਤ ਚਾਲੂ ਕਰਨ ਅਤੇ 200 ਦਿਨ ਦਾ ਕੰਮ ਦਿੱਤਾ ਜਾਵੇ। ਇਸ ਮੌਕੇ ਮਣੀਪੁਰ ਅਤੇ ਹਰਿਆਣਾ ਹਿੰਸਾ ਖਿਲਾਫ ਨਿੰਦਾ ਮਤੇ ਪਾਸ ਕੀਤੇ ਗਏ। ਇਸ ਮੌਕੇ ਸੂਬਾ ਪ੍ਰੈਸ ਸਕੱਤਰ ਕੰਵਰਦਲੀਪ ਸੈਦੋਲੇਹਲ ਨੇ ਕਿਹਾ ਕਿ ਨਸ਼ੇ ਦੇ ਕਹਿਰ ਹੇਠ ਨਿਤ ਪੰਜਾਬ ਦੀ ਨੌਜਵਾਨੀ ਦਮ ਤੋੜ ਰਹੀ ਹੈ। ਇਸ ਤੇ ਪੰਜਾਬ ਸਰਕਾਰ ਲਾਪਰਵਾਹੀ ਕਰ ਰਹੀ ਹੈ ਹਾਲਾਂਕਿ ਲੰਬੇ ਸਮੇਂ ਤੋਂ ਇਸ ਮੁੱਦੇ ਤੇ ਸੰਘਰਸ਼ ਵੀ ਕਰ ਰਹੀ ਹੈ ਪਰ ਅਗਰ ਸਰਕਾਰ ਨੇ ਜਲਦ ਸਖਤ ਕਦਮ ਨਾ ਚੁੱਕੇ ਤਾਂ ਆਉਂਦੇ ਦਿਨਾਂ 'ਚ ਜਥੇਬੰਦੀ ਤਿੱਖਾ ਐਕਸ਼ਨ ਕਰੇਗੀ। ਇਸ ਮੌਕੇ ਜ਼ਿਲ੍ਹਾ ਆਗੂ ਅਮਰਦੀਪ ਸਿੰਘ ਗੋਪੀ, ਬਲਵਿੰਦਰ ਸਿੰਘ ਰੁਮਾਣਾਚੱਕ, ਸੁਖਦੇਵ ਸਿੰਘ ਚਾਟੀਵਿੰਡ, ਚਰਨ ਸਿੰਘ ਕਲੇਰ ਘੁੰਮਾਣ, ਰਣਜੀਤ ਸਿੰਘ ਚਾਟੀਵਿੰਡ, ਅਮਨਿੰਦਰ ਸਿੰਘ ਮਾਲੋਵਾਲ, ਬਲਵਿੰਦਰ ਸਿੰਘ ਸੈਦੂਕੇ, ਬੀਬੀ ਪਰਮਜੀਤ ਕੌਰ, ਬੀਬੀ ਕੁਲਵਿੰਦਰ ਕੌਰ, ਬੀਬੀ ਸੁਰਜੀਤ ਕੌਰ, ਗੁਰਮੀਤ ਕੌਰ ਚੋਗਾਵਾਂ, ਬੀਬੀ ਰਣਧੀਰ ਕੌਰ ਨੇ ਕਨਵੈਨਸ਼ਨ ਨੂੰ ਸੰਬੋਧਨ ਕੀਤਾ .

# ਨਗਰ ਨਿਗਮ ਬਟਾਲਾ ਨੇ ਸ਼ਹਿਰ 'ਚ ਵੱਖ-ਵੱਖ ਥਾਈਂ ਫੋਗਿੰਗ ਕਰਵਾਈ



ਬਟਾਲਾ (ਤਰਲੋਕ ਬੱਗਾ)—ਨਗਰ ਨਿਗਮ ਬਟਾਲਾ ਵਲੋਂ ਅੱਜ ਸਵੇਰੇ, ਸ੍ਰੀ ਅਚਲੇਸ਼ਵਰ ਧਾਮ, ਆਈਟੀਆਈ, ਸੇਂਟ ਫਰਾਂਸਿਸ ਸਕੂਲ, ਲੇਬਰ ਕਾਲੋਨੀ, ਸੁਭਾਸ਼ ਪਾਰਕ ਅਤੇ ਗੁਰੂ ਰਾਮਦਾਸ ਕਾਲੋਨੀ ਵਿਖੇ ਫੋਗਿੰਗ ਕਰਵਾਈ ਗਈ ਅਤੇ ਲੋਕਾਂ ਨੂੰ ਡੇਂਗੂ ਦੀ ਬਿਮਾਰੀ ਵਿਰੁੱਧ ਜਾਗਰੂਕ ਕੀਤਾ। ਇਸ ਮੌਕੇ ਗੱਲਬਾਤ ਦੌਰਾਨ ਡਾ. ਸ਼ਾਇਰੀ ਭੰਡਾਰੀ, ਐਸਡੀਐਮ-ਕਮ-ਕਮਿਸ਼ਨਰ ਨਗਰ ਨਿਗਮ ਬਟਾਲਾ ਨੇ ਦੱਸਿਆ ਕਿ ਲੋਕਾਂ ਨੂੰ ਅਪੀਲ ਕੀਤੀ ਜਾ ਰਹੀ ਹੈ ਕਿ ਉਹ ਆਪਣੇ ਘਰਾਂ ਅਤੇ ਆਲੇ ਦੁਆਲੇ ਪਾਣੀ ਖੜ੍ਹਾ ਨਾ ਹੋਣ ਦੇਣ ਅਤੇ ਪੁਰਾਣੇ ਟਾਇਰਾਂ ਜਾਂ ਕਬਾੜ ਆਦਿ ਵਿਚ ਜਮ੍ਹਾ ਪਾਣੀ ਨੂੰ ਸਾਫ ਕਰਨ ਕਿਉਂਕਿ ਇਸੇ ਤਰਾਂ ਦੇ ਪਾਣੀ ਵਿਚ ਡੇਂਗੂ ਦਾ ਮੱਛਰ ਪਲਦਾ ਹੈ। ਉਨਾਂ ਲੋਕਾਂ ਨੂੰ ਫੋਗਿੰਗ ਕਰ ਰਹੀਆਂ ਟੀਮਾਂ ਨਾਲ ਸਹਿਯੋਗ ਕਰਨ ਲਈ ਕਿਹਾ। ਕਮਿਸ਼ਨਰ ਨਗਰ ਨਿਗਮ ਬਟਾਲਾ ਨੇ ਅੱਗੇ ਕਿਹਾ ਕਿ ਲੋਕ ਆਪਣੇ ਘਰਾਂ/ਦੁਕਾਨਾਂ/ਸਰਕਾਰੀ ਦਫਤਰਾਂ ਵਿੱਚ ਮੌਜੂਦ ਕੂਲਰ, ਗਮਲੇ, ਟਾਇਰਾਂ, ਟੈਂਕੀਆਂ, ਫਰਿੱਜ ਦੇ ਪਿੱਛੇ ਲੱਗੀ ਟਰੇਅ ਵਿਚੋ ਹਰ ਸ਼ੁਕਰਵਾਰ ਨੂੰ ਪਾਣੀ ਕੱਢ ਕੇ ਜਰੂਰ ਸੁਕਾਉਣ। ਮੱਛਰ ਦੇ ਕੱਟਣ ਤੋ ਬਚਾਅ ਕੀਤਾ ਜਾਵੇ, ਪੂਰੀ ਬਾਂਹ ਵਾਲੇ ਅਤੇ ਸ਼ਰੀਰ ਨੂੰ ਢੱਕਣ ਵਾਲੇ ਕੱਪੜੇ ਪਾਏ ਜਾਣ।

# 15 ਤੱਕ ਮਾਲ ਵਿਭਾਗ ਦੇ ਅਧਿਕਾਰੀਆਂ ਨੂੰ ਗਿਰਦਾਵਰੀ ਪ੍ਰਕਿਰਿਆ ਮੁਕੰਮਲ ਕਰਨ ਦੀਆਂ ਹਦਾਇਤਾਂ

## ਹੜ੍ਹਾਂ ਦੌਰਾਨ ਹੋਏ ਨੁਕਸਾਨ ਦਾ ਦਿੱਤਾ ਜਾਵੇਗਾ ਯੋਗ ਮੁਆਵਜ਼ਾ : ਡਿਪਟੀ ਕਮਿਸ਼ਨਰ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਬੀਤੀ ਸ਼ਾਮ ਡੇਰਾ ਬਾਬਾ ਨਾਨਕ ਇਲਾਕੇ ਦੇ ਪਿੰਡ ਪੱਖੋਕੇ ਟਾਹਲੀ ਸਾਹਿਬ, ਧਰਮਕੋਟ ਪੱਤਣ ਦਾ ਦੌਰਾ ਕੇ ਓਥੇ ਬਾਰਸ਼ਾਂ ਅਤੇ ਰਾਵੀ ਦਰਿਆ ਦੇ ਪਾਣੀ ਕਾਰਨ ਹੋਏ ਨੁਕਾਸਨ ਦਾ ਜਾਇਜ਼ਾ ਲਿਆ ਗਿਆ। ਇਸ ਮੌਕੇ ਉਨ੍ਹਾਂ ਮਾਲ ਵਿਭਾਗ ਦੇ ਅਧਿਕਾਰੀਆਂ ਨੂੰ 15 ਅਗਸਤ ਤੋਂ ਪਹਿਲਾਂ-ਪਹਿਲਾਂ ਗਿਰਦਾਵਰੀ ਦਾ ਕੰਮ ਮੁਕੰਮਲ ਕਰਨ ਦੀ ਹਦਾਇਤ ਵੀ ਕੀਤੀ। ਡਿਪਟੀ ਕਮਿਸਨਰ ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਦਿੱਤੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਗਿਰਦਾਵਰੀ ਦਾ ਕੰਮ ਜ਼ਿਲ੍ਹੇ ਵਿੱਚ ਜੰਗੀ ਪੱਧਰ ਤੇ ਜਾਰੀ ਹੈ ਅਤੇ 15 ਅਗਸਤ ਤੋਂ ਪਹਿਲਾਂ ਪਹਿਲਾਂ ਗਿਰਦਾਵਰੀ ਦੇ ਕੰਮ ਮੁਕੰਮਲ ਕੀਤਾ ਜਾਵੇਗਾ। ਉਨ੍ਹਾਂ ਮਾਲ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਘਰਾਂ, ਪਸ਼ੂਆਂ ਤੇ ਹੋਰ ਜਾਨ-ਮਾਲ ਦੇ ਨੁਕਸਾਨ ਦਾ ਮੁਲਾਂਕਣ ਵੀ ਕੀਤਾ ਜਾਵੇ ਤੇ ਕੋਈ ਵੀ ਇਸ ਸਪੈਸ਼ਲ ਗਿਰਦਾਵਰੀ ਤੋਂ ਵਾਂਝਾ ਨਹੀਂ ਰਹਿਣਾ ਚਾਹੀਦਾ। ਉਨ੍ਹਾਂ ਕਿਹਾ ਕਿ ਉਹ ਖੁਦ ਹਰ ਰੋਜ਼ ਗਿਰਦਾਵਰੀ ਦੇ ਕੰਮ ਦਾ ਜਾਇਜ਼ਾ ਲੈ ਰਹੇ ਹਨ ਅਤੇ ਹੁਣ ਤੱਕ ਹੋਈ ਪ੍ਰਗਤੀ ਬਾਰੇ ਨਿਰੀਖਣ ਕਰਨ ਲਈ ਹੀ ਅੱਜ ਉਹ ਵੱਖ-ਵੱਖ ਪਿੰਡਾਂ ਤੇ ਪ੍ਰਭਾਵਿਤ ਹੋਰ ਇਲਾਕਿਆਂ ਦਾ ਦੌਰਾ ਕਰ ਰਹੇ ਹਨ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਪਿੰਡਾਂ ਦੇ ਨਿਵਾਸੀਆਂ ਨਾਲ ਵੀ ਗੱਲਬਾਤ ਕੀਤੀ ਅਤੇ ਉਨ੍ਹਾਂ ਨੂੰ ਵਿਸ਼ਵਾਸ ਦਿਵਾਇਆ ਕਿ ਪੰਜਾਬ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸਨ ਇਸ ਔਖੀ ਘੜੀ ਵਿੱਚ ਲੋਕਾਂ ਦੇ ਨਾਲ ਖੜ੍ਹਾ ਹੈ ਤੇ ਸਰਕਾਰ ਲੋਕਾਂ ਦੇ ਹੋਏ ਨੁਕਸਾਨ ਦੀ ਪੂਰਤੀ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

# ਭਗਤ ਪੂਰਨ ਸਿੰਘ ਦੀ 31ਵੀਂ ਬਰਸੀ ਨੂੰ ਸਮਰਪਿਤ ਸਮਾਗਮਾਂ ਦੀ ਲੜੀ ਸਮਾਪਤ

## ਪਿੰਗਲਵਾੜਾ ਨੂੰ ਕਟਾਰੂਚੱਕ ਵੱਲੋਂ ਅਖਤਿਆਰੀ ਫੰਡ 'ਚੋਂ 5 ਲੱਖ ਰੁਪਏ ਦੇਣ ਦਾ ਐਲਾਨ



ਅੰਮ੍ਰਿਤਸਰ (ਨਰਿੰਦਰਜੀਤ ਸਿੰਘ)-ਭਗਤ ਪੂਰਨ ਸਿੰਘ ਜੀ ਦੀ 31ਵੀਂ ਬਰਸੀ ਦੇ ਸਮਾਗਮਾਂ ਦੀ ਲੜੀ ਦੇ ਆਖਰੀ ਦਿਨ 5 ਅਗਸਤ ਨੂੰ ਸਵੇਰੇ ਸਹਿਜ ਪਾਠ ਦੇ ਭੋਗ ਪਾਏ ਗਏ। ਉਪਰੰਤ ਪਿੰਗਲਵਾੜਾ ਸੰਸਥਾ ਦੇ ਬੱਚਿਆਂ, ਜੁਝਾਰ ਸਿੰਘ ਮਿਸ਼ਨਰੀ ਕਾਲਜ ਚੌਂਤਾ ਕਲਾਂ (ਰੋਪੜ) ਦੇ ਵਿਦਿਆਰਥੀ, ਭਾਈ ਜਸਬੀਰ ਸਿੰਘ ਪੰਜਾਬ ਐਂਡ ਸਿੰਧ ਬੈਂਕ ਵਾਲੇ, ਭਾਈ ਸਤਵਿੰਦਰ ਸਿੰਘ ਬੋਦਲ ਤੇ ਉਨ੍ਹਾਂ ਦੇ ਸਾਥੀ ਜਥੇ ਨੇ ਗੁਰਬਾਣੀ ਦਾ ਰਸ ਭਿੰਨਾ ਕੀਰਤਨ ਕਰਕੇ ਪੰਡਾਲ ਵਿੱਚ ਬੈਠੀਆਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਉਪਰੰਤ ਸਿੰਗਾਪੁਰ ਨਿਵਾਸੀ ਅਮਰਦੀਪ ਸਿੰਘ ਅਤੇ ਉਨ੍ਹਾਂ ਦੀ ਧਰਮ ਪਤਨੀ ਵਿਨਿੰਦਰ ਕੌਰ ਵੱਲੋਂ ਗੁਰੂ ਨਾਨਕ ਦੇਵ ਜੀ ਉੱਪਰ ਬਣੀਆਂ ਅਨੋਖੀਆਂ ਦਸਤਾਵੇਜ਼ੀ ਫਿਲਮਾਂ ਨੂੰ ਤਿਆਰ ਕਰਕੇ ਸੰਗਤਾਂ ਨੂੰ ਸਮਰਪਿਤ ਕਰਨ ਲਈ ਦਿੱਤੇ ਯੋਗਦਾਨ ਲਈ ਪਿੰਗਲਵਾੜਾ ਸੰਸਥਾ ਵੱਲੋਂ ਭਗਤ ਪੂਰਨ ਸਿੰਘ ਮਾਨਵ ਸੇਵਾ ਐਵਾਰਡ ਨਾਲ ਸਨਮਾਨਤ ਕੀਤਾ ਗਿਆ। ਇਸ ਮੌਕੇ ਅਮਰਦੀਪ ਸਿੰਘ ਦੀ ਬੇਟੀ ਦਾਤੀ ਕੌਰ ਵੱਲੋਂ ਆਪਣੇ ਹੱਥੀਂ ਬਣਾਈ ਪੇਟਿੰਗ ਡਾ. ਇੰਦਰਜੀਤ ਕੌਰ ਨੂੰ ਤੋਹਫ਼ੇ ਵਜੋਂ ਭੇਟ ਕੀਤੀ ਗਈ। ਇਸ ਮੌਕੇ ਜਸਪ੍ਰੀਤ ਸਿੰਘ ਸਮੁੰਦਰੀ, ਅਮਰਦੀਪ ਸਿੰਘ ਵੱਲੋਂ ਤਿਆਰ ਦਸਤਾਵੇਜ਼ੀ ਵਿੱਚ ਸੰਗੀਤ ਦੀ ਸੇਵਾ ਨਿਭਾਉਣ ਵਾਲੇ ਭਾਈ ਸਤਵਿੰਦਰ ਸਿੰਘ ਬੋਦਲ ਅਤੇ ਮਹਾਂਵੀਰ ਸਿੰਘ ਨੂੰ ਵੀ ਸਨਮਾਨਿਤ ਕੀਤਾ ਗਿਆ। ਖੇਤੀਬਾੜੀ ਮਾਮਲਿਆਂ ਦੇ ਮਾਹਿਰ ਅਤੇ ਉੱਘੇ ਲੇਖਕ ਦਵਿੰਦਰ ਸ਼ਰਮਾ ਦੇ ਲੇਖਾਂ ਨੂੰ ਇਕੱਤਰ ਕਰਕੇ ਕਿਤਾਬ ਦੇ ਰੂਪ ਵਿੱਚ ਪਿੰਗਲਵਾੜਾ ਸੰਸਥਾ ਵੱਲੋਂ ਪੁਸਤਕ 'ਗਰਾਊਂਡ ਰੀਐਲਟੀ' ਵੀ ਲੋਕਾਂ ਨੂੰ ਅਰਪਣ ਕੀਤੀ ਗਈ।

ਇਸ ਮੌਕੇ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਭਗਤ ਪੂਰਨ ਸਿੰਘ ਵਰਗੀ ਸਖਸ਼ੀਅਤ ਨੇ ਲੋਕਾਂ ਦੀ ਪੀੜ ਨੂੰ ਆਪਣੀ ਪੀੜ ਮੰਨਿਆ ਅਤੇ ਮਨੁੱਖਤਾ ਤੇ ਲਾਵਾਰਾਸਾਂ ਦੀ ਸੇਵਾ ਲਈ ਪੂਰਾ ਜੀਵਨ ਅਰਪਣ ਕਰ ਦਿੱਤਾ। ਉਨਾਂ ਨੇ ਪਿੰਗਲਵਾੜਾ ਸੰਸਥਾ ਨੂੰ ਆਪਣੇ ਅਖਤਿਆਰੀ ਫੰਡ ਵਿੱਚੋਂ 5 ਲੱਖ ਰੁਪਏ ਦੇਣ ਦਾ ਐਲਾਨ ਕੀਤਾ। ਇਸ ਪ੍ਰੋਗਰਾਮ ਵਿੱਚ ਸਵਰਗੀ ਸੁੰਦਰ ਲਾਲ ਬਹੁਗੁਣਾ (ਚਿਪਕੋ ਬਾਨੀ ਅੰਦੋਲਨ) ਦੇ ਪਰਿਵਾਰਕ ਮੈਂਬਰ, ਡਾ. ਪਾਠਕ ਅਤੇ ਮਧੂ ਪਾਠਕ, ਗੋਬਿੰਦ ਸਿੰਘ ਅਕੋਈ, ਇੰਪੀਰੀਅਲ ਹੋਟਲ ਨਵੀਂ ਦਿੱਲੀ ਵਾਲੇ, ਗੋਬਿੰਦ ਸਿੰਘ ਲੌਂਗੋਵਾਲ, ਸਾਬਕਾ ਮੰਤਰੀ ਅਤੇ ਸਾਬਕਾ ਪ੍ਰਧਾਨ ਐਸਜੀਪੀਸੀ., ਅਸ਼ੋਕ ਸੇਠੀ, ਗੁਰਚਰਨ ਸਿੰਘ ਨੂਰਪੁਰ ਉੱਘੇ ਵਾਤਾਵਰਨ ਚਿੰਤਕ ਅਤੇ ਲੇਖਕ ਆਦਿ ਉਚੇਰੇ ਤੌਰ ਤੇ ਸ਼ਾਮਲ ਹੋਏ। ਸਟੇਜ ਦਾ ਸੰਚਾਲਨ ਰਾਜਬੀਰ ਸਿੰਘ ਮੈਂਬਰ ਪਿੰਗਲਵਾੜਾ ਸੁਸਾਇਟੀ ਵੱਲੋਂ ਸੁਚਾਰੂ ਰੂਪ ਨਾਲ ਕੀਤਾ ਗਿਆ। ਇਸ ਮੌਕੇ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਸੰਗਤਾਂ ਉਚੇਚੇ ਤੌਰ ਤੇ ਬੱਸਾਂ ਰਾਹੀਂ ਹੁੰਮ-ਹੁੰਮਾ ਕੇ ਪੁੱਜੀਆਂ।

# ਕਾਹਲੋਂ ਨੇ ਨਗਰ ਕੌਂਸਲ ਚੋਣਾਂ ਨੂੰ ਲੈ ਕੇ ਅਕਾਲੀ ਵਰਕਰਾਂ ਨਾਲ ਕੀਤੀ ਪਲੇਠੀ ਮੀਟਿੰਗ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਪੰਜਾਬ ਵਿੱਚ ਨਵੰਬਰ ਮਹੀਨੇ ਵਿੱਚ ਹੋਣ ਵਾਲੀਆਂ ਨਗਰ ਕੌਂਸਲ ਦੀਆਂ ਚੋਣਾਂ ਨੂੰ ਲੈ ਕੇ ਡੇਰਾ ਬਾਬਾ ਨਾਨਕ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਰਵੀਕਰਨ ਸਿੰਘ ਕਾਹਲੋਂ ਵੱਲੋਂ ਸੀਨੀਅਰ ਅਕਾਲੀ ਆਗੂ ਬਲਵਿੰਦਰ ਸਿੰਘ ਬਿੱਲੂ ਦੇ ਗ੍ਰਹਿ ਡੇਰਾ ਬਾਬਾ ਨਾਨਕ ਵਿਖੇ ਅਕਾਲੀ ਦਲ ਦੇ ਸੀਨੀਅਰ ਆਗੂਆਂ ਤੇ ਵਰਕਰਾਂ ਦੀ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ। ਇਸ ਮੌਕੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਰਵੀਕਰਨ ਸਿੰਘ ਕਾਹਲੋਂ ਨੇ ਕਿਹਾ ਕਿ ਡੇਰਾ ਬਾਬਾ ਨਾਨਕ ਨਗਰ ਕੌਂਸਲ ਦੀਆਂ ਹੋਣ ਵਾਲੀਆਂ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਬਾਦਲ ਨਗਰ ਕੌਂਸਲ ਡੇਰਾ ਬਾਬਾ ਨਾਨਕ ਦੀਆਂ ਸਾਰੀਆਂ ਵਾਰਡਾਂ ਵਿੱਚ ਆਪਣੇ ਉਮੀਦਵਾਰ ਖੜ੍ਹੇ ਕਰੇਗਾ। ਉਨ੍ਹਾਂ ਕਿਹਾ ਕਿ ਇਹ ਨਗਰ ਕੌਂਸਲ ਦੀ ਚੋਣ ਸਾਡੇ ਲਈ ਨਵੀਂ ਨਹੀਂ ਹੈ, ਇਸ ਨਗਰ ਕੌਂਸਲ ਤੋਂ ਪਹਿਲਾਂ ਵੀ ਸ਼੍ਰੋਮਣੀ ਅਕਾਲੀ ਦਲ ਬਾਦਲ ਦੀ ਸਰਕਾਰ ਦੌਰਾਨ ਮੇਰੇ ਪਿਤਾ ਸਵਰਗਵਾਸੀ ਨਿਰਮਲ ਸਿੰਘ ਕਾਹਲੋਂ ਦੀ ਅਗਵਾਈ ਹੇਠ ਤਿੰਨ ਵਾਰ ਭਾਰੀ ਬਹੁਮੱਤ ਨਾਲ ਚੋਣਾਂ ਜਿੱਤੀਆਂ ਜਾ ਚੁੱਕੀਆਂ ਹਨ। ਉਨ੍ਹਾਂ ਕਿਹਾ ਕਿ ਪਹਿਲਾਂ ਵੀ ਸਾਡੀ ਸਰਕਾਰ ਦੌਰਾਨ ਇਸ ਇਤਿਹਾਸਕ ਕਸਬੇ ਵਿੱਚ ਸੀਵਰੇਜ, ਸਟਰੀਟ ਲਾਈਟਾਂ, ਟਰੀਟਮੈਂਟ ਪਲਾਂਟ ਸਮੇਤ ਵੱਖ-ਵੱਖ ਤਰ੍ਹਾਂ ਦੇ ਵਿਕਾਸ ਕਾਰਜ ਕਰਵਾ ਕੇ ਕਸਬੇ ਦੇ ਲੋਕਾਂ ਨੂੰ ਸ਼ਹਿਰਾ ਵਾਲੀਆਂ ਸਹੂਲਤਾਂ ਦਿੱਤੀਆ ਗਈਆਂ ਸਨ। ਉਨ੍ਹਾਂ ਕਿਹਾ ਕਿ ਨਗਰ ਕੌਂਸਲ ਡੇਰਾ ਬਾਬਾ ਨਾਨਕ ਵਿੱਚ ਇਸ ਵਾਰ ਜੋ ਪੰਜ ਪਿੰਡ ਸ਼ਾਮਲ ਹੋਏ ਹਨ, ਇਨਵਾਂ ਪਿੰਡਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਬਾਦਲ ਦਾ ਵੋਟ ਬੈਂਕ ਵੱਡੀ ਗਿਣਤੀ ਵਿੱਚ ਹੋਣ ਕਾਰਨ ਨਗਰ ਕੌਂਸਲ ਚੋਣਾਂ ਵਿੱਚ ਅਕਾਲੀ ਦਲ ਹੁੰਝਾਫੇਰ ਜਿੱਤ ਹਾਸਲ ਕਰੇਗਾ। ਉਨ੍ਹਾਂ ਕਿਹਾ ਕਿ ਚੋਣਾਂ ਸਬੰਧੀ ਹੁਣ ਤੋਂ ਲਗਾਤਾਰ ਮੀਟਿੰਗਾਂ ਦਾ ਸਿਲਸਿਲਾ ਜਾਰੀ ਰਹੇਗਾ। ਇਸ ਮੌਕੇ ਵੱਖ-ਵੱਖ ਆਗੂਆਂ ਵੱਲੋਂ ਚੋਣਾਂ ਸਬੰਧੀ ਰਵੀਕਰਨ ਸਿੰਘ ਕਾਹਲੋਂ ਨੂੰ ਆਪੋ-ਆਪਣੇ ਸੁਝਾਅ ਵੀ ਦਿੱਤੇ ਗਏ। ਇਸ ਮੌਕੇ ਸਾਬਕਾ ਨਗਰ ਕੌਂਸਲ ਪ੍ਰਧਾਨ ਐਡਵੋਕੇਟ ਪ੍ਰਮੀਤ ਸਿੰਘ ਬੇਦੀ, ਸੀਨੀਅਰ ਅਕਾਲੀ ਆਗੂ ਜਥੇਦਾਰ ਅਮਰੀਕ ਸਿੰਘ ਖਲੀਲਪੁਰ, ਸਾਬਕਾ ਚੇਅਰਮੈਨ ਬਲਵਿੰਦਰ ਸਿੰਘ ਹਰੂਵਾਲ, ਸੀ: ਅਕਾਲੀ ਆਗੂ ਨਿਰਮਲ ਸਿੰਘ ਰੱਤਾ, ਸਾਬਕਾ ਚੇਅਰਮੈਨ ਮਨਮੋਹਨ ਸਿੰਘ ਪੱਖੋਕੇ, ਸੀ : ਅਕਾਲੀ ਆਗੂ ਰਜਿੰਦਰ ਸਿੰਘ ਬਾਜਵਾ ਵੇਰੋਕੇ, ਬਲਵਿੰਦਰ ਸਿੰਘ ਬਿੱਲੂ, ਗੁਰਮੁੱਖ ਸਿੰਘ ਭੋਜਰਾਜ, ਸਤਬੀਰ ਸਿੰਘ ਬਿੱਟੂ ਪੀ ਏ, ਪਰਮਿੰਦਰ ਸਿੰਘ ਬੇਦੀ, ਮਿੰਟਾ ਡੇਰਾ ਬਾਬਾ ਨਾਨਕ, ਗੁਰਇਕਬਾਲ ਸਿੰਘ ਸੇਰਾ ਡੇਰਾ ਬਾਬਾ ਨਾਨਕ, ਅਮਰਜੀਤ ਸਿੰਘ ਝੰਗੀ, ਕਰਨੈਲ ਸਿੰਘ ਦਾਉਦੀਆ, ਲਾਡੀ ਫੌਜੀ, ਜੱਜ ਡੇਰਾ ਬਾਬਾ ਨਾਨਕ, ਨਰੇਸ਼ ਕੁਮਾਰ, ਮਨੋਹਰ ਲਾਲ, ਹਰਦੇਵ ਸਿੰਘ, ਬਲਦੇਵ ਸਿੰਘ ਤਪਾਲਾ, ਮੋਹਣ ਸਿੰਘ ਚਾਕਾਂਵਾਲੀ, ਅਮਰਜੀਤ ਸਿੰਘ ਸਾਧਾਂਵਾਲੀ, ਅਮਰਜੀਤ ਸਿੰਘ ਗੁਰਾਇਆ ਬੱਬ, ਸਤਨਾਮ ਸਿੰਘ ਮੇਤਲਾ, ਪ੍ਰੀਤਮ ਸਿੰਘ ਘਣੀਆ, ਮਨਜੀਤ ਸਿੰਘ ਲਾਲੀ ਖੁਸ਼ਹਾਲਪੁਰ, ਜਸਵਿੰਦਰ ਸਿੰਘ ਮੈਂਬਰ ਚੰਦੂ ਨੰਗਲ, ਕਾਬਲ ਸਿੰਘ ਮੇਘਾ, ਪਰਮਜੀਤ ਸਿੰਘ ਸ਼ਾਹਪੁਰ ਗੋਰਾਇਆ, ਕੁਲਵਿੰਦਰ ਸਿੰਘ ਸਾਬਕਾ ਕੌਂਸਲਰ ਅਤੇ ਕੁਲਬੀਰ ਸਿੰਘ ਆਦਿ ਹਾਜ਼ਰ ਸਨ ।

# 75ਵੇਂ ਆਜ਼ਾਦੀ ਦਿਹਾੜੇ ਮੌਕੇ ਹਰ ਪਿੰਡ 'ਚ ਲਗਾਏ ਜਾਣਗੇ 75 ਪੌਦੇ: ਭੁੱਲਰ



ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)—ਰੁੱਖਾਂ ਦੀ ਅੰਨ੍ਹੇਵਾਹ ਕਟਾਈ ਕਾਰਨ ਰੁੱਖਾਂ ਦੀ ਲਗਾਤਾਰ ਗਿਣਤੀ ਘਟਦੀ ਜਾ ਰਹੀ ਜਿਸ ਕਾਰਨ ਵਾਤਾਵਰਨ ਦੂਸ਼ਿਤ ਹੋ ਰਿਹ। ਵਾਤਾਵਰਣ ਨੂੰ ਸ਼ੁੱਧ ਰੱਖਣ ਦੇ ਮੰਤਵ ਨਾਲ ਵਣ ਤੇ ਜੰਗਲੀ ਜੀਵ ਸੁਰੱਖਿਆ ਵਿਭਾਗ ਪੰਜਾਬ ਵੱਲੋਂ ਦੇਸ਼ ਦੀ ਆਜ਼ਾਦੀ ਦੇ 75ਵੀਂ ਵਰ੍ਹੇਗੰਢ ਹਰ ਪਿੰਡ 'ਚ 75 ਬੂਟੇ ਲਗਾਉਣ ਤੇ ਰਾਜ ਵਿਚ ਪ੍ਰਤੀ ਟਿਊਬਵੈਲ ਦੁਆਲੇ 3 ਪੌਦੇ ਲਗਾਉਣ ਦੀ ਮੁਹਿੰਮ ਚਲਾਈ ਗਈ ਹੈ ਜਿਸ 'ਤੇ ਹਲਕੇ 'ਚ ਪੌਦੇ ਲਗਾਉਣ ਦੀ ਸ਼ੁਰੂਆਤ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਲੜਕੇ ਪੱਟੀ ਦੇ ਖੇਡ ਮੈਦਾਨ ਤੋਂ ਕੀਤੀ। ਇਸ ਮੌਕੇ ਭੁੱਲਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੂਰੇ ਪੰਜਾਬ ਦੇ ਸ਼ਹਿਰ-ਸ਼ਹਿਰ, ਪਿੰਡ-ਪਿੰਡ ਦੇਸ਼ ਦੀ ਆਜ਼ਾਦੀ ਦੀ 75ਵੀਂ ਵਰੇਗੰਢ ਮੌਕੇ ਪੌਦੇ ਲਗਾਏ ਜਾ ਰਹੇ ਹਨ। ਇਸ ਮੌਕੇ ਉਨ੍ਹਾਂ ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ ਅਮ੍ਰਿਤਸਰ ਦੇ ਅਫਸਰ ਅਮਨੀਤ ਸਿੰਘ ਅਤੇ ਵਣ ਰੇਂਜ ਅਫਸਰ ਪੱਟੀ ਮੁਕੇਸ਼ ਕੁਮਾਰ, ਪਰਮਜੀਤ ਸਿੰਘ ਗਿੱਲ ਇੰਚਾਰਜ ਬਲਾਕ ਅਫਸਰ ਪੱਟੀ ਅਤੇ ਸਮੂਹ ਸਟਾਫ ਨੂੰ ਹਦਾਇਤ ਕੀਤੀ ਕਿ ਉਹ ਜੋ ਵੀ ਸਮਾਜ ਸੇਵੀ ਸੰਸਥਾਵਾਂ ਜਾਂ ਹੋਰ ਨੌਜਵਾਨ ਪੌਦੇ ਲਗਾਉਣਾ ਚਾਹੁੰਦੇ ਹਨ ਉਨ੍ਹਾਂ ਨੂੰ ਕਿਸੇ ਤਰ੍ਹਾਂ ਦੀ ਕੋਈ ਮੁਸ਼ਕਿਲ ਨਾ ਆਵੇ ਅਤੇ ਪੌਦੇ ਲਗਾਉਣ ਦੀ ਮੁਹਿੰਮ ਨੂੰ ਬਹੁਤ ਜਲਦੀ ਮੁਕੰਮਲ ਕੀਤਾ ਜਾਵੇ। ਇਸ ਮੌਕੇ ਵਣ ਰੇਂਜ ਅਫਸਰ ਮੁਕੇਸ਼ ਕੁਮਾਰ ਨੇ ਭੁੱਲਰ ਨੂੰ ਵਿਸ਼ਵਾਸ ਦਿਵਾਇਆ ਕਿ ਪੌਦੇ ਲਗਾਉਣ ਦੀ ਮੁਹਿੰਮ ਨੂੰ ਲੋਕਾਂ ਦੇ ਸਹਿਯੋਗ ਨਾਲ ਬਹੁਤ ਜਲਦੀ ਮੁਕੰਮਲ ਕੀਤਾ ਜਾਵੇਗਾ। ਇਸ ਮੌਕੇ ਦਿਲਬਾਗ ਸਿੰਘ ਚੇਅਰਮੈਨ, ਗੁਰਪਰਿੰਦਰ ਸਿੰਘ ਉਪਲ, ਕੁਲਵੰਤ ਸਿੰਘ ਕਲਸੀ, ਨਛੱਤਰ ਸਿੰਘ ਰਾੜੀਆ, ਗੁਰਵੇਲ ਸਿੰਘ ਲੁਹਾਰੀਆ, ਵਿਨੋਦ ਕੁਮਾਰ ਖੰਨਾ ਪ੍ਰਧਾਨ, ਰਾਜਵਿੰਦਰ ਸਿੰਘ ਔਲਖ, ਫੂਲਾ ਸਿੰਘ, ਬਲਜਿੰਦਰ ਸਿੰਘ ਮਲਹਾਰ, ਹਰਜਿੰਦਰ ਸਿੰਘ ਕੌਂਸਲਰ, ਬਿੱਲਾ ਜ਼ੋਸਨ, ਅਸਵਨੀ ਕੁਮਾਰ, ਸੁਰਜੀਤ ਸਿੰਘ, ਇੰਦਰਜੀਤ ਗੋਪੀ, ਨਵਦੀਪ ਸਿੰਘ ਬੁੱਟਰ, ਅਵਤਾਰ ਸਿੰਘ, ਚੰਦਨ ਕੁਮਾਰ, ਸਾਬ ਠੱਕਰਪੁਰਾ, ਗੁਰਲਾਲ ਸਿੰਘ, ਬਲਬੀਰ ਸਿੰਘ ਲੁਹਾਰੀਆ, ਸੰਦੀਪ ਕੁਮਾਰ ਵਾਇਸ ਪ੍ਰਧਾਨ, ਸੁਖਦੇਵ ਸਿੰਘ ਫੌਜੀ, ਧਰਮਵੀਰ ਧਨੋਆ, ਰਾਜੇਸ਼ ਸਭਰਵਾਲ, ਅੰਗਰੇਜ਼ ਸਿੰਘ ਢਿੱਲੋਂ ਆਦਿ ਹਾਜ਼ਰ ਸਨ।

# ਗੁਰੂ ਨਾਨਕ ਦੇਵ ਅਕੈਡਮੀ ਦੇ ਹੋਣਹਾਰ ਬੱਚੇ ਸਨਮਾਨਿਤ



ਤਰਨ ਤਾਰਨ (ਪ੍ਰਿਤਪਾਲ ਸਿੰਘ)-ਸ਼ਹੀਦ ਬਾਬਾ ਬੋਤਾ ਸਿੰਘ ਜੀ ਅਤੇ ਬਾਬਾ ਗਰਜਾ ਸਿੰਘ ਜੀ ਦੀ ਯਾਦ ਵਿੱਚ ਮਹਾਂਪੁਰਖ ਬਾਬਾ ਜਗਤਾਰ ਸਿੰਘ ਜੀ, ਬਾਬਾ ਮਹਿੰਦਰ ਸਿੰਘ ਜੀ ਕਾਰ ਸੇਵਾ ਵਾਲਿਆਂ ਵੱਲੋਂ ਚਲਾਈ ਜਾ ਰਹੀ ਗੁਰੂ ਨਾਨਕ ਦੇਵ ਅਕੈਡਮੀ, ਤਰਨ ਤਾਰਨ ਦੇ ਬੱਚਿਆਂ ਦੁਆਰਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਲਏ ਜਾਂਦੇ ਸਾਲਾਨਾ ਧਾਰਮਿਕ ਪ੍ਰੀਖਿਆ ਮੁਕਾਬਲੇ ਵਿਚ ਬੜੇ ਉਤਸ਼ਾਹ ਨਾਲ ਹਿੱਸਾ ਲਿਆ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਚਾਰਕ ਭਾਈ ਲਖਮੀਰ ਸਿੰਘ ਜੰਡਿਆਲਾ ਵੱਲੋਂ ਬੱਚਿਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਮੈਡਮ ਜਸਪਾਲ ਕੌਰ ਸਿੱਧੂ ਅਤੇ ਬਾਬਾ ਅਵਤਾਰ ਸਿੰਘ ਹਾਜ਼ਰ ਸਨ। ਉਨ੍ਹਾਂ ਵੱਲੋਂ ਬੱਚਿਆਂ ਨੂੰ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ ਗਿਆ।

# ਅੱਜ ਵਲਟੋਹਾ ਵਿਖੇ ਲੱਗੇਗਾ ਅੱਖਾਂ ਦਾ ਫ੍ਰੀ ਮੈਡੀਕਲ ਕੈਂਪ



ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)—ਪਿੰਡ ਵਲਟੋਹਾ ਵਿਖੇ ਧੰਨ ਧੰਨ ਬਾਬਾ ਨਰਾਇਣ ਦਾਸ ਜੀ ਦਾ ਸਾਲਾਨਾ ਜੋੜ ਮੇਲਾ ਕਰਵਾਇਆ ਜਾ ਰਿਹਾ ਹੈ। ਜੋੜ ਮੇਲੇ ਮੌਕੇ 7 ਅਗਸਤ ਦਿਨ ਸੋਮਵਾਰ ਨੂੰ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਵੱਲੋਂ ਸੰਗਤਾਂ ਲਈ ਫ੍ਰੀ ਮੈਡੀਕਲ ਕੈਂਪ ਲਗਾਇਆ ਜਾ ਰਿਹਾ। ਕੈਂਪ ਨੂੰ ਲੈ ਕੇ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਬਲਾਕ ਵਲਟੋਹਾ ਦੀ ਮਹੀਨਾਵਾਰ ਮੀਟਿੰਗ ਜ਼ਿਲਾ ਪ੍ਰਧਾਨ ਨਛੱਤਰ ਸਿੰਘ ਚੀਮਾ ਦੀ ਅਗਵਾਈ ਹੇਠ ਹੋਈ ਜਿਸ ਵਿੱਚ ਜਥੇਬੰਦੀ ਵੱਲੋਂ ਕੀਤੇ ਜਾ ਰਹੇ ਲੋਕ ਭਲਾਈ ਦੇ ਕੰਮਾਂ ਤੇ ਵਿਚਾਰਾਂ ਕੀਤੀਆਂ ਗਈਆਂ ਜਿਸ ਵਿੱਚ ਜਥੇਬੰਦੀ ਵੱਲੋਂ ਸਭਰਾ ਬੰਨ੍ਹ ਉੱਤੇ ਹੜ੍ਹ ਪੀੜਤਾਂ ਲਈ ਪਿਛਲੇ 10 ਦਿਨਾਂ ਤੋਂ ਚੱਲ ਰਹੇ ਮੈਡੀਕਲ ਕੈਂਪ ਬਾਰੇ ਵਿਚਾਰਾਂ ਕੀਤੀਆਂ ਤੇ ਕੈਂਪ ਵਿੱਚ ਸੇਵਾਵਾਂ ਦੇਣ ਵਾਲੇ ਸਾਥੀਆਂ ਦਾ ਧੰਨਵਾਦ ਕੀਤਾ ਗਿਆ। ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਬਲਾਕ ਵਲਟੋਹਾ ਅਤੇ ਸੰਗਤਾਂ ਦੇ ਸਹਿਯੋਗ ਨਾਲ ਅੱਖਾਂ ਦਾ ਫ੍ਰੀ ਮੈਡੀਕਲ ਕੈਂਪ 7 ਅਗਸਤ ਦਿਨ ਸੋਮਵਾਰ ਨੂੰ ਲਗਾਇਆ ਜਾਵੇਗਾ ਜਿਸ ਵਿੱਚ ਏਐਸਜੀ ਹਸਪਤਾਲ ਅੰਮ੍ਰਿਤਸਰ ਦੇ ਮਾਹਿਰ ਡਾਕਟਰਾਂ ਵੱਲੋਂ ਮਰੀਜ਼ਾਂ ਦਾ ਚੈੱਕ ਅੱਪ ਕੀਤਾ ਜਾਵੇਗਾ। ਉਪਰੰਤ ਲੋੜਵੰਦ ਮਰੀਜਾਂ ਨੂੰ ਐਨਕਾਂ ਅਤੇ ਲੈਂਜ਼ ਅੱਧੇ ਰੇਟਾਂ 'ਤੇ ਪਾਏ ਜਾਣਗੇ। ਇਸ ਮੌਕੇ ਬਲਾਕ ਵਲਟੋਹਾ ਦੇ ਪ੍ਰਧਾਨ ਡਾ. ਸੁਖਚੈਨ ਸਿੰਘ ਬੋਪਾਰਾਏ, ਮੀਤ ਪ੍ਰਧਾਨ ਡਾ. ਦਲਜੀਤ ਸਿੰਘ, ਡਾ. ਅਮਰਜੀਤ ਸਿੰਘ ਕੋਟਲੀ, ਡਾ. ਬਲਵਿੰਦਰ ਸਿੰਘ ਕੋਟਲੀ ਅਤੇ ਡਾ. ਨਿਰਮਲ ਸਿੰਘ ਕੈਂਪ ਵਿੱਚ ਹਾਜ਼ਰ ਹੋ ਕੇ ਆਪਣੀਆ ਸੇਵਾਵਾਂ ਦੇਣਗੇ।

# ਅੱਵਲ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀ ਸਨਮਾਨਿਤ



ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ ਅਨੁਸਾਰ ਸਰਕਾਰੀ ਸਕੂਲਾਂ ਦੀ ਨੁਹਾਰ ਬਦਲ ਗਈ ਹੈ। ਇਸ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਹੈੱਡ ਮਾਸਟਰ ਕਮ ਬੀਐਨਓ ਵਿਜੈ ਕੁਮਾਰ ਸਰਕਾਰੀ ਹਾਈ ਸਕੂਲ ਬਸਰਾਏ ਨੇ ਦੱਸਿਆ ਕਿ ਸਕੂਲ ਵਿੱਚ ਵਿਦਿਆਰਥੀਆਂ ਨੂੰ ਪੜ੍ਹਾਈ ਵਿੱਚ ਉਤਸ਼ਾਹਿਤ ਕਰਨ ਲਈ ਸਕੂਲ ਵਿੱਚ ਸਾਲਾਨਾ ਇਨਾਮ ਵੰਡ ਸਮਾਰੋਹ ਦਾ ਆਯੋਜਨ ਕੀਤਾ ਗਿਆ। ਇਸ ਸਮਾਗਮ ਵਿੱਚ ਛੇਵੀਂ ਕਲਾਸ ਤੋਂ ਲੈ ਕੇ ਦਸਵੀਂ ਜਮਾਤ ਤੱਕ ਪਹਿਲੀਆਂ ਤਿੰਨ ਪੁਜ਼ੀਸ਼ਨਾਂ ਹਾਸਿਲ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਇਸ ਸਮਾਗਮ ਦੇ ਕੇਂਦਰ ਬਿੰਦੂ ਰਿਟਾਇਰਡ ਡੀ. ਆਰ. ਪੀ. ਲੈਕਚਰਾਰ ਅਤੇ ਸਮਾਜ ਸੇਵੀ ਦਿਲਬਾਗ ਸਿੰਘ ਰਹੇ, ਜਿਨ੍ਹਾਂ ਨੇ ਆਪਣੀ ਮਾਤਾ ਦਰਸ਼ਨ ਕੌਰ ਦੀ ਯਾਦ ਵਿੱਚ ਅਠਵੀਂ ਵਿੱਚੋਂ ਪਹਿਲੀ ਪੁਜ਼ੀਸ਼ਨ ਹਾਸਿਲ ਕਰਨ ਵਾਲੀ ਵਿਦਿਆਰਥਣ ਹਰਮਨਜੀਤ ਕੌਰ ਨੂੰ 1100 ਰੁਪਏ ਅਤੇ ਦਸਵੀ ਜਮਾਤ ਵਿੱਚੋਂ ਪਹਿਲੀ ਪੁਜ਼ੀਸ਼ਨ ਪ੍ਰਾਪਤ ਕਰਨ ਵਾਲੀ ਵਿਦਿਆਰਥਣ ਰੁਪਿੰਦਰਜੀਤ ਕੌਰ ਨੂੰ 2100 ਰੁਪਏ ਦੀ ਰਾਸ਼ੀ ਦੇ ਕੇ ਸਨਮਾਨਿਤ ਕੀਤਾ ਗਿਆ। ਪ੍ਰਿਅੰਕਾ, ਜਸਲੀਨ ਕੌਰ, ਦਮਨਪਰੀਤ ਸਿੰਘ, ਏਂਜਲ, ਸਹਿਜਦੀਪ ਕੌਰ, ਸਰਬਜੀਤ ਕੌਰ, ਨਵਨੀਤ ਕੌਰ, ਮੁਸਕਾਨਪ੍ਰੀਤ ਕੌਰ, ਸੁਮਨਦੀਪ ਕੌਰ, ਹਰਜੀਤ ਕੌਰ, ਮਹਿਕਜੋਤ,ਸ਼ਿਵਾਨੀ ਆਦਿ ਬੱਚਿਆਂ ਨੂੰ ਵਧੀਆ ਕਾਰਗੁਜ਼ਾਰੀ ਲਈ ਹੈੱਡਮਾਸਟਰ ਵੱਲੋਂ ਸਨਮਾਨਿਤ ਕੀਤਾ ਗਿਆ। ਸਮਾਜ ਸੇਵੀ ਦਿਲਬਾਗ ਸਿੰਘ ਵੱਲੋਂ ਐਲਾਨ ਕੀਤਾ ਗਿਆ ਕਿ ਉਹ ਹਰ ਸਾਲ ਆਪਣੇ ਮਾਤਾ ਦੀ ਯਾਦ ਵਿੱਚ ਵਿਦਿਆਰਥੀਆਂ ਨੂੰ ਸਨਮਾਨਿਤ ਕਰਨਗੇ।

ਹੈਡਮਾਸਟਰ ਵਿਜੈ ਕੁਮਾਰ ਵੱਲੋਂ ਸਮਾਗਮ ਵਿੱਚ ਸ਼ਿਰਕਤ ਕਰਨ ਵਾਲੇ ਸਾਰੇ ਪਤਵੰਤੇ ਸੱਜਣਾਂ ਨੂੰ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਮੌਜੂਦਾ ਚੇਅਰਮੈਨ ਰਣਜੀਤ ਸਿੰਘ, ਸਾਬਕਾ ਚੇਅਰਮੈਨ ਬਲਜੀਤ ਸਿੰਘ, ਪੱਤਰਕਾਰ ਤਾਰਿਕ ਅਹਿਮਦ ਤਾਰੀ, ਮਨਪ੍ਰੀਤ ਕੌਰ, ਪੂਜਾ ਖੋਸਲਾ ਆਦਿ ਕਮੇਟੀ ਮੈਂਬਰ ਅਤੇ ਅਧਿਆਪਕ ਲਖਵਿੰਦਰ ਸਿੰਘ ਮੈਥ ਮਾਸਟਰ, ਸਤਨਾਮ ਸਿੰਘ ਕੰਪਿਊਟਰ ਫੈਕਲਟੀ, ਜਰਨੈਲ ਸਿੰਘ, ਮੰਗਲ ਸਿੰਘ ਸ਼ਰਨਜੀਤ ਕੌਰ, ਮਨਦੀਪ ਕੌਰ, ਅਨੁਰਾਧਾ, ਨਵਪ੍ਰੀਤ ਕੌਰ, ਕੁਲਦੀਪ ਕੌਰ ਹਾਜ਼ਰ ਸਨ।

# ਐੱਸ ਐੱਸ ਪੀ ਗੁਰਦਾਸਪੁਰ ਨੇ ਸ਼ਿਵ ਮੰਦਰ 'ਚ ਕਰਵਾਇਆ ਰੁਦਰਾਭਿਸ਼ੇਕ ਯੱਗ



**ਕਲਾਨੌਰ (ਮਨਦੀਪ ਕੁਮਾਰ)**-ਐੱਸਐੱਸਪੀ ਗੁਰਦਾਸਪੁਰ ਹਰੀਸ਼ ਦਿਆਮਾ ਕਲਾਨੌਰ ਦੇ ਪੁਰਾਤਨ ਅਤੇ ਇਤਿਹਾਸਕ ਸ਼ਿਵ ਮੰਦਰ ਵਿਖੇ ਪਹੁੰਚੇ ਅਤੇ ਭਗਵਾਨ ਸ਼ਿਵ ਸ਼ੰਕਰ ਦਾ ਰੁਦਰਾਭਿਸ਼ੇਕ ਯੱਗ ਕੀਤਾ। ਉਸਦੇ ਮਾਤਾ-ਪਿਤਾ ਉਸਦੇ ਨਾਲ ਸਨ ਅਤੇ ਮੰਦਰ ਦੇ ਪੁਜਾਰੀ ਸ਼ੁਭਮ ਸ਼ਾਸਤਰੀ ਨੇ ਵੈਦਿਕ ਮੰਤਰਾਂ ਦੇ ਜਾਪ ਨਾਲ ਰੁਦਰਾਭਿਸ਼ੇਕ ਯੱਗ ਕਰਵਾਇਆ। ਸ਼ਿਵ ਮੰਦਰ ਕਮੇਟੀ ਦੇ ਪ੍ਰਧਾਨ ਅਮਰਜੀਤ ਖੁੱਲਰ ਅਤੇ ਕਮੇਟੀ ਮੈਂਬਰਾਂ ਦੀ ਟੀਮ ਵੱਲੋਂ ਐੱਸਐੱਸਪੀ ਹਰੀਸ਼ ਦਿਆਮਾ ਅਤੇ ਉਨ੍ਹਾਂ ਦੇ ਮਾਤਾ-ਪਿਤਾ ਦਾ ਸ਼ਾਨਦਾਰ ਸਵਾਗਤ ਕੀਤਾ ਗਿਆ ਅਤੇ ਮੰਦਰ ਦੇ ਇਤਿਹਾਸ ਬਾਰੇ ਵੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਇਸ ਮੌਕੇ ਸਕੱਤਰ ਵਿਜੇ ਸੇਠੀ,ਬੌਬੀ ਵਿਗ, ਸੁਰਿੰਦਰ ਵਰਮਾ ਅਤੇ ਮਾਸਟਰ ਹੰਸਰਾਜ, ਰੁਦਰ ਕੁਮਾਰ ਸ਼ਰਮਾ, ਕਸ਼ਮੀਰੀ ਲਾਲ, ਨੀਰਜ ਤੁਲੀ ਵੀ ਹਾਜ਼ਰ ਸਨ।

# ਕਾਲਾ ਨੰਗਲ ਦੇ ਕਿਸਾਨ ਕੁਲਜਿੰਦਰ ਸਿੰਘ ਦੇ ਖੇਤੀ ਮਾਡਲ ਨੇ ਕਿਸਾਨਾਂ ਨੂੰ ਨਵੀਂ ਰਾਹ ਦਿਖਾਈ



ਧਾਰੀਵਾਲ (ਮਨਦੀਪ ਸਿੰਘ ਵਿੱਕੀ)- ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਕਾਲਾ ਨੰਗਲ ਦੇ ਕਿਸਾਨ ਕੁਲਜਿੰਦਰ ਸਿੰਘ ਦਾ ਖੇਤੀ ਮਾਡਲ ਕਿਸਾਨਾਂ ਨੂੰ ਕਰਜ਼ਾ ਮੁਕਤ, ਵਾਤਾਵਰਨ ਪੱਖੀ ਅਤੇ ਲਾਹੇਵੰਦੀ ਖੇਤੀ ਦੀ ਜਾਚ ਦੱਸਦਾ ਹੈ। ਕੇਵਲ 5 ਏਕੜ ਦੀ ਮਾਲਕੀ ਵਾਲੇ ਇਸ ਮਿਹਨਤੀ ਕਿਸਾਨ ਨੇ ਲੀਕ ਤੋਂ ਹਟ ਕੇ ਖੇਤੀ ਕਰਦਿਆਂ ਅਜਿਹੀ ਉਦਾਹਰਨ ਪੇਸ਼ ਕੀਤੀ ਹੈ ਕਿ ਹੁਣ ਦੂਰੋਂ-ਦੂਰੋਂ ਕਿਸਾਨ ਉਸਦੇ ਖੇਤੀ ਮਾਡਲ ਨੂੰ ਦੇਖਣ ਆਉਂਦੇ ਹਨ। ਬਟਾਲਾ ਸ਼ਹਿਰ ਦੇ ਨੇੜੇ ਗੁਰਦਾਸਪੁਰ ਬਾਈਪਾਸ ਕੋਲ ਪਿੰਡ ਕਾਲਾ ਨੰਗਲ ਦੇ ਕਿਸਾਨ ਕੁਲਜਿੰਦਰ ਸਿੰਘ ਦੀ ਜ਼ਮੀਨ ਜਰਨੈਲੀ ਸੜਕ ਦੇ ਬਿਲਕੁਲ ਨਾਲ ਲੱਗਦੀ ਹੈ। ਕੁਲਜਿੰਦਰ ਸਿੰਘ ਵੀ ਪਹਿਲਾਂ ਆਮ ਕਿਸਾਨਾਂ ਵਾਂਗ ਕਣਕ ਅਤੇ ਝੋਨੇ ਦੀ ਬਿਜਾਈ ਹੀ ਕਰਦਾ ਸੀ। ਇਸ ਫਸਲੀ ਚੱਕਰ ਦੇ ਗੇੜ ਵਿੱਚੋਂ ਉਸ ਨੂੰ ਕੋਈ ਬਹੁਤੀ ਬਚਤ ਨਾ ਹੋਣੀ। ਆਖਰ ਕੁਝ ਨਵਾਂ ਕਰਨ ਦੀ ਸੋਚ ਕੇ ਕਿਸਾਨ ਕੁਲਜਿੰਦਰ ਸਿੰਘ ਨੇ ਤਿੰਨ ਸਾਲ ਪਹਿਲਾਂ ਖੇਤੀਬਾੜੀ ਵਿਭਾਗ ਨਾਲ ਸੰਪਰਕ ਕੀਤਾ ਅਤੇ ਖੇਤੀ ਮਾਹਿਰਾਂ ਦੀ ਸਲਾਹ ਤੇ ਪ੍ਰੇਰਨਾ ਨਾਲ ਉਸਨੇ ਸਭ ਤੋਂ ਪਹਿਲਾਂ ਕਣਕ-ਝੋਨੇ ਦੇ ਫਸਲੀ ਚੱਕਰ ਵਿਚੋਂ ਆਪਣਾ ਰਕਬਾ ਕੱਢ ਕੇ ਸਬਜ਼ੀਆਂ, ਕਮਾਦ, ਬਾਗਬਾਨੀ, ਹਲਦੀ ਦੀ ਖੇਤੀ, ਅਚਾਰ, ਗੁੜ ਤਿਆਰ ਕਰਨਾ, ਸ਼ਹਿਦ ਦੀਆਂ ਮੱਖੀਆਂ ਪਾਲਣ ਦਾ ਕਿੱਤਾ ਸ਼ੁਰੂ ਕੀਤਾ। ਇਸ ਲਈ ਉਸਨੇ ਬਕਾਇਦਾ ਖੇਤੀਬਾੜੀ ਵਿਭਾਗ ਕੋਲੋਂ ਸਿਖਲਾਈ ਵੀ ਡਥਭ ਇਸ ਸਮੇਂ ਕਿਸਾਨ ਕੁਲਜਿੰਦਰ ਸਿੰਘ ਦੇ ਖੇਤਾਂ ਵਿੱਚ ਇੱਕ ਏਕੜ ਕਮਾਦ, ਡੇਡ ਏਕੜ ਬਾਸਮਤੀ, ਅੱਧਾ ਕਿੱਲਾ ਕਿੰਨੂ ਤੇ ਨਿੰਬੂ ਦੇ ਬਾਗ, ਇੱਕ ਏਕੜ ਗੋਭੀ, ਕੁਝ ਰਕਬੇ ਵਿੱਚ ਪਸ਼ੂਆਂ ਲਈ ਚਾਰਾ ਅਤੇ ਸ਼ਹਿਦ ਦੇ 45 ਬਕਸੇ ਹਨ। ਕਿਸਾਨ ਕੁਲਜਿੰਦਰ ਸਿੰਘ ਨੇ ਸਰਦੀਆਂ ਦੀ ਰੁੱਤ ਵਿੱਚ ਕਮਾਦ ਦੀ ਫਸਲ ਤੋਂ ਗੁੜ ਤਿਆਰ ਕਰਦੇ ਹਨ। ਇਸੇ ਤਰਾਂ ਉਹ ਹਲਦੀ ਅਤੇ ਸ਼ਹਿਦ ਨੂੰ ਪ੍ਰੋਸੈੱਸ ਕਰਕੇ ਉਸਦੀ ਪੈਕਿੰਗ ਕਰਕੇ ਵੇਚਦੇ ਹਨ। ਮੌਸਮ ਦੇ ਹਿਸਾਬ ਨਾਲ ਫ਼ਲ ਤੇ ਸਬਜ਼ੀਆਂ ਤੋਂ ਉਨ੍ਹਾਂ ਨੂੰ ਲਗਾਤਾਰ ਆਮਦਨ ਹੁੰਦੀ ਰਹਿੰਦੀ ਹੈ। ਕਿਸਾਨ ਕੁਲਜਿੰਦਰ ਸਿੰਘ ਦੀ ਉੱਪਜ ਦੀ ਖਾਸ ਗੱਲ ਇਹ ਹੈ ਕਿ ਉਹ ਕਿਸੇ ਵੀ ਫ਼ਸਲ ਉੱਪਰ ਜ਼ਹਿਰਾਂ ਦਾ ਛਿੜਕਾਅ ਨਹੀਂ ਕਰਦੇ ਅਤੇ ਉਨ੍ਹਾਂ ਦੇ ਉਤਪਾਦ ਪੂਰੀ ਤਰਾਂ ਆਰਗੈਨਿਕ ਹੁੰਦੇ ਹਨ। ਕਿਸਾਨ ਕੁਲਜਿੰਦਰ ਸਿੰਘ ਨੇ ਆਪਣੇ ਖੇਤਾਂ ਵਿੱਚ ਅੰਮ੍ਰਿਤਸਰ-ਪਠਾਨਕੋਟ ਜਰਨੈਲੀ ਸੜਕ ਉੱਪਰ 'ਕਿਸਾਨ ਹੱਟ' ਨਾਮ ਦਾ ਆਪਣਾ ਸੇਲਿੰਗ ਪੁਆਇੰਟ ਵੀ ਬਣਾਇਆ ਹੋਇਆ ਹੈ ਜਿਥੇ ਉਹ ਆਪਣੇ ਖੇਤਾਂ ਵਿੱਚ ਤਿਆਰ ਉਤਪਾਦਾਂ ਨੂੰ ਵੇਚਦੇ ਹਨ। ਉਨ੍ਹਾਂ ਦੇ ਉਤਪਾਦ ਉੱਚ ਗੁਣਵਤਾ ਅਤੇ ਤਾਜ਼ਾ ਹੋਣ ਕਾਰਨ ਗ੍ਰਾਹਕ ਏਥੋਂ ਸਾਮਾਨ ਲੈਣ ਨੂੰ ਤਰਜੀਹ ਦਿੰਦੇ ਹਨ। ਕਿਸਾਨ ਕੁਲਜਿੰਦਰ ਸਿੰਘ ਸਾਰੀ ਖੇਤੀ ਆਪਣੇ ਹੱਥੀਂ ਕਰਦੇ ਹਨ। ਕੁਲਜਿੰਦਰ ਸਿੰਘ ਦਾ ਕਹਿਣਾ ਹੈ ਕਿ ਜਦੋਂ ਦਾ ਉਸਨੇ ਕਣਕ-ਝੋਨੇ ਦੇ ਫਸਲੀ ਚੱਕਰ ਵਿਚੋਂ ਨਿਕਲ ਕੇ ਇਹ ਖੇਤੀ ਮਾਡਲ ਅਪਣਾਇਆ ਹੈ ਓਦੋਂ ਦੀ ਉਸਦੀ ਆਮਦਨ ਵੀ ਵਧੀ ਹੈ ਅਤੇ ਹੁਣ ਸਾਰਾ ਸਾਲ ਹੀ ਉਸ ਨੂੰ ਕਮਾਈ ਹੁੰਦੀ ਰਹਿੰਦੀ ਹੈ। ਉਸਨੇ ਆਪਣੇ ਸਾਥੀ ਕਿਸਾਨਾਂ ਨੂੰ ਵੀ ਅਪੀਲ ਕੀਤੀ ਹੈ ਕਿ ਕਣਕ-ਝੋਨੇ ਦੇ ਫਸਲੀ ਚੱਕਰ ਵਿੱਚੋਂ ਨਿਕਲ ਕੇ ਹੋਰ ਫਸਲਾਂ ਦੀ ਵੀ ਬਿਜਾਈ ਕਰਨ ਜਿਸ ਨਾਲ ਉਨ੍ਹਾਂ ਦੀ ਆਮਦਨੀ ਵਿੱਚ ਵੀ ਪਹਿਲਾਂ ਦੇ ਮੁਕਾਬਲੇ ਚੋਖਾ ਵਾਧਾ ਹੋਵੇਗਾ।

7-AUG--Page-12.qxd 8/6/2023 9:45 PM Page 1



# ਡਰੇਨ ਪਾਈਪ ਲਾਈਨ ਪੈਣ ਨਾਲ ਬਰਸਾਤੀ ਪਾਣੀ ਨਹੀਂ ਰੁਕੇਗਾ : ਚੀਮਾ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)** ਸੁਲਤਾਨਪੁਰ ਲੋਧੀ ਵਿਖੇ 14 ਕਿਲੋਮੀਟਰ ਲੰਬੀ ਡਰੇਨ ਪਾਈਪ ਲਾਈਨ ਪੈਣ ਉਪਰੰਤ ਕਿਤੇ ਵੀ ਬਰਸਾਤੀ ਪਾਣੀ ਨਹੀਂ ਰੁਕੇਗਾ, ਜਿਸ ਨਾਲ ਲੋਕਾਂ ਨੂੰ



ਆਉਣ ਵਾਲੀਆਂ ਮੁਸ਼ਕਲਾਂ ਤੋਂ ਨਿਜਾਤ ਮਿਲੇਗੀ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਹਲਕਾ ਸੁਲਤਾਨਪੁਰ ਲੋਧੀ ਦੇ ਇੰਚਾਰਜ ਸੱਜਣ ਸਿੰਘ ਚੀਮਾ ਨੇ ਗੁਰਦੁਆਰਾ ਸ੍ਰੀ ਹੱਟ ਸਾਹਿਬ ਰੋਡ 'ਤੇ ਲਗਭਗ 14 ਕਰੋੜ ਰੁਪਏ ਦੀ ਲਾਗਤ ਨਾਲ 14 ਕਿਲੋਮੀਟਰ ਲੰਬੀ ਡਰੇਨ ਪਾਈਪ ਲਾਈਨ ਪਾਉਣ ਦੇ ਕੰਮ ਦੀ ਰਿਬਨ ਕੱਟ ਕੇ ਸ਼ੁਰੂਆਤ ਕਰਵਾਉਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਦੱਸਿਆ ਕਿ ਇਹ ਕਾਰਜ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਛੇਤੀ ਹੀ ਮੁਕੰਮਲ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਅੱਜ ਤੋਂ ਪਹਿਲਾਂ ਜਦੋਂ ਵੀ ਪਾਵਨ ਨਗਰੀ ਅੰਦਰ ਮੀਂਹ ਪੈਂਦਾ ਸੀ ਤਾਂ ਸ਼ਹਿਰ ਦੀਆਂ ਵੱਖ-ਵੱਖ ਸੜਕਾਂ ਅਤੇ ਬਾਜ਼ਾਰਾਂ ਵਿੱਚ ਕਈ ਕਈ ਘੰਟੇ ਪਾਣੀ ਖੜਾ ਰਹਿੰਦਾ ਸੀ। ਉਨ੍ਹਾਂ ਸ਼ਹਿਰ ਵਾਸੀਆਂ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਸ਼ਹਿਰ ਅੰਦਰ ਡਰੇਨ ਪਾਈਪ ਲਾਈਨ ਤੋਂ ਇਲਾਵਾ ਵਾਟਰ ਸਪਲਾਈ, ਸੀਵਰੇਜ ਦਾ ਕਾਰਜ ਵੀ ਛੇਤੀ ਹੀ ਸ਼ੁਰੂ ਕੀਤਾ ਜਾ ਰਿਹਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪੀ ਏ ਲਵਪ੍ਰੀਤ ਸਿੰਘ, ਸਹਿਰੀ ਪ੍ਰਧਾਨ ਆਕਾਸ਼ਦੀਪ ਸਿੰਘ, ਆੜਤੀ ਸਤਪਾਲ ਮਦਾਨ, ਕੌਂਸਲਰ ਰਜਿੰਦਰ ਸਿੰਘ, ਸਾਬਕਾ ਕੌਂਸਲਰ ਸ਼ਿਵ ਕੁਮਾਰ ਕਨੌਂਜੀਆ, ਕਮਲਪ੍ਰੀਤ ਸਿੰਘ ਸੋਨੀ, ਸਤਵੀਰ ਸਿੰਘ ਬਿੱਲਾ, ਜਸਬੀਰ ਸਿੰਘ ਜੇਈ ਸੀਵਰੇਜ ਬੋਰਡ, ਮਹੇਸ਼ ਕੁਮਾਰ ਠੇਕੇਦਾਰ ਆਦਿ ਵੀ ਹਾਜ਼ਰ ਸਨ।

# ਪ੍ਰਿਥਵੀ ਵੈੱਲਫੇਅਰ ਸੁਸਾਇਟੀ ਦਾ ਵਾਤਾਵਰਨ ਸੰਭਾਲ 'ਚ ਅਹਿਮ ਯੋਗਦਾਨ : ਜਿੰਪਾ



**ਆਦਮਪੁਰ (ਪਰਮਜੀਤ ਸਿੰਘ)**— ਬੀਤੇ ਦਿਨ ਕੈਬਨਿਟ ਮੰਤਰੀ ਬ੍ਰਹਮ ਸੰਕਰ ਜਿੰਪਾ ਹੁਸ਼ਿਆਰਪੁਰ ਵਿਖੇ ਇਕ ਨਵੇਂ ਸਬਮਰਸੀਬਲ ਪੰਪ ਦਾ ਉਦਘਾਟਨ ਕਰ ਰਹੇ ਸਨ। ਉਨ੍ਹਾਂ ਨੂੰ ਜਦ ਪਤਾ ਲੱਗਾ ਕਿ ਨਜਦੀਕ ਹੀ ਸਮਾਜ ਸੇਵੀ ਸੰਸਥਾਂ ਪ੍ਰਿਥਵੀ ਵੈਲਫੇਅਰ ਸੁਸਾਇਟੀ ਵੱਲੋਂ 'ਬੀਜ ਗੇਂਦ' ਤਿਆਰ ਕੀਤੇ ਜਾ ਰਹੇ ਹਨ, ਉਥੇ ਪੁੱਜ ਗਏ। ਪ੍ਰਿਥਵੀ ਵੈਲਫੇਅਰ ਸੁਸਾਇਟੀ ਵੱਲੋਂ ਪਿਛਲੇ ਵਰ੍ਹੇ ਵੀ ਤਕਰੀਬਨ 10,000 ਬੀਜ ਗੇਂਦ ਹੁਸ਼ਿਆਰਪੁਰ ਚਿੰਤਪੁਰਨੀ ਸੜਕ ਤੇ ਖਿਲਾਰੇ ਗਏ ਸਨ ਅਤੇ ਬੀਜ ਗੇਂਦ ਖਿਲਾਰਨ ਦੀ ਸ਼ੁਰੂਆਤ, ਬ੍ਰਹਮ ਸੰਕਰ ਜਿੰਪਾ ਨੇ ਹੀ ਕੀਤੀ ਸੀ। ਇਸ ਮੌਕੇ ਗੱਲਬਾਤ ਕਰਦਿਆਂ, ਪ੍ਰਿਥਵੀ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਹਰਿੰਦਰ ਸਿੰਘ ਨੇ ਦੱਸਿਆ ਕਿ ਇਹ ਸੰਸਥਾ ਪਿਛਲੇ ਤਿੰਨ ਵਰ੍ਹਿਆਂ ਤੋਂ ਲਗਾਤਾਰ ਬੀਜ ਗੇਂਦ ਤਿਆਰ ਕਰਕੇ ਹੁਸ਼ਿਆਰਪੁਰ ਦੀਆਂ ਨਾਲ ਲੱਗਦੀਆਂ ਪਹਾੜੀਆਂ ਵਿੱਚ ਖਿਲਾਰ ਰਹੀ ਹੈ।

ਹਰਿੰਦਰ ਸਿੰਘ ਨੇ ਦੱਸਿਆ ਕਿ ਇਸ ਕੰਮ 'ਚ ਉਨ੍ਹਾਂ ਦੀ ਪਤਨੀ ਬਖਸੀਸ ਕੌਰ, ਬੇਟੀ ਗੁਰਲੀਨ, ਬੇਟਾ ਜਸਨਪ੍ਰੀਤ ਸਿੰਘ, ਕੇਵਲ ਕਿਸਨ ਸਾਬਕਾ ਐਸ ਡੀ ਓ, ਦਿਲਬਾਗ ਸਿੰਘ ਸਾਬਕਾ ਪੁਲਸ ਇੰਸਪੈਕਟਰ, ਡਾਕਟਰ ਰਾਜੀਵ ਸ਼ਰਮਾ ਸਾਇੰਸ ਸਾਖਾ, ਡੀ ਏ ਵੀ ਕਾਲਜ ਹੁਸ਼ਿਆਰਪੁਰ, ਪ੍ਰੋਫੈਸਰ ਸੀ ਬੀ ਅਰੋੜਾ, ਮੰਦੀਪ ਗ੍ਰੇਵਾਲ ਸਾਬਕਾ ਕਰਨਲ ਡੀ ਏ ਵੀ ਕਾਲਜ ਹੁਸ਼ਿਆਰਪੁਰ ਦੇ ਅਤੇ ਲਵਲੀ ਪ੍ਰੋਫੈਸਨਲ ਯੂਨੀਵਰਸਿਟੀ ਜਲੰਧਰ ਦੇ ਕੁਝ ਵਿਦਿਆਰਥੀ ਵੀ ਬੀਜ ਗੇਂਦ ਤਿਆਰ ਕਰਨ 'ਚ ਸਹਿਯੋਗ ਕਰਦੇ ਹਨ। ਬ੍ਰਹਮ ਸੰਕਰ ਜਿੰਪਾ ਨੇ ਪ੍ਰਿਥਵੀ ਵੈਲਫੇਅਰ ਸੋਸਾਇਟੀ ਵੱਲੋਂ ਇਸ ਕੰਮ ਦੀ ਭਰਪੂਰ ਸ਼ਲਾਘਾ ਕੀਤੀ।

**ਭੋਗ 'ਤੇ ਵਿਸ਼ੇਸ਼**

# ਦਲਿਤਾਂ ਤੇ ਮਜ਼ਦੂਰਾਂ ਦੇ ਹਮਦਰਦ ਸਨ ਕਾਮਰੇਡ ਜੋਗਿੰਦਰ ਸਿੰਘ ਅਕਾਲਗੜ੍ਹ



ਕਾਮਰੇਡ ਜੋਗਿੰਦਰ ਸਿੰਘ ਅਕਾਲਗੜ੍ਹ ਬੀਤੀ 28 ਜੁਲਾਈ ਨੂੰ ਸਦੀਵੀ ਵਿਛੋੜਾ ਦੇ ਗਏ। 7 ਅਗਸਤ (ਸੋਮਵਾਰ) ਨੂੰ ਉਹਨਾ ਦੀ ਅੰਤਮ ਅਰਦਾਸ ਅਤੇ ਸ਼ੋਕ ਸਮਾਗਮ ਪਿੰਡ ਅਕਾਲਗੜ੍ਹ (ਨਵਾਂ ਪਿੰਡ) ਨਜ਼ਦੀਕ ਫਗਵਾੜਾ ਵਿਖੇ ਕੀਤਾ ਜਾਵੇਗਾ। ਕਾਮਰੇਡ ਜੋਗਿੰਦਰ ਸਿੰਘ ਅਕਾਲਗੜ੍ਹ ਦਾ ਜਨਮ ਪਿਤਾ ਮਿਲਖੀ ਰਾਮ ਅਤੇ ਮਾਤਾ ਬੀਬੀ ਰਾਜੋ ਦੀ ਕੁੱਖੋਂ 1933 ਨੂੰ ਇੱਕ ਗਰੀਬ ਪਰਿਵਾਰ ਚ ਹੋਇਆ। ਕਾਮਰੇਡ ਜੋਗਿੰਦਰ ਸਿੰਘ ਪੜ੍ਹੇ-ਲਿਖੇ ਆਗੂ ਸਨ ਅਤੇ ਭਾਰਤੀ ਕਮਿਊਨਿਸਟ ਪਾਰਟੀ ਦੇ ਸੀਨੀਅਰ ਆਗੂ ਅਤੇ ਪੰਜਾਬ ਖੇਤ ਮਜ਼ਦੂਰ ਸਭਾ ਦੇ ਸੂਬਾ ਪੱਧਰ ਦੇ ਆਗੂ ਰਹੇ। ਉਹਨਾ ਆਪਣਾ ਸਾਰਾ ਜੀਵਨ ਸਮਾਜ ਦੇ ਸਭ ਤੋਂ ਵੱਧ ਦੱਬੇ-ਕੁਚਲੇ ਲੋਕਾਂ ਦੇ ਉਥਾਨ ਲਈ ਲਗਾਇਆ। ਉਹ ਪਹਿਲੀ ਵਾਰ 1949 'ਚ ਜੇਲ੍ਹ ਗਏ ਅਤੇ ਵੱਖ-ਵੱਖ ਅੰਦੋਲਨਾਂ ਵਿੱਚ ਆਪਣੇ ਜੀਵਨ ਦੌਰਾਨ 7-8 ਵਾਰ ਜੇਲ੍ਹ ਯਾਤਰਾ ਕੀਤੀ। ਕਾਲੇ ਦੌਰ ਸਮੇਂ ਅੱਤਵਾਦੀਆਂ ਦੀਆਂ ਧਮਕੀਆਂ ਦੀ ਪ੍ਰਵਾਹ ਕੀਤੇ ਬਿਨਾਂ ਉਹਨਾ ਪਾਰਟੀ ਸਿਧਾਂਤਾਂ 'ਤੇ ਪਹਿਰਾ ਦਿੱਤਾ।

1966 ਵਿੱਚ ਜੇ ਸੀ ਟੀ ਮਿੱਲ ਫਗਵਾੜਾ ਦੀ ਹੜਤਾਲ ਦੇ ਦੌਰਾਨ ਬੰਬ ਧਮਾਕੇ ਵਿੱਚ 2 ਸਾਥੀ ਸ਼ਹੀਦ ਹੋ ਗਏ ਸਨ। ਇਸ ਦੌਰਾਨ ਬਹੁਤ ਵੱਡਾ ਅੰਦੋਲਨ ਚੱਲਿਆ। ਪਿੰਡਾਂ ਵਿਚੋਂ ਰਾਸ਼ਨ ਇਕੱਠਾ ਕਰ ਕੇ ਲਿਆਉਣਾ ਉਹਨਾ ਦੇ ਜ਼ਿੰਮੇ ਸੀ। ਸ਼ਹੀਦ ਕਾਮਰੇਡ ਮਲਕੀਤ ਚੰਦ ਮੇਹਲੀ ਤੇ ਸਵਰਨ ਸਿੰਘ ਅਕਲਪੁਰੀ ਨਾਲ ਮਿਲ ਕੇ ਸਨਅਤੀ ਮਜ਼ਦੂਰਾਂ ਦੀ ਹੜਤਾਲ ਵਿੱਚ ਵੱਧ ਤੋਂ ਵੱਧ ਮਦਦ ਕੀਤੀ। ਇਸ ਇਲਾਕੇ ਵਿੱਚ ਪੰਜਾਬ ਖੇਤ ਮਜ਼ਦੂਰ ਸਭਾ ਖੜੀ ਕਰਨ ਵਿੱਚ ਵਧ-ਚੜ੍ਹ ਕੇ ਕੰਮ ਕੀਤਾ। ਉਹਨਾ ਗਰੀਬ ਲੋਕਾਂ 'ਤੇ ਹੁੰਦੇ ਅੱਤਿਆਚਾਰਾਂ ਖਿਲਾਫ ਲਗਾਤਾਰ ਚੱਲ ਰਹੇ ਘੋਲਾਂ ਵਿਚ ਵਧ-ਚੜ੍ਹ ਕੇ ਹਿੱਸਾ ਲਿਆ। ਕਾਮਰੇਡ ਜੋਗਿੰਦਰ ਸਿੰਘ ਲੰਮਾ ਸਮਾਂ ਪੰਜਾਬ ਖੇਤ ਮਜ਼ਦੂਰ ਸਭਾ ਦੇ ਪ੍ਰਧਾਨ ਅਤੇ ਸੂਬਾ ਵਰਕਿੰਗ ਕਮੇਟੀ ਦੇ ਮੈਂਬਰ ਰਹੇ। ਉਹ ਲੰਮਾ ਸਮਾਂ ਜ਼ਿਲ੍ਹਾ ਕਪੂਰਥਲਾ ਦੇ ਸੀ ਪੀ ਆਈ ਦੇ ਜ਼ਿਲ੍ਹਾ ਕੌਂਸਲ ਅਤੇ ਜ਼ਿਲ੍ਹਾ ਐਗਜ਼ੈਕਟਿਵ ਮੈਂਬਰ ਰਹੇ। 1992 'ਚ ਪੰਜਾਬ ਖੇਤ ਮਜ਼ਦੂਰ ਸਭਾ ਦਾ ਸੂਬਾਈ ਅਜਲਾਸ ਉਹਨਾ ਦੀ ਅਗਵਾਈ ਹੇਠ ਹੀ ਫਗਵਾੜਾ ਵਿਖੇ ਕਰਵਾਇਆ ਗਿਆ।

ਕਾਮਰੇਡ ਟੇਕ ਚੰਦ ਫਗਵਾੜਾ ਅਤੇ ਸਵਰਨ ਸਿੰਘ ਨਾਗੋਕੇ ਨੇ ਪੂਰਾ ਸਾਥ ਦਿੱਤਾ। ਕਾਮਰੇਡ ਜੋਗਿੰਦਰ ਸਿੰਘ ਨੇ ਪਿੰਡ-ਪਿੰਡ ਖੇਤ ਮਜ਼ਦੂਰ ਸਭਾ ਦੇ ਯੂਨਿਟ ਸਥਾਪਤ ਕੀਤੇ। ਫਗਵਾੜਾ ਵਿੱਚ ਜਥੇਬੰਦੀ ਦਾ ਇੱਕ ਦਫਤਰ ਵੀ ਬਣਾਇਆ। ਸਾਰੀਆਂ ਰਾਜਨੀਤਕ ਪਾਰਟੀਆਂ ਦੇ ਲੋਕ ਉਹਨਾ ਦਾ ਸਤਿਕਾਰ ਕਰਦੇ ਸਨ। ਕਾਮਰੇਡ ਜੋਗਿੰਦਰ ਸਿੰਘ ਨੇ ਕਦੇ ਵੀ ਕੋਈ ਨਸ਼ਾ ਨਹੀਂ ਕੀਤਾ। ਉਹਨਾ ਨੂੰ ਸਮਾਜ ਵਿੱਚ ਮਨੂਵਾਦੀ ਵਰਣ ਵਿਵਸਥਾ ਅਧੀਨ ਜਾਤੀਵਾਦੀ ਵੰਡ ਤੋਂ ਸਖਤ ਨਫਰਤ ਸੀ, ਜੋ ਮਨੁੱਖ ਨੂੰ ਮਨੁੱਖ ਤੋਂ ਵੱਖ ਕਰਦੀ ਹੈ।

ਉਹਨਾ ਦਾ ਕਹਿਣਾ ਸੀ ਕਿ ਸਮਾਜਕ ਬਰਾਬਰਤਾ, ਸਮਾਜਕ ਨਿਆਂ ਅਤੇ ਅੱਤਿਆਚਾਰਾਂ ਖਿਲਾਫ ਲੜਾਈ ਸਾਨੂੰ ਦੇਸ਼ ਵਿੱਚ ਵਿਸ਼ਾਲ ਪਲੇਟਫਾਰਮ ਬਣਾ ਕੇ ਲੜਨੀ ਚਾਹੀਦੀ ਹੈ। ਕਾਮਰੇਡ ਜੋਗਿੰਦਰ ਸਿੰਘ ਦੀ ਜੀਵਨੀ ਸਾਥਣ ਬੀਬੀ ਸੱਤਿਆ ਦੇਵੀ, ਬੇਟੀ ਪਰਮਜੀਤ ਕੌਰ , ਬੇਟੇ ਤਰਲੋਚਨ ਸਿੰਘ, ਗੁਰਚੇਤਨ ਸਿੰਘ, ਪਰਸ਼ੋਤਮ ਸਿੰਘ ਅਤੇ ਨੂੰਹਾਂ ਨੇ ਉਨ੍ਹਾ ਦੀਆਂ ਰਾਜਨੀਤਕ ਅਤੇ ਸਮਾਜਕ ਸਰਗਰਮੀਆਂ ਵਿੱਚ ਪੂਰਾ ਸਾਥ ਦਿੱਤਾ। ਅਸੀਂ ਉਨ੍ਹਾ ਦੀ ਸੋਚ ਦੇ ਸਾਥੀ ਉਹਨਾ ਵੱਲੋਂ ਸਮਾਜ ਦੀ ਬਿਹਤਰੀ ਲਈ ਪਾਏ ਵਡਮੁੱਲੇ ਯੋਗਦਾਨ ਨੂੰ ਕਦੇ ਵੀ ਨਹੀਂ ਭੁੱਲਾਂਗੇ। ਸੱਚ ਤੇ ਇਨਸਾਫ ਦੀ ਲਹਿਰ ਦੀ ਮਜ਼ਬੂਤੀ ਲਈ ਵਧ-ਚੜ੍ਹ ਕੇ ਕੰਮ ਕਰਦੇ ਰਹਾਂਗੇ।

**—ਅਵਤਾਰ ਕਲੇਰ**, 98721-16412

# ਵੁਡਬਰੀ ਸਕੂਲ 'ਚ ਲੱਗੀਆਂ ਤੀਜ ਦੀਆਂ ਰੌਣਕਾਂ



**ਭੋਗਪੁਰ (ਕੁਲਵੀਰ ਸਿੰਘ ਕਾਹਲੋਂ)**-ਵੁਡਬਰੀ ਇੰਟਰਨੈਸ਼ਨਲ ਪਬਲਿਕ ਸਕੂਲ ਵਿਖੇ ਪ੍ਰਿੰਸੀਪਲ ਡਾ. ਸੁਮਨ ਡਡਵਾਲ ਦੀ ਅਗਵਾਈ ਹੇਠ ਤੀਆਂ ਦਾ ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ ਗਿਆ ਜਿਸ ਵਿੱਚ ਸਕੂਲ ਦੇ ਚੇਅਰ ਪਰਸਨ ਸ੍ਰੀਮਤੀ ਪਰਮਜੀਤ ਕੌਰ ਨੇ ਮੁੱਖ ਮਹਿਮਾਨ ਵਜੋਂ ਸ਼ਮੂਲੀਅਤ ਕੀਤੀ। ਪ੍ਰੋਗਰਾਮ ਦੌਰਾਨ ਸਕੂਲ ਦੇ ਵਿਦਿਆਰਥੀਆਂ ਨੇ ਪੰਜਾਬੀ ਸੱਭਿਆਚਾਰ ਦੀ ਪੇਸ਼ਕਾਰੀ ਕਰਦਿਆਂ ਬੋਲੀਆਂ ਤੇ ਗਿੱਧਾ ਪੇਸ਼ ਕੀਤਾ ਇਸ ਮੌਕੇ ਵਿਦਿਆਰਥੀਆਂ ਨੂੰ ਪੰਜਾਬੀ ਸੱਭਿਆਚਾਰ ਨਾਲ ਜੋੜਨ ਲਈ ਹੋਰ ਵੀ ਜਾਣਕਾਰੀ ਦਿੱਤੀ ਗਈ। ਪ੍ਰਿੰਸੀਪਲ ਨੇ ਕਿਹਾ ਕਿ ਸਾਨੂੰ ਪੰਜਾਬੀ ਹੋਣ ਤੇ ਮਾਣ ਹੈ ਅਤੇ ਇਸ ਤਰ੍ਹਾਂ ਦੇ ਤਿਉਹਾਰ ਸਾਡੇ ਸੱਭਿਆਚਾਰ ਦਾ ਅਹਿਮ ਹਿੱਸਾ ਹਨ।

ਇਸ ਮੌਕੇ ਵਿਦਿਆਰਥੀਆਂ ਵੱਲੋਂ ਮਾਡਲਿੰਗ ਤੇ ਗੀਤ ਗਾਏ ਗਏ ਮਾਡਲਿੰਗ ਵਾਲੇ ਬੱਚਿਆਂ ਨੂੰ ਵੱਖ-ਵੱਖ ਖਿਤਾਬਾਂ ਨਾਲ ਨਿਵਾਜਿਆ ਗਿਆ ਜਿਸ 'ਚ ਨੌਵੀਂ ਜਮਾਤ ਦੀ ਵਿਦਿਆਰਥਣ ਤਾਨੀਆ ਨੂੰ ਮਿਸ ਤੀਜ ਦਾ ਖਿਤਾਬ ਮਿਲਿਆ।

# ਮਾਤਾ ਗੁਜਰੀ ਖ਼ਾਲਸਾ ਕਾਲਜ ਦੀਆਂ ਵਿਦਿਆਰਥਣਾਂ ਮੈਰਿਟ 'ਚ

**ਕਰਤਾਰਪੁਰ (ਹਰਮੇਸ਼ ਦੱਤ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਚਲਾਏ ਜਾ ਰਹੇ ਮਾਤਾ ਗੁਜਰੀ ਖ਼ਾਲਸਾ ਕਾਲਜ ਕਰਤਾਰਪੁਰ ਦਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਐਲਾਨਿਆ ਗਿਆ ਬੀ.ਕਾਮ ਸਮੈਸਟਰ ਦੂਜੇ ਦਾ ਨਤੀਜਾ ਸ਼ਾਨਦਾਰ ਰਿਹਾ। ਬੀ.ਕਾਮ ਸਮੈਸਟਰ ਦੂਜੇ ਦੀ ਵਿਦਿਆਰਥਣ ਸਲੋਨੀ ਨੇ 77% ਅੰਕ ਅਤੇ ਸੁਖਮਨਪ੍ਰੀਤ ਕੌਰ ਨੇ 76.8% ਅੰਕ ਪ੍ਰਾਪਤ ਕਰਕੇ ਯੂਨੀਵਰਸਿਟੀ ਦੀ ਮੈਰਿਟ ਵਿੱਚ ਸਥਾਨ ਹਾਸਲ ਕਰਦੇ ਹੋਏ ਕਾਲਜ ਵਿੱਚ ਕ੍ਰਮਵਾਰ ਪਹਿਲਾ ਅਤੇ ਦੂਜਾ ਸਥਾਨ ਹਾਸਲ ਕੀਤਾ। ਰੀਆ ਨੇ 76% ਅੰਕ ਲੈ ਕੇ ਕਾਲਜ ਵਿੱਚੋਂ ਤੀਜਾ ਸਥਾਨ ਹਾਸਲ ਕੀਤਾ। ਪ੍ਰਿੰਸੀਪਲ ਡਾ.ਹਰਮਨਦੀਪ ਸਿੰਘ ਗਿੱਲ ਨੇ ਵਿਦਿਆਰਥਣਾਂ ਦੀ ਇਸ ਉਪਲੱਬਧੀ ਲਈ ਕਾਮਰਸ ਵਿਭਾਗ ਨੂੰ ਵਧਾਈ ਦਿੱਤੀ ਅਤੇ ਭਵਿੱਖ ਵਿੱਚ ਵੀ ਇਸੇ ਮਿਹਨਤ ਅਤੇ ਲਗਨ ਨਾਲ ਅੱਗੇ ਵੱਧਣ ਲਈ ਪ੍ਰੇਰਿਤ ਕੀਤਾ।



# ਜਨਤਕ ਜਥੇਬੰਦੀਆਂ ਵੱਲੋਂ ਮਨੀਪੁਰ 'ਚ ਹੋ ਰਹੀ ਹਿੰਸਾ ਖਿਲਾਫ਼ ਰੋਸ ਪ੍ਰਦਰਸ਼ਨ



**ਟਾਂਡਾ ਉੜਮੁੜ (ਜਸਵਿੰਦਰ ਸੰਧੂ , ਉਂਕਾਰ ਸਿੰਘ)**- ਭਾਰਤ ਦੇ ਪੂਰਬੀ ਸੂਬੇ ਮਣੀਪੁਰ ਵਿੱਚ ਹੋ ਰਹੇ ਮਨੁੱਖਤਾ ਦੇ ਘਾਣ ਦੇ ਖਿਲਾਫ ਖੇਤਰ ਦੀਆਂ ਜਨਤਕ ਜਥੇਬੰਦੀਆਂ ਨੇ ਸਥਾਨਿਕ ਸ਼ਹੀਦ ਚੌਕ ਵਿੱਚ ਰੋਸ ਪ੍ਰਦਰਸ਼ਨ ਕੀਤਾ ਅਤੇ ਕੇਂਦਰ ਸਰਕਾਰ ਖਿਲਾਫ ਨਾਅਰੇਬਾਜੀ ਕੀਤੀ। ਲੋਕ ਇਨਕਲਾਬ ਮੰਚ ਟਾਂਡਾ ਸਰਪ੍ਰਸਤ ਹਰਦੀਪ ਖੁੱਡਾ ਨੇ ਰੋਸ ਪ੍ਰਦਰਸ਼ਨ ਨੂੰ ਸੰਬੋਧਨ ਕਰਦੇ ਕਿਹਾ ਕਿ ਇਹ ਹਿੰਸਾ ਦੋ ਭਾਈਚਾਰੇ ਵਿਚਾਲੇ ਨਹੀਂ ਹੈ ਬਲਕਿ ਵੋਟਾਂ ਦੀ ਖਾਤਰ ਸਿਆਸੀ ਲੋਕਾਂ ਦੀ ਡੂੰਘੀ ਚਾਲ ਦਾ ਹਿੱਸਾ ਹੈ ਜਿਸ 'ਚ ਆਮ ਲੋਕਾਂ ਨੂੰ ਵਰਤਿਆ ਜਾ ਰਿਹਾ ਹੈ। ਕਿਸਾਨ ਆਗੂ ਪਰਮਜੀਤ ਸਿੰਘ ਭੁੱਲਾ ਬਾਠ ਨੇ ਕਿਹਾ ਮਣੀਪੁਰ 'ਚ ਗਰੀਬ ਭਾਈਚਾਰੇ ਨਾਲ ਧੱਕਾ ਹੋ ਰਿਹਾ ਹੈ ਇਸ ਸਭ ਲਈ ਉੱਥੇ ਦੀ ਸਰਕਾਰ ਅਤੇ ਕੇਂਦਰ ਦੀ ਭਾਜਪਾ ਸਰਕਾਰ ਜ਼ੁੰਮੇਵਾਰ ਹੈ। ਇਸ ਰੋਸ ਪ੍ਰਦਰਸ਼ਨ ਨੂੰ ਅਧਿਆਪਕ ਆਗੂ ਰਮੇਸ਼ ਹੁਸ਼ਿਆਰਪੁਰੀ, ਪ੍ਰਦੀਪ ਸਿੰਘ ਮੂਨਕ, ਜਗਜੀਵਨ ਜੱਗੀ, ਸੁਖਵਿੰਦਰਜੀਤ ਸਿੰਘ ਝਾਵਰ, ਪ੍ਰਿੰਸੀਪਲ ਇੰਦਰਜੀਤ ਸਿੰਘ ਖੁਣਖਣ, ਪਰਮਜੀਤ ਸਿੰਘ ਪੰਮਾ, ਪਾਸਟਰ ਬਲਕਾਰ ਮਸੀਹ ਨੇ ਸਬੋਧਨ ਕੀਤਾ। ਇਸ ਮੌਕੇ ਜੀਤਾ ਚੌਹਾਨ, ਦੀਪਕ ਬਹਿਲ, ਕਵੀ ਸੁਖਜੀਤ ਸਿੰਘ ਅੱਭੋਵਾਲ, ਰਿਟਾ. ਡੀ.ਪੀ.ਆਈ. ਗੁਰਪਾਲ ਜੌੜਾ, ਪ੍ਰੋ. ਨਵਦੀਪ ਸਿੰਘ, ਜਸਵਿੰਦਰ ਸਿੰਘ ਰੜਾ, ਸਰਪੰਚ ਜਸਵੀਰ ਸਿੰਘ, ਡਾ. ਜਤਿੰਦਰ ਸਿੰਘ, ਕਾਮਰੇਡ ਸ਼ਿਵ ਕੁਮਾਰ, ਅਵਵਿੰਦ ਸਿੰਘ ਰਾਣਾ, ਸੁਰਿੰਦਰ ਗੁਰਾਇਆ ਮਨਜੀਤ ਸਿੰਘ ਆਗੂ ਡੀ.ਟੀ.ਐਫ., ਨਰਿੰਦਰ ਅਰੋੜਾ, ਤਰਕਸ਼ੀਲ ਸੁਸਾਇਟੀ ਤੋਂ ਬਲਵਿੰਦਰ ਸਿੰਘ, ਸੁਰਿੰਦਰ ਉੱਪਲ, ਰਿਟਾ. ਇੰਜੀਨਅਰ ਜਸਵੀਰ ਸਿੰਘ ਖੁੱਡਾ, ਰਮਨ ਕੁਮਾਰ ਜਾਜਾ, ਰਿਟਾ. ਐਸ.ਡੀ.ਓ. ਗੁਰਦੀਪ ਸਿੰਘ, ਅਵਤਾਰ ਸਿੰਘ ਦਸ਼ਮੇਸ਼ ਨਗਰ ਆਦਿ ਆਗੂ ਹਾਰਰ ਸਨ।

# ਬਹਿਰਾਮ ਵਿਖੇ ਸਾਲਾਨਾ ਮੇਲਾ 9 ਤੋਂ



ਬਹਿਰਾਮ (ਅਵਤਾਰ ਕਲੇਰ) ਦਰਬਾਰ ਦਾਤਾ ਅਬਦੁੱਲ ਰਹਿਮਾਨ (ਸੱਯਦ) ਦੇ ਪਵਿੱਤਰ ਅਸਥਾਨ ਰੌਜਾ ਬਾਗ ਸਰੀਫ ਬਹਿਰਾਮ ਵਿਖੇ ਸ਼ੀਲਾ ਮਹੰਤ ਸਾਬਰੀ ਅਤੇ ਬਾਬਾ ਅਸ਼ੋਕ ਸ਼ਾਹ ਕਾਦਰੀ ਮਲੰਗ ਦੀ ਯਾਦ 'ਚ ਪਹਿਲਾਂ ਵਿਸ਼ਾਲ ਸਾਲਾਨਾ ਜੋੜ ਮੇਲਾ ਸਾਈਂ ਉਮਰੇ ਸ਼ਾਹ ਕਾਦਰੀ ਗੱਦੀ ਨਸ਼ੀਨ ਰੌਜਾ ਸਰੀਫ ਮੰਢਾਲੀ ਅਤੇ ਗੱਦੀ ਨਸ਼ੀਨ ਬਾਬਾ ਜੌਨੀ ਸ਼ਾਹ ਦੀ ਰਹਿਨੁਮਾਈ ਹੇਠ ਬਹਿਰਾਮ ਵਿਖੇ ਮਨਾਇਆ ਜਾ ਰਿਹਾ ਹੈ। ਇਸ ਤਿੰਨ ਦਿਨਾਂ ਮੇਲੇ ਦੌਰਾਨ ਪਹਿਲੇ ਦਿਨ ਸ਼ਾਮ ਨੂੰ ਚਿਰਾਗ ਰੌਸ਼ਨ ਅਤੇ ਕਵਾਲੀਆਂ ਦੀ ਮਹਿਫਿਲ ਹੋਵੇਗੀ। ਦੂਸਰੇ ਦਿਨ ਸੂਫੀਆਨਾ ਮਹਿਫਿਲ ਅਤੇ ਤੀਸਰੇ ਦਿਨ ਸਵੇਰੇ ਚਾਦਰ ਦੀ ਰਸਮ ਉਪਰੰਤ ਬਲਰਾਜ ਬਿਲਗਾ, ਨਾਜ਼ੀਮਾ ਖਾਨ, ਲੱਖਾਂ -ਨਾਜ ਜੋੜੀ ਨੰਬਰ ਵਨ, ਗੁਰਮੇਜ ਮੇਹਲੀ- ਜਸਵੀਰ ਜੱਸੀ, ਹਰਮੇਸ਼ ਰੰਗੀਲਾ, ਨੌਸਾਦ ਅਲੀ , ਪਰਵੇਜ ਖਾਨ , ਮੁਨੱਵਰ ਅਲੀ, ਤਕੀ ਮੁਹੰਮਦ ਕਵਾਲ, ਰੌਕੀ ਖਾਨ ਕਵਾਲ, ਸਾਹਿਲ ਖਾਨ ਤੋਂ ਇਲਾਵਾ ਨਕਾਲ ਪਾਰਟੀਆਂ ਹਾਜ਼ਰੀਆਂ ਭਰਨਗੀਆ। ਸਟੇਜ ਸੈਕਟਰੀ ਦੀ ਭੂਮਿਕਾ ਰਣਜੀਤ ਸਹੋਤਾ ਨਿਭਾਉਣਗੇ। ਦਾਤਾ ਜੀ ਦਾ ਲੰਗਰ ਅਤੁੱਟ ਵਰਤੇਗਾ। ਬਾਬਾ ਮਾਣੇ ਸ਼ਾਹ ਡੇਰਾ ਬਾਬਾ ਗੁਲਾਮ ਮੁਹੰਮਦ ਸ਼ਾਹ ਜੀ ਘੁੰਮਣਾ, ਗੱਦੀ ਨਸ਼ੀਨ ਬਾਬਾ ਜੌਨੀ ਸ਼ਾਹ, ਸਾਧੂ ਰਾਮ ਯੂ ਕੇ, ਰੌਸ਼ਨ ਲਾਲ ਯੂ ਐਸ ਏ, ਨੰਬਰਦਾਰ ਕਮਲ ਪੁਰੀ, ਨੰਬਰਦਾਰ ਹਰਜਿੰਦਰ ਸਿੰਘ, ਗੁਰਪਾਲ ਸਿੰਘ ਪੰਚ, ਰਣਜੀਤ ਸਿੰਘ, ਮੋਹਣ ਲਾਲ, ਮਹਿੰਦਰ ਪਾਲ, ਕਸ਼ਮੀਰੀ ਲਾਲ, ਰਵਿੰਦਰ ਸਿੰਘ ਕਾਹਲੋਂ, ਹਰਪ੍ਰੀਤ ਸਿੰਘ ਕਾਹਲੋਂ ਆਦਿ ਹਾਜ਼ਰ ਸਨ।

# ਏ ਜੀ ਆਈ ਗਲੋਬਲ ਸਕੂਲ ਨੇ ਫਿਜ਼ੀਕਲ ਫਿਟਨੈੱਸ ਪ੍ਰੋਗਰਾਮ ਨੂੰ ਅਪਣਾਇਆ

**ਜਲੰਧਰ ( ਰਾਜੇਸ਼ ਥਾਪਾ)**- ਸ਼ਹਿਰ ਦੇ ਸਭ ਤੋਂ ਆਧੁਨਿਕ ਸਕੂਲਾਂ ਵਿੱਚੋਂ ਇੱਕ ਏ ਜੀ ਆਈ ਗਲੋਬਲ ਸਕੂਲ ਨੇ ਪ੍ਰਧਾਨ ਮੰਤਰੀ ਦੇ ਸਰੀਰਕ ਤੰਦਰੁਸਤੀ ਪ੍ਰੋਗਰਾਮ ਦੇ "ਫਿੱਟ ਇੰਡੀਆ ਮੂਵਮੈਂਟ" ਨੂੰ ਅਪਣਾਇਆ ਹੈ। ਏ ਜੀ ਆਈ ਇਨਫਰਾ ਲਿਮਟਿਡ ਦੇ ਮੈਨੇਜਿੰਗ ਡਾਇਰੈਕਟਰ ਸੁਖਦੇਵ ਸਿੰਘ ਨੇ ਕਿਹਾ ਕਿ ਸਕੂਲ ਪ੍ਰਧਾਨ ਮੰਤਰੀ ਦੁਆਰਾ ਸ਼ੁਰੂ ਕੀਤੀ ਫਿਟ ਇੰਡੀਆ ਮੂਵਮੈਂਟ ਦੇ ਅਨੁਸਾਰ ਆਪਣੇ ਸਾਰੇ ਵਿਦਿਆਰਥੀਆਂ ਨੂੰ ਸਰੀਰਕ ਤੰਦਰੁਸਤੀ ਲਈ ਉਤਸਾਹਿਤ ਕਰੇਗਾ। ਇਹ 29 ਅਗਸਤ 2019 ਨੂੰ ਸਰੀਰਕ ਤੰਦਰੁਸਤੀ ਨੂੰ ਸਾਡੇ ਰੋਜ਼ਾਨਾ ਜੀਵਨ ਦਾ ਅਨਿੱਖੜਵਾਂ ਅੰਗ ਬਣਾਉਣ ਅਤੇ ਹਰ ਸਕੂਲ, ਕਾਲਜ, ਯੂਨੀਵਰਸਿਟੀਆਂ, ਪੰਚਾਇਤ ਅਤੇ ਪਿੰਡ ਆਦਿ ਤੱਕ ਤੰਦਰੁਸਤੀ ਨੂੰ ਪਹੁੰਚਾਉਣ ਦੇ ਉਦੇਸ਼ ਨਾਲ ਲਾਂਚ ਕੀਤਾ ਗਿਆ ਸੀ। ਸਕੂਲ ਦੀ ਚੇਅਰਪਰਸਨ ਸਲਵਿੰਦਰਜੀਤ ਕੌਰ ਅਨੁਸਾਰ ਏ ਜੀ ਆਈ ਗਲੋਬਲ ਸਕੂਲ ਨੇ ਆਪਣੇ ਵਿਦਿਆਰਥੀਆਂ ਲਈ ਤੰਦਰੁਸਤੀ ਦੀ ਇੱਕ ਲੰਮੀ ਮਿਆਦ ਦੀ ਯੋਜਨਾ ਬਣਾਈ ਹੈ ਜਿਸ ਵਿੱਚ ਸਕੂਲ ਆਪਣੇ ਸਾਰੇ ਵਿਦਿਆਰਥੀਆਂ ਨੂੰ ਸਕੂਲ ਸਮੇਂ ਅਤੇ ਸਕੂਲ ਸਮੇਂ ਤੋਂ ਬਾਅਦ ਖੇਡਾਂ ਦੀਆਂ ਸਹੂਲਤਾਂ ਪ੍ਰਦਾਨ ਕਰੇਗਾ। ਇਨਫਰਾ ਲਿਮਟਿਡ ਦੇ ਐਮ ਡੀ ਸੁਖਦੇਵ ਸਿੰਘ ਨੇ ਦੱਸਿਆ ਕਿ ਸਕੂਲ ਦੇ ਵਿਹੜੇ ਵਿੱਚ ਜਲਦੀ ਹੀ ਇੱਕ ਇਨਡੋਰ ਬੈਡਮਿੰਟਨ ਕਮ ਟੇਬਲ ਟੈਨਿਸ ਸਟੇਡੀਅਮ ਬਣਾਇਆ ਜਾਵੇਗਾ। ਇਸ ਸਮੇਂ ਸਕੂਲ ਵਿੱਚ ਵੱਖ-ਵੱਖ ਖੇਡਾਂ ਅਥਲੈਟਿਕਸ, ਫੁੱਟਬਾਲ, ਵਾਲੀਬਾਲ, ਹੈਂਡਬਾਲ, ਖੋ-ਖੋ, ਕਬੱਡੀ, ਬਾਸਕਟਬਾਲ ਕਮ ਟੈਨਿਸ ਕੋਰਟ, ਕ੍ਰਿਕਟ ਟਰੇਨਿੰਗ ਪਿੱਚਾਂ ਦੇ ਨਾਲ-ਨਾਲ ਯੋਗਾ, ਐਰੋਬਿਕਸ, ਡਾਂਸ ਟੇਬਲ ਟੈਨਿਸ, ਸਤਰੰਜ ਵਰਗੀਆਂ ਕਈ ਇਨਡੋਰ ਖੇਡਾਂ ਲਈ ਵੱਖ-ਵੱਖ ਖੇਡ ਮੈਦਾਨ ਹਨ।

**ਜਨਮ ਦਿਨ ਮੁਬਾਰਕ**



ਪ੍ਰਭਜੋਤ ਕੌਰ ਭੋਗਲ, ਭੋਗਪੁਰ



ਨਿਵਾਨ ਮੱਤਰੀ, ਡੇਰਾ ਬਾਬਾ ਨਾਨਕ

# ਪੰਜਾਬ ਰਾਜ ਕਮਿਸ਼ਨ ਫਾਰ ਜਨਰਲ ਕੈਟਾਗਰੀਜ਼ ਦਾ ਚੇਅਰਮੈਨ ਤੇ ਅਮਲਾ ਤਾਇਨਾਤ ਕੀਤਾ ਜਾਵੇ : ਫੁਗਲਾਣਾ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਦੋਆਬਾ ਜਨਰਲ ਕੈਟਾਗਰੀਜ਼ ਫਰੰਟ ਪੰਜਾਬ ਦੇ ਆਗੂਆ ਨੇ ਪੰਜਾਬ ਸਰਕਾਰ ਤੋਂ ਮੰਗ ਕਰਦਿਆਂ ਕਿਹਾ ਕਿ ਪੰਜਾਬ ਰਾਜ ਕਮਿਸਨ ਫਾਰ ਜਨਰਲ ਕੈਟਾਗਰੀਜ਼ ਪੰਜਾਬ ਦਾ ਚੇਅਰਮੈਨ ਅਤੇ ਹੋਰ ਅਮਲਾ ਬਿਨਾ ਕਿਸੇ ਦੇਰੀ ਤੋਂ ਤਾਇਨਾਤ ਕੀਤਾ ਜਾਵੇ। ਪਿਛਲੀ ਕਾਂਗਰਸ ਸਰਕਾਰ ਵਲੋਂ 29 ਦਸੰਬਰ 2021 ਨੂੰ ਪੰਜਾਬ ਰਾਜ ਕਮਿਸ਼ਨ ਫਾਰ ਜਨਰਲ ਕੈਟਾਗਰੀਜ਼ ਪੰਜਾਬ ਦਾ ਗਠਨ ਕਰਨ ਲਈ ਨੋਟੀਫਿਕੇਸ਼ਨ ਕੀਤਾ ਸੀ। ਕਾਂਗਰਸ ਸਰਕਾਰ ਵੱਲੋਂ ਇਸ ਦਾ ਚੇਅਰਮੈਨ, ਵਾਈਸ ਚੇਅਰਮੈਨ ਅਤੇ ਇਕ ਮੈਂਬਰ ਵੀ ਲਗਾਇਆ ਸੀ ਲੇਕਿਨ ਚੇਅਰਮੈਨ ਵੱਲੋਂ ਨਕੋਦਰ ਤੋਂ ਐਮ ਐਲ ਏ ਦੀ ਚੋਣ ਲੜਨ ਕਾਰਨ ਇਸ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ, ਪਰ ਆਪ ਸਰਕਾਰ ਨੂੰ ਤਕਰੀਬਨ ਡੇਢ ਸਾਲ ਤੋਂ ਉਪਰ ਦਾ ਸਮਾਂ ਹੋ ਗਿਆ ਸਰਕਾਰ ਬਣਾਈ ਨੂੰ ਜਨਰਲ ਸਮਾਜ ਦੇ ਆਗੂਆਂ ਅਤੇ ਸੰਸਥਾਵਾ ਵਲੋਂ ਵਾਰ ਵਾਰ ਵਿਧਾਇਕਾਂ ਅਤੇ ਮੰਤਰੀਆਂ ਨੂੰ ਮਿਲਣ ਦੇ ਬਾਵਜੂਦ ਮੌਜੂਦਾ ਸਰਕਾਰ ਵੱਲੋਂ ਚੇਅਰਮੈਨ ਨਹੀਂ ਲਗਾਇਆ ਗਿਆ। ਦੋਆਬਾ ਜਨਰਲ ਜੁਆਇੰਟ ਐਕਸ਼ਨ ਕਮੇਟੀ ਪੰਜਾਬ ਵੱਲੋਂ ਸਰਕਾਰ ਦੀ ਸਬ ਕਮੇਟੀ ਵਿਧਾਨ ਸਭਾ ਜਿਸ ਵਿੱਚ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ, ਕੁਲਦੀਪ ਸਿੰਘ ਧਾਲੀਵਾਲ ਅਤੇ ਅਮਨ ਅਰੋੜਾ ਨੂੰ ਮਿਲਕੇ ਮੰਗ ਪੱਤਰ ਦੇਣ ਦੇ ਬਾਵਜੂਦ ਮਸਲਾ ਉਥੇ ਦਾ ਉਥੇ ਅਤੇ ਸਰਕਾਰ ਦਾ ਕਿਹਾ ਸਿਰ ਮੱਥੇ ਪਰਨਾਲਾ ਉਥੇ ਦਾ ਉਥੇ ਅਤੇ ਇੰਨਾ ਲੰਮਾ ਸਮਾਂ ਬੀਤਣ ਦੇ ਬਾਵਜੂਦ ਜਨਰਲ ਦੀ ਇਸ ਮੰਗ ਨੂੰ ਅਣਗੌਲਿਆ ਕੀਤਾ ਜਾ ਰਿਹਾ ਹੈ। ਆਗੂਆ ਨੇ ਪੰਜਾਬ ਸਰਕਾਰ 'ਚ ਬੈਠੇ ਜਨਰਲ ਮੰਤਰੀਆਂ ਨੂੰ ਵੀ ਅਪੀਲ ਕੀਤੀ ਕਿ ਉਹ ਜਨਰਲ ਕਮਿਸ਼ਨ ਬਣਾਉਣ ਲਈ ਆਪਣਾ ਬਣਦਾ ਯੋਗਦਾਨ ਪਾਉਣ ਤਾਂ ਜੋ ਜਨਰਲ ਵਰਗ ਨੂੰ ਆ ਰਹੀਆਂ ਸਮੱਸਿਆਵਾਂ ਦਾ ਜ਼ਮੀਨੀ ਪੱਧਰ 'ਤੇ ਨਿਪਟਾਰਾ ਹੋ ਸਕੇ ਮੀਟਿੰਗ 'ਚ ਹੋਰਨਾ ਤੋਂ ਇਲਾਵਾ ਬਲਵੀਰ ਸਿੰਘ ਫੁਗਲਾਣਾ, ਜਗਤਾਰ ਸਿੰਘ ਭੁੰਗਰਨੀ, ਜਸਵਿੰਦਰ ਸਿੰਘ ਸੰਘਾ, ਮਾਸਟਰ ਅਵਤਾਰ ਸਿੰਘ, ਹਰਿੰਦਰ ਸਿੰਘ ਚੀਮਾ, ਗੁਰਦਿਆਲ ਸਿੰਘ ਜਲਵੇੜਾ, ਜਗਦੇਵ ਸਿੰਘ ਕੁਕੋਵਾਲ, ਵਿਜੇ ਕੁਮਾਰ ਸ਼ਰਮਾ, ਭੁਪਿੰਦਰ ਸਿੰਘ ਭਿੰਦਾ ਅਤੇ ਸਾਥੀ ਹਾਜ਼ਰ ਸਨ।

# ਤੇਜਿੰਦਰ ਕੌਰ ਬਣੇ ਮਨੁੱਖੀ ਅਧਿਕਾਰ ਮੰਚ ਦੇ ਜ਼ਿਲ੍ਹਾ ਮੋਹਾਲੀ ਦੇ ਚੀਫ ਮੀਡੀਆ ਕੰਟਰੋਲਰ

**ਭੋਗਪੁਰ ( ਗੁਰਪ੍ਰੀਤ ਸਿੰਘ ਭੋਗਲ)** ਮਨੁੱਖੀ ਅਧਿਕਾਰ ਮੰਚ ਦੀ ਜਿਲ੍ਹਾ ਇਕਾਈ ਮੋਹਾਲੀ ਵੱਲੋਂ ਇੱਕ ਵਿਸ਼ੇਸ਼ ਮੀਟਿੰਗ ਹਰਗੁਣ ਰੀਅਲ ਅਸਟੇਟ ਖਰੜ ਵਿਖੇ ਦਵਿੰਦਰ ਬਰਤੀਆ ਚੇਅਰਮੈਨ ਯੂਥ ਵਿੰਗ ਇੰਡੀਆ ਦੀ ਪ੍ਰਧਾਨਗੀ ਹੇਠ ਕਰਵਾਈ ਗਈ। ਜਿਸ 'ਚ ਸੰਸਥਾ ਦੇ ਕੌਮੀ ਪ੍ਰਧਾਨ ਡਾਕਟਰ ਜਸਵੰਤ ਸਿੰਘ ਖੇੜਾ, ਕੌਮੀ ਕੋਆਰਡੀਨੇਟਰ ਗੁਰਕੀਰਤ ਸਿੰਘ ਖੇੜਾ, ਸੁਰਿੰਦਰ ਸਿੰਘ ਸੰਧੂ ਉਪ ਪ੍ਰਧਾਨ ਪੰਜਾਬ ਅਤੇ ਜੀਵਨ ਕੁਮਾਰ ਬਾਲੂ ਜਿਲ੍ਹਾ ਪ੍ਰਧਾਨ ਵਿਸ਼ੇਸ਼ ਤੌਰ 'ਤੇ ਪਹੁੰਚੇ ਹੋਏ ਸਨ। ਇਸ ਮੌਕੇ ਮੈਡਮ ਤਜਿੰਦਰ ਕੌਰ ਨੂੰ ਸੰਸਥਾ ਵੱਲੋਂ ਜਿਲ੍ਹਾ ਚੀਫ ਮੀਡੀਆ ਕੰਟਰੋਲਰ ਜਿਲ੍ਹਾ ਮੋਹਾਲੀ ਲਗਾ ਕੇ ਸਨਾਖਤੀ ਕਾਰਡ ਅਤੇ ਨਿਯੁਕਤੀ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਡਾਕਟਰ ਖੇੜਾ ਨੇ ਬੋਲਦਿਆਂ ਕਿਹਾ ਕਿ ਸੁਰਿੰਦਰ ਮੰਡੇਰ ਵੱਲੋਂ ਤਿਆਰ ਕੀਤੀ ਗਈ ਨਸ਼ਿਆਂ ਦੇ ਮਾੜੇ ਪ੍ਰਭਾਵ ਅਤੇ ਨੌਜਵਾਨ ਪੀੜ੍ਹੀ ਗਲਤ ਰਸਤਾ ਅਖਤਿਆਰ ਕਰਨ ਤੋਂ ਰੋਕਣ ਵਾਲੀ ਅਤੇ ਸੇਧ ਦੇਣ ਵਾਲੀ ਟੈਲੀ ਫਿਲਮ ਸਮਾਜ ਦੀ ਝੋਲੀ ਵਿੱਚ ਪਾਈ।

ਇਸ ਮੌਕੇ ਤੇਜਿੰਦਰ ਕੌਰ ਨੇ ਬੋਲਦਿਆਂ ਕਿਹਾ ਕਿ ਸੰਸਥਾ ਵੱਲੋਂ ਜੋ ਮੈਨੂੰ ਜਿੰਮੇਵਾਰੀ ਸੌਂਪੀ ਗਈ ਹੈ ਮੈਂ ਉਸ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਵਾਂਗੀ, ਹੋਰਨਾਂ ਤੋਂ ਇਲਾਵਾ ਅਰਮਾਨ, ਸਰੋਜ ਬਾਲਾ ਚੇਅਰਪਰਸਨ ਇਸਤਰੀ ਵਿੰਗ, ਨਰਿੰਦਰ ਕੌਰ ਚੇਅਰਪਰਸਨ ਇਸਤਰੀ ਵਿੰਗ ਬਲਾਕ ਖਰੜ, ਸੁਖਪਾਲ ਕੌਰ, ਬਲਜੀਤ ਸਿੰਘ, ਵਰਿੰਦਰ ਕੁਮਾਰ ਸ਼ਰਮਾ, ਧਰਮ ਸਿੰਘ, ਕੁਲਵੀਰ ਕੌਰ ਅਤੇ ਤਰਨਜੀਤ ਕੌਰ ਆਦਿ ਨੇ ਵੀ ਮੀਟਿੰਗ ਨੂੰ ਸੰਬੋਧਨ ਕੀਤਾ।

# ਲਵ-ਕੁਸ਼ ਨੌਜਵਾਨ ਮਹਾਂਸਭਾ ਨੇ ਖੂਨਦਾਨ ਕੈਂਪ ਲਗਵਾਇਆ



**ਸ਼ਾਹਕੋਟ (ਗਿਆਨ ਸੈਦਪੁਰੀ)**-ਐਤਵਾਰ ਨੂੰ ਲਵ ਕੁਸ਼ ਨੌਜਵਾਨ ਮਹਾਂਸਭਾ ਸ਼ਾਹਕੋਟ ਵੱਲੋਂ ਚੌਥਾ ਖੂਨਦਾਨ ਕੈਂਪ ਕੈਂਪ ਲਗਾਇਆ ਗਿਆ। ਇਸ ਮੌਕੇ ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਮੁੱਖ ਮਹਿਮਾਨ ਤੌਰ 'ਤੇ ਪਹੁੰਚੇ। ਉਨ੍ਹਾ ਕਿਹਾ ਕਿ ਖੂਨਦਾਨ ਮਹਾਂ ਦਾਨ ਹੈ। ਉਨ੍ਹਾ ਸਭਾ ਦੇ ਅਹੁਦੇਦਾਰਾਂ ਦੀ ਇਸ ਕਾਰਜ ਲਈ ਸ਼ਲਾਘਾ ਕੀਤੀ। ਸਭਾ ਦੇ ਪ੍ਰਧਾਨ ਲਵ ਸਹੋਤਾ ਨੇ ਦੱਸਿਆ ਕਿ ਖੂਨਦਾਨ ਕੈਂਪ ਦੋਆਬਾ ਹਸਪਤਾਲ ਖੂਨਦਾਨ ਸੈਂਟਰ ਕਪੂਰਥਲਾ ਦੇ ਸਹਿਯੋਗ ਨਾਲ ਲਾਇਆ ਗਿਆ ਹੈ। ਸਭਾ ਵੱਲੋਂ ਖੂਨਦਾਨ ਕੈਂਪ ਦੇ ਨਾਲ ਨਾਲ ਹੋਰ ਵੀ ਸਮਾਜ ਭਲਾਈ ਕਾਰਜ ਕੀਤੇ ਜਾ ਰਹੇ ਹਨ। ਉਨ੍ਹਾ ਦੱਸਿਆ ਕਿ ਖੂਨਦਾਨ ਕੈਂਪ ਵਿੱਚ 40 ਨੌਜਵਾਨਾਂ ਨੇ ਖੂਨਦਾਨ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਲਜ਼ਾਰ ਸਿੰਘ ਥਿੰਦ, ਸੁਰਿੰਦਰਜੀਤ ਸਿੰਘ ਚੱਠਾ (ਦੋਵੇਂ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਸ਼ਾਹਕੋਟ), ਡਾ. ਅਰਵਿੰਦਰ ਸਿੰਘ ਰੂਪਰਾ ਪ੍ਰਧਾਨ ਗੁਰਦੁਆਰਾ ਸਿੰਘ ਸਭਾ ਸ਼ਾਹਕੋਟ, ਜੱਸਾ ਨਾਹਰ, ਰਵੀ ਸਹੋਤਾ, ਤਾਰੀ ਨੰਬਰਦਾਰ, ਮੰਗਤ ਰਾਮ ਮੰਗਾ ਏ. ਐਸ. ਆਈ., ਸੁਖਦੀਪ ਸਿੰਘ ਕੰਗ ਪੀ. ਏ (ਸ਼ੇਰੋਵਾਲੀਆ), ਸੁਰਿੰਦਰ ਭੱਟੀ ਸੀਨੀਅਰ ਕਾਂਗਰਸੀ ਆਗੂ, ਅਮਨਦੀਪ ਸੈਦਪੁਰੀ, ਬੰਟੀ ਬਠੱਲਾ ਸਾਬਕਾ ਪ੍ਰਧਾਨ ਯੂਥ ਕਾਂਗਰਸ, ਨਰਿੰਦਰਪਾਲ ਸਿੰਘ ਭੱਟੀ, ਹਰਵੀਰ ਸਿੰਘ ਜੱਜ, ਗੋਪੀ ਤੱਖਰ, ਲਛਮਣ ਸੋਬਤੀ, ਸੈਟੀ ਚਾਵਲਾ, ਸਾਬਾ ਪੰਡਿਤ, ਜੈ ਮੱਟੂ, ਰਮਨ ਨਾਹਰ, ਸੰਦੀਪ ਸੀ. ਡੀ, ਨਰੇਸ਼ ਰੌਂਤ, ਸੁਖਦੇਵ ਨਾਹਰ, ਅਜੈ ਸੰਧੂ, ਕੁਮਾਰ ਨਾਹਰ ਪਵਨ ਕੁਮਾਰ ਹੰਸ ਆਦਿ ਮੌਜੂਦ ਸਨ।

# ਕੱਬਡੀ ਕੱਪ ਤੇ ਦੰਗਲ ਕਰਵਾਉਣ ਸੰਬੰਧੀ ਯੂਥ ਵੈੱਲਫੇਅਰ ਕਲੱਬ ਓਇੰਦ ਦੀ ਮੀਟਿੰਗ



**ਮੋਰਿੰਡਾ ( ਜੈਜੀ ਸਰਦਾਰ)** ਯੂਥ ਵੈਲਫੇਅਰ ਕਲੱਬ ਰਜਿ ਪਿੰਡ ਓਇੰਦ ਜਿਲ੍ਹਾ ਐਵਾਰਡ ਜੇਤੂ ਸਬੰਧਤ ਨਹਿਰੂ ਯੁਵਾ ਕੇਂਦਰ ਰੋਪੜ੍ਹ ਦੀ ਇਕ ਅਹਿਮ ਮੀਟਿੰਗ ਗੁੱਗਾ ਜਾਹਰ ਪੀਰ ਦੀ ਯਾਦ ਨੂੰ ਸਮਰਪਿਤ ਸਾਲਾਨਾ ਕਬੱਡੀ ਕੱਪ ਅਤੇ ਕਸ਼ਤੀ ਦੰਗਲ ਕਰਵਾਉਣ ਸੰਬੰਧੀ ਹੋਈ ਇਸ ਸਬੰਧੀ ਜਾਣਕਾਰੀ ਦਿੰਦਿਆ ਕਲੱਬ ਦੇ ਪ੍ਰਧਾਨ ਕੁਲਦੀਪ ਸਿੰਘ ਓਇੰਦ ਅਤੇ ਨੰਬਰਦਾਰ ਬਹਾਦਰ ਸਿੰਘ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਖੇਡ ਮੇਲਾ ਕਰਵਾਉਣ ਲਈ ਸਮੂਹ ਨਗਰ ਨਿਵਾਸੀਆ ਅਤੇ ਕਲੱਬ ਦੇ ਆਹੁਦੇਦਾਰਾਂ ਦੀ ਮੀਟਿੰਗ ਹੋਈ, ਜਿਸ ਵਿੱਚ ਸਾਲਾਨਾ ਸਮਾਗਮ ਲਈ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ 8 ਸਤੰਬਰ ਨੂੰ ਕਬੱਡੀ ਕੱਪ ਅਤੇ 9 ਸਤੰਬਰ ਨੂੰ ਕੁਸ਼ਤੀ ਦੰਗਲ ਕਰਵਾਉਣ ਦਾ ਐਲਾਨ ਕੀਤਾ। ਮੀਟਿੰਗ 'ਚ ਸਿਕੰਦਰ ਸਿੰਘ ਭਗਤ, ਜਸਵੰਤ ਸਿੰਘ ਹੈਪੀ ਪ੍ਰਧਾਨ ਦੁੱਧ ਉਤਪਾਦਕ ਸਭਾ, ਜਗਤਾਰ ਸਿੰਘ ਪੰਚ, ਕਾਹਨਦਾਸ ਸਿੰਘ ਚੇਅਰਮੈਨ, ਗੁਰਪ੍ਰੀਤ ਸਿੰਘ ਕੰਧੋਲਾ, ਬਾਬਾ ਭੁਪਿੰਦਰ ਸਿੰਘ, ਯਾਦਵਿੰਦਰ ਸਿੰਘ ਯਾਦੀ, ਹਰਜਿੰਦਰ ਸਿੰਘ, ਮਨਜੀਤ ਸਿੰਘ ਨੱਤ, ਕੁਲਵੀਰ ਸਿੰਘ ਸਮਰੋਲੀ ਕੁਮੈਂਟੇਟਰ, ਰਣਜੀਤ ਸਿੰਘ, ਜਸਕਰਨ ਸਿੰਘ ਆਰਕੀਟੈਕਟ, ਪਰੀਤਪਾਲ ਸਿੰਘ ਸੂਬੇਦਾਰ, ਮੇਜਰ ਸਿੰਘ ਭਗਤ, ਲੱਖੀ ਪਵਾਰ, ਕਮਲਪ੍ਰੀਤ ਸਿੰਘ, ਅਮਨਪ੍ਰੀਤ ਸਿੰਘ, ਅਸ਼ਵੀਰ ਸਿੰਘ ਆਸੂ, ਸੁਰਜੀਤ ਸਿੰਘ, ਗੁਰਸ਼ਰਨ ਸਿੰਘ, ਨਰਿੰਦਰਪਰੀਤ ਸਿੰਘ, ਪਰਮਜੀਤ ਸਿੰਘ ਆਦਿ ਹਾਜ਼ਰ ਸਨ।

# ਮੇਹਲੀ ਵਿਖੇ ਤੀਆਂ ਦਾ ਤਿਉਹਾਰ ਮਨਾਇਆ



**ਬਹਿਰਾਮ (ਅਵਤਾਰ ਕਲੇਰ)**- ਪਿੰਡ ਮੇਹਲੀ ਵਿਖੇ ਗ੍ਰਾਮ ਪੰਚਾਇਤ ਅਤੇ ਸਮੂਹ ਨਗਰ ਨਿਵਾਸੀਆਂ ਵੱਲੋਂ ਤੀਆਂ ਦਾ ਤਿਉਹਾਰ ਮਨਾਇਆ ਗਿਆ। ਬੱਚਿਆਂ ਵੱਲੋਂ ਸੱਭਿਆਚਾਰ ਨੂੰ ਦਰਸਾਉਂਦੀਆਂ ਵੰਨਗੀਆਂ ਅਤੇ ਝਾਕੀਆਂ ਤੇ ਪੰਜਾਬੀ ਬੋਲੀਆਂ ਪੇਸ਼ ਕੀਤੀਆਂ ਗਈਆਂ। ਇਸ ਮੌਕੇ ਆਮ ਆਦਮੀ ਪਾਰਟੀ ਦੇ ਆਗੂ ਅਤੇ ਹਲਕਾ ਇੰਚਾਰਜ ਕੁਲਜੀਤ ਸਿੰਘ ਸਰਹਾਲ ਵਿਸ਼ੇਸ਼ ਤੌਰ 'ਤੇ ਪਹੁੰਚੇ। ਉਨ੍ਹਾ ਪਿੰਡ ਦੇ ਵਿਕਾਸ ਲਈ 7 ਲੱਖ ਰੁਪਏ ਗ੍ਰਾਂਟ ਦੇਣ ਦਾ ਐਲਾਨ ਕੀਤਾ। ਸਰਹਾਲ ਨੇ ਕਿਹਾ ਕਿ ਸਾਨੂੰ ਆਪਣੇ ਵਿਰਸੇ ਨਾਲ ਜੁੜ ਕੇ ਰਹਿਣਾ ਚਾਹੀਦਾ ਹੈ। ਤੀਆਂ ਦਾ ਤਿਉਹਾਰ ਸਾਨੂੰ ਆਪਣੇ ਰੀਤੀ ਰਿਵਾਜਾਂ ਅਤੇ ਸੱਭਿਆਚਾਰ ਨਾਲ ਜੋੜਦਾ ਹੈ। ਉਹਨਾਂ ਕਿਹਾ ਕਿ ਸਾਨੂੰ ਬੱਚਿਆਂ ਨੂੰ ਵੱਧ ਤੋਂ ਵੱਧ ਪੜ੍ਹਾਉਣਾ ਚਾਹੀਦਾ ਹੈ। ਸਰਪੰਚ ਸੁਰਿੰਦਰ ਪਾਲ ਨੇ ਸਾਰਿਆਂ ਦਾ ਧੰਨਵਾਦ ਕੀਤਾ। ਕੁਲਜੀਤ ਸਰਹਾਲ ਦੇ ਨਾਲ ਬਲਵੀਰ ਸਿੰਘ ਕਰਨਾਣਾ ਚੇਅਰਮੈਨ ਮਾਰਕੀਟ ਕਮੇਟੀ ਬੰਗਾ, ਅਮਰਦੀਪ ਬੰਗਾ, ਸਤਨਾਮ ਖਟਕੜ, ਸੁਰਿੰਦਰ ਸਿੰਘ ਢੀਂਡਸਾ, ਸਰਬਜੀਤ ਸਾਬੀ, ਰਣਜੀਤ ਪੰਚ ਨੇ ਵੀ ਸ਼ਿਰਕਤ ਕੀਤੀ। ਇਸ ਮੌਕੇ ਸੁਰਿੰਦਰ ਪਾਲ ਸਰਪੰਚ, ਜਗਪਾਲ ਸਿੰਘ ਪੰਚ, ਜਸਵੰਤ ਮੇਹਲੀ, ਭਾਈ ਕੁਲਵਿੰਦਰ ਸਿੰਘ, ਸੁਰਜੀਤ ਰਾਮ, ਪ੍ਰੇਮ ਬੱਧਣ, ਪਰਮਜੀਤ ਹਲਵਾਈ, ਜਗਦੀਪ ਜੱਗੀ, ਰੋਹਿਤ, ਸਨੀ, ਰਮਨ ਕੁਮਾਰ, ਸੁਨੀਲ ਕੁਮਾਰ, ਵਿਸ਼ਾਲ ਆਦਿ ਹਾਜ਼ਰ ਸਨ।

# ਮੀਤ ਹੇਅਰ ਨੇ ਤੀਰਅੰਦਾਜ਼ ਪ੍ਰਨੀਤ ਕੌਰ ਨੂੰ ਦਿੱਤੀਆਂ ਮੁਬਾਰਕਾਂ

**ਚੰਡੀਗੜ੍ਹ, (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**- ਪੰਜਾਬ ਦੇ ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਮਾਨਸਾ ਦੀ ਤੀਰਅੰਦਾਜ਼ ਪ੍ਰਨੀਤ ਕੌਰ ਨੂੰ ਵਿਸ਼ਵ ਚੈਂਪੀਅਨ ਬਣਨ 'ਤੇ ਮੁਬਾਰਕਾਂ ਦਿੱਤੀਆਂ। ਬਰਲਿਨ ਵਿਖੇ ਵਿਸ਼ਵ ਤੀਰਅੰਦਾਜ਼ੀ ਚੈਂਪੀਅਨਸ਼ਿਪ ਦੇ ਫਾਈਨਲ ਵਿੱਚ ਭਾਰਤੀ ਮਹਿਲਾ ਕੰਪਾਊਂਡ ਟੀਮ ਨੇ ਮੈਕਸੀਕੋ ਨੂੰ 235-229 ਨਾਲ ਹਰਾ ਕੇ ਸੋਨ ਤਮਗਾ ਜਿੱਤਿਆ। ਸੋਨ ਤਮਗਾ ਜੇਤੂ ਟੀਮ ਵਿੱਚ ਪੰਜਾਬ ਦੇ ਮਾਨਸਾ ਜ਼ਿਲ੍ਹੇ ਦੇ ਪਿੰਡ ਮੰਢਾਲੀ ਦੀ ਪ੍ਰਨੀਤ ਕੌਰ ਵੀ ਸ਼ਾਮਲ ਹੈ। ਖੇਡ ਮੰਤਰੀ ਨੇ ਸਮੁੱਚੀ ਟੀਮ ਨੂੰ ਇਸ ਇਤਿਹਾਸਕ ਪ੍ਰਾਪਤੀ ਲਈ ਵਧਾਈਆਂ ਦਿੰਦੇ ਕਿਹਾ ਕਿ ਮਾਣਮੱਤੀਆਂ ਕੁੜੀਆਂ ਨੇ ਤੀਰਅੰਦਾਜ਼ੀ ਖੇਡ ਵਿੱਚ ਦੇਸ਼ ਦਾ ਨਾਂ ਰੌਸ਼ਨ ਕੀਤਾ ਹੈ।



**ਬੀ ਬੀ ਐੱਮ ਬੀ ਪ੍ਰਧਾਨ ਨੰਦ ਲਾਲ ਸ਼ਰਮਾ ਵੱਲੋਂ ਬੀਤੇ ਦਿਨ 6×165 ਮੈਗਾਵਾਟ ਦੇ ਦੇਹਰ ਪਾਵਰ ਹਾਊਸ, ਬੀ ਬੀ ਐੱਮ ਬੀ, ਸਲਾਪੜ ਕੰਟਰੋਲ ਰੂਮ, ਮਸ਼ੀਨ ਹਾਲ, ਗੈਲਰੀ ਤੇ ਪਾਵਰ ਹਾਊਸ ਦੇ ਹੋਰ ਮਹੱਤਵਪੂਰਨ ਖੇਤਰਾਂ ਦਾ ਦੌਰਾ ਕੀਤਾ ਗਿਆ ਤੇ ਇਲਾਕਾ ਵਾਸੀਆਂ ਦੀਆਂ ਸਮੱਸਿਆਵਾਂ ਨੂੰ ਸੁਣਿਆ। ਇਸ ਸਮੇਂ ਉੱਥੇ ਅਧਿਕਾਰੀ, ਕਰਮਚਾਰੀ, ਯੂਨੀਅਨ ਦੇ ਪ੍ਰਤੀਨਿਧੀ ਆਦਿ ਮੌਜੂਦ ਸਨ।**

# ਪੰਜਾਬ ਖੇਤ ਮਜ਼ਦੂਰ ਸਭਾ ਦਾ ਡੈਲੀਗੇਟ ਅਜਲਾਸ 'ਚ 21 ਮੈਂਬਰੀ ਬਲਾਕ ਕਮੇਟੀ ਚੁਣੀ

**ਕਰਤਾਰਪੁਰ**- ਕਾਮਰੇਡ ਸੁਖਵਿੰਦਰ ਸਿੰਘ ਕੁੱਦੋਵਾਲ ਦੀ ਪ੍ਰਧਾਨਗੀ ਹੇਠ ਪੰਜਾਬ ਖੇਤ ਮਜ਼ਦੂਰ ਸਭਾ ਬਲਾਕ ਕਰਤਾਰਪੁਰ ਦਾ ਇਜਲਾਸ ਹੋਇਆ। ਇਜਲਾਸ ਦੇ ਸ਼ੁਰੂ ਵਿੱਚ ਕਾਮਰੇਡ ਜੁਗਿੰਦਰ ਸਿੰਘ ਅਕਾਲਗੜ੍ਹ ਅਤੇ ਕਾਮਰੇਡ ਸੰਤੋਖ ਸਿੰਘ ਸੰਘੇੜਾ ਨੂੰ ਦੋ ਮਿੰਟ ਦਾ ਮੋਨ ਧਾਰ ਕੇ ਸਰਧਾਂਜਲੀ ਭੇਟ ਕੀਤੀ ਗਈ। ਬਲਾਕ ਦੇ ਕਾਰਜਕਾਰੀ ਸਕੱਤਰ ਕਾਮਰੇਡ ਵੀਰ ਕੁਮਾਰ ਨੇ ਪਿਛਲੇ ਕੰਮਾਂ ਦੀ ਰਿਪੋਰਟ ਪੇਸ਼ ਕੀਤੀ ਜੋ ਸਰਬਸੰਮਤੀ ਨਾਲ ਪਾਸ ਹੋ ਗਈ। ਇਜਲਾਸ ਵਿੱਚ ਪੰਜਾਬ ਖੇਤ ਮਜ਼ਦੂਰ ਸਭਾ ਦੇ ਜਨਰਲ ਸਕੱਤਰ ਕਾਮਰੇਡ ਦੇਵੀ ਕੁਮਾਰੀ ਉਚੇਚੇ ਤੌਰ 'ਤੇ ਪਹੁੰਚੇ। ਉਨ੍ਹਾ ਇਜਲਾਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕੇਂਦਰ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਜਦੋਂ ਦੀ ਸੱਤਾ ਵਿੱਚ ਆਈ ਹੈ ਆਮ ਲੋਕਾਂ ਦਾ ਜਿਊਣਾ ਦੁੱਭਰ ਹੋ ਗਿਆ ਹੈ। ਦੇਸ਼ ਦੀ ਡਿਗ ਰਹੀ ਆਰਥਕਤਾ ਤੋਂ ਲੋਕਾਂ ਦਾ ਧਿਆਨ ਹਟਾਉਣ ਲਈ ਲੋਕਾਂ ਨੂੰ ਫਿਰਕੂ ਲੀਹਾਂ 'ਤੇ ਵੰਡਿਆ ਜਾ ਰਿਹਾ ਹੈ। ਲਗਾਤਾਰ ਵਧ ਰਹੀ ਮਹਿੰਗਾਈ, ਬੇਰੋਜ਼ਗਾਰੀ, ਨੋਟਬੰਦੀ, ਜੀ ਐਸ ਟੀ, ਕਰੋਨਾ ਦੌਰਾਨ ਕੁਪ੍ਰਬੰਧ ਨੇ ਆਮ ਲੋਕਾਂ ਤੇ ਛੋਟੇ ਕਾਰੋਬਾਰੀਆਂ ਨੂੰ ਹੋਰ ਹਾਸ਼ੀਏ 'ਤੇ ਧੱਕ ਦਿੱਤਾ ਹੈ। ਖਾਣ ਪੀਣ ਵਾਲੀਆਂ ਵਸਤੂਆਂ ਦੇ ਅਸਮਾਨੀ ਚੜ੍ਹੇ ਭਾਅ ਗਰੀਬ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਗਏ ਹਨ। ਮੋਦੀ ਸਰਕਾਰ ਦੇਸ਼ ਦੀਆਂ ਸੰਵਿਧਾਨਕ ਸੰਸਥਾਵਾਂ ਨੂੰ ਤਹਿਸ ਨਹਿਸ ਕਰ ਕੇ ਦੇਸ਼ ਨੂੰ ਤਾਨਾਸ਼ਾਹੀ ਵੱਲ ਲਿਜਾ ਰਿਹਾ ਹੈ। ਸਿਰਫ ਕਾਰਪੋਰੇਟ ਘਰਾਣਿਆਂ ਨੂੰ ਲਾਭ ਪਹੁੰਚਾਏ ਜਾ ਰਹੇ ਹਨ। ਦੇਸ਼ ਵਿੱਚ ਵੱਡੀ ਅਬਾਦੀ ਦਲਿਤ ਲੋਕਾਂ ਦੀ ਹੈ ਜਿਸ ਵਿੱਚ ਵੱਡੀ ਗਿਣਤੀ ਵਿੱਚ ਖੇਤ ਮਜ਼ਦੂਰ ਹਨ। ਮਸ਼ੀਨੀਕਰਨ ਹੋਣ ਕਰਕੇ ਗਰੀਬ ਲੋਕਾਂ ਦਾ ਰੋਜ਼ਗਾਰ ਛੁੱਟ ਗਿਆ। ਸਰਕਾਰ ਨੇ ਇਨ੍ਹਾਂ ਕਾਮਿਆਂ ਲਈ ਕਿਸੇ ਬਦਲਵੇਂ ਕੰਮ ਦਾ ਪ੍ਰਬੰਧ ਨਹੀਂ ਕੀਤਾ। ਇਨ੍ਹਾਂ ਮਜ਼ਦੂਰਾਂ ਲਈ ਮਨਰੇਗਾ ਇੱਕ ਸਹਾਰਾ ਹੈ। ਇਸ ਮੌਕੇ 21 ਮੈਂਬਰੀ ਏਰੀਆ ਕਮੇਟੀ ਦੀ ਚੋਣ ਕੀਤੀ ਗਈ। ਜਿਸ ਦੇ ਪ੍ਰਧਾਨ ਸੁਖਵਿੰਦਰ ਸਿੰਘ, ਕੁੱਦੋਵਾਲ, ਜਨਰਲ ਸਕੱਤਰ ਲਖਵਿੰਦਰ ਸਿੰਘ ਅਠੋਲਾ, ਮੀਤ ਪ੍ਰਧਾਨ ਤਰਸੇਮ ਸਿੰਘ ਗੋਬਿੰਦਪੁਰ, ਰਾਮ ਕਿਸ਼ਨ ਕਰਤਾਰਪੁਰ, ਮੀਤ ਸਕੱਤਰ ਜਸਵੀਰ ਸਿੰਘ ਮੁਸਤਫਾਪੁਰ, ਸੁਰਿੰਦਰ ਸਿੰਘ ਕੈਸ਼ੀਅਰ ਸੁਖਜਿੰਦਰ ਸਿੰਘ ਆਦਿ ਚੁਣੇ ਗਏ। ਕੁੱਲ ਹਿੰਦ ਕਿਸਾਨ ਸਭਾ ਦੇ ਆਗੂ ਕਾਮਰੇਡ ਹਰਜਿੰਦਰ ਸਿੰਘ ਮੌਜੀ ਨੇ ਭਰਾਤਰੀ ਸੰਦੇਸ਼ ਦਿੱਤਾ ਅਤੇ ਆਏ ਸਾਥੀਆਂ ਨੂੰ ਜੀ ਆਇਆਂ ਕਿਹਾ। ਭਾਰਤੀ ਕਮਿਊਨਿਸਟ ਪਾਰਟੀ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਰਸ਼ਪਾਲ ਸਿੰਘ ਕੈਲੇ ਨੇ ਨਵੀਂ ਚੁਣੀ ਟੀਮ ਨੂੰ ਸ਼ੁੱਭਕਾਮਨਾਵਾਂ ਦਿੱਤੀਆਂ ਅਤੇ ਆਏ ਸਾਥੀਆਂ ਦਾ ਧੰਨਵਾਦ ਕੀਤਾ। ਅਸਟੇਟ ਸੈਕਟਰੀ ਦੀ ਜੁੰਮੇਵਾਰੀ ਕਾ. ਗਿਆਨ ਸਿੰਘ ਸੈਦਪੁਰੀ ਨੇ ਨਿਭਾਈ। ਇਸ ਮੌਕੇ ਪੰਜਾਬ ਖੇਤ ਮਜ਼ਦੂਰ ਸਭਾ ਦੇ ਆਗੂ ਸਾਥੀ ਬਲਵਿੰਦਰ ਸਿੰਘ, ਕਰਨ ਸਿੰਘ, ਤੇਜਿੰਦਰ ਸਿੰਘ ਰਠੌਲ ਆਦਿ ਨੇ ਵੀ ਸੰਬੋਧਨ ਕੀਤਾ।



# ਡੀ ਟੀ ਐੱਫ ਦੇ ਸੂਬਾਈ ਆਗੂ ਕੋਟਲੀ ਦਾ ਸਨਮਾਨ ਸਮਾਰੋਹ ਵਿਸ਼ਾਲ ਅਧਿਆਪਕ ਲਹਿਰ ਖੜੀ ਕਰਨ ਦੇ ਸੱਦੇ ਨਾਲ ਸੰਪੰਨ

**ਸਾਹਕੋਟ (ਗਿਆਨ ਸੈਦਪੁਰੀ)** ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਦੇ ਸੂਬਾ ਪ੍ਰੈਸ ਸਕੱਤਰ ਤੇ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਗੁਰਮੀਤ ਸਿੰਘ ਕੋਟਲੀ ਦਾ ਸਰਕਾਰੀ ਸੀਨੀਅਰ ਸੈਕੰਡਰੀ ਐਮੀਨੈਂਸ ਸਕੂਲ ਬਾਜਵਾ ਕਲਾਂ ਵਿਖੇ ਕਰਵਾਇਆ ਵਿਦਾਇਗੀ ਤੇ ਸਨਮਾਨ ਸਮਾਰੋਹ ਅਧਿਆਪਕ ਵਰਗ ਅੱਗੇ ਖੜੀਆਂ ਚੁਣੌਤੀਆਂ ਦਾ ਟਾਕਰਾ ਕਰਨ ਲਈ ਵਿਸ਼ਾਲ ਅਧਿਆਪਕ ਲਹਿਰ ਖੜੀ ਕਰਨ ਦੇ ਸੱਦੇ ਨਾਲ ਸੰਪੰਨ ਹੋਇਆ। ਪ੍ਰਧਾਨਗੀ ਮੰਡਲ 'ਚ ਪ੍ਰਿੰਸੀਪਲ ਹਰਪ੍ਰੀਤ ਸਿੰਘ ਸੋਂਧੀ, ਵਰਗ ਚੇਤਨਾ ਦੇ ਸੰਪਾਦਕ ਯਸ਼ਪਾਲ, ਸੇਵਾ ਮੁਕਤ ਅਧਿਆਪਕ ਦੀ ਪਤਨੀ ਸ੍ਰੀਮਤੀ ਸੰਗੀਤਾ ਸਿੰਘ ਖੋਸਲਾ, ਪਿਤਾ ਪਾਖਰ ਸਿੰਘ, ਭਰਾ ਮਨਜੀਤ ਸਿੰਘ ਖੋਸਲਾ, ਭਰਜਾਈ ਚਰਨਜੀਤ ਕੌਰ ਖੋਸਲਾ, ਭਤੀਜੀ ਸਿਮਰਨਪ੍ਰੀਤ ਕੌਰ ਖੋਸਲਾ, ਭਤੀਜਾ ਦਿਲਕਰਨਪ੍ਰੀਤ ਖੋਸਲਾ, ਡੀ ਟੀ ਐਫ ਪੰਜਾਬ ਦੇ ਮੀਤ ਪ੍ਰਧਾਨ ਸੁਖਵਿੰਦਰ ਸੁੱਖੀ ਅਤੇ ਬਾਜਵਾ ਕਲਾਂ ਦੇ ਸਾਬਕਾ ਸਰਪੰਚ ਮੇਜਰ ਸਿੰਘ ਬਾਜਵਾ ਸੁਸ਼ੋਭਿਤ ਸਨ। ਸਮਾਗਮ ਦੇ ਸ਼ੁਰੂ 'ਚ ਗੁਰਮੁਖ ਸਿੰਘ ਸਿੱਧੂ ਵੱਲੋਂ ਗੁਰਮੀਤ ਕੋਟਲੀ ਦੇ ਜੀਵਨ ਅਧਾਰਿਤ ਸਨਮਾਨ ਪੱਤਰ ਪੜ੍ਹਿਆ ਗਿਆ ਅਤੇ ਅਮਨਦੀਪ ਸਿੰਘ ਸਾਹਕੋਟ ਵੱਲੋਂ ਕਵਿਤਾ ਪੇਸ਼ ਕੀਤੀ ਗਈ। ਵਰਗ ਚੇਤਨਾ ਦੇ ਸੰਪਾਦਕ ਯਸ਼ਪਾਲ, ਸਾਬਕਾ ਅਧਿਆਪਕ ਆਗੂ ਜੋਗਿੰਦਰ ਅਜਾਦ, ਡੀ ਟੀ ਐਫ ਪੰਜਾਬ ਦੇ ਸੂਬਾ ਮੀਤ ਪ੍ਰਧਾਨ ਸੁਖਵਿੰਦਰ ਸੁੱਖੀ, ਜਿਲ੍ਹਾ ਬਠਿੰਡਾ ਦੇ ਪ੍ਰਧਾਨ ਰੇਸ਼ਮ ਸਿੰਘ, ਬਾਬਾ ਕੁਲਵੰਤ ਸਿੰਘ, ਤਰਕਸ਼ੀਲ ਸੁਸਾਇਟੀ ਪੰਜਾਬ ਦੇ ਆਗੂ ਰਾਮ ਸਵਰਨ ਲੱਖੇਵਾਲੀ, ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਜਿਲ੍ਹਾ ਜਲੰਧਰ ਦੇ ਪ੍ਰਧਾਨ ਮੋਹਨ ਸਿੰਘ ਬੱਲ ਤੇ ਜਿਲ੍ਹਾ ਪ੍ਰੈਸ ਸਕੱਤਰ ਮਨਜੀਤ ਸਿੰਘ ਮਲਸੀਆਂ, ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਸੂਬਾ ਜਨਰਲ ਸਕੱਤਰ ਤੀਰਥ ਸਿੰਘ ਬਾਸੀ, ਐਸ ਸੀ/ਬੀ ਸੀ ਅਧਿਆਪਕ ਯੂਨੀਅਨ ਦੇ ਜਿਲ੍ਹਾ ਆਗੂ ਗੁਰਦੇਵ ਰਾਮ ਚਿੱਟੀ ਤੇ ਗੁਰਮੇਜ ਲਾਲ ਹੀਰ, ਪ੍ਰਿੰਸੀਪਲ ਹਰਪ੍ਰੀਤ ਸਿੰਘ ਸੋਂਧੀ ਅਤੇ ਕਿਸਾਨ ਆਗੂ ਮੇਜਰ ਸਿੰਘ ਬਾਜਵਾ ਨੇ ਗੁਰਮੀਤ ਸਿੰਘ ਕੋਟਲੀ ਵੱਲੋਂ ਵਿੱਦਿਅਕ ਖੇਤਰ 'ਚ 26 ਸਾਲ ਕੀਤੀ ਬੇਦਾਗ ਸੇਵਾ ਅਤੇ ਕਿਰਤੀ ਲੋਕਾਂ ਲਈ ਕੀਤੇ ਸੰਘਰਸ਼ਾਂ ਬਾਰੇ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਅਧਿਆਪਕਾਂ ਉੱਪਰ ਬੱਚਿਆਂ ਨੂੰ ਕਿਤਾਬੀ ਤੇ ਸਮਾਜਿਕ ਗਿਆਨ ਦੇ ਕੇ ਉਨ੍ਹਾਂ ਨੂੰ ਚੰਗੇ ਸ਼ਹਿਰੀ ਬਣਾਉਣ ਦੀ ਜਿੰਮੇਵਾਰੀ ਹੁੰਦੀ ਹੈ। ਗੁਰਮੀਤ ਕੋਟਲੀ ਨੇ ਇਸ ਜਿੰਮੇਵਾਰੀ ਨੂੰ ਬਾਖੂਬੀ ਨਿਭਾਉਣ ਦੇ ਨਾਲ-ਨਾਲ ਹੋਰ ਖੇਤਰਾਂ 'ਚ ਵੀ ਬਣਦੀ ਭੂਮਿਕਾ ਨਿਭਾ ਕੇ ਸਹੀ ਅਰਥਾਂ 'ਚ ਇਕ ਅਧਿਆਪਕ ਦੀ ਬਣਦੀ ਡਿਊਟੀ ਨਿਭਾਈ ਹੈ। ਮਨੀਪੁਰ ਅਤੇ ਹਰਿਆਣਾ 'ਚ ਵਾਪਰੀਆਂ ਘਟਨਾਵਾਂ ਦੀ ਨਿਖੇਧੀ ਕਰਦਿਆਂ ਬੁਲਾਰਿਆਂ ਨੇ ਕਿਹਾ ਕਿ ਹਾਕਮ ਧਰਮਾਂ ਤੇ ਜਾਤਾਂ ਦੀ ਫਿਰਕੂ ਅੱਗ ਭੜਕਾਉਣ ਤੋਂ ਇਲਾਵਾ ਵੋਟਾਂ ਖਾਤਰ ਔਰਤਾਂ ਦੀ ਨਗਨ ਪਰੇਡ ਕਰਵਾਉਣ ਲੱਗ ਪਏ ਹਨ। ਸਰਕਾਰਾਂ ਸਿੱਖਿਆ ਨੀਤੀ 2020 ਨੂੰ ਲਾਗੂ ਕਰਕੇ ਸਰਕਾਰੀ ਸਿੱਖਿਆ ਨੂੰ ਤਹਿਸ-ਨਹਿਸ ਕਰ ਰਹੀਆਂ ਹਨ। ਇਸ ਸਮੇਂ ਅਧਿਆਪਕ ਵਰਗ ਅੱਗੇ ਖੜੀਆਂ ਅਨੇਕਾਂ ਚੁਣੌਤੀਆਂ ਦਾ ਟਾਕਰਾ ਅਤੇ ਦੇਸ਼ ਅੰਦਰ ਫੈਲਾਈ ਜਾ ਰਹੀ ਫਿਰਕੂ ਨਫਰਤ ਦਾ ਟਾਕਰਾ ਵਿਸ਼ਾਲ ਅਧਿਆਪਕ ਲਹਿਰ ਉਸਾਰਨ ਨਾਲ ਹੀ ਕੀਤਾ ਜਾ ਸਕਦਾ ਹੈ। ਇਸ ਮੌਕੇ ਡੀ.ਟੀ.ਐਫ ਜਿਲ੍ਹਾ ਮੁਕਤਸਰ ਦੇ ਪ੍ਰਧਾਨ ਲਖਵੀਰ ਸਿੰਘ ਹਰੀਕੇ, ਜਿਲ੍ਹਾ ਫਿਰੋਜ਼ਪੁਰ ਦੇ ਪ੍ਰਧਾਨ ਬਲਰਾਮ ਸ਼ਰਮਾ ਤੇ ਸਕੱਤਰ ਰਾਜਦੀਪ ਸੰਧੂ, ਜਿਲ੍ਹਾ ਲੁਧਿਆਣਾ ਦੇ ਸਕੱਤਰ ਹਰਜੀਤ ਸੁਧਾਰ, ਕਪੂਰਥਲਾ ਦੇ ਜਿਲ੍ਹਾ ਆਗੂ ਜੋਤੀ ਮਹਿੰਦਰੂ, ਜਿਲ੍ਹਾ ਫਰੀਦਕੋਟ ਤੋਂ ਕੁਲਦੀਪ ਘਣੀਆਂ, ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਆਗੂ ਬਲਜੀਤ ਕੁਲਾਰ, ਸੇਵਾ ਮੁਕਤ ਮੁੱਖ ਅਧਿਆਪਕ ਸਵਰਨ ਸਿੰਘ ਸੰਗਤਪੁਰ, ਊਧਮ ਸਿੰਘ, ਜਲੰਧਰ ਦੀ ਜਿਲ੍ਹਾ ਕਮੇਟੀ ਤੋਂ ਇਲਾਵਾ ਬਾਜਵਾ ਕਲਾਂ ਦਾ ਸਮੂਹ ਸਟਾਫ ਅਤੇ ਵੱਡੀ ਗਿਣਤੀ 'ਚ ਇਲਾਕੇ ਦੇ ਅਧਿਆਪਕ ਹਾਜ਼ਰ ਸਨ। ਬਾਜਵਾ ਕਲਾਂ ਦੇ ਸਮੂਹ ਸਟਾਫ, ਡੀ ਟੀ ਐਫ ਦੀ ਸੂਬਾ ਤੇ ਜਿਲ੍ਹਾ ਕਮੇਟੀ, ਪਿੰਡ ਦੀਆਂ ਮੁਅੱਜਿਜ ਸਖਸ਼ੀਅਤਾਂ, ਮਜ਼ਦੂਰ, ਕਿਸਾਨ ਤੇ ਮੁਲਾਜਮ ਜਥੇਬੰਦੀਆਂ ਅਤੇ ਇਲਾਕੇ ਦੇ ਅਧਿਆਪਕਾਂ ਵੱਲੋਂ ਗੁਰਮੀਤ ਕੋਟਲੀ ਦਾ ਯਾਦਗਾਰੀ ਤੋਹਫਿਆਂ ਨਾਲ ਸਨਮਾਨ ਕੀਤਾ ਗਿਆ।



ਅਧਿਆਪਕ ਆਗੂ ਗੁਰਮੀਤ ਕੋਟਲੀ ਦੇ ਸਨਮਾਨ ਸਮਾਰੋਹ ਦੀਆਂ ਝਲਕੀਆਂ

CMYK